
ਬੂਹੇ-ਬਾਰੀਆਂ



ਨਰਿੰਦਰ ਸਿੰਘ ਕਪੂਰ

ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ-ਸੰਗ੍ਰਹਿ	:	ਮਾਲਾ ਮਣਕੇ
ਲੇਖ ਸੰਗ੍ਰਹਿ	:	ਡੂੰਘੀਆਂ ਸਿਖਰਾਂ ਰਾਹ-ਰਸਤੇ ਅੰਤਰ ਝਾਤ ਆਹਮੋ-ਸਾਹਮਣੇ ਸੁਖਨ-ਸੁਨੇਹੇ ਬੂਹੇ-ਬਾਰੀਆਂ ਵਿਆਖਿਆ-ਵਿਸ਼ਲੇਸ਼ਣ ਸੱਚੋ-ਸੱਚ ਤਰਕਵੇਦ
ਆਲੋਚਨਾ ਅਤੇ ਖੋਜ	:	ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ ਪੰਜਾਬੀ ਪੱਤਰਕਾਰੀ ਦਾ ਵਿਕਾਸ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ ਜੱਸਾ ਸਿੰਘ ਆਹਲੂਵਾਲੀਆ ਮਾਰਟਿਨ ਲੂਥਰ ਕਿੰਗ ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗ੍ਰੇਜ਼ੀ ਵਿਚ)

ਬੂਹੇ-ਬਾਰੀਆਂ

ਨਰਿੰਦਰ ਸਿੰਘ ਕਪੂਰ

Buhe-Barian

(A Collection of Essays)

by

Dr. Narinder Singh Kapoor

4245, Phase 2, Urban Estate,

PATIALA 147002 India

2009

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219

Produced and Bound in India

ਬੂਹੇ-ਬਾਰੀਆਂ

ਇਸ ਪੁਸਤਕ ਵਿਚਲੇ ਲੇਖਾਂ ਦਾ ਉਦੇਸ਼ ਉਸ ਮਨੁੱਖ ਦੀ ਉਸਾਰੀ ਕਰਨਾ ਹੈ, ਜਿਸ ਦੀਆਂ ਬਾਹਵਾਂ ਵਿੱਚ ਸਾਰਾ ਸੰਸਾਰ ਆ ਸਕੇ, ਜਿਸ ਦੇ ਇਰਾਦੇ ਉੱਚੇ, ਕਰਤਵ ਸੁੱਚੇ, ਤੱਕਣੀ ਵਿਸ਼ਾਲ ਅਤੇ ਸੋਚਾਂ ਡੂੰਘੀਆਂ ਹੋਣ, ਜਿਹੜਾ ਰਾਹ ਵਿੱਚ ਰੱਬ ਦੇ ਅਚਾਨਕ ਮਿਲ ਪੈਣ ਉੱਤੇ ਉਸ ਨਾਲ ਮੁਸਕਰਾ ਕੇ ਹੱਥ ਮਿਲਾ ਸਕੇ, ਜਿਸ ਦੀਆਂ ਅੱਖਾਂ ਵਿੱਚ ਨਵੇਂ ਗਿਆਨ ਦੇ ਸੁਰਮੇ ਦੀ ਚਮਕ ਹੋਵੇ, ਜਿਸ ਦੇ ਦਿਲ-ਦਿਮਾਗ ਦੇ ਬੂਹੇ-ਬਾਰੀਆਂ ਖੁੱਲ੍ਹੇ ਹੋਣ, ਜਿਸ ਦੇ ਪੈਰ ਧਰਤੀ 'ਤੇ ਹੋਣ ਪਰ ਸਿਰ ਤਾਰਿਆਂ ਵਿੱਚ ਹੋਵੇ, ਜਿਹੜਾ ਜੰਗ ਦੇ ਮੈਦਾਨ ਵਿੱਚ ਵੀ ਆਪਣੀ ਤਲਵਾਰ ਨਿਹੱਥੇ ਵਿਰੋਧੀ ਨੂੰ ਤੋਹਫ਼ੇ ਵੱਜੋਂ ਦੇ ਸਕੇ, ਜਿਸ ਵਿੱਚ ਦੂਜਿਆਂ ਦੇ ਵਿਚਾਰਾਂ ਨਾਲ ਸਹਿਮਤ ਹੋਣ ਦੀ ਦਲੇਰੀ ਅਤੇ ਅਸਹਿਮਤ ਹੋਣ ਦਾ ਸਲੀਕਾ ਹੋਵੇ।

ਉਮਰ ਕੋਈ ਹੋਵੇ, ਆਪਣੇ ਆਪ ਨੂੰ ਚਲਦਾ ਰਖਣ ਅਤੇ ਹੋਰਾਂ ਨੂੰ ਚਲਦੇ ਰਹਿਣ ਦੀ ਪ੍ਰੇਰਨਾ ਦੇਣ ਦੀ ਲੋੜ ਹੈ। ਐਵੇਂ ਝੂਰਨ ਅਤੇ ਕਿਸੇ ਨੂੰ ਘੂਰਨ ਦੀ ਲੋੜ ਨਹੀਂ। ਝੂਰਨਾ, ਘੂਰਨਾ, ਪਛਤਾਉਣਾ ਅਤੇ ਡਰਨਾ, ਉੱਚਾ ਚੁੱਕਣ ਵਾਲੇ ਅਨੁਭਵ ਨਹੀਂ, ਕਿਉਂਕਿ ਇਨ੍ਹਾਂ ਵਿਚੋਂ ਜ਼ਿੰਦਗੀ ਦਾ ਉਤਸ਼ਾਹ ਗ਼ਾਇਬ ਹੁੰਦਾ ਹੈ।

ਚਿੰਤਾ ਅਤੇ ਗਿਲੇ-ਸ਼ਿਕਵੇ, ਕਿਸੇ ਵੀ ਮੁਸ਼ਕਿਲ ਜਾਂ ਮੁਸੀਬਤ ਦਾ ਹੱਲ ਨਹੀਂ ਹੁੰਦੇ।

ਸੰਤਾਪਾਂ ਅਤੇ ਸੰਕਟਾਂ, ਮੁਸ਼ਕਿਲਾਂ ਅਤੇ ਮੁਸੀਬਤਾਂ ਦੇ ਅਜੋਕੇ ਯੁੱਗ ਵਿੱਚ, ਪਹਿਲੇ ਕਿਸੇ ਵੀ ਸਮੇਂ ਦੇ ਮੁਕਾਬਲੇ, ਉਨ੍ਹਾਂ ਮਨੁੱਖਾਂ ਦੀ ਵਧੇਰੇ ਲੋੜ ਹੈ, ਜਿਹੜੇ ਅੰਦਰੋਂ ਭਰੇ ਹੋਏ ਹੋਣ, ਕਿਉਂਕਿ ਇਹੀ ਮਨੁੱਖ ਸਾਨੂੰ ਨਿੱਜ ਤੋਂ ਉੱਚੇ ਹੋ ਕੇ, ਦੂਰ-ਦੁਮੇਲਾਂ ਵੱਲ ਵੇਖਣ ਦਾ ਹੁਨਰ ਸਿਖਾ ਸਕਦੇ ਹਨ।


ਇਹ ਪੁਸਤਕ ਤੁਹਾਨੂੰ ਸਮਰਪਿਤ ਹੈ, ਕਿਉਂਕਿ ਤੁਹਾਡੇ ਵਿੱਚ ਅਜਿਹੇ ਮਨੁੱਖ ਬਣਨ ਦੀਆਂ ਸੰਭਾਵਨਾਵਾਂ ਹਨ।

- ਨਰਿੰਦਰ ਸਿੰਘ ਕਪੂਰ

ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਬੂਹੇ-ਬਾਰੀਆਂ



ਨਰਿੰਦਰ ਸਿੰਘ ਕਪੂਰ

ਤਤਕਰਾ

ਕਵੀ ਅਤੇ ਕਵਿਤਾ

ਕਿਸੇ ਨੇ ਚਿੰਤਾ ਪ੍ਰਗਟਾਉਂਦੇ ਹੋਏ ਇੱਕ ਫ਼ਿਲਾਸਫ਼ਰ ਨੂੰ ਦੱਸਿਆ: "ਸਾਡੇ ਦੇਸ਼ ਦੀ ਧਰਤੀ ਬੰਜਰ ਹੋ ਗਈ ਹੈ।" ਉੱਤਰ ਮਿਲਿਆ: "ਘਬਰਾਉਣ ਦੀ ਕੋਈ ਲੋੜ ਨਹੀਂ, ਮਿਹਨਤ ਨਾਲ ਫਿਰ ਉਪਜਾਊ ਹੋ ਜਾਵੇਗੀ।"

ਹੋਰ ਚਿੰਤਾ ਪ੍ਰਗਟ ਕਰਦਿਆਂ, ਉਸ ਫਿਰ ਕਿਹਾ: "ਸਾਡੇ ਦੇਸ਼ ਵਿੱਚ ਇਸਤਰੀਆਂ ਬਾਂਝ ਹੋ ਗਈਆਂ ਹਨ।" ਫ਼ਿਲਾਸਫ਼ਰ ਨੇ ਕਿਹਾ: "ਉਨ੍ਹਾਂ ਦਾ ਤੁਸੀਂ ਸਤਿਕਾਰ ਨਹੀਂ ਕੀਤਾ, ਇਸ ਲਈ ਉਨ੍ਹਾਂ ਦੀ ਕੁੱਖ ਰੁੱਸ ਗਈ ਹੈ। ਉਨ੍ਹਾਂ ਨਾਲ ਸਤਿਕਾਰ ਨਾਲ ਪੇਸ਼ ਆਵੋ, ਤੁਹਾਡੇ ਵਿਹੜਿਆਂ ਵਿੱਚ ਬਾਲਾਂ ਦਾ ਮੇਲਾ ਲੱਗ ਜਾਵੇਗਾ।"

ਚਿੰਤਾ ਵੱਧਦੀ ਗਈ ਅਤੇ ਉਸ ਨੇ ਬੜੇ ਦਰਦ ਨਾਲ ਕਿਹਾ: "ਸਾਡੇ ਦੇਸ਼ ਵਿੱਚ ਕਵਿਤਾ ਪੈਦਾ ਹੋਣੋਂ ਰੁਕ ਗਈ ਹੈ।" ਅੱਗੋਂ ਉੱਤਰ ਮਿਲਿਆ: "ਹੁਣ ਤੁਹਾਡਾ ਦੇਸ਼ ਜ਼ਰੂਰ ਗਰਕ ਜਾਵੇਗਾ, ਹੁਣ ਤੁਹਾਡੀਆਂ ਇਸਤਰੀਆਂ ਦੀ ਗੋਦ ਕਦੇ ਹਰੀ ਨਹੀਂ ਹੋਵੇਗੀ, ਹੁਣ ਤੁਹਾਡੇ ਖੇਤਾਂ ਵਿੱਚ ਕਦੀ ਹਰਿਆਵਲ ਨਹੀਂ ਦਿਸੇਗੀ।"

ਦੂਜੇ ਵਿਸ਼ਵ ਯੁੱਧ ਦੌਰਾਨ ਜਰਮਨਾਂ ਨੇ ਜਦੋਂ ਪੈਰਿਸ ਉੱਤੇ ਕਬਜ਼ਾ ਕਰ ਲਿਆ ਅਤੇ ਤੀਜੇ ਦਿਨ ਉਨ੍ਹਾਂ ਨੇ ਪੈਰਿਸ ਨੂੰ ਮਲੀਆ-ਮੇਟ ਕਰਨ ਦਾ ਫੈਸਲਾ ਕੀਤਾ ਤਾਂ ਕਿਆਮਤ ਦੀ ਸਵੇਰ ਤੋਂ ਪਹਿਲੀ ਰਾਤ, ਪੈਰਿਸ ਦਾ ਇੱਕ ਕਵੀ, ਜਰਮਨ ਜਰਨੈਲ ਨੂੰ ਮਿਲਿਆ ਅਤੇ ਪੈਰਿਸ ਬਾਰੇ ਆਪਣੀ ਲਿਖੀ ਇੱਕ ਕਵਿਤਾ ਸੁਣਾਉਣ ਉਪਰੰਤ ਬੋਲਿਆ: "ਤੁਸੀਂ ਪੈਰਿਸ ਨੂੰ ਤਬਾਹ ਨਾ ਕਰੋ, ਇਹ ਕਵਿਤਾ ਵਰਗਾ ਇੱਕ ਸੋਹਣਾ ਸ਼ਹਿਰ ਹੈ, ਇਹ ਸਿੱਪ ਦਾ ਮੋਤੀ ਹੈ। ਤੁਸੀਂ ਜਦੋਂ ਵੀ ਕਦੀ ਪੈਰਿਸ ਆਵੋਗੇ ਤਾਂ ਤੁਹਾਨੂੰ ਇਸ ਗੱਲ ਦਾ ਮਾਣ ਹੋਵੇਗਾ ਕਿ ਪੈਰਿਸ ਨੂੰ ਬਚਾਉਣ ਵਾਲੇ ਤੁਸੀਂ ਹੋ।" ਕਹਿੰਦੇ ਹਨ, ਉਸ ਕਵੀ ਨੇ ਆਪਣੀ ਕਵਿਤਾ ਨਾਲ ਪੈਰਿਸ ਬਚਾ ਲਿਆ ਸੀ।

ਸਦੀਆਂ ਪਹਿਲਾਂ ਯੂਨਾਨ ਉੱਤੇ ਜਦੋਂ ਤੁਰਕਾਂ ਨੇ ਹਮਲਾ ਕਰ ਕੇ ਬਹੁਤ ਸਾਰੇ ਯੂਨਾਨੀਆਂ ਨੂੰ ਕੈਦੀ ਬਣਾ ਲਿਆ ਤਾਂ ਯੂਨਾਨੀਆਂ ਦਾ ਮਖ਼ੌਲ ਉਡਾਉਣ ਲਈ, ਜਦੋਂ ਬੰਦੀ ਬਣਾਏ ਕੈਦੀਆਂ ਨੂੰ, ਤੁਰਕਾਂ ਨੇ ਕੁਝ ਸੁਣਾਉਣ ਲਈ ਕਿਹਾ ਤਾਂ ਉਨ੍ਹਾਂ ਵਿਚਲੇ ਇੱਕ ਕਵੀ ਦੀ ਕਵਿਤਾ ਸੁਣ ਕੇ ਇੱਕ ਤੁਰਕ ਨੇ ਕਿਹਾ: "ਤੁਸੀਂ ਇਤਨੀ ਚੰਗੀ ਕਵਿਤਾ ਲਿਖਦੇ ਹੋ, ਫਿਰ ਤੁਸੀਂ ਹਾਰ ਕਿਵੇਂ ਗਏ?" ਉੱਤਰ ਮਿਲਿਆ: "ਸਾਡੀ ਕਵਿਤਾ ਉਚਾਈਆਂ ਵੱਲ ਵੱਧਣ ਦੀ ਥਾਂ ਢਲਾਣਾਂ ਵੱਲ ਤਿਲ੍ਹਕਣ ਲੱਗ ਪਈ ਹੈ, ਜਿਸ ਕਾਰਨ ਅਸੀਂ ਹਾਰ ਗਏ ਹਾਂ।"

ਇਕ ਬਾਦਸ਼ਾਹ ਦੇ ਪ੍ਰਧਾਨ ਮੰਤਰੀ ਨੇ ਰਾਜ-ਕਵੀ ਦੀ ਮੌਤ ਉਪਰੰਤ ਸਾੜੇ ਕਾਰਨ, ਰਾਜ-ਕਵੀ ਦੀ ਜੱਦੀ ਪਦਵੀ ਖ਼ਤਮ ਕਰ ਦਿੱਤੀ। ਰਾਜ-ਕਵੀ ਦੇ ਪੁੱਤਰ ਨੇ ਬਾਦਸ਼ਾਹ ਅੱਗੇ ਬੇਨਤੀ ਕੀਤੀ ਕਿ ਉਸ ਨੂੰ ਤਾਂ ਕਵਿਤਾ ਕਹਿਣ ਤੋਂ ਸਿਵਾਏ ਕੋਈ ਹੋਰ ਕੰਮ ਨਹੀਂ ਆਉਂਦਾ। ਜੇ ਉਸ ਨੂੰ ਰਾਜ-ਕਵੀ ਨਹੀਂ ਬਣਾਇਆ ਜਾ ਸਕਦਾ ਤਾਂ ਉਸ ਨੂੰ ਕਿਸੇ ਛੋਟੇ-ਮੋਟੇ ਕੰਮ 'ਤੇ ਲਾ ਦਿੱਤਾ ਜਾਵੇ, ਮਿਹਰਬਾਨੀ ਹੋਵੇਗੀ। ਪ੍ਰਧਾਨ ਮੰਤਰੀ ਨੇ ਉਸ ਦੀ ਹੇਠੀ ਕਰਨ ਵਾਸਤੇ ਕਿਹਾ: "ਸਾਡੇ ਕੋਲ ਅਸਤਬਲ ਵਿੱਚ ਘੋੜਿਆਂ ਦੀ ਲਿੱਦ ਚੁੱਕਣ ਦਾ ਕੰਮ ਹੈ, ਕਰੇਂਗਾ? ਰਾਜ-ਕਵੀ ਦੇ ਪੁੱਤਰ ਨੇ ਜਦੋਂ ਉਹ ਕੰਮ ਵੀ ਸਵੀਕਾਰ ਕਰ ਲਿਆ ਤਾਂ ਬਾਦਸ਼ਾਹ ਨੇ ਪ੍ਰਧਾਨ ਮੰਤਰੀ ਨੂੰ ਕਿਹਾ: "ਲੋਕ ਕੀ ਕਹਿਣਗੇ, ਇਤਨੀ ਚੰਗੀ ਕਵਿਤਾ ਲਿਖਣ ਵਾਲੇ ਨੂੰ ਅਸੀਂ ਲਿੱਦ ਚੁੱਕਣ ਦੇ ਕੰਮ ਲਾਇਆ ਹੋਇਆ ਹੈ।" ਕਵੀ ਨੇ ਝੱਟ ਜਵਾਬ ਦਿੱਤਾ: "ਨਹੀਂ ਮਹਾਰਾਜ, ਸਗੋਂ ਲੋਕ ਇਹ ਕਹਿਣਗੇ ਕਿ ਇਸ ਬਾਦਸ਼ਾਹ ਦੇ ਘੋੜਿਆਂ ਦੀ ਲਿੱਦ ਚੁੱਕਣ ਵਾਲਾ ਨੌਕਰ ਵੀ ਇੰਨੀ ਚੰਗੀ ਕਵਿਤਾ ਲਿਖ ਲੈਂਦਾ ਹੈ।" ਉਸ ਦੇ ਜਵਾਬ ਤੋਂ ਖੁਸ਼ ਹੋ ਕੇ ਪ੍ਰਧਾਨ ਮੰਤਰੀ ਨੇ ਉਸ ਦੀ ਖਤਮ ਕੀਤੀ ਹੋਈ ਪਦਵੀ ਬਹਾਲ ਕਰ ਦਿੱਤੀ ਸੀ।

ਕੁਝ ਸੂਰਤਾਂ ਕਵਿਤਾ ਵਰਗੀਆਂ ਹੁੰਦੀਆਂ ਹਨ।

ਕਈ ਦਿਨ ਹੀ ਕਵਿਤਾ ਵਰਗੇ ਹੁੰਦੇ ਹਨ।

ਜਵਾਨੀ ਕਵਿਤਾ ਵਾਲੀ ਉਮਰ ਹੁੰਦੀ ਹੈ।

ਇੱਕ ਪਖੰਡੀ ਨੇ ਕਿਹਾ: "ਮੈਨੂੰ ਵਿਸ਼ਾ ਦਿਓ, ਮੈਂ ਕਵਿਤਾ ਲਿਖਾਂ।" ਉੱਤਰ ਮਿਲਿਆ: 'ਕਵਿਤਾ ਵਾਸਤੇ ਵਿਸ਼ਾ ਨਹੀਂ ਚਾਹੀਦਾ, ਦਿਲ ਚਾਹੀਦਾ ਹੁੰਦਾ ਹੈ।"

ਅਜੋਕੇ ਮਨੁੱਖ ਦਾ ਸਭ ਤੋਂ ਵੱਡਾ ਸੰਕਟ ਇਹ ਹੈ ਕਿ ਸਾਡੀ ਕਵਿਤਾ ਦੇ ਸਰੋਤ ਸੁੱਕ ਗਏ ਹਨ, ਕਵਿਤਾ ਨਾਲੋਂ ਸਾਡਾ ਨਾਤਾ ਟੁੱਟ ਗਿਆ ਹੈ, ਜਿਸ ਕਾਰਨ ਸਾਡਾ ਅਨੁਭਵ ਵੀ ਬਾਂਝ ਅਤੇ ਬੰਜਰ ਹੋ ਗਿਆ ਹੈ।

ਲੰਮੀਆਂ ਬਹਿਸਾਂ ਰਾਹੀਂ ਅਸੀਂ ਆਪਣੀ ਅਗਿਆਨਤਾ ਦਾ ਆਦਾਨ-ਪ੍ਰਦਾਨ ਕਰਨ ਲੱਗ ਪਏ ਹਾਂ, ਜਦੋਂ ਕਿ ਸਾਡੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਕੋਈ ਸਾਡੇ ਦਿਲ ਦੀ ਗੱਲ ਸੁਣੇ, ਕੋਈ ਆਪਣੇ ਦਿਲ ਦੀ ਗੱਲ ਸੁਣਾਵੇ, ਕੋਈ ਸਾਨੂੰ ਕਵਿਤਾ ਵਾਂਗ ਮਿਲੇ, ਕੋਈ ਕਵਿਤਾ ਵਾਂਗ ਸਾਡੇ ਦਿਲ ਵਿੱਚ ਆ ਵਸੇ।

ਅਜੋਕੇ ਯੁੱਗ ਵਿੱਚ ਮਹਾਨ ਕਵਿਤਾ ਪੈਦਾ ਨਾ ਹੋਣ ਦਾ ਕਾਰਨ ਇਹ ਹੈ ਕਿ ਸਾਡਾ ਅਨੁਭਵ ਪੇਤਲਾ ਹੋ ਗਿਆ ਹੈ। ਅਸੀਂ ਚੌੜੀਆਂ ਸੜਕਾਂ ਜ਼ਰੂਰ ਬਣਾ ਲਈਆਂ ਹਨ ਪਰ ਉਨ੍ਹਾਂ ਉੱਤੇ ਟੁਰਨ ਵਾਲੇ ਦੇਵ-ਪੁਰਸ਼ ਅਸੀਂ ਕਿੱਥੋਂ ਲਿਆਵਾਂਗੇ?

ਕਵੀ ਉਹ ਵਿਅਕਤੀ ਹੁੰਦਾ ਹੈ, ਜਿਸ ਦੇ ਪੈਰ ਧਰਤੀ ਉੱਤੇ ਹੋਣ, ਜਿਸ ਦਾ ਸਿਰ ਤਾਰਿਆਂ ਵਿਚ ਹੋਵੇ, ਜਿਹੜਾ ਚੰਦਰਮਾ ਵਾਂਗ ਇਕੱਲਾ ਵਿਚਰ ਸਕੇ, ਸੂਰਜ ਵਾਂਗ ਮਘ ਸਕੇ, ਸਮੁੰਦਰ ਵਾਂਗ ਧੜਕ ਸਕੇ, ਜੰਗਲ ਦੀ ਅੱਗ ਵਾਂਗ ਆਪਣਾ ਰਾਹ ਆਪ ਬਣਾ ਸਕੇ। ਕਵੀ ਜਿਸ ਚੀਜ਼ ਦੀ ਕਲਪਨਾ ਕਰਦੇ ਹਨ, ਫ਼ਿਲਾਸਫ਼ਰ ਅਤੇ ਵਿਗਿਆਨੀ ਉਸ ਨੂੰ ਸੱਚ ਕਰ ਵਿਖਾਉਂਦੇ ਹਨ।

ਪਿਆਰ ਕਰਨਾ ਸਿੱਖਣਾ ਹੈ ਤਾਂ ਕਿਸੇ ਕਵੀ ਤੋਂ ਸਿੱਖ।

ਮਹਿਸੂਸ ਕਰਨ ਦੀ ਜਾਚ ਸਿੱਖਣੀ ਹੈ ਦਾਂ ਕਿਸੇ ਕਵੀ ਨੂੰ ਪੜ੍ਹ।

ਮਹਾਨਤਾ ਅਤੇ ਉੱਤਮਤਾ ਦੇ ਦਰਸ਼ਨ ਕਰਨੇ ਹਨ ਤਾਂ ਕਿਸੇ ਮਹਾਨ ਕਵੀ ਦੀ ਕਲਪਨਾ ਨਾਲ ਉੱਡ ਕੇ ਵੇਖ ।

ਹਰ ਕੋਈ ਕਵੀ ਬਣਨਾ ਚਾਹੁੰਦਾ ਹੈ ਪਰ ਕਿਉਂਕਿ ਬਣ ਨਹੀਂ ਸਕਦਾ, ਸੋ ਕੋਈ ਫ਼ਿਲਾਸਫ਼ਰ ਬਣ ਜਾਂਦਾ ਹੈ, ਕੋਈ ਵਿਗਿਆਨੀ।

ਸਰਬੱਤ ਦੇ ਭਲੇ ਦਾ ਸੰਦੇਸ਼ ਕਿਸੇ ਕਵੀ ਦੀ ਕਵਿਤਾ ਵਿੱਚ ਹੀ ਸੰਭਵ ਹੁੰਦਾ ਹੈ।

ਮਹਾਨ ਕਵੀ ਬਣ ਹੀ ਉਹ ਸਕਦਾ ਹੈ, ਜਿਹੜਾ ਮਹਾਨ ਦਾਰਸ਼ਨਿਕ ਹੋਵੇ।

ਅਸੀਂ ਸਾਰੇ ਪ੍ਰਸੰਨ ਅਤੇ ਦੁੱਖਦਾਈ ਘੜੀਆਂ ਵਿੱਚ ਇਸ ਸੰਸਾਰ ਨੂੰ ਕਿਸੇ ਨਾ ਕਿਸੇ ਕਵੀ ਦੀਆਂ ਨਜ਼ਰਾਂ ਨਾਲ ਹੀ ਵੇਖਦੇ ਹਾਂ। ਸਾਡੀਆਂ ਅਸਲ ਪ੍ਰਾਪਤੀਆਂ ਦੀ ਪੱਧਰ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਅਸੀਂ ਕਵਿਤਾ ਨੂੰ ਕਿਤਨਾ ਕੁ ਮਾਣਿਆ ਹੈ। ਜਿਹੜਾ ਬੰਦਾ ਤੁਹਾਨੂੰ ਚੰਗਾ ਲੱਗਦਾ ਹੈ, ਉਸ ਨੂੰ ਪੁੱਛ ਕੇ ਦੇਖਣਾ ਕਿ ਉਸ ਨੂੰ ਕਿਸ ਕਵੀ ਨੇ ਪ੍ਰਭਾਵਿਤ ਕੀਤਾ ਹੈ।

ਜਦੋਂ ਲੋਕਾਂ ਦਾ ਕਵਿਤਾ ਨਾਲੋਂ ਨਾਤਾ ਟੁੱਟ ਜਾਵੇਗਾ ਤਾਂ ਉਹ ਹੋਰ ਭਾਵੇਂ ਕੁਝ ਬਣ ਜਾਣ, ਇਨਸਾਨ ਨਹੀਂ ਬਣ ਸਕਣਗੇ।

ਸਿਕੰਦਰ ਦੇ ਸਵਾਲ ਦਾ ਪੋਰਸ ਨੇ ਜਿਹੜਾ ਜੁਆਬ ਦਿੱਤਾ ਸੀ, ਉਹ ਇੱਕ ਵਾਕ ਨਹੀਂ ਸੀ, ਇੱਕ ਵਾਕ ਵਾਲੀ ਕਵਿਤਾ ਸੀ।

ਜੇ ਗੁਰੂ ਗੋਬਿੰਦ ਸਿੰਘ ਦੇ ਇੱਕ ਹੱਥ ਵਿੱਚ ਤਲਵਾਰ ਸੀ ਤਾਂ ਦੂਜੇ ਹੱਥ ਵਿੱਚ ਕਵੀ ਵਾਲੀ ਕਲਮ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜਿਹੜਾ 'ਜ਼ਫ਼ਰਨਾਮਾ' ਲਿਖਿਆ ਸੀ, ਉਸ ਵਿੱਚ ਤਲਵਾਰ ਨੂੰ ਕਲਮ ਵਾਂਗ ਵਰਤਿਆ ਗਿਆ ਸੀ।

ਸਿੱਖ ਗੁਰੂਆਂ ਦੇ ਹਰਮਨ ਪਿਆਰਾ ਹੋਣ ਦਾ ਇੱਕ ਕਾਰਨ ਇਹ ਹੈ ਕਿ ਉਹ ਸਾਰੇ ਨਿਪੁੰਨ ਅਤੇ ਮਹਾਨ ਕਵੀ ਵੀ ਸਨ।

ਇੱਕ ਮਹਾਨ ਕਵੀ ਬਣਨ ਲਈ ਅੰਤਾਂ ਦੀ ਵਫ਼ਾ, ਭਰਪੂਰ ਮਿਹਨਤ ਅਤੇ ਦ੍ਰਿਸ਼ਟੀ ਦੀ ਵਿਸ਼ਾਲਤਾ ਦੀ ਲੋੜ ਹੁੰਦੀ ਹੈ। ਇਨ੍ਹਾਂ ਦੀ ਘਾਟ ਕਾਰਨ ਹੀ ਅਜੋਕਾ ਮਨੁੱਖ ਦਿਨੋ-ਦਿਨ ਸੁੰਗੜ ਰਿਹਾ ਹੈ।

ਜਿਹੜਾ ਸੁੱਖ ਕਵਿਤਾ ਵਿੱਚੋਂ ਮਿਲਦਾ ਹੈ, ਉਹ ਪੈਸੇ ਨਾਲ ਖਰੀਦੀਆਂ ਜਾਣ ਵਾਲੀਆਂ ਵਸਤਾਂ ਵਿੱਚੋਂ ਲੱਭਿਆ ਜਾ ਰਿਹਾ ਹੈ।

ਕਵਿਤਾ ਨਾਲੋਂ ਟੁੱਟਣ ਕਾਰਨ ਹੀ ਅਜੋਕਾ ਮਨੁੱਖ ਭਟਕ ਰਿਹਾ ਹੈ।

ਸਾਡੇ ਗੀਤ ਗੁਆਚ ਗਏ ਹਨ।

ਕਵੀ ਮਨੁੱਖ ਦੀ ਆਤਮਾ ਨੂੰ ਚਿਤਰਨ ਵਾਲੇ ਕਲਾਕਾਰ ਹੁੰਦੇ ਹਨ।

ਜੇ ਅਦਾਲਤਾਂ ਵਿੱਚ ਕਵੀ ਬਿਠਾ ਦਿੱਤੇ ਜਾਣ ਤਾਂ ਲੋਕ ਝਗੜੇ ਕਰਨੋਂ ਹਟ ਜਾਣਗੇ।

ਕਹਿੰਦੇ ਹਨ ਕਵਿਤਾ ਨਾਲ ਸ਼ੁਰੂ ਕੀਤਾ ਦਿਨ ਬੜੇ ਆਨੰਦ ਵਿੱਚ ਬੀਤਦਾ ਹੈ।

ਚੰਗਾ ਇਨਸਾਨ ਬਣੇ ਬਿਨਾਂ, ਚੰਗਾ ਕਵੀ ਬਣਨਾ ਸੰਭਵ ਨਹੀਂ ਹੁੰਦਾ।

ਕਵਿਤਾ ਪੜ੍ਹਨਾ ਕਿਸੇ ਦੀ ਮਜਬੂਰੀ ਨਹੀਂ ਹੁੰਦੀ ਪਰ ਜਿਸ ਦਾ ਇਹ ਸ਼ੌਕ ਹੋਵੇ ਉਹ ਰੂਹ ਤੱਕ ਰੱਜ ਜਾਂਦਾ ਹੈ।

ਕਵਿਤਾ ਸਾਡੇ ਸਾਰੇ ਤਣਾਓ ਦੂਰ ਕਰ ਦਿੰਦੀ ਹੈ।

ਕਹਿੰਦੇ ਹਨ ਸਭ ਤੋਂ ਚੰਗੀ ਨੀਂਦਰ ਕਵਿਤਾ ਪੜ੍ਹਦਿਆਂ ਆਉਂਦੀ ਹੈ।

ਕਵੀਆਂ ਵਰਗਾ ਇਨਸਾਫ਼-ਪਸੰਦ ਅਤੇ ਦਇਆਵਾਨ ਵਿਅਕਤੀ ਦੁਨੀਆਂ ਵਿੱਚ ਮਿਲਣਾ ਸੰਭਵ ਨਹੀਂ ਹੁੰਦਾ।

ਇੱਕ ਸੱਚੇ ਕਵੀ ਦੇ ਵਿਚਾਰ ਉੱਚੇ ਹੁੰਦੇ ਹਨ, ਉਸ ਦਾ ਗਿਆਨ ਡੂੰਘਾ ਹੁੰਦਾ ਹੈ, ਉਸ ਦਾ ਜੀਵਨ ਸਾਦਾ ਅਤੇ ਨਿਰਮਲ ਹੁੰਦਾ ਹੈ, ਉਸ ਦਾ ਸਰੀਰ ਸੋਹਣਾ ਹੁੰਦਾ ਹੈ।

ਮਹਾਨ ਕਵੀ ਰਾਤੋ-ਰਾਤ ਪੈਦਾ ਨਹੀਂ ਹੁੰਦੇ, ਇਹ ਤਾਂ ਉਮਰਾਂ ਦੀ ਨੇਕ-ਕਮਾਈ ਦਾ ਸਿੱਟਾ ਹੁੰਦੇ ਹਨ। ਕਵੀ ਚੁੱਪ-ਚੁਪੀਤੇ ਵਿਅਕਤੀ ਹੁੰਦੇ ਹਨ ਪਰ ਉਨ੍ਹਾਂ ਦੇ ਬੋਲਾਂ ਦੀ ਗੂੰਜ ਸਦੀਆਂ ਤੱਕ ਆਉਂਦੀ ਰਹਿੰਦੀ ਹੈ, ਸੁਣਦੀ ਰਹਿੰਦੀ ਹੈ।

ਕਹਿੰਦੇ ਹਨ ਜਿਹੜਾ ਇਕਾਂਤ ਵਿੱਚ ਨਹੀਂ ਵਿਚਰ ਸਕਦਾ, ਉਹ ਹੋਰ ਭਾਵੇਂ ਕੁਝ ਬਣ ਜਾਵੇ, ਉਹ ਕਵੀ ਨਹੀਂ ਬਣ ਸਕਦਾ।

ਹਰ ਕਵੀ ਦੇ ਮਨ ਉੱਤੇ ਉਸ ਦੀ ਮਾਂ ਦੇ ਚਰਿੱਤਰ ਅਤੇ ਸ਼ਖ਼ਸੀਅਤ ਦੀ ਛਾਪ ਡੂੰਘੀ ਅਤੇ ਗੂੜ੍ਹੀ ਹੁੰਦੀ ਹੈ।

ਕਿਸੇ ਕਵੀ ਦੀ ਪਤਨੀ ਬਣਨ ਦੀ ਗਲਤੀ ਨਾ ਕਰਨਾ, ਕਵੀਆਂ ਦੀ ਪ੍ਰੇਰਨਾ, ਪਤਨੀਆਂ ਨਹੀਂ, ਪ੍ਰੇਮਿਕਾਵਾਂ ਹੁੰਦੀਆਂ ਹਨ।

ਇਹੀ ਕਾਰਨ ਹੈ ਕਿ ਕਵੀ, ਚੰਗੇ ਪ੍ਰੇਮੀ ਪਰ ਅਸਫਲ ਪਤੀ ਹੁੰਦੇ ਹਨ।

ਕਵੀਆਂ ਦੀਆਂ ਕਵਿਤਾਵਾਂ ਵਿੱਚੋਂ ਉਨ੍ਹਾਂ ਦੇ ਸਮਕਾਲੀ ਯੁੱਗ, ਸਮਾਜ ਅਤੇ ਸਭਿਆਚਾਰ ਨੂੰ ਦੇਖਿਆ ਜਾ ਸਕਦਾ ਹੈ। ਹਰ ਨਵੀਂ ਪੀੜ੍ਹੀ ਦੇ ਅਨੁਭਵ ਨੂੰ ਪੇਸ਼ ਕਰਨ ਲਈ ਨਵੇਂ ਕਵੀ ਦੀ ਲੋੜ ਹੁੰਦੀ ਹੈ।

ਕਵੀ ਆਪਣੀਆਂ ਕਵਿਤਾਵਾਂ ਵਿੱਚ ਜ਼ਬਾਨ ਦੇ ਖਜ਼ਾਨੇ ਭਰ ਦਿੰਦਾ ਹੈ।

ਬਹੁਤੇ ਕਵੀ 'ਮੈਂ' ਤੋਂ ਅੱਗੇ ਨਹੀਂ ਚਲਦੇ, ਅਜਿਹੇ ਕਵੀਆਂ ਦੀ ਰਚਨਾ ਵਿੱਚ ਕਵਿਤਾ ਘੱਟ ਅਤੇ ਸ਼ੋਰ ਵਧੇਰੇ ਹੁੰਦਾ ਹੈ।

ਜਿਵੇਂ ਆਪਣੇ ਦੋਸਤਾਂ ਦੀ ਚੋਣ ਅਸੀਂ ਆਪ ਕਰਦੇ ਹਾਂ, ਉਵੇਂ ਹੀ ਕਵੀ ਸਾਡੀ ਆਪਣੀ ਪਸੰਦ ਹੁੰਦੇ ਹਨ। ਕਵਿਤਾ ਦਾ ਉਦੇਸ਼ ਮਨੁੱਖੀ ਆਤਮਾ ਨੂੰ ਬਚਾਉਣਾ ਹੀ ਨਹੀਂ ਹੁੰਦਾ, ਮਨੁੱਖੀ ਆਤਮਾ ਦੇ ਮਹੱਤਵ ਨੂੰ ਉਜਾਗਰ ਕਰਨਾ ਵੀ ਹੁੰਦਾ ਹੈ।

ਮਹਾਨ ਕਵਿਤਾ ਨੂੰ ਸਮਝਣਾ ਵੀ ਮਹਾਨ ਬਣਨ ਦਾ ਅਮਲ ਹੁੰਦਾ ਹੈ।

ਮਹਾਨ ਕਵਿਤਾ ਉਹ ਹੁੰਦੀ ਹੈ ਜੋ ਮਨੁੱਖ ਨੂੰ ਹੋਰ ਚੰਗੇਰਾ ਮਨੁੱਖ ਬਣਨ ਲਈ ਪਰੇਰੇ। ਚੰਗਾ ਕਵੀ ਉਹ ਹੁੰਦਾ ਹੈ ਜਿਹੜਾ ਸਾਨੂੰ ਆਪਣੇ ਆਪ ਨਾਲ ਮੁਹੱਬਤ ਕਰਨੀ ਸਿਖਾਵੇ,

ਜਿਸ ਦੀ ਕਵਿਤਾ ਦੀ ਛਾਂ ਵਿੱਚ ਸਾਨੂੰ ਆਪਣਾ ਆਪ ਚੰਗਾ ਲੱਗੇ, ਜਿਹੜਾ ਜ਼ਿੰਦਗੀ ਨਾਲ ਸਾਡੀ ਰਿਸ਼ਤੇਦਾਰੀ ਗੰਢੇ, ਜਿਹੜਾ ਸਾਡੇ ਬੁੱਲ੍ਹਾਂ ਉੱਤੇ ਕੋਈ ਗੀਤ ਵਸਾ ਦੇਵੇ, ਜਿਹੜਾ ਸਾਡਾ ਕਿਸੇ ਨਾਲ ਪਿਆਰ ਪੁਆ ਦੇਵੇ।

ਰੱਬ ਦੇ ਸਭ ਤੋਂ ਵੱਡੇ ਆਲੋਚਕ ਕਵੀ ਹੁੰਦੇ ਹਨ।

ਕਹਿੰਦੇ ਹਨ ਕਵੀ ਪਾਗਲ ਹੁੰਦੇ ਹਨ ਪਰ ਉਨ੍ਹਾਂ ਦੇ ਪਾਗਲਪਣ ਦੀ ਕਿਸਮ ਰੂਹਾਨੀ, ਉੱਚੀ, ਸੁੱਚੀ ਅਤੇ ਮਹਾਨ ਹੁੰਦੀ ਹੈ।

ਸਫਲ ਪਾਗਲ ਨੂੰ ਕਵੀ ਕਹਿੰਦੇ ਹਨ।

ਜਿਨ੍ਹਾਂ ਨੇ ਮੁਹੱਬਤ ਕੀਤੀ ਹੈ ਉਹ ਜਾਣਦੇ ਹਨ ਕਿ ਮੁਹੱਬਤ ਦਾ ਦਰਦ ਕੀ ਹੁੰਦਾ ਹੈ ਅਤੇ ਇਸ ਦਰਦ ਦਾ ਸਰੂਰ ਕੀ ਹੁੰਦਾ ਹੈ।

ਮੁਹੱਬਤ ਵਾਲੀ ਹਾਲਤ ਵਿੱਚ ਹਰ ਵਿਅਕਤੀ ਇੱਕ ਕਵੀ ਵਾਂਗ ਵਿਚਰਦਾ ਹੈ।

ਜਦੋਂ ਸ਼ਿੱਦਤ ਦਾ ਜਜ਼ਬਾ ਅਤੇ ਸਿਖਰ 'ਤੇ ਪਹੁੰਚੀ ਕਲਪਨਾ ਕਿਕਰੀ-ਕਲੀਰ ਪਾਉਂਦੀਆਂ ਹਨ ਤਾਂ ਹੀ ਮਹਾਨ ਕਵਿਤਾ ਦਾ ਜਨਮ ਹੁੰਦਾ ਹੈ।

ਬਹੁਤੇ ਲੋਕ ਬਹੁਤ ਕੁਝ ਜਾਣਦੇ ਤਾਂ ਹੁੰਦੇ ਹਨ ਪਰ ਉਹ ਮਹਿਸੂਸ ਨਹੀਂ ਕਰਦੇ, ਕਵਿਤਾ ਸਾਨੂੰ ਮਹਿਸੂਸ ਕਰਨਾ ਸਿਖਾਉਂਦੀ ਹੈ।

ਕਵੀ ਨੂੰ ਕਦੀ ਉਦਾਸ ਨਾ ਸਮਝੋ, ਮੌਕਾ ਲੱਗਣ ਉੱਤੇ ਉਸ ਨੇ ਆਪਣੀ ਸਾਰੀ ਮਾਯੂਸੀ, ਵੇਦਨਾ, ਦਰਦ, ਦੁੱਖ ਅਤੇ ਉਦਾਸੀ ਕਵਿਤਾ ਦੀ ਭੇਟ ਕਰ ਦੇਣੀ ਹੈ ਅਤੇ ਆਪ ਆਜ਼ਾਦ ਪੰਛੀ ਵਾਂਗ ਵਿਚਰਨਾ ਹੈ।

ਕਹਿੰਦੇ ਹਨ ਕਿ ਹਰ ਦੁੱਖ ਬਰਦਾਸ਼ਤ ਕਰਨ ਯੋਗ ਹੁੰਦਾ ਹੈ, ਜੇ ਉਸ ਨੂੰ ਕਵਿਤਾ ਵਿੱਚ ਪੇਸ਼ ਕੀਤਾ ਜਾ ਸਕੇ।

ਆਪਣੇ ਮਨਪਸੰਦ ਕਵੀ ਨੂੰ ਮਿਲਣ ਦਾ ਯਤਨ ਨਹੀਂ ਕਰਨਾ ਚਾਹੀਦਾ ਕਿਉਂਕਿ ਕਵੀ, ਕਵਿਤਾ ਸਿਰਜਣ ਦੇ ਛਿਣਾਂ ਵਿੱਚ ਹੀ ਕਵੀ ਹੁੰਦਾ ਹੈ, ਉਸ ਤੋਂ ਪਹਿਲਾਂ ਅਤੇ ਪਿੱਛੋਂ, ਉਹ ਅਤਿ ਸਾਧਾਰਣ ਵਿਅਕਤੀ ਵਾਂਗ ਵਿਚਰਦਾ ਹੈ।

ਰਸੂਲ ਹਮਜ਼ਾਤੋਵ ਅਨੁਸਾਰ ਕਵੀਆਂ ਨੂੰ ਆਲੋਚਕਾਂ ਤੋਂ ਨਹੀਂ ਡਰਨਾ ਚਾਹੀਦਾ, ਕਿਉਂਕਿ ਕਵੀਆਂ ਦੀਆਂ ਯਾਦਗਾਰਾਂ ਤਾਂ ਬਣੀਆਂ ਹਨ ਪਰ ਕਿਸੇ ਆਲੋਚਕ ਦੀ ਯਾਦਗਾਰ ਅਜੇ ਤਕ ਨਹੀਂ ਬਣੀ। ਪਿੱਛੇ ਆਉਂਦੇ ਭੌਂਕਦੇ ਕੁੱਤਿਆਂ ਤੋਂ ਡਰਦੇ ਇੱਕ ਵਿਅਕਤੀ ਤੋਂ ਰਸੂਲ ਨੇ ਪੁੱਛਿਆ, "ਤੂੰ ਕੀ ਕੰਮ ਕਰਦਾ ਹੈਂ ?" ਉੱਤਰ ਮਿਲਿਆ, "ਮੈਂ ਕਵੀ ਹਾਂ।" ਰਸੂਲ ਨੇ ਕਿਹਾ, "ਜੇ ਕਵਿਤਾ ਲਿਖਣੀ ਹੈ ਤਾਂ ਫਿਰ ਕੁੱਤਿਆਂ ਤੋਂ ਨਾ ਡਰਿਆ ਕਰ।"

ਕਵੀ ਪੂਰੇ ਜੋਬਨ ਵਿੱਚ ਕਵੀਆਂ ਦੀ ਸੰਗਤ ਵਿੱਚ ਹੀ ਖਿੜਦੇ ਹਨ।

ਇਹ ਵੀ ਸੱਚ ਹੈ ਕਿ ਕਵੀ ਨੂੰ ਦੂਜੇ ਕਵੀਆਂ ਨਾਲ ਈਰਖਾ ਹੁੰਦੀ ਹੈ।

ਚੰਗੀ ਕਵਿਤਾ ਆਮ ਕਰਕੇ ਕਵੀ ਦੀ ਉਮਰ ਦੇ ਤੀਹਵੇਂ ਵਰ੍ਹੇ ਤੋਂ ਪਹਿਲੇ ਲਿਖੀ ਜਾ ਚੁੱਕੀ ਹੁੰਦੀ ਹੈ। ਕੋਈ ਕਵੀ ਆਪਣੀ ਭਾਸ਼ਾ ਤੋਂ ਇਲਾਵਾ ਕਿਸੇ ਦੂਜੀ ਭਾਸ਼ਾ ਵਿੱਚ ਹਰਮਨ ਪਿਆਰਾ ਨਹੀਂ ਹੋਇਆ।

ਇਸੇ ਕਰਕੇ ਕਹਿੰਦੇ ਹਨ ਕਿ ਜੋ ਸੁੱਖ ਅਤੇ ਰੱਸ ਆਪਣੀ ਬੋਲੀ ਦੀ ਕਵਿਤਾ ਵਿੱਚੋਂ ਮਿਲਦਾ ਹੈ, ਉਹ ਕਿਸੇ ਹੋਰ ਭਾਸ਼ਾ ਦੀ ਕਵਿਤਾ ਵਿੱਚੋਂ ਨਹੀਂ ਮਿਲਦਾ।

ਇੱਕ ਚੰਗਾ ਕਵੀ ਉਤਸ਼ਾਹ ਦੇ ਬੀਜ ਬੀਜਦਾ ਹੈ, ਉਹ ਲੋਕਾਂ ਦੀਆਂ ਨਜ਼ਰਾਂ ਵਿੱਚ ਰੌਸ਼ਨ ਭਵਿੱਖ ਦੇ ਸੁਪਨੇ ਲਟਕਾਉਂਦਾ ਹੈ।

ਮਹਾਨ ਕਵੀ, ਕਈ ਵਾਰੀ ਕਿਸੇ ਮਹਾਨ ਜਜ਼ਬੇ ਦੀ ਪਕੜ ਵਿੱਚ ਅਜਿਹੀ ਗੱਲ ਕਹਿ ਜਾਂਦੇ ਹਨ, ਜਿਸ ਦੀ ਉਨ੍ਹਾਂ ਨੂੰ ਆਪ ਵੀ ਸਮਝ ਨਹੀਂ ਹੁੰਦੀ ਪਰ ਜਿਹੜੀ ਇਤਿਹਾਸ ਬਦਲ ਦਿੰਦੀ ਹੈ।

ਕਵੀ ਦੀ ਕਲਪਨਾ ਯਥਾਰਥ ਦੇ ਮੁਹਾਣ ਮੋੜ ਦਿੰਦੀ ਹੈ।

ਜਦੋਂ ਕਵੀ ਗੁਲਾਮ ਕੌਮ ਵਿੱਚ ਆਜ਼ਾਦੀ ਦਾ ਸੁਪਨਾ ਜਗਾ ਦੇਣ ਤਾਂ ਉਸ ਸੰਕਲਪ ਨੂੰ ਕੁਚਲਣ ਲਈ ਫੌਜਾਂ ਭੇਜਣੀਆਂ ਵਿਅਰਥ ਹੁੰਦੀਆਂ ਹਨ।

ਕੋਈ ਸੰਘਰਸ਼ ਕਵੀਆਂ ਦੇ ਸਹਿਯੋਗ ਤੋਂ ਬਿਨਾਂ ਸਫ਼ਲ ਨਹੀਂ ਹੋ ਸਕਦਾ।

ਕਿਸੇ ਅੰਦੋਲਨ ਵਿੱਚ ਜਦੋਂ ਕਵੀ, ਗੋਲੀਆਂ ਦਾ ਸ਼ਿਕਾਰ ਬਣਾਏ ਜਾਣ ਲੱਗ ਪੈਣ ਤਾਂ ਸਮਝੋ ਉਹ ਸੰਘਰਸ਼ ਕੁਰਾਹੇ ਪੈ ਗਿਆ ਹੈ। ਆਜ਼ਾਦੀ ਦੀ ਜੰਗ ਸਰੀਰ ਅਤੇ ਦਿਮਾਗ ਨਾਲ ਹੀ ਨਹੀਂ, ਦਿਲ ਨਾਲ ਵੀ ਲੜੀ ਜਾਂਦੀ ਹੈ।

ਅਸੀਂ ਪਿਆਰ ਕਿਹੋ ਜਿਹਾ ਕਰਾਂਗੇ, ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਸਾਡੇ ਕਵੀਆਂ ਨੇ ਕਿਹੋ ਜਿਹਾ ਪਿਆਰ ਗਾਇਆ ਹੈ।

ਪੈਨਸ਼ਨਾਂ ਮੰਗਣ ਵਾਲੇ ਕਵੀ, ਕਵਿਤਾ ਨਹੀਂ ਲਿਖਣਗੇ, ਸਿਹਰੇ ਭਾਵੇਂ ਲਿਖ ਦੇਣ।

ਉਹ ਕਵੀ ਕੀ ਹੈ, ਜਿਹੜਾ ਆਜ਼ਾਦ ਨਹੀਂ ਰਹਿ ਸਕਦਾ!

ਗਰੀਬਾਂ ਦਾ ਕਵੀ, ਨਿਆਸਰਿਆਂ ਦਾ ਆਸਰਾ ਬਣਦਾ ਹੈ, ਉਹ ਨਿਓਟਿਆਂ ਦੀ ਓਟ ਹੋ ਨਿਬੜਦਾ ਹੈ, ਉਹ ਗੁਆਚਿਆਂ ਦਾ ਤੰਬੂ ਹੁੰਦਾ ਹੈ।

ਕਵਿਤਾ, ਪੁਰਾਣੀ ਤੋਂ ਪੁਰਾਣੀ ਅਤੇ ਵਿਗਿਆਨ ਨਵੇਂ ਤੋਂ ਨਵਾਂ ਚੰਗਾ ਹੁੰਦਾ ਹੈ।

ਕਹਿੰਦੇ ਹਨ ਕਵੀ ਗਰੀਬ ਹੁੰਦੇ ਹਨ, ਇਸੇ ਲਈ ਉਹ ਸ਼ਬਦਾਂ ਨੂੰ ਸਾਂਭ ਸਾਂਭ ਵਰਤਦੇ ਹਨ ਅਤੇ ਜ਼ਬਾਨ ਨੂੰ ਅਮੀਰ ਕਰ ਦਿੰਦੇ ਹਨ।

ਕਵੀ, ਕਵਿਤਾ ਲਿਖਣ ਕਰਕੇ ਗਰੀਬ ਨਹੀਂ ਹੁੰਦੇ, ਉਹ ਗਰੀਬ ਹੋਣ ਕਰਕੇ ਕਵਿਤਾ ਲਿਖਦੇ ਹਨ। ਜੇ ਉਹ ਅਮੀਰ ਹੁੰਦੇ ਤਾਂ ਉਨ੍ਹਾਂ ਕਵਿਤਾ ਲਿਖ ਨਹੀਂ ਸੀ ਸਕਣੀ।

ਦਿੱਲੀ ਦੀ ਹਵਾ ਵਿੱਚ ਗ਼ਾਲਿਬ ਘੁਲਿਆ ਹੋਇਆ ਹੈ।

ਜਿਸ ਯੂਨਾਨ ਦੀਆਂ ਗਲੀਆਂ ਵਿੱਚ ਹੋਮਰ ਮੰਗਤਿਆਂ ਵਾਂਗ ਵਿਚਰਿਆ, ਉਸੇ ਯੂਨਾਨ ਵਿੱਚ ਅੱਜ ਸੱਤ ਸ਼ਹਿਰ ਹੋਮਰ ਦੇ ਨਾਂ 'ਤੇ ਵਸੇ ਹੋਏ ਹਨ।

ਆਪਣਾ ਆਪ ਸੰਭਾਲੀ ਰੱਖਣਾ ਅਤੇ ਕਵਿਤਾ ਲਿਖਣੀ ਸੰਭਵ ਨਹੀਂ ਹੁੰਦੀ।

ਇਸੇ ਕਰਕੇ ਮਹਾਨ ਅਤੇ ਤੇਜਸਵੀ ਕਵੀ ਦਰਵੇਸ਼ਾਂ ਵਾਂਗ, ਸਭ ਕੁਝ ਖੁਲ੍ਹੇ ਬੋਲਾਂ ਨਾਲ ਲੁਟਾ ਦਿੰਦੇ ਹਨ।

ਕਵਿਤਾ ਸਵਰਗ ਵਿੱਚ ਮੁੜ ਆਉਣ ਦਾ ਸੱਦਾ ਹੁੰਦੀ ਹੈ।

ਜਦੋਂ ਤੱਕ ਇਨਕਲਾਬੀ ਕਵਿਤਾ ਪੈਦਾ ਨਹੀਂ ਹੁੰਦੀ, ਭਾਰਤ ਵਿੱਚ ਇਨਕਲਾਬ ਦੀ ਆਸ ਕਰਨੀ ਵਿਅਰਥ ਹੈ।

ਅਸੀਂ ਆਪਣੀਆਂ ਮੁਸ਼ਕਿਲਾਂ ਇਸ ਕਰਕੇ ਖਿੜੇ-ਮੱਥੇ ਬਰਦਾਸ਼ਤ ਨਹੀਂ ਕਰ ਸਕਦੇ, ਕਿਉਂਕਿ ਸਾਡੇ ਕੋਲ ਨਵੀਂ ਕਵਿਤਾ ਦੀ ਅਮੀਰੀ ਨਹੀਂ ਹੈ।

ਕਹਿੰਦੇ ਹਨ ਕੁਝ ਲਿਖ ਜਾਵੋ ਜੋ ਆਉਣ ਵਾਲੀਆਂ ਪੀੜ੍ਹੀਆਂ ਪੜ੍ਹਨ ਜਾਂ ਕੁਝ ਉਹ ਕਰ ਜਾਵੋ ਜਿਸ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਲਿਖਣ।

ਜਿਨ੍ਹਾਂ ਵਿੱਚ ਆਤਮਾ ਹੁੰਦੀ ਹੈ, ਉਹ ਕਵਿਤਾ ਵਿੱਚ ਪਰਮ-ਆਤਮਾ ਦੇ ਸਹਿਜੇ ਹੀ ਦਰਸ਼ਨ-ਦੀਦਾਰ ਕਰ ਸਕਦੇ ਹਨ।

ਦੁਨੀਆਂ ਦੇ ਹਰ ਮੁਲਕ ਅਤੇ ਧਰਮ ਵਿੱਚ ਪੂਜਾ ਅਤੇ ਅਰਦਾਸ ਕਵਿਤਾ ਵਿੱਚ ਹੀ ਕੀਤੀ ਜਾਂਦੀ ਹੈ।

ਸੁੰਦਰਤਾ ਉਹ ਹੈ, ਜਿਹੜੀ ਸਾਡੀ ਅੰਦਰਲੀ ਕਵਿਤਾ ਨੂੰ ਜਗਾਵੇ।

ਕਿਹਾ ਜਾਂਦਾ ਹੈ ਕਿ ਕਵਿਤਾ, ਲੈਅ ਵਿੱਚ ਢਲੀ ਹੋਈ ਸੁੰਦਰਤਾ ਹੁੰਦੀ ਹੈ।

ਕਵਿਤਾ ਦਾ ਜੀਵਨ ਨਾਲ ਸਬੰਧ ਉਹੋ ਜਿਹਾ ਹੁੰਦਾ ਹੈ, ਜਿਹੋ ਜਿਹਾ ਐਤਵਾਰ ਦਾ ਬਾਕੀ ਦਿਨਾਂ ਨਾਲ ਹੁੰਦਾ ਹੈ।

ਸੰਸਾਰ ਉਵੇਂ ਨਹੀਂ ਹੈ, ਜਿਵੇਂ ਮਨੁੱਖ ਉਸ ਨੂੰ ਵੇਖਣਾ-ਹੰਢਾਉਣਾ ਚਾਹੁੰਦਾ ਹੈ, ਕਵਿਤਾ ਇਸ ਅਸੰਤੁਲਨ ਨੂੰ ਦੂਰ ਕਰਦੀ ਹੈ।

ਦੁਨੀਆਂ ਵਿੱਚ ਦੁੱਖ ਵੱਧ ਰਹੇ ਹਨ ਪਰ ਉਨ੍ਹਾਂ ਨੂੰ ਬਰਦਾਸ਼ਤ ਕਰਨ ਦੀ ਸਮਰੱਥਾ ਦੇਣ ਵਾਲੀ ਕਵਿਤਾ ਪੈਦਾ ਨਹੀਂ ਹੋ ਰਹੀ।

ਕਵੀਆਂ ਦੀ ਥਾਂ ਕਾਂਵਾਂ ਦੀ ਗਿਣਤੀ ਵੱਧ ਰਹੀ ਹੈ।

ਬਹੁਤੀਆਂ ਕਵਿਤਾਵਾਂ ਹੁਣ ਕਾਂ ਲਿਖ ਰਹੇ ਹਨ। ਇਨ੍ਹਾਂ ਦੀ ਕਵਿਤਾ ਵਿੱਚ ਇੱਕ ਦੋ ਲਾਈਨਾਂ ਹੀ ਕਵਿਤਾ ਹੁੰਦੀ ਹੈ, ਬਾਕੀ ਪਲੇਥਣ ਹੁੰਦਾ ਹੈ। ਮਹਾਨ ਕਵੀ ਉਹ ਹੁੰਦਾ ਹੈ, ਜਿਸ ਦੀ ਕਵਿਤਾ ਦੀ ਹਰ ਲਾਈਨ ਆਪਣੇ ਆਪ ਵਿੱਚ ਇਕ ਕਵਿਤਾ ਹੋਵੇ। ਅਜਿਹੀ ਕਵਿਤਾ ਹੀ ਸਾਨੂੰ ਫੈਲਣ ਅਤੇ ਉੱਚੇ ਉਠਣ ਦਾ ਹੁਨਰ ਸਿਖਾਉਂਦੀ ਹੈ।

ਕਵਿਤਾ ਨਾਲੋਂ ਨਾਤਾ ਟੁੱਟ ਜਾਣ ਕਾਰਨ ਹੀ ਅਜੋਕਾ ਮਨੁੱਖ ਖੁਸ਼ਹਾਲ ਹੋਣ ਦੀ ਥਾਂ ਭਾਵੁਕ ਪੱਖੋਂ ਦਿਨੋ-ਦਿਨ ਗਰੀਬ ਹੁੰਦਾ ਜਾ ਰਿਹਾ ਹੈ।

ਸਾਡੀ ਨਬਜ਼ ਤਾਂ ਚੱਲ ਰਹੀ ਹੈ, ਪਰ ਅਸੀਂ ਮਰੇ ਪਏ ਹਾਂ।

ਸਾਡੇ ਵਿੱਚ ਜੋਸ਼ ਤਾਂ ਹੈ ਪਰ ਉਤਸ਼ਾਹ ਨਹੀਂ।

ਕਾਂਵਾਂ-ਰੌਲੀ ਵਿੱਚ ਕਵਿਤਾ ਗੁਆਚ ਗਈ ਹੈ।

ਆਓ, ਅਸੀਂ ਰਲ ਕੇ ਵਾਰਿਸ ਸ਼ਾਹ ਨੂੰ ਲੱਭਣ ਚਲੀਏ, ਰੁੱਸੇ ਹੋਏ ਬੁੱਲ੍ਹੇਸ਼ਾਹ ਨੂੰ ਮਨਾ ਲਿਆਈਏ, ਨੰਦੇੜ ਵੱਲ ਟੁਰ ਗਏ ਪਿਆਰੇ ਗੁਰੂ ਗੋਬਿੰਦ ਸਿੰਘ ਨੂੰ ਮੋੜ ਲਿਆਈਏ ਅਤੇ ਉਨ੍ਹਾਂ ਨੂੰ ਦੱਸੀਏ ਕਿ ਸਾਡੇ ਵਿਹੜਿਆਂ ਦੀਆਂ ਰੌਣਕਾਂ ਰੁੱਸ ਗਈਆਂ ਹਨ, ਅਸੀਂ ਸੁੱਤੇ ਹੋਏ ਨਸੀਬਾਂ ਵਾਲੇ ਮੱਥੇ ਚੁੱਕੀ ਫਿਰਦੇ ਹਾਂ, ਸਾਡੇ ਗਲੇ ਵਿੱਚੋਂ ਹੁਣ ਗੀਤ ਨਹੀਂ, ਹਉਕੇ ਨਿਕਲਦੇ ਹਨ, ਸਾਡੇ ਬੁੱਲ੍ਹਾਂ ਉਤੇ ਸਹਿਮ ਦੀਆਂ ਪੇਪੜੀਆਂ ਜੰਮ ਗਈਆਂ ਹਨ ਅਤੇ ਉਨ੍ਹਾਂ ਨੂੰ ਕਹੀਏ ਕਿ ਸਾਨੂੰ ਕਵਿਤਾ ਦੇ ਕੁਝ ਬੀਜ ਦਿਓ, ਜਿਹੜੇ ਅਸੀਂ ਆਪਣੇ ਖੇਤਾਂ, ਵਿਹੜਿਆਂ ਅਤੇ ਕੁੱਖਾਂ ਵਿੱਚ ਬੀਜੀਏ ਅਤੇ ਜਿਊਣ ਜੋਗੇ ਬਣ ਜਾਈਏ।

ਨਾਢੂ ਖਾਂ ਅਤੇ ਪਾਟੇ ਖਾਂ

ਨਾਢੂ ਖਾਂ ਅਤੇ ਪਾਟੇ ਖਾਂ ਉਹ ਵਿਅਕਤੀ ਹੁੰਦੇ ਹਨ, ਜਿਨ੍ਹਾਂ ਦਾ ਸਾਰਾ ਜ਼ੋਰ ਰੱਬ ਦੀ ਬਣਾਈ ਵਿਸ਼ਾਲ ਦੁਨੀਆਂ ਨੂੰ ਸੌੜਾ ਕਰਨ ਉੱਤੇ ਲੱਗਿਆ ਹੁੰਦਾ ਹੈ।

ਨਾਢੂ ਖਾਂ, ਪਾਟੇ ਖਾਂ, ਆਕੜ ਖਾਂ, ਤੀਸ ਮਾਰ ਖਾਂ ਇੱਕੋ ਖਾਨਦਾਨ ਨਾਲ ਸਬੰਧ ਰੱਖਦੇ ਹਨ, ਅੰਤਰ ਕੇਵਲ ਇੰਨਾ ਹੈ ਕਿ ਇਕ ਦੀ ਮਾਂ, ਦੂਜੇ ਦੀ ਮਾਸੀ ਲੱਗਦੀ ਹੈ। ਇਨ੍ਹਾਂ ਸਾਰਿਆਂ ਦੀ ਪਛਾਣ ਇਹ ਹੈ ਕਿ ਇਹ ਇੰਜ ਤੁਰਦੇ ਹਨ, ਜਿਵੇਂ ਬਨੇਰਾ ਟੱਪਣਾ ਹੋਵੇ ਅਤੇ ਇੰਜ ਖਲੋਂਦੇ ਹਨ, ਜਿਵੇਂ ਦੁਸਹਿਰੇ ਦੀ ਸ਼ਾਮ ਨੂੰ ਰਾਵਣ ਖਲੋਤਾ ਹੁੰਦਾ ਹੈ।

ਇਨ੍ਹਾਂ ਦਾ ਖਾਨਦਾਨੀ ਨਾਂ ਹੈ 'ਵੱਡੇ ਨੱਕ ਵਾਲੇ' ਫ਼ੰਨੇ ਖਾਂ ਦੀ ਔਲਾਦ।

ਨਾਢੂ ਖਾਂ ਅਤੇ ਪਾਟੇ ਖਾਂ ਦਾ ਸਾਰਾ ਯਤਨ ਆਪਣੀ ਅਸਲੀਅਤ ਨਾਲੋਂ ਵੱਡੇ ਪ੍ਰਤੀਤ ਹੋਣ ਵਿੱਚ ਲੱਗਿਆ ਹੁੰਦਾ ਹੈ। ਇਹ ਹਰ ਵੇਲੇ ਆਪਣੀ ਛੋਟੀ ਚੀਜ਼ ਨੂੰ ਵੱਡੀ ਅਤੇ ਦੂਜਿਆਂ ਦੀ ਵੱਡੀ ਚੀਜ਼ ਨੂੰ ਛੋਟਾ ਸਿੱਧ ਕਰਨ ਵਿੱਚ ਰੁੱਝੇ ਰਹਿੰਦੇ ਹਨ।

ਇਨ੍ਹਾਂ ਅਨੁਸਾਰ ਗਿਆਨ ਕੇਵਲ ਉਹ ਹੈ ਜੋ ਇਹ ਜਾਣਦੇ ਹਨ।

ਜੇ ਰੱਬ ਨੇ ਦੁਨੀਆਂ ਇਨ੍ਹਾਂ ਨੂੰ ਪੁੱਛ ਕੇ ਬਣਾਈ ਹੁੰਦੀ ਤਾਂ ਕੇਵਲ ਇੱਕ ਹੀ ਸ਼ਹਿਰ ਹੋਣਾ ਸੀ, ਉਸ ਸ਼ਹਿਰ ਵਿੱਚ ਇੱਕ ਹੀ ਮੁਹੱਲਾ ਹੋਣਾ ਸੀ, ਉਸ ਮੁਹੱਲੇ ਵਿੱਚ ਇੱਕ ਹੀ ਗਲੀ ਹੋਣੀ ਸੀ ਅਤੇ ਉਸ ਗਲੀ ਵਿੱਚ ਇੱਕ ਹੀ 'ਸਿਆਣਾ' ਵਿਅਕਤੀ ਹੋਣਾ ਸੀ, ਉਸ ਦਾ ਨਾਂ ਦੱਸਣ ਦੀ ਲੋੜ ਨਹੀਂ।

ਇੱਕ ਵਾਰੀ ਇੱਕ ਨਾਢੂ ਖਾਂ ਨੂੰ ਇੱਕ ਪਾਟੇ ਖਾਂ ਨੇ ਪੁੱਛਿਆ: ਸੰਸਾਰ ਵਿੱਚ ਸਿਆਣੇ ਬੰਦੇ ਕਿੰਨੇ ਹਨ ? ਉੱਤਰ ਮਿਲਿਆ: ਕੇਵਲ ਦੋ ਹੀ ਸਿਆਣੇ ਬੰਦੇ ਦਿਸਦੇ ਹਨ: "ਇੱਕ ਤੂੰ ਅਤੇ ਦੂਜਾ ਮੈਂ।" ਥੋੜ੍ਹੀ ਦੇਰ ਮਗਰੋਂ ਉਹ ਫਿਰ ਬੋਲਿਆ, "ਵੇਖਿਆ ਜਾਵੇ ਤਾਂ ਤੂੰ ਵੀ ਕਾਹਦਾ ਸਿਆਣਾ ਹੈਂ ?"

ਜਿਹੜਾ ਕਿਸੇ ਕਮੀਨੀ ਚੀਜ਼ ਦੀ ਕਮੀਨੇ ਢੰਗ ਨਾਲ, ਕਿਸੇ ਕਮੀਨੇ ਬੰਦੇ ਸਾਹਮਣੇ ਪ੍ਰਸ਼ੰਸਾ ਕਰੇ ਉਹ ਨਾਢੂ ਖਾਂ ਹੁੰਦਾ ਹੈ। ਜਿਹੜਾ ਬਾਜ਼ਾਰ ਨੂੰ ਸੌੜਾ ਅਤੇ ਆਪਣੇ ਆਪ ਨੂੰ ਚੌੜਾ ਸਮਝੇ, ਉਹ ਪਾਟੇ ਖਾਂ ਹੁੰਦਾ ਹੈ। ਇਨ੍ਹਾਂ ਦੀ ਆਪਸੀ ਪਛਾਣ ਇਹ ਹੈ ਕਿ ਇਨ੍ਹਾਂ ਦੇ ਸਿਰ ਉੱਤੇ ਸਿੰਗ ਹੁੰਦੇ ਹਨ, ਜਿਹੜੇ ਇਨ੍ਹਾਂ ਨੂੰ ਹੀ ਵਿਖਾਈ ਦਿੰਦੇ ਹਨ।

ਇੱਕ ਦੀ ਬਿਰਤੀ ਸ਼ਿਕਾਰੀ ਵਾਲੀ ਹੁੰਦੀ ਹੈ ਅਤੇ ਦੂਜੇ ਦੀ ਜੋਕ ਵਾਲੀ।

ਇਹ ਦੋਵੇਂ ਜਦੋਂ ਹੱਸਦੇ ਹਨ ਤਾਂ ਲੋਕਾਂ ਦਾ ਰੋਣ ਨੂੰ ਦਿਲ ਕਰਦਾ ਹੈ। ਇਨ੍ਹਾਂ ਦਾ ਕਿਸੇ ਨਾਲ ਹੱਥ ਮਿਲਾਉਣਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇਨ੍ਹਾਂ ਦਾ ਦੂਜੇ ਨਾਲ ਮਤਲਬ ਕਿਤਨਾ ਹੈ। ਇਹ ਮੁਆਫ਼ ਕਰ ਦਿੰਦੇ ਹਨ ਪਰ ਬਦਲੇ ਦੀ ਭਾਵਨਾ ਆਪਣੇ ਦਿਲ ਵਿੱਚ ਰੱਖ ਲੈਂਦੇ ਹਨ। ਆਮ ਸਾਧਾਰਣ ਬੰਦਿਆਂ ਨਾਲ ਇਹ ਹਾਕਮ ਦੀ ਬੋਲੀ ਬੋਲਦੇ ਹਨ ਅਤੇ ਉਪਰਲਿਆਂ ਨਾਲ ਗੁਲਾਮਾਂ ਵਾਲੀ।

ਇਹ ਜਾਂ ਝੋਲੀ ਚੁੱਕਦੇ ਹਨ ਜਾਂ ਅੱੜਦੇ ਹਨ।

ਕਹਿੰਦੇ ਹਨ ਲਖਨਊ ਦੇ ਨਾਢੂ ਖਾਨਾਂ ਨੇ 'ਪਹਿਲੇ ਆਪ, ਪਹਿਲੇ ਆਪ' ਕਹਿ ਕੇ ਗੱਡੀ ਲੰਘਾ ਦਿੱਤੀ ਸੀ ਅਤੇ ਮਾਲਵੇ ਦੇ ਪਾਟੇ ਖਾਨਾਂ ਨੇ 'ਪਹਿਲੇ ਮੈਂ, ਪਹਿਲੇ ਮੈਂ' ਕਹਿਕੇ ਗੱਡੀ ਲੰਘਾ ਦਿੱਤੀ ਸੀ।

ਨਾਢੂ ਖਾਂ ਅਤੇ ਪਾਟੇ ਖਾਂ ਹਰ ਸਥਿਤੀ ਵਿੱਚ ਨਾਇਕ ਬਣਨਾ ਚਾਹੁੰਦੇ ਹਨ।

ਇਹ ਆਪਣੀ ਤਲੀ ਉਤੇ ਦਿਲ ਰੱਖ ਕੇ ਨਿੱਤਰਦੇ ਹਨ। ਸੀਸ ਤਾਂ ਇਨ੍ਹਾਂ ਦਾ ਪੱਗ ਵਿੱਚ ਲੁਕਿਆ ਹੁੰਦਾ ਹੈ।

ਇਹ ਹਾਰੀ-ਸਾਰੀ ਨਾਲ ਬੈਠ ਕੇ ਹਾਰੀ-ਸਾਰੀ ਬਣਨ ਤੋਂ ਸੰਕੋਚ ਕਰਦੇ ਹਨ, ਸੋ ਇਹ ਸਦਾ ਇਕੱਲੇ ਹੁੰਦੇ ਹਨ ਅਤੇ ਇਕੱਲੇ ਰਹਿ ਜਾਂਦੇ ਹਨ।

ਇਹ ਅੰਗੂਰ ਨਹੀਂ ਖਾਂਦੇ, ਕਿਉਂਕਿ ਉਹ ਖੱਟੇ ਹੁੰਦੇ ਹਨ।

ਨਾਢੂ ਖਾਂ ਅਤੇ ਪਾਟੇ ਖਾਂ ਦੀ ਇੱਕ ਪਛਾਣ ਇਹ ਹੈ ਕਿ ਇਹ ਆਪਣੀ "ਮੈਂ" ਤੋਂ ਬਾਹਰ ਨਹੀਂ ਆਉਂਦੇ। ਸ਼ਾਇਦ ਇਨ੍ਹਾਂ ਨੂੰ ਆਪਣੀ ਮੈਂ ਤੋਂ ਬਾਹਰ ਕੁਝ ਦਿਖਾਈ ਹੀ ਨਹੀਂ ਦਿੰਦਾ। ਇਨ੍ਹਾਂ ਦਾ ਇੱਕ ਵਿਸ਼ਵ-ਵਿਆਪੀ ਲੱਛਣ ਇਹ ਹੈ ਕਿ ਇਹ ਬੜੀਆਂ ਨਿਗੂਣੀਆਂ ਚੀਜ਼ਾਂ ਨੂੰ ਮਹੱਤਵਪੂਰਨ ਬਣਾ ਕੇ ਪੇਸ਼ ਕਰਦੇ ਹਨ, ਜਿਵੇਂ ਕਹਿਣਗੇ... ਮੈਂ ਤਾਂ ਕੇਵਲ ਮੂੰਗੀ ਦੀ ਦਾਲ ਖਾਂਦਾ ਹਾਂ। ਮੈਂ ਹਰ ਰੋਜ਼ ਸਵੇਰੇ ਡੇਢ ਗਲਾਸ ਪਾਣੀ ਪੀਂਦਾ ਹਾਂ, ਮੈਂ ਹਰ ਸੋਮਵਾਰ ਨੀਲੇ ਰੰਗ ਦੇ ਕੱਪੜੇ ਪਹਿਨਦਾ ਹਾਂ, ਮੈਂ ਫ਼ਿਲਮ ਦਾ ਪਹਿਲਾ ਸ਼ੋਅ ਹੀ ਵੇਖਦਾ ਹਾਂ। ਇਹ ਸਮਝਦੇ ਹਨ ਲੋਕ ਇਨ੍ਹਾਂ ਨੂੰ ਮਿਲ ਕੇ ਖੁਸ਼ ਹੁੰਦੇ ਹਨ, ਜਦੋਂ ਕਿ ਸੱਚਾਈ ਇਹ ਹੁੰਦੀ ਹੈ ਕਿ ਲੋਕ, ਇਨ੍ਹਾਂ ਤੋਂ ਵਿਛੜ ਕੇ ਹੀ ਸੁੱਖ ਦਾ ਸਾਹ ਲੈਂਦੇ ਹਨ।

ਨਾਢੂ ਖਾਂ ਅਤੇ ਪਾਟੇ ਖਾਂ ਦੀ ਬੋਲੀ ਦਾ ਹੁਸਨ ਨਿੰਦਿਆ ਵਿੱਚ ਨਿਖਰਦਾ ਹੈ। ਇਹ ਇੱਕ-ਇੱਕ ਵਾਕ ਵਿੱਚ ਦਸ-ਦਸ ਗਾਲ੍ਹਾਂ ਪਰੋਸਦੇ ਹਨ। ਈਰਖਾ ਕਰਨਾ ਇਨ੍ਹਾਂ ਵਿਚਾਰਿਆਂ ਦਾ ਸੁਭਾਅ ਹੁੰਦਾ ਹੈ। ਇਨ੍ਹਾਂ ਦੇ ਮਾਂ ਬਾਪ ਇਨ੍ਹਾਂ ਕੋਲ ਨਹੀਂ ਰਹਿੰਦੇ, ਕਿਉਂਕਿ ਉਹ ਇਨ੍ਹਾਂ ਦੇ 'ਪਿਆਰ' ਤੋਂ ਅੱਕੇ ਹੋਏ ਹੁੰਦੇ ਹਨ। ਇਹ ਲੋਕ ਗੁਸਲਖਾਨੇ ਵਿੱਚ ਇਤਨਾ ਚਿਰ ਲਾਉਂਦੇ ਹਨ, ਜਿਵੇਂ ਕੋਈ ਕੋਰਸ ਕਰ ਰਹੇ ਹੋਣ। ਸਾਧਾਰਣ ਸਾਬਣ ਇਨ੍ਹਾਂ ਦੀ ਮੈਲ ਨਹੀਂ ਲਾਹ ਸਕਦੇ, ਸੋ ਮਹਿੰਗੇ ਸਾਬਣ ਵਰਤਣਾ ਇਨ੍ਹਾਂ ਦਾ ਸ਼ੌਕ ਨਹੀਂ, ਮਜਬੂਰੀ ਹੁੰਦੀ ਹੈ। ਇਹ ਕੱਪੜਿਆਂ ਨਾਲ ਆਪਣੀ ਜਾਣ-ਪਛਾਣ ਕਰਵਾਉਂਦੇ ਹਨ।

ਇਹ ਲੋੜ ਨਾਲੋਂ ਵਧੇਰੇ ਕੱਪੜੇ ਪਾਉਂਦੇ ਹਨ, ਕਿਉਂਕਿ ਇਨ੍ਹਾਂ ਨੂੰ ਆਪਣੇ ਨੰਗੇ ਹੋਣ ਦਾ ਡਰ ਹੁੰਦਾ ਹੈ।

ਨਾਢੂ ਖਾਂ ਅਤੇ ਪਾਟੇ ਖਾਂ ਸਾਡੀ ਨਫ਼ਰਤ ਦੇ ਨਹੀਂ ਸਾਡੇ ਤਰਸ ਦੇ ਪਾਤਰ ਹੋਣੇ ਚਾਹੀਦੇ ਹਨ। ਇਹ ਇਸ ਯੋਗ ਹੀ ਨਹੀਂ ਹੁੰਦੇ ਕਿ ਇਨ੍ਹਾਂ ਨਾਲ ਬਹਿਸਿਆ ਜਾਵੇ ਜਾਂ ਇਨ੍ਹਾਂ ਨਾਲ ਕਿਸੇ ਗੱਲ 'ਤੇ ਲੜਿਆ ਜਾਵੇ।

ਪ੍ਰਤੀਤ ਹੁੰਦਾ ਹੈ ਇਹ ਲਾਪ੍ਰਵਾਹੀ ਨਾਲ ਕੀਤੇ ਵਿਆਹ 'ਚੋਂ ਉਪਜੀ ਸੰਤਾਨ ਹੁੰਦੇ ਹਨ। ਇਨ੍ਹਾਂ ਵਿਚਾਰਿਆਂ ਦੀ ਬਦਕਿਸਮਤੀ ਇਹ ਹੁੰਦੀ ਹੈ ਕਿ ਇਹ ਬੱਚਪਨ ਵਿਚੋਂ ਬਾਹਰ ਹੀ ਨਹੀਂ ਨਿਕਲਦੇ। ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਸਮਾਂ ਨਹੀਂ ਦਿੰਦੇ, ਉਹ ਉਨ੍ਹਾਂ ਦੇ ਸੰਤੁਲਤ ਇਨਸਾਨ ਬਣਨ ਦੇ ਰਾਹ ਵਿੱਚ ਰੋੜਾ ਅਟਕਾਉਂਦੇ ਹਨ। ਜਿਨ੍ਹਾਂ ਨੇ ਬੱਚਪਨ ਵਿੱਚ ਕੋਈ ਹੱਥੀਂ ਕੰਮ ਨਹੀਂ ਕੀਤਾ ਹੁੰਦਾ ਜਾਂ ਜਿਨ੍ਹਾਂ ਨੂੰ ਕੰਮ ਕਰਨ ਨਹੀਂ ਦਿੱਤਾ ਗਿਆ ਹੁੰਦਾ ਜਾਂ ਜਿਨ੍ਹਾਂ ਘਰਾਂ ਵਿੱਚ ਨੌਕਰਾਂ ਤੋਂ ਕੰਮ ਲਿਆ ਜਾਂਦਾ ਹੈ, ਉਨ੍ਹਾਂ ਘਰਾਂ ਦੇ ਬੱਚੇ ਸੰਤੁਲਤ ਵਿਹਾਰ ਦੀ ਪ੍ਰਦਰਸ਼ਨੀ ਨਹੀਂ ਕਰ ਸਕਦੇ। ਬਚਪਨ ਵਿੱਚੋਂ ਨਿਕਲਣਾ ਇੱਕ ਵਿਸ਼ੇਸ਼ ਪ੍ਰਕਾਰ ਦਾ ਅਮਲ ਹੁੰਦਾ ਹੈ, ਜਿਹੜੇ ਇਸ ਅਮਲ ਵਿੱਚੋਂ ਨਹੀਂ ਗੁਜ਼ਰੇ ਹੁੰਦੇ, ਉਹ ਸਾਰੀ ਉਮਰ ਬੱਚਕਾਨਾ ਗੱਲਾਂ ਕਰਦੇ ਰਹਿੰਦੇ ਹਨ।

ਕੜਕਵੀਂ ਠੰਢ ਅਤੇ ਤਪਦੀਆਂ ਲੂਆਂ ਵਿੱਚ ਵਿਚਰਨਾ, ਖੁੱਲ੍ਹੇ ਅਸਮਾਨਾਂ ਥੱਲੇ ਦੂਰ ਤੱਕ ਦੌੜਨਾ, ਤਪੇ ਤੰਦੂਰਾਂ ਉੱਤੇ ਝੁਕਣਾ, ਸਰਕੰਡਿਆਂ ਵਿੱਚੋਂ ਲੰਘਣਾ, ਟੋਬਿਆਂ-ਨਹਿਰਾਂ ਵਿੱਚ ਨਹਾਉਣਾ, ਸੰਕਟ ਸਮੇਂ ਖੜ੍ਹਨਾ, ਅੜਨਾ ਅਤੇ ਲੜਨਾ, ਹਾਰ ਨੂੰ ਸਵੀਕਾਰ ਕਰਨਾ, ਜਿੱਤ ਨੂੰ ਜਰਨਾ ਆਦਿ ਧਰਤੀ ਦੇ ਪੁੱਤਰ-ਧੀਆਂ ਹੋਣ ਦਾ ਪ੍ਰਮਾਣ ਹੁੰਦੇ ਹਨ।

ਗਰੀਬ ਕੋਲ ਭਾਵੇਂ ਸਾਧਨ ਨਹੀਂ ਹੁੰਦੇ ਪਰ ਉਹ ਭੈਅ-ਮੁਕਤ ਹੋਣ ਕਾਰਨ ਜ਼ਿੰਦਗੀ ਨੂੰ ਵਧੇਰੇ ਮਾਣਦਾ ਹੈ। ਨਾਢੂ ਖਾਂ ਅਤੇ ਪਾਟੇ ਖਾਂ ਸੌਖੀਆਂ ਜਿੱਤਾਂ ਦੇ ਆਦੀ ਹੁੰਦੇ ਹਨ। ਇਨ੍ਹਾਂ ਨੇ ਤੰਗੀ ਵੇਖੀ ਨਹੀਂ ਹੁੰਦੀ, ਸੋ ਇਸੇ ਕਰਕੇ ਇਹ ਸਾਰੀ ਉਮਰ ਨਿਗੂਣੀਆਂ ਚੀਜ਼ਾਂ ਪਿੱਛੇ ਭੱਜਦੇ ਰਹਿੰਦੇ ਹਨ। ਜਿਨ੍ਹਾਂ ਨੂੰ ਮਿਹਨਤ ਦੀ ਆਰੀ ਲੱਗੀ ਹੁੰਦੀ ਹੈ ਅਤੇ ਮੁਸ਼ਕਿਲਾਂ ਦਾ ਰੰਦਾ ਫਿਰਿਆ ਹੁੰਦਾ ਹੈ, ਉਹ ਡੋਲਦੇ ਨਹੀਂ, ਸਾਬਤ ਕਦਮਾਂ ਨਾਲ ਚਲਦੇ ਹਨ ਅਤੇ ਦੂਜਿਆਂ ਵੱਲ ਧਿਆਨ ਦੇਣ ਦੀ ਯੋਗਤਾ ਰੱਖਦੇ ਹਨ ਅਤੇ ਉਨ੍ਹਾਂ ਦੇ ਵਿਹਾਰ ਵਿੱਚ ਕੂਲਾਪਣ ਹੁੰਦਾ ਹੈ।

ਨਾਢੂ ਖਾਂ ਅਤੇ ਪਾਟੇ ਖਾਂ ਆਪਣਾ ਬਹੁਤਾ ਸਮਾਂ ਸ਼ੀਸ਼ੇ ਸਾਹਮਣੇ ਗੁਜ਼ਾਰਦੇ ਹਨ।

ਇਹ ਕੇਵਲ ਆਪਣੇ ਆਪ ਨੂੰ ਪਛਾਣਦੇ ਹਨ। ਜੇ ਕਿਸੇ ਦਾ ਇਹ ਕੁਝ ਕਰ ਸਕਦੇ ਹਨ ਤਾਂ ਕੇਵਲ ਨੁਕਸਾਨ ਹੀ ਕਰ ਸਕਦੇ ਹਨ।

ਜਿਨ੍ਹਾਂ ਨੂੰ ਸਭ ਕੁਝ ਕੀਤਾ-ਕਰਾਇਆ ਅਤੇ ਹੋਇਆ-ਹਵਾਇਆ ਮਿਲ ਜਾਵੇ, ਉਨ੍ਹਾਂ ਵਿੱਚ ਨਾ ਵਿਸ਼ਾਲਤਾ ਆਉਂਦੀ ਹੈ ਨਾ ਡੂੰਘਾਈ।

ਜਿਹੜੇ ਆਪਣੇ ਜਿਊਂਦੇ ਰਹਿਣ ਲਈ ਨੌਕਰਾਂ ਉੱਤੇ ਨਿਰਭਰ ਕਰਦੇ ਹਨ, ਉਹ ਕਿਸੇ ਦਾ ਕੀ ਸੰਵਾਰ ਸਕਦੇ ਹਨ?

ਅਸੀਂ ਦੂਜਿਆਂ ਦਾ ਕਿੰਨਾ ਕੁਝ ਸੰਵਾਰ ਸਕਦੇ ਹਾਂ, ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣੀਆਂ ਲੋੜਾਂ ਨੂੰ ਕਿੰਨਾ ਘਟਾ ਲਿਆ ਹੈ।

ਨਾਢੂ ਖਾਨਾਂ ਦਾ ਜ਼ੁਲਮ ਅਤੇ ਅਨਿਆਇ ਸਭ ਤੋਂ ਵਧੇਰੇ ਉਨ੍ਹਾਂ ਦੀਆਂ ਸੁਹਾਗਣ ਹੋਣ ਨਾਲੋਂ ਵਧੇਰੇ ਵਿਧਵਾ ਲਗਣ ਵਾਲੀਆਂ ਪਤਨੀਆਂ ਨੂੰ ਸਹਿਣਾ ਪੈਂਦਾ ਹੈ।

ਇਹ ਆਪਣੀਆਂ ਪਤਨੀਆਂ ਪ੍ਰਤੀ ਦੁਰਵਿਹਾਰ ਕਰ ਕੇ ਆਪਣੇ ਵੱਡੇ ਹੋਣ ਦਾ ਪ੍ਰਮਾਣ ਦਿੰਦੇ ਹਨ।

ਇਨ੍ਹਾਂ ਦੇ ਗੁੱਸੇ ਨੂੰ ਬਾਹਰ ਕੋਈ ਨਹੀਂ ਝੱਲਦਾ, ਸੋ ਇਹ ਆਪਣੇ ਮਾਪਿਆਂ ਉੱਤੇ ਆਪਣਾ ਗੁੱਸਾ ਕੱਢਦੇ ਹਨ।

ਤੁਸੀਂ ਕਿਤਨੇ ਕੁ ਸੰਤੁਲਤ ਵਿਅਕਤੀ ਹੋ, ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਮਾਪਿਆਂ ਦਾ ਸਤਿਕਾਰ ਕਿਤਨਾ ਕਰਦੇ ਹੋ।

ਜਿਹੜੇ ਆਪਣੇ ਮਾਪਿਆਂ ਦੀ ਪ੍ਰਵਾਹ ਨਹੀਂ ਕਰਦੇ, ਉਨ੍ਹਾਂ ਦੀ ਪ੍ਰਵਾਹ ਕੋਈ ਨਹੀਂ ਕਰਦਾ ਅਤੇ ਕੋਈ ਉਨ੍ਹਾਂ ਨੂੰ ਸਨਮਾਨਯੋਗ ਨਹੀਂ ਸਮਝਦਾ।

ਨਾਢੂ ਖਾਂ ਆਪਣੇ ਆਪ ਨੂੰ ਪਤਵੰਤਾ ਸਿੱਧ ਕਰਨ ਲਈ ਅਨੇਕਾਂ ਝੂਠ ਮਾਰਦੇ ਹਨ, ਕਿਉਂਕਿ ਉਨ੍ਹਾਂ ਵਿਚ ਸੱਚ ਬੋਲਣ ਦੀ ਦਲੇਰੀ ਨਹੀਂ ਹੁੰਦੀ।

ਇਹ ਹਰ ਸਮੇਂ ਦੂਜੇ ਦੀ ਬੇਇੱਜ਼ਤੀ ਕਰਨ ਅਤੇ ਉਸ ਨੂੰ ਨੀਵਾਂ ਵਿਖਾਉਣ ਦੇ ਢੰਗ-ਤਰੀਕੇ ਸੋਚਦੇ ਰਹਿੰਦੇ ਹਨ।

ਕਿਸੇ ਸਾਹਮਣੇ ਝੂਠ ਬੋਲਣਾ, ਉਸ ਦੀ ਬੇਇੱਜ਼ਤੀ ਕਰਨ ਵਾਂਗ ਹੁੰਦਾ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਉਥੇ ਵੀ ਝੂਠ ਬੋਲਦੇ ਹਨ, ਜਿਥੇ ਝੂਠ ਬੋਲਣ ਦੀ ਕੋਈ ਲੋੜ ਨਹੀਂ ਹੁੰਦੀ।

ਵਿਸ਼ੇਸ਼ ਪ੍ਰਤੀਤ ਹੋਣ ਦੀ ਲਾਲਸਾ ਅਧੀਨ ਨਾਢੂ ਖਾਂ ਅਤੇ ਪਾਟੇ ਖਾਂ ਵਧੇਰੇ ਬੋਲਦੇ ਹਨ ਅਤੇ ਦੂਜੇ ਦੀ ਸੁਣਨ ਦਾ ਇਨ੍ਹਾਂ ਵਿੱਚ ਸਬਰ ਨਹੀਂ ਹੁੰਦਾ।

ਚੁੱਪ ਰਹਿਣਾ ਇਨ੍ਹਾਂ ਦਾ ਕਦੇ ਵੀ ਸੁਭਾਓ ਨਹੀਂ ਹੁੰਦਾ।

ਬੇਤੁਕੀਆਂ ਦਲੀਲਾਂ ਨਾਲ ਇਹ ਲੰਮੀ ਬਹਿਸ ਛੇੜਨ ਦੇ ਇੱਛੁਕ ਹੁੰਦੇ ਹਨ।

ਇਹ ਦਲੀਲਬਾਜ਼ ਹੁੰਦੇ ਹਨ।

ਦਲੀਲਬਾਜ਼ ਬਹਿਸ ਮੁੱਕਣ ਨਹੀਂ ਦਿੰਦੇ ਅਤੇ ਫੈਸਲਾ ਹੋਣ ਨਹੀਂ ਦਿੰਦੇ।

ਇਨ੍ਹਾਂ ਸਾਹਮਣੇ ਕਿਸੇ ਦੀ ਪ੍ਰਸ਼ੰਸਾ ਕਰਨੀ, ਇਨ੍ਹਾਂ ਨਾਲ ਦੁਸ਼ਮਣੀ ਕਰਨ ਬਰਾਬਰ ਹੁੰਦੀ ਹੈ।

ਇਨ੍ਹਾਂ ਦੀ ਦੁਨੀਆਂ ਇਸ ਲਈ ਸੌੜੀ ਹੁੰਦੀ ਹੈ, ਕਿਉਂਕਿ ਨਾ ਇਹ ਕਿਸੇ ਦੇ ਦੋਸਤ ਹੁੰਦੇ ਹਨ ਅਤੇ ਨਾ ਹੀ ਕੋਈ ਇਨ੍ਹਾਂ ਦਾ ਦੋਸਤ ਬਣਦਾ ਹੈ।

ਨਾਂ ਵਿੱਚ ਕੀ ਪਿਆ ਹੈ !

ਕੀ ਤੁਸੀਂ ਅਜਿਹੇ ਕਿਸੇ ਵਿਅਕਤੀ ਨੂੰ ਜਾਣਦੇ ਹੋ, ਜਿਸ ਨੇ ਸੰਸਾਰ ਵਾਸਤੇ ਕੁਝ ਕੀਤਾ ਹੋਵੇ ਅਤੇ ਉਸ ਦਾ ਨਾਂ ਨਾ ਹੋਵੇ ?

ਜੇ ਕਿਸੇ ਕਾਨੂੰਨ ਨਾਲ ਲੇਖਕਾਂ, ਕਵੀਆਂ ਆਦਿ ਵੱਲੋਂ ਆਪਣੀਆਂ ਪੁਸਤਕਾਂ ਉੱਤੇ ਆਪਣਾ ਨਾਂ ਛਾਪਣ ਦੀ ਪਾਬੰਦੀ ਲਾ ਦਿੱਤੀ ਜਾਵੇ ਤਾਂ ਤੁਹਾਡੇ ਵਿਚਾਰ ਵਿੱਚ ਕਿਤਨੇ ਕੁ ਲੇਖਕ, ਲਿਖਣ ਦਾ ਕਾਰਜ ਜਾਰੀ ਰੱਖ ਸਕਣਗੇ ?

ਕਿਸੇ ਕਵੀ, ਕਲਾਕਾਰ ਜਾਂ ਲੇਖਕ ਦੀ ਸਾਰੀ ਰਚਨਾ ਅਸਲ ਵਿੱਚ ਉਸ ਦੀ ਆਪਣੀ 'ਮੈਂ' ਦੀ ਗੂੰਜ ਹੁੰਦੀ ਹੈ।

ਆਮ ਸਾਧਾਰਨ ਵਿਅਕਤੀਆਂ ਦੇ ਮੁਕਾਬਲੇ, ਪ੍ਰਸਿੱਧ ਵਿਅਕਤੀਆਂ ਨੂੰ ਆਪਣਾ ਨਾਂ ਛਪਿਆ-ਸੁਣਿਆ ਵੇਖਣ ਦੀ ਵਧੇਰੇ ਲਾਲਸਾ ਹੁੰਦੀ ਹੈ। ਜੇ ਤੁਸੀਂ ਕਿਸੇ ਇਲਾਕੇ, ਦੇਸ਼, ਜਾਤੀ ਜਾਂ ਕੌਮ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਨੀ ਚਾਹੁੰਦੇ ਹੋ ਤਾਂ ਉਨ੍ਹਾਂ ਦੀ ਨਾਮ-ਪ੍ਰਣਾਲੀ ਦਾ ਅਧਿਐਨ ਕਰੋ। ਤੁਹਾਨੂੰ ਉਨ੍ਹਾਂ ਲੋਕਾਂ ਦੇ ਵਿਰਸੇ, ਜੀਵਨ, ਦ੍ਰਿਸ਼ਟੀਕੋਣ, ਉਦੇਸ਼ ਆਦਿ ਸਬੰਧੀ ਉਨ੍ਹਾਂ ਦੇ ਨਾਂਵਾਂ ਤੋਂ ਬਹੁਤ ਕੁਝ ਪਤਾ ਲਗੇਗਾ।

ਜਦੋਂ ਅਸੀਂ ਕਿਸੇ ਨਵੀਂ ਚੀਜ਼ ਨੂੰ ਵੇਖਦੇ ਹਾਂ ਤਾਂ ਅਸੀਂ ਉਸ ਦਾ ਨਾਂ ਜਾਣਨਾ ਚਾਹੁੰਦੇ ਹਾਂ ਅਤੇ ਜੇ ਉਸ ਦਾ ਕੋਈ ਨਾਂ ਨਾ ਹੋਵੇ ਤਾਂ ਉਸ ਦਾ ਨਾਂ ਰੱਖਣਾ ਚਾਹਵਾਂਗੇ।

ਹਰੇਕ ਵਿਅਕਤੀ ਦਾ ਕੋਈ ਨਾਂ ਹੁੰਦਾ ਹੈ ਅਤੇ ਹਰ ਇੱਕ ਵਿਅਕਤੀ ਦੇ ਜੀਵਨ ਵਿੱਚ ਉਸ ਦਾ ਨਾਂ ਬੜਾ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

ਕਿਸੇ ਵਿਅਕਤੀ ਨੂੰ ਉਸ ਦੇ ਅਸਲ ਨਾਂ ਨਾਲੋਂ ਵੱਖਰੇ ਕਿਸੇ ਹੋਰ ਨਾਂ ਨਾਲ ਬੁਲਾ ਕੇ ਵੇਖੋ, ਉਹ ਰੋਸ ਪ੍ਰਗਟ ਕਰੇਗਾ।

ਬੱਚੇ ਦਾ ਨਾਂ, ਮਾਪਿਆਂ ਵੱਲੋਂ ਉਸ ਨੂੰ ਮਿਲਿਆ ਤੋਹਫ਼ਾ ਹੁੰਦਾ ਹੈ।

ਜਿਹੜੇ ਮਾਪੇ ਇਸ ਤੋਹਫ਼ੇ ਦੀ ਚੋਣ ਧਿਆਨ ਨਾਲ ਨਹੀਂ ਕਰਦੇ ਉਹ, ਆਪਣੇ ਬੱਚਿਆਂ ਦੀ, ਸੰਸਾਰ ਵਿੱਚ ਕਾਰਗੁਜ਼ਾਰੀ ਉੱਤੇ ਅਨੇਕਾਂ ਬੰਧਨ ਲਾ ਦਿੰਦੇ ਹਨ।

ਤੁਹਾਡੇ ਆਲੇ-ਦੁਆਲੇ ਵਿੱਚ ਅਨੇਕਾਂ ਵਿਅਕਤੀ ਅਜਿਹੇ ਹੋਣਗੇ ਜਿਨ੍ਹਾਂ ਨੂੰ ਆਪਣਾ ਨਾਂ ਪਸੰਦ ਨਹੀਂ। ਕਈ ਵਿਅਕਤੀ ਅਜਿਹੇ ਹੋਣਗੇ ਜਿਹੜੇ ਆਪਣਾ ਨਾਂ ਖੁਸ਼ੀ- ਖੁਸ਼ੀ ਨਹੀਂ ਦੱਸਦੇ।

ਕਿਸੇ ਅਜਨਬੀ ਵੱਲੋਂ ਪੁੱਛੇ ਜਾਣ ਉੱਤੇ ਇਸਤਰੀ ਅਕਸਰ ਆਪਣਾ ਨਾਂ ਨਹੀਂ ਦੱਸਦੀ, ਕਿਉਂਕਿ ਉਸ ਨੂੰ ਡਰ ਹੁੰਦਾ ਹੈ ਕਿ ਉਸ ਦੇ ਨਾਂ ਦੀ ਜਾਣਕਾਰੀ ਨੂੰ ਭੈੜੇ ਉਦੇਸ਼ਾਂ ਲਈ ਵਰਤਿਆ ਜਾਵੇਗਾ।

ਜੇ ਕਿਸੇ ਵਿਅਕਤੀ ਨੂੰ ਕੋਈ ਮਾੜਾ ਕੰਮ ਕਰਦਿਆਂ ਫੜ ਲਿਆ ਜਾਵੇ ਤਾਂ ਉਹ ਆਪਣਾ ਨਾਂ ਛੁਪਾਉਣ ਦਾ ਯਤਨ ਕਰਦਾ ਹੈ।

ਸ਼ੇਕਸਪੀਅਰ ਨੇ ਕਿਹਾ ਸੀ ਕਿ ਨਾਂ ਵਿੱਚ ਕੀ ਪਿਆ ਹੈ! ਉਸ ਅਨੁਸਾਰ ਜਿਸ ਨੂੰ ਅਸੀਂ ਗੁਲਾਬ ਕਹਿੰਦੇ ਹਾਂ, ਉਹ ਕਿਸੇ ਦੂਜੇ ਨਾਂ ਨਾਲ ਵੀ ਉਤਨੀ ਹੀ ਸੁਗੰਧੀ ਦਿੰਦਾ ਰਹੇਗਾ ਪਰ ਅਸੀਂ ਸਾਰੇ ਜਾਣਦੇ ਹਾਂ ਕਿ ਵਾਸਤਵਿਕਤਾ ਇਸ ਤੋਂ ਭਿੰਨ ਹੈ।

ਢੀਂਗਰਾ ਸਿਲਾਈ ਮਸ਼ੀਨ ਦੇ ਵਿਕਣ ਦੀ ਕੋਈ ਸੰਭਾਵਨਾ ਨਹੀਂ। ਨਛੱਤਰ ਕੌਰ ਦਾ ਵਿਆਹ ਕਿਸੇ ਪ੍ਰੋਫੈਸਰ ਨਾਲ ਨਹੀਂ ਹੋ ਸਕਦਾ। ਜੇ ਕੋਈ ਦੁਕਾਨਦਾਰ ਕਹੇ ਕਿ ਤੁਹਾਨੂੰ ਚੂਹੇ ਰੰਗ ਦੇ ਕੱਪੜੇ ਜੱਚਣਗੇ ਤਾਂ ਸੰਭਵ ਨਹੀਂ ਕਿ ਤੁਸੀਂ ਉਥੋਂ ਕੱਪੜਾ ਖਰੀਦੋ।

ਕਿਸੇ ਨੇ ਅਜੇ ਆਪਣਾ ਨਾਂ ਚੰਗੇਜ਼ ਖ਼ਾਂ, ਹਿਟਲਰ, ਨੱਥੂ ਰਾਮ, ਰਾਵਣ, ਕੇਕਈ ਆਦਿ ਨਹੀਂ ਰੱਖਿਆ, ਜਦੋਂ ਕਿ ਭਾਰਤ ਦੇ ਕਰੋੜਾਂ ਲੋਕਾਂ ਦੇ ਨਾਂ ਨਾਲ ਰਾਮ ਜਾਂ ਸੀਤਾ ਲਾਇਆ ਜਾਂਦਾ ਹੈ।

ਵੱਡਿਆਂ ਦਾ ਨਾਂ ਲੈ ਕੇ ਅਸੀਂ ਆਪਣੇ ਆਪ ਨੂੰ ਵਡਿਆਉਂਦੇ ਹਾਂ।

ਵਿਆਹ ਲਈ ਰਿਸ਼ਤਾ ਹੋਣ ਸਮੇਂ ਨਾਂ ਬੜਾ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

ਨਾਂ ਇੱਕ ਅਜਿਹਾ ਸ਼ਬਦ ਹੁੰਦਾ ਹੈ ਜਿਹੜਾ ਅਸੀਂ ਸਭ ਤੋਂ ਵੱਧ ਵਾਰ ਸੁਣਦੇ ਹਾਂ।

ਜੇਕਰ ਅਸੀਂ ਕਿਸੇ ਨੂੰ ਪਸੰਦ ਨਹੀਂ ਕਰਦੇ ਤਾਂ ਅਸੀਂ ਹਰ ਹਾਲਤ ਵਿਚ ਉਸ ਦਾ ਨਾਂ ਵਿਗਾੜ ਦਿੰਦੇ ਹਾਂ ।

ਗੁਰੂ ਗੋਬਿੰਦ ਸਿੰਘ ਦਾ ਨਾਂ ਢਿੱਲੇ ਮੂੰਹ ਨਾਲ ਲਿਆ ਹੀ ਨਹੀਂ ਜਾ ਸਕਦਾ। ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੇ ਨਾਂ ਵੇਖੋ, ਤੁਹਾਨੂੰ ਉਨ੍ਹਾਂ ਦੇ ਉੱਚੇ ਹੌਸਲੇ, ਕੁਰਬਾਨੀ ਦੇ ਜਜ਼ਬੇ ਅਤੇ ਦੇਸ਼ ਲਈ ਮਰ-ਮਿਟਣ ਦੇ ਉਤਸ਼ਾਹ ਦੇ ਦਰਸ਼ਨ ਹੋ ਜਾਣਗੇ।

ਗੁਰੂ ਗੋਬਿੰਦ ਸਿੰਘ ਨੇ ਸਿੱਖ ਪੰਥ ਨੂੰ ਹੀ ਨਹੀਂ ਸੀ ਸਾਜਿਆ, ਸਿੱਖਾਂ ਨੂੰ ਨਵੀਂ ਨਾਮ-ਪ੍ਰਣਾਲੀ ਵੀ ਦਿੱਤੀ ਸੀ।

ਜਿਹੜੀਆਂ ਕੌਮਾਂ ਬਹਾਦਰ ਹੁੰਦੀਆਂ ਹਨ, ਉਨ੍ਹਾਂ ਦੇ ਨਾਂਵਾਂ ਵਿੱਚ ਵੀ ਬਹਾਦਰੀ, ਦ੍ਰਿੜ੍ਹਤਾ ਅਤੇ ਚਮਕ ਹੁੰਦੀ ਹੈ।

ਹਰ ਵਿਅਕਤੀ ਆਪਣੇ ਨਾਂ ਦੀ ਲਾਜ ਪਾਲਦਾ ਹੈ।

ਸਾਡੇ ਨਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਅਸੀਂ ਅਤੀਤਮੁਖੀ ਹਾਂ ਕਿ ਭਵਿੱਖਵਾਦੀ, ਅਗਾਂਹਵਧੂ ਹਾਂ ਕਿ ਪਰੰਪਰਾਪੂਜ, ਆਧੁਨਿਕ ਹਾਂ ਕਿ ਮੱਧਕਾਲੀ।

ਜਦੋਂ ਜੀਵਨ ਸਰਲ ਅਤੇ ਸਾਦਾ ਸੀ, ਉਦੋਂ ਨਾਂ ਵੀ ਸਾਦੇ ਅਤੇ ਸਰਲ ਸਨ। ਵੀਰਵਾਰ ਜੰਮਣ ਵਾਲਾ ਵੀਰ ਸਿੰਘ ਜਾਂ ਵੀਰਾਂਵਾਲੀ, ਵਿਸਾਖ ਵਿੱਚ ਜੰਮਣ ਵਾਲਾ ਵਿਸਾਖਾ ਸਿੰਘ

ਅਤੇ ਬਸੰਤ ਵਿੱਚ ਜੰਮਣ ਵਾਲੀ ਬਸੰਤ ਕੌਰ ਬਣ ਜਾਂਦੀ ਸੀ। ਜਦੋਂ ਲੋਕਾਂ ਦਾ ਸੁਭਾਅ ਖੁੱਲ੍ਹਾ-ਖੁਲਾਸਾ ਸੀ ਤਾਂ ਝੰਡਾ ਸਿੰਘ, ਗੰਡਾ ਸਿੰਘ, ਬੰਤਾ ਸਿੰਘ ਆਦਿ ਨਾਂ ਆਮ ਸਨ।

ਮੁੱਢ ਵਿੱਚ ਬਹੁਤੇ ਨਾਂ ਦੋ ਅਖਰੇ ਸਨ। ਫਿਰ ਤਿੰਨ ਅੱਖਰੇ ਨਾਂਵਾਂ ਦਾ ਰਿਵਾਜ ਪਿਆ, ਕਿੰਨਾ ਹੀ ਚਿਰ ਚਾਰ ਅੱਖਰੇ ਨਾਂ ਚੱਲਦੇ ਰਹੇ। ਫਿਰ ਤਿੰਨ ਜਾਂ ਚਾਰ ਅੱਖਰੇ ਨਾਂਵਾਂ ਨਾਲ ਪਾਲ, ਜੀਤ ਆਦਿ ਲਾ ਕੇ ਉਨ੍ਹਾਂ ਨੂੰ ਲਮਕਾਇਆ ਗਿਆ।

ਜਿਉਂ-ਜਿਉਂ ਖੁਸ਼ਹਾਲੀ ਆਉਂਦੀ ਹੈ, ਨਾਂ ਵੱਡੇ ਹੁੰਦੇ ਜਾਂਦੇ ਹਨ।

ਪੰਜੀ, ਟਾਂਕਾ, ਲਿਲੂ ਛਾਂਗਾ, ਰੁਲਦੂ, ਘੀਸੂ ਆਦਿ ਨਾਂਵਾਂ ਵਾਲੇ ਬੱਚਿਆਂ ਤੋਂ ਉਨ੍ਹਾਂ ਦੇ ਮਾਪਿਆਂ ਦੀ ਸੂਝ-ਬੂਝ ਦਾ ਵੀ ਪਤਾ ਲੱਗ ਜਾਂਦਾ ਹੈ।

ਜਦੋਂ ਪੰਜਾਬ ਵਿੱਚ ਬੰਗਾਲੀ ਪ੍ਰੋਫੈਸਰ ਪੜ੍ਹਾਉਣ ਆਏ ਤਾਂ ਬੰਗਾਲੀ ਨਾਮ-ਪ੍ਰਣਾਲੀ ਅਨੁਸਾਰ ਪੰਜਾਬੀਆਂ ਦੇ ਨਾਂ ਸੁਰਿੰਦਰ, ਮਹਿੰਦਰ, ਯਾਦਵਿੰਦਰ, ਭੁਪਿੰਦਰ ਆਦਿ ਰੱਖੇ ਜਾਣ ਲੱਗ ਪਏ। ਇਵੇਂ ਹੀ ਆਰੀਆ ਸਮਾਜ ਦੇ ਪ੍ਰਭਾਵ ਅਧੀਨ ਓਮ ਪ੍ਰਕਾਸ਼, ਗਿਆਨ ਚੰਦ, ਹਰੀ ਕ੍ਰਿਸ਼ਨ, ਬੈਜ ਨਾਥ ਆਦਿ ਵੀਹਵੀਂ ਸਦੀ ਦੇ ਵਿਚਕਾਰਲੇ ਦਹਾਕਿਆਂ ਵਿੱਚ ਪ੍ਰਚਲਿਤ ਨਾਂ ਸਨ। ਫੌਜ ਨੇ ਜਰਨੈਲ ਸਿੰਘ, ਕਰਨੈਲ ਸਿੰਘ ਆਦਿ ਨਾਂ ਪ੍ਰਚਲਿਤ ਕੀਤੇ ਹਨ।

ਹਰ ਨਵੀਂ ਪੀੜ੍ਹੀ, ਨਵੀਂ ਨਾਮ-ਪ੍ਰਣਾਲੀ ਵੀ ਸਿਰਜਦੀ ਹੈ। ਭਾਰਤ ਵਿੱਚ ਵਿਅਕਤੀ ਦੇ ਨਾਂ ਤੋਂ ਉਸ ਦੇ ਧਰਮ ਦਾ ਪਤਾ ਵੀ ਲੱਗ ਜਾਂਦਾ ਹੈ।

ਜੇ ਅਸੀਂ ਸੱਚੇ ਅਰਥਾਂ ਵਿੱਚ ਕੌਮੀ ਏਕਤਾ ਲਿਆਉਣੀ ਚਾਹੁੰਦੇ ਹਾਂ ਤਾਂ ਸਾਨੂੰ ਧਾਰਮਿਕ ਨਾਮ-ਪ੍ਰਣਾਲੀ ਦੀ ਥਾਂ ਰਾਸ਼ਟਰੀ ਨਾਮ-ਪ੍ਰਣਾਲੀ ਦਾ ਨਿਰਮਾਣ ਕਰਨਾ ਪਵੇਗਾ। ਦੁਰਭਾਗਵਸ ਇਸ ਪਾਸੇ ਅੱਗੇ ਵੱਧਣ ਦੀ ਥਾਂ ਅਸੀਂ ਉਲਟੇ ਪਾਸੇ ਵਹਿਣ ਲੱਗ ਪਏ ਹਾਂ ਅਤੇ ਹਰ ਵਿਅਕਤੀ ਆਪਣੇ ਨਾਂ ਨਾਲ ਆਪਣੀ ਜਾਤ, ਗੋਤ, ਪਿੰਡ ਆਦਿ ਦਾ ਨਾਂ ਜੋੜ ਕੇ ਉਸ ਰਾਹੀਂ ਪਛਾਣੇ ਜਾਣ ਲਈ ਤਰਲੇ ਲੈ ਰਿਹਾ ਹੈ।

ਰੂਸ ਵਿੱਚ ਇਨਕਲਾਬ ਸਮੇਂ ਵੱਖ-ਵੱਖ ਧਰਮਾਂ ਦੇ ਲੋਕਾਂ ਦੇ ਨਾਂ ਧਾਰਮਿਕ ਨਾਮ-ਪ੍ਰਣਾਲੀ ਅਨੁਸਾਰ ਸਨ ਪਰ ਰੂਸੀਆਂ ਨੇ ਰਾਸ਼ਟਰੀ ਨਾਮ-ਪ੍ਰਣਾਲੀ ਦਾ ਨਿਰਮਾਣ ਕੀਤਾ ਹੈ ਅਤੇ ਅਜੋਕੇ ਰੂਸੀਆਂ ਦੇ ਨਾਂ ਰੂਸ ਦੇਸ਼ ਦੇ ਵਾਸੀ ਹੋਣ ਦਾ ਪ੍ਰਮਾਣ ਦਿੰਦੇ ਹਨ।

ਭਾਰਤ ਵਿੱਚ ਵਿਅਕਤੀ ਦੇ ਨਾਂ ਤੋਂ ਨਾ ਕੇਵਲ ਉਸ ਦੇ ਧਰਮ ਅਤੇ ਉਸ ਦੀ ਜਾਤ ਦਾ ਹੀ ਪਤਾ ਲੱਗਦਾ ਹੈ ਸਗੋਂ ਉਸ ਦੇ ਪ੍ਰਾਂਤ ਦਾ ਵੀ ਪਤਾ ਲੱਗਦਾ ਹੈ ਅਤੇ ਉਸ ਦੀ ਬੋਲੀ ਦੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਇਸ ਲਈ ਹੈਰਾਨੀ ਦੀ ਗੱਲ ਨਹੀਂ ਕਿ ਅਸੀਂ ਧਰਮ, ਜਾਤ, ਇਲਾਕੇ ਅਤੇ ਬੋਲੀ ਦੇ ਆਧਾਰ ਉੱਤੇ ਵੰਡੇ ਹੋਏ ਹਾਂ ਅਤੇ ਸਾਡੇ ਬਹੁਤਿਆਂ ਝਗੜਿਆ ਦਾ ਆਧਾਰ ਵੀ ਇਹੀ ਪੱਖ ਹਨ।

ਨਾਂ ਦਾ ਸਾਡੇ ਵਿਹਾਰ ਅਤੇ ਮਨ ਉੱਤੇ ਡੂੰਘਾ ਅਸਰ ਹੁੰਦਾ ਹੈ।

ਜਦੋਂ ਪਿਆਰ ਹੁੰਦਾ ਹੈ ਤਾਂ ਦੋਵੇਂ ਧਿਰਾਂ ਇੱਕ ਦੂਜੇ ਦਾ ਕੋਈ ਅਜਿਹਾ ਨਾਂ ਰੱਖ ਲੈਂਦੀਆਂ ਹਨ, ਜਿਨ੍ਹਾਂ ਦੇ ਅਰਥ ਉਨ੍ਹਾਂ ਨੂੰ ਹੀ ਪਤਾ ਹੁੰਦੇ ਹਨ ਅਤੇ ਉਹ ਨਾਂ ਬੁਲਾਉਣ ਦਾ ਹੱਕ ਵੀ ਉਨ੍ਹਾਂ ਨੂੰ ਹੀ ਹੁੰਦਾ ਹੈ।

ਵਾਰਿਸ ਸ਼ਾਹ ਨੇ ਹੀਰ ਦਾ ਕਿੱਸਾ ਲਿਖ ਕੇ ਹੀਰ ਦਾ ਨਾਂ ਅਮਰ ਕਰ ਦਿੱਤਾ ਸੀ ਅਤੇ ਹੀਰ ਨੇ ਵਾਰਿਸ ਨੂੰ ਤਾਂ ਅਮਰ ਕੀਤਾ ਹੀ, ਨਾਲ ਹੀ ਉਸ ਨੇ ਸੱਚੀਆਂ ਅਤੇ ਸੁੱਚੀਆਂ ਮੁਹੱਬਤਾਂ ਵੀ ਸ਼ਿੰਗਾਰ ਦਿੱਤੀਆਂ ਸਨ।

ਹੀਰ ਅਤੇ ਰਾਂਝਾ, ਸੱਸੀ ਅਤੇ ਪੁੰਨੂੰ, ਸੋਹਣੀ ਅਤੇ ਮਹੀਂਵਾਲ ਪੰਜਾਬ ਵਿੱਚ ਭਾਵੇਂ ਸਤਿਕਾਰੇ ਜਾਣ ਵਾਲੇ ਨਾਂ ਹਨ ਪਰ ਕਿਸੇ ਨੇ ਆਪਣਾ ਨਾਂ ਇਨ੍ਹਾਂ ਜਿਹਾ ਨਹੀਂ ਰੱਖਿਆ। ਇੱਕ ਕਾਰਨ ਇਹ ਹੋ ਸਕਦਾ ਹੈ ਕਿ ਇਨ੍ਹਾਂ ਦੇ ਪਿਆਰ ਦੀ ਖੁੱਲ੍ਹ ਅਤੇ ਦਲੇਰੀ ਨੂੰ ਸਾਡੇ ਸਭਿਆਚਾਰ ਨੇ ਮਾਣਿਆਂ ਹੈ ਪਰ ਪ੍ਰਵਾਨ ਅਤੇ ਸਵੀਕਾਰ ਨਹੀਂ ਕੀਤਾ। ਹਰ ਕੋਈ ਹੀਰ ਦੀ ਬਹਾਦਰੀ ਦੀ ਦਾਦ ਦਿੰਦਾ ਹੈ ਪਰ ਜਦੋਂ ਕਿਸੇ ਦੀ ਆਪਣੀ ਧੀ ਹੀਰ ਦਾ ਰਾਹ ਅਪਣਾਏ ਤਾਂ ਉਸ ਦੇ ਆਪਣੇ ਸਕੇ ਕੈਦੋਂ ਬਣ ਜਾਂਦੇ ਹਨ।

ਅਸੀਂ ਆਪਣੇ ਪੂਰਵਜਾਂ ਦੇ ਨਾਂ ਲੈ ਕੇ ਆਪਣੇ ਹਨੇਰੇ ਰਾਹਾਂ ਨੂੰ ਰੁਸ਼ਨਾਉਂਦੇ ਹਾਂ। ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਭਗਤ ਸਿੰਘ, ਊਧਮ ਸਿੰਘ ਆਦਿ ਕੁਝ ਉਹ ਨਾਂ ਹਨ ਜਿਹੜੇ ਸਾਨੂੰ ਸਿਦਕ, ਸਿਰੜ, ਸਬਰ, ਸੰਤੋਖ, ਤਿਆਗ, ਕੁਰਬਾਨੀ ਅਤੇ ਦ੍ਰਿੜ੍ਹ ਇਰਾਦੇ ਦਾ ਉਤਸ਼ਾਹ ਦਿੰਦੇ ਹਨ।

ਦੂਜੇ ਪਾਸੇ ਔਰੰਗਜ਼ੇਬ, ਅਹਿਮਦਸ਼ਾਹ ਅਬਦਾਲੀ, ਡੋਗਰੇ ਸਰਦਾਰ ਆਦਿ ਦੱਸਦੇ ਹਨ ਕਿ ਉਨ੍ਹਾਂ ਦੇ ਰਾਹ ਤੇ ਚੱਲ ਕੇ ਇਤਿਹਾਸ ਵਿੱਚ ਸਾਡਾ ਕੀ ਹਾਲ ਹੋਵੇਗਾ।

ਵਿਗਿਆਨ ਦਾ ਪ੍ਰਭਾਵ ਵੱਧਣ ਨਾਲ, ਅਗਲੇਰੀਆਂ ਪੀੜ੍ਹੀਆਂ ਨੂੰ ਰਿਸ਼ੀਆਂ ਮੁਨੀਆਂ ਦੀ ਥਾਂ, ਵਿਗਿਆਨੀਆਂ ਦੇ ਨਾਂ ਵਧੇਰੇ ਪਤਾ ਹੋਣਗੇ।

ਕਈਆਂ ਨੂੰ ਨਾਂ ਵਿਰਸੇ ਵਿੱਚ ਮਿਲਦਾ ਹੈ। ਕਈ ਨਾਂ ਕਮਾਉਂਦੇ ਹਨ। ਕਈਆਂ ਦਾ ਨਾਂ ਪੈ ਜਾਂਦਾ ਹੈ।

ਕਈ ਸੰਤਾਂ ਅਤੇ ਦਰਵੇਸ਼ਾਂ ਦੇ ਨਾਂ ਜਿਊਂਦੇ ਰਹਿੰਦੇ ਹਨ, ਜਦੋਂ ਕਿ ਉਨ੍ਹਾਂ ਨਾਲ ਜੁੜੀਆਂ ਸਮਕਾਲੀ ਬਾਦਸ਼ਾਹੀਆਂ ਦੇ ਨਾਂ ਮਿਟ ਜਾਂਦੇ ਹਨ।

ਕਈ ਨਾਂ ਕਿਸੇ ਹੋਰ ਨਾਂ ਨਾਲ ਸਦਾ ਲਈ ਜੁੜ ਜਾਂਦੇ ਹਨ, ਜਿਵੇਂ ਸਿਕੰਦਰ ਅਤੇ ਪੋਰਸ, ਕ੍ਰਿਸ਼ਨ ਅਤੇ ਰਾਧਾ ਆਦਿ।

ਦੱਸਣ ਦੀ ਲੋੜ ਨਹੀਂ ਕਿ ਵੱਡੀਆਂ ਭਾਰੀ ਫੌਜਾਂ ਜਾਂ ਵੱਡੀਆਂ ਜਿੱਤਾਂ ਵੀ ਕਿਸੇ ਦੇਸ਼ ਦਾ ਨਾਂ ਉਤਨਾ ਰੋਸ਼ਨ ਨਹੀਂ ਕਰ ਸਕਦੀਆਂ, ਜਿਤਨਾ ਕਿ ਇੱਕ ਮਹਾਨ ਵਿਅਕਤੀ ਦਾ ਨਾਂ ਕਰ ਸਕਦਾ ਹੈ।

ਸੰਸਾਰ ਵਿੱਚ ਅੰਗਰੇਜ਼ਾਂ ਦਾ ਪ੍ਰਭਾਵ ਵਧਾਉਣ ਵਿੱਚ ਸ਼ੇਕਸਪੀਅਰ ਦਾ ਯੋਗਦਾਨ ਅਮੁੱਲਾ ਹੈ। ਕਹਿੰਦੇ ਹਨ ਜਿਹੜੇ ਆਪਣੇ ਪੂਰਵਜਾਂ ਦਾ ਨਾਂ ਸਤਿਕਾਰ ਨਾਲ ਨਹੀਂ ਲੈਂਦੇ ਉਹ ਆਪਣਾ ਨਾਂ ਵੀ ਨਹੀਂ ਕਮਾ ਸਕਦੇ।

ਈਸਾ, ਬੁੱਧ, ਨਾਨਕ ਆਦਿ ਨਾਂ ਸਮੁੱਚੀ ਮਨੁੱਖਤਾ ਦਾ ਵਿਰਸਾ ਹੁੰਦੇ ਹਨ।

ਫਰਾਂਸੀਸੀਆਂ ਨੇ ਸੰਸਾਰ ਨੂੰ ਨਾਅਰੇ ਦਿੱਤੇ ਹਨ, ਆਜ਼ਾਦੀ ਦੇ ਸੰਗਰਾਮਾਂ ਨੇ ਝੰਡੇ ਸਿਰਜੇ ਹਨ, ਰੂਸੀ ਅਤੇ ਚੀਨੀ ਇਨਕਲਾਬਾਂ ਨੇ ਨਵੇਂ ਨਾਂ ਉਪਜਾਏ ਹਨ।

ਵੇਖਿਆ ਗਿਆ ਹੈ ਕਿ ਕਿਸੇ ਦੇਸ਼ ਵਿੱਚ ਬਹੁਤ ਵੱਡੇ ਵਿਅਕਤੀ ਦਾ ਪੈਦਾ ਹੋਣਾ, ਅੰਤ ਵਿੱਚ ਉਸ ਦੇਸ਼ ਲਈ ਹਾਨੀਕਾਰਕ ਹੁੰਦਾ ਹੈ। ਰੂਸ ਨੂੰ ਅਗਲੇਰੇ ਵਿਕਾਸ ਲਈ ਲੈਨਿਨ ਤੋਂ ਵਡੇਰੇ ਵਿਅਕਤੀ ਨੂੰ ਜਨਮ ਦੇਣਾ ਪਵੇਗਾ।

ਭਾਰਤ ਦੇ ਅਜੋਕੇ ਇਤਿਹਾਸ ਵਿੱਚ ਨਾਂ ਗਾਂਧੀ ਦਾ ਹੀ ਅਮਰ ਹੋਵੇਗਾ, ਬਾਕੀ ਸਾਰੇ ਨਾਂ ਮਾਊਂਟ ਐਵਰੈਸਟ ਦੀ ਚੋਟੀ ਸਾਹਮਣੇ ਛੋਟੀਆਂ-ਛੋਟੀਆਂ ਪਹਾੜੀਆਂ ਬਣ ਕੇ ਰਹਿ ਜਾਣਗੇ।

ਭਾਰਤ ਦਾ ਦੁਖਾਂਤ ਇਹ ਹੈ ਕਿ ਜਿਤਨਾ ਮਹਾਨ ਇਹ ਦੇਸ਼ ਹੈ, ਉਤਨੇ ਮਹਾਨ ਨੇਤਾ, ਹੁਣ ਕਿਧਰੇ ਵਿਖਾਈ ਨਹੀਂ ਦਿੰਦੇ।

ਯੂਨਾਨ ਆਪਣੇ ਮਹਾਨ ਪੁਰਸ਼ਾਂ (ਸੁਕਰਾਤ, ਪਲੈਟੋ, ਅਰਸਤੂ, ਸਿਕੰਦਰ ਆਦਿ) ਦੇ ਨਾਂਵਾਂ ਥੱਲੇ ਦੱਬਿਆ ਪਿਆ ਹੈ।

ਨਿਰਸੰਦੇਹ ਕਈ ਨਾਂ ਅਜਿਹੇ ਹੁੰਦੇ ਹਨ, ਜਿਹੜੇ ਅਸੀਂ ਆਪਣੇ ਜੀਵਨ ਵਿਚ ਆਪਣੇ ਨਾਂ ਨਾਲੋਂ ਵੀ ਵਧੀਕ ਸੁਣਦੇ ਹਾਂ।

ਮਹਾਂਕਾਵਿ, ਮਹਾਨ ਨਾਂਵਾਂ ਦਾ ਸੰਗ੍ਰਹਿ ਹੁੰਦੇ ਹਨ।

ਰਾਮਾਇਣ ਅਤੇ ਮਹਾਂਭਾਰਤ ਭਾਰਤੀ ਨਾਮ-ਪ੍ਰਣਾਲੀ ਦੇ ਪ੍ਰਮੁੱਖ ਸਰੋਤ ਹਨ।

ਕਈਆਂ ਦਾ ਨਾਂ ਉਚਾਰ ਕੇ ਮੂੰਹ ਸੁੱਚਾ ਹੋ ਜਾਂਦਾ ਹੈ।

ਕਈਆਂ ਦਾ ਨਾਂ ਸੁਣ ਕੇ ਅਸੀਂ ਤਿਊੜੀ ਪਾ ਲੈਂਦੇ ਹਾਂ।

ਕਈ ਚਲੇ ਜਾਂਦੇ ਹਨ ਪਰ ਲੋਕ ਉਨ੍ਹਾਂ ਦਾ ਨਾਂ ਲੈਂਦੇ ਰਹਿੰਦੇ ਹਨ।

ਕਈ ਸੁੱਚੇ ਨਾਂ ਵਾਲੇ ਬੰਦੇ ਹੀ ਅਜਿਹੇ ਹੁੰਦੇ ਹਨ, ਜਿਨ੍ਹਾਂ ਦੇ ਖਲੋਤਿਆਂ, ਕੱਚੇ ਕੋਠੇ ਵੀ ਸੋਨੇ ਦੇ ਬਣੇ ਪ੍ਰਤੀਤ ਹੁੰਦੇ ਹਨ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਦੇ ਨਾਂ ਵਧੇਰੇ ਸੰਗੀਤਕ ਅਤੇ ਕੂਲੇ ਹੁੰਦੇ ਹਨ।

ਕਈ ਨਾਂ ਧੁਰ ਅਚੇਤ ਮਨ ਵਿੱਚ ਵੱਸ ਜਾਂਦੇ ਹਨ ਅਤੇ ਸਾਨੂੰ ਜਦੋਂ ਵੀ ਅਵਸਰ ਮਿਲਦਾ ਹੈ ਅਸੀਂ ਉਨ੍ਹਾਂ ਦਾ ਨਾਂ ਉਚਾਰਦੇ ਰਹਿੰਦੇ ਹਾਂ।

ਕਈ ਨਾਂਵਾਂ ਵਿੱਚ ਜਾਦੂ ਦਾ ਅਸਰ ਹੁੰਦਾ ਹੈ।

ਕਈ ਨਾਂ ਹਵਾਵਾਂ ਵਿੱਚ ਸੁਣਾਈ ਦਿੰਦੇ ਹਨ।

ਕਈ ਨਾਂ ਸਾਨੂੰ ਇਤਨੇ ਚੰਗੇ ਲੱਗਦੇ ਹਨ ਕਿ ਅਸੀਂ ਉਨ੍ਹਾਂ ਨਾਂਵਾਂ ਨੂੰ ਆਪਣੀ ਸੰਤਾਨ ਲਈ ਸਾਂਭ ਲੈਂਦੇ ਹਾਂ।

ਇੱਕ ਕਵੀ ਨੇ ਆਪਣੀ ਪ੍ਰੇਮਿਕਾ ਤੋਂ ਪੁੱਛਿਆ, 'ਮੈਂ ਤੇਰਾ ਕੀ ਨਾਂ ਰੱਖਾਂ?' ਉਸ ਨੇ ਕਿਹਾ, 'ਜੋ ਤੇਰੇ ਨਾਂ ਅਤੇ ਤੇਰੀ ਕਵਿਤਾ ਦੇ ਤੁਕਾਂਤ ਵਿੱਚ ਜੱਚ ਜਾਵੇ, ਜੋ ਮਰਜ਼ੀ ਨਾਂ ਰੱਖ ਪਰ ਮੈਨੂੰ ਆਪਣੀ ਕਹਿ।'

ਜੇ ਸਾਨੂੰ ਕਿਸੇ ਬਦੇਸ਼ੀ ਨਾਲ ਪਿਆਰ ਹੋ ਜਾਵੇ ਤਾਂ ਉਸ ਦਾ ਨਾਂ ਠੀਕ ਤਰ੍ਹਾਂ ਬੋਲਣ ਲਈ, ਅਸੀਂ ਉਸ ਦੀ ਬੋਲੀ ਸਿੱਖਣ ਲੱਗ ਪੈਂਦੇ ਹਾਂ।

ਜਿਹੜਾ ਸਾਡਾ ਨਾਂ ਗਲਤ ਬੋਲਦਾ ਜਾਂ ਲਿਖਦਾ ਹੈ, ਅਸੀਂ ਉਸ ਨੂੰ ਸਿਆਣਾ ਵਿਅਕਤੀ ਨਹੀਂ ਸਮਝਦੇ।

ਕਈ ਵਾਰੀ ਅਸੀਂ ਆਪਣੀ ਪਛਾਣ ਲਈ ਕਿਸੇ ਹੋਰ ਦਾ ਨਾਂ ਬੋਲਦੇ ਹਾਂ, ਜਿਵੇਂ ਕਈ ਪਤਨੀਆਂ, ਪਤੀ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ ਪਰ ਕਈ ਪਤੀ, ਪਤਨੀਆਂ ਦੇ ਨਾਂ ਨਾਲ ਹੀ ਜਾਣੇ ਜਾਂਦੇ ਹਨ।

ਫਰਾਂਸੀਸੀ ਨੈਪੋਲੀਅਨ ਦਾ ਨਾਂ ਬੜੇ ਸਤਿਕਾਰ ਨਾਲ ਲੈਂਦੇ ਹਨ, ਕਿਉਂਕਿ ਉਸ ਨੇ ਆਪਣੀ ਬਹਾਦਰੀ ਅਤੇ ਹਿੰਮਤ ਨਾਲ ਆਪਣੀ ਬੀਮਾਰ ਕੌਮ ਨੂੰ ਅਰੋਗ ਕੀਤਾ ਅਤੇ ਬਲਵਾਨ ਬਣਾਇਆ ਸੀ।

ਕਿਸੇ ਵਿਅਕਤੀ ਦੇ ਨਾਂ ਦੀ ਪ੍ਰਸਿੱਧੀ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕੀ ਸਕੂਲੀ ਵਿਦਿਆਰਥੀਆਂ ਨੂੰ ਉਸ ਉੱਤੇ ਲੇਖ ਲਿਖਣ ਲਈ ਕਿਹਾ ਜਾਂਦਾ ਹੈ ਕਿ ਨਹੀਂ?

ਨਾਂ ਦੇ ਮਹੱਤਵ ਨੂੰ ਪਛਾਣਨ ਦੀ ਲੋੜ ਹੈ ਅਤੇ ਆਪਣੀ ਸੰਤਾਨ ਨੂੰ ਨਾਂ ਦਾ ਪੁਰਸਕਾਰ ਦੇਣ ਸਮੇਂ ਬੜੀ ਚੌਕਸੀ ਅਤੇ ਸੂਝ-ਬੂਝ ਤੋਂ ਕੰਮ ਲਿਆ ਜਾਣਾ ਚਾਹੀਦਾ ਹੈ।

ਬੱਚੇ ਦਾ ਨਾਂ ਉਹ ਰੱਖੋ, ਜਿਸ ਉਤੇ ਉਹ ਮਾਣ ਕਰ ਸਕੇ, ਜਿਹੜਾ ਨਾਂ ਚੁੱਭੇ ਨਾ, ਜਿਹੜਾ ਫਿੱਕਾ ਨਾ ਪਵੇ, ਜਿਹੜਾ ਉਸ ਨੂੰ ਜ਼ਿੰਦਗੀ ਦੀ ਮੂਹਰਲੀ ਕਤਾਰ ਵਿੱਚ ਸਵੈਮਾਣ ਨਾਲ ਖਲੋਣ ਦੀ ਹਿੰਮਤ ਦੇ ਸਕੇ।

ਸਫ਼ਰ ਅਤੇ ਮੁਸਾਫ਼ਰੀ

ਸਿਧਾਰਥ ਨੂੰ ਮਹਾਤਮਾ ਬੁੱਧ ਬਣਨ ਤੋਂ ਪਹਿਲਾਂ ਕਈ ਸਾਲ ਸਫ਼ਰ ਅਤੇ ਮੁਸਾਫ਼ਰੀ ਵਿੱਚ ਗੁਜ਼ਾਰਨੇ ਪਏ ਸਨ।

ਸਰਬੱਤ ਦੇ ਭਲੇ ਦੀ ਗੱਲ, ਸਰਬੱਤ ਨੂੰ ਵੇਖ ਕੇ ਹੀ ਕੀਤੀ ਜਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਅਤੇ ਕਵਿਤਾ ਵਿੱਚ ਵਿਸ਼ਾਲਤਾ ਅਤੇ ਬੁਲੰਦੀ ਦਾ ਕਾਰਨ ਇਹ ਹੈ ਕਿ ਉਨ੍ਹਾਂ ਨਾਲ ਜੁੜੀਆਂ ਸਾਰੀਆਂ ਥਾਂਵਾਂ ਜਾਂ ਦਰਿਆ ਹਨ ਜਾਂ ਪਹਾੜ।

ਲੰਮੇ ਸਫ਼ਰ ਉੱਤੇ ਨਿਕਲਣਾ ਅਸਲ ਵਿੱਚ ਆਪਣੇ ਆਪ ਨੂੰ ਪਿੱਛੇ ਛੱਡ ਕੇ ਅੱਗੇ ਨਿਕਲ ਜਾਣ ਦਾ ਹੁਨਰ ਹੁੰਦਾ ਹੈ। ਹਰ ਰੋਜ਼ ਕੋਈ ਸਫ਼ਰ ਉਪਰੰਤ ਘਰ ਨੂੰ ਪਰਤ ਰਿਹਾ ਹੁੰਦਾ ਹੈ ਜਾਂ ਘਰ ਦੀ ਦਹਿਲੀਜ਼ ਨੂੰ ਉਲੰਘ ਕੇ ਲੰਮੇ ਸਫ਼ਰ 'ਤੇ ਰਵਾਨਾ ਹੋ ਰਿਹਾ ਹੁੰਦਾ ਹੈ। ਵਿਆਹੀ ਜਾਣ ਵਾਲੀ ਧੀ ਵੀ ਇੱਕ ਨਵਾਂ ਸਫ਼ਰ ਆਰੰਭ ਕਰਦੀ ਹੈ। ਸਪੱਸ਼ਟ ਹੈ ਕਿ ਮੁਸਾਫ਼ਰ ਬਣਨ ਨਾਲ ਅਸੀਂ ਕੁਝ ਤਿਆਗ ਕੇ ਹੀ ਕੁਝ ਪ੍ਰਾਪਤ ਕਰਨ ਦਾ ਬੀੜਾ ਚੁੱਕਦੇ ਹਾਂ। ਜਿਸ ਦੀ ਤਲਾਸ਼ ਹੋਵੇ, ਉਸ ਦੀ ਭਾਲ ਵਿੱਚ ਨਿਕਲਣਾ ਹੀ ਪਵੇਗਾ।

ਜਿਨ੍ਹਾਂ ਨੂੰ ਅਸੀਂ ਦਿਲੋਂ ਚਾਹੁੰਦੇ ਹਾਂ, ਉਨ੍ਹਾਂ ਨਾਲ ਅਸੀਂ ਅਣਗਾਹੇ ਰਾਹਾਂ ਉਤੇ ਲੰਮਾ ਸਫ਼ਰ ਕਰਨਾ ਲੋਚਦੇ ਹਾਂ। ਆਪਣੇ ਪਿਆਰੇ ਨਾਲ ਸਫ਼ਰ ਕਰਨਾ ਚਲਦੇ-ਫਿਰਦੇ ਘਰ ਵਿੱਚ ਵਿਚਰਣ ਵਾਂਗ ਹੁੰਦਾ ਹੈ।

ਅਸੀਂ ਭਾਵੇਂ ਕਿਸੇ ਨੂੰ ਕਿਤਨੇ ਹੀ ਸਾਲ ਮਿਲਦੇ ਰਹੀਏ ਪਰ ਉਸ ਦੀ ਅਸਲ ਪਛਾਣ ਉਸ ਸਮੇਂ ਹੀ ਹੁੰਦੀ ਹੈ, ਜੇ ਉਸ ਨਾਲ ਕੁਝ ਦਿਨ ਸਫ਼ਰ ਕਰ ਲਈਏ।

ਸ਼ਿਕਾਰ ਯੁੱਗ ਵਿੱਚ ਵਿਚਰਦਾ ਮਨੁੱਖ, ਜਾਇਦਾਦ ਦੇ ਝਗੜਿਆਂ ਤੋਂ ਮੁਕਤ ਸੀ, ਇਹੋ ਜਿਹੀ ਹੀ ਭਾਵਨਾ ਸਫ਼ਰ ਉੱਤੇ ਨਿਕਲੇ ਵਿਅਕਤੀ ਦੀ ਹੁੰਦੀ ਹੈ। ਸਫ਼ਰ ਨਾਲ ਸਾਡੇ ਪੱਖਪਾਤ ਘਟਦੇ ਹਨ, ਅਨੇਕਾਂ ਪ੍ਰਕਾਰ ਦੇ ਭਰਮ-ਭੁਲੇਖੇ ਦੂਰ ਹੁੰਦੇ ਹਨ, ਸੰਕੀਰਣਤਾ ਮੁੱਕਦੀ ਹੈ, ਵਿਸ਼ਾਲਤਾ ਆਉਂਦੀ ਹੈ, ਸਬਰ-ਸੰਤੋਖ ਵੱਧਦਾ ਹੈ, ਦੂਜਿਆਂ ਨੂੰ ਪ੍ਰਵਾਨ ਕਰਨ ਦੀ ਜਾਚ ਆਉਂਦੀ ਹੈ, ਮਨੁੱਖੀ ਵਿਹਾਰ ਦੇ ਅਨੇਕਾਂ ਨਵੇਂ ਪੱਖਾਂ ਨਾਲ ਜਾਣ-ਪਛਾਣ ਹੁੰਦੀ ਹੈ ਅਤੇ ਅਸੀਂ ਆਪਣੇ ਆਪ ਨੂੰ ਜਾਣਨ ਦੇ ਯੋਗ ਹੁੰਦੇ ਹਾਂ।

ਘਰ ਵਿਚਲੇ ਬੱਚਿਆਂ ਦੀ, ਜਿਸ ਪ੍ਰਕਾਰ ਦੀ ਯਾਦ ਸਫ਼ਰ ਉਤੇ ਨਿਕਲੇ ਵਿਅਕਤੀ ਨੂੰ ਆਉਂਦੀ ਹੈ, ਉਸ ਦੀ ਕਿਸੇ ਹੋਰ ਅਨੁਭਵ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਮੀਂਹਾਂ ਦੇ ਮੌਸਮ ਵਿੱਚ ਦੂਰ ਲੰਘ ਗਏ ਪਤੀ ਦੀ ਯਾਦ ਪਤਨੀ ਨੂੰ ਬੜਾ ਸਤਾਉਂਦੀ ਹੈ ਅਤੇ ਉਸ ਨੂੰ ਆਪਣਾ ਲੱਖਾਂ ਦਾ ਸਾਵਣ, ਕੌਡੀਆਂ ਦੇ ਭਾਅ ਜਾਂਦਾ ਪ੍ਰਤੀਤ ਹੁੰਦਾ ਹੈ।

ਭਾਵੇਂ ਹਰ ਮਨੁੱਖ ਸੰਸਾਰ ਦੇ ਵੱਡੇ ਭਾਗ ਬਾਰੇ ਜਾਣਦਾ ਹੁੰਦਾ ਹੈ ਪਰ ਉਹ ਆਪਣੇ ਜੀਵਨ ਦਾ ਵੱਡਾ ਭਾਗ ਆਪਣੇ ਜਨਮ-ਸਥਾਨ ਦੇ ਨੇੜੇ-ਤੇੜੇ ਹੀ ਗੁਜ਼ਾਰ ਦਿੰਦਾ ਹੈ। ਦੁਨੀਆਂ ਉਤਨੀ ਕੁ ਹੀ ਵੱਡੀ ਹੁੰਦੀ ਹੈ ਜਿਤਨੀ ਬਾਰੇ ਅਸੀਂ ਜਾਣਦੇ ਹੁੰਦੇ ਹਾਂ ਪਰ ਸਾਡੀ ਦੁਨੀਆਂ ਉਹੀ ਹੁੰਦੀ ਹੈ, ਜਿਤਨੀ ਅਸੀਂ ਗਾਹੀ ਹੁੰਦੀ ਹੈ।

ਤੁਸੀਂ ਕਿਤਨੇ ਕੁ ਉਦਾਰਚਿੱਤ ਹੋ ਅਤੇ ਤੁਹਾਡੇ ਮਨ ਵਿੱਚ ਸੁਤੰਤਰਤਾ ਲਈ ਕਿਤਨੀ ਕੁ ਤਾਂਘ ਹੈ, ਇਹ ਇਨ੍ਹਾਂ ਗੱਲਾਂ ਤੋਂ ਜਾਣਿਆ ਜਾ ਸਕਦਾ ਹੈ ਕਿ ਤੁਸੀਂ ਸਫ਼ਰ ਕਿਤਨਾ ਕੀਤਾ ਹੈ, ਤੁਹਾਡੀਆਂ ਅੱਖਾਂ ਨੇ ਦੂਰ ਦੇ ਕਿਤਨੇ ਕੁ ਦੁਮੇਲ ਵੇਖੇ ਹਨ ਅਤੇ ਤੁਹਾਡੀ ਨਜ਼ਰ ਕਿੱਥੋਂ ਤੱਕ ਦੂਰ ਜਾਂਦੀ ਹੈ।

ਇਕ ਚੰਗਾ ਯਾਤਰੀ ਕਦੀ ਵੀ ਆਪਣੇ ਪਿੰਡ ਜਾਂ ਸ਼ਹਿਰ ਜਾਂ ਸੂਬੇ ਜਾਂ ਦੇਸ਼ ਦੇ ਨੁਕਸ ਨਹੀਂ ਕੱਢਦਾ।

ਮੂਰਖ ਘੁੰਮਦੇ-ਫਿਰਦੇ ਹਨ ਜਦੋਂ ਕਿ ਸਿਆਣੇ ਸਫ਼ਰ ਕਰਦੇ ਹਨ।

ਸਫ਼ਰ ਕਰਨ ਨਾਲ ਸਾਡੀ ਅਤੇ ਦੂਜਿਆਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ।

ਸਫ਼ਰ ਨਾਲ ਸਿਆਣੇ ਹੋਰ ਸਿਆਣੇ ਅਤੇ ਮੂਰਖ ਹੋਰ ਮੂਰਖ ਸਾਬਤ ਹੁੰਦੇ ਹਨ।

ਜੇ ਸਫ਼ਰ ਨਾਲ ਆਪਣਾ-ਗਿਆਨ ਵਧਾਉਣਾ ਚਾਹੁੰਦੇ ਹੋ ਤਾਂ ਪਹਿਲਾਂ ਵਿਸ਼ਾਲ ਗਿਆਨ ਆਪਣੇ ਨਾਲ ਲੈ ਕੇ ਟੁਰੋ। ਭਾਰਤ ਦੀ ਯਾਤਰਾ ਲਈ ਨਿਕਲਣ ਸਮੇਂ ਪੁਰਾਤਨ ਸਮੇਂ ਵਿੱਚ ਇੱਕ ਯੂਨਾਨੀ ਫ਼ਿਲਾਸਫ਼ਰ ਨੂੰ ਕਿਸੇ ਨੇ ਪੁੱਛਿਆ ਕਿ ਉਥੇ ਕੀ ਕਰੋਗੇ ਤਾਂ ਉਸ ਨੇ ਕਿਹਾ ਸੀ "ਜੋ ਕੁਝ ਸਿੱਖਣ ਅਤੇ ਜਾਣਨਯੋਗ ਹੈ, ਉਹ ਸਿੱਖਾਂਗਾ ਅਤੇ ਜਾਣਾਂਗਾ ਅਤੇ ਜੋ ਜਾਣਦਾ ਹਾਂ ਉਹ ਸਿਖਾਵਾਂਗਾ।"

ਸਫ਼ਰ ਵਿੱਚ ਅਨੇਕਾਂ ਨਵੇਂ ਅਨੁਭਵ ਪ੍ਰਾਪਤ ਹੁੰਦੇ ਹਨ ਪਰ ਸਭ ਕੁਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਅਨੁਭਵਾਂ ਨੂੰ ਡੀਕ ਲਾਉਣ ਵਾਸਤੇ ਸਾਡੇ ਕੋਲ ਕਟੋਰਾ ਕਿਤਨਾ ਕੁ ਵੱਡਾ ਹੈ।

ਬਹੁਤੇ ਲੋਕ ਯਾਤਰਾ ਉਤੇ ਨਹੀਂ, ਭਟਕਣ ਉੱਤੇ ਨਿਕਲਦੇ ਹਨ, ਕਿਉਂਕਿ ਜਿਹੜੇ ਸੁੱਖ ਕਿਸੇ ਦੇ ਘਰ ਵਿੱਚ ਵੀ ਨਹੀਂ ਹੁੰਦੇ, ਉਨ੍ਹਾਂ ਦੀ ਉਹ ਬਾਹਰ ਜਾ ਕੇ ਭਾਲ ਕਰਦੇ ਅਤੇ ਮੰਗ ਕਰਦੇ ਰਹਿੰਦੇ ਹਨ।

ਕਈ ਆਪਣੇ ਨਾਲ ਇਤਨਾ ਸਾਮਾਨ ਲੈ ਕੇ ਨਿਕਲਦੇ ਹਨ ਕਿ ਜਾਂ ਤਾਂ ਉਹ ਆਪ ਕੁਲੀ ਬਣੇ ਰਹਿੰਦੇ ਹਨ ਜਾਂ ਉਨ੍ਹਾਂ ਦਾ ਵਾਹ ਕੇਵਲ ਕੁਲੀਆਂ ਨਾਲ ਪੈਂਦਾ ਹੈ।

ਬੰਦਿਆਂ ਵਾਸਤੇ ਸਭਨੀ ਥਾਂਈਂ ਥਾਂ ਹੁੰਦੀ ਹੈ ਪਰ ਸਾਡੇ ਕਬਾੜਖ਼ਾਨੇ ਵਾਸਤੇ ਕਿਧਰੇ ਥਾਂ ਨਹੀਂ ਹੁੰਦੀ। ਜਿਨ੍ਹਾਂ ਕੱਪੜਿਆਂ ਨੂੰ ਆਪਣੇ ਘਰ ਵੀ ਕਦੀ ਪਾਉਣ ਦਾ ਮੌਕਾ ਨਹੀਂ ਮਿਲਿਆ ਹੁੰਦਾ, ਕਈ ਮੁਸਾਫ਼ਰ ਇਨ੍ਹਾਂ ਕੱਪੜਿਆਂ ਨੂੰ ਵੀ, ਬਾਹਰ ਪਾਉਣ ਦੀ ਮੂਰਖਤਾ ਭਰੀ ਆਸ ਨਾਲ ਲੈ ਟੁਰਦੇ ਹਨ।

ਜਿਤਨਾ ਤੁਹਾਡੇ ਕੋਲ ਘੱਟ ਸਾਮਾਨ ਹੋਵੇਗਾ, ਉਤਨੀ ਹੀ ਤੁਹਾਡੀ ਯਾਤਰਾ ਵਧੇਰੇ ਸਫ਼ਲ ਹੋਵੇਗੀ। ਕੀ ਮਹਾਤਮਾ ਬੁੱਧ ਜਾਂ ਗੁਰੂ ਨਾਨਕ ਦੇਵ ਸਾਮਾਨ ਦੀਆਂ ਪੰਡਾਂ ਲੈ ਕੇ

ਯਾਤਰਾ ਉੱਤੇ ਨਿਕਲਦੇ ਸਨ ? ਸਾਡਾ ਦੇਸ਼ ਗਰੀਬ ਹੈ, ਗਰੀਬ ਦੇਸ਼ ਨੂੰ ਸਾਮਾਨ ਪੱਖੋਂ ਗਰੀਬ ਬਣ ਕੇ ਹੀ ਵੇਖਿਆ ਜਾ ਸਕਦਾ ਹੈ।

ਕੁਝ ਲੋਕ ਯਾਤਰਾ ਕਰਨ ਦੇ ਬਿਲਕੁਲ ਯੋਗ ਨਹੀਂ ਹੁੰਦੇ। ਉਹ ਯਾਤਰਾ ਉੱਤੇ ਨਿਕਲ ਕੇ ਆਪ ਦੁਖੀ ਹੁੰਦੇ ਹਨ ਅਤੇ ਦੂਜਿਆਂ ਨੂੰ ਦੁੱਖ ਦਿੰਦੇ ਹਨ।

ਕਈ ਇੰਜ ਨਿਕਲਦੇ ਹਨ, ਜਿਵੇਂ ਕਿਸੇ ਬਰਾਤ ਵਿੱਚ ਸ਼ਾਮਲ ਹੋਣਾ ਹੋਵੇ।

ਜਿਸ ਥਾਂ ਦੀ ਭਾਸ਼ਾ ਨਾ ਆਉਂਦੀ ਹੋਵੇ, ਉਥੇ ਨਹੀਂ ਜਾਣਾ ਚਾਹੀਦਾ, ਕਿਉਂਕਿ ਅਜਿਹੀ ਥਾਂ ਤੋਂ ਅਸੀਂ ਕੁਝ ਨਹੀ ਸਿੱਖਦੇ ਅਤੇ ਅਜਿਹੀ ਥਾਂ ਦੀਆਂ ਸਹੂਲਤਾਂ ਨੂੰ ਅਸੀਂ ਮਾਣ ਨਹੀਂ ਸਕਦੇ।

ਸਫ਼ਰ ਵਿੱਚ ਸਭ ਤੋਂ ਵਧੇਰੇ ਨਿਰਾਸਤਾ ਉਨ੍ਹਾਂ ਨੂੰ ਹੁੰਦੀ ਹੈ ਜਿਹੜੇ ਵੱਖਰੇ ਅਤੇ ਵਿਸ਼ੇਸ਼ ਪ੍ਰਤੀਤ ਹੋਣ ਦੀ ਲਾਲਸਾ ਦਾ ਸ਼ਿਕਾਰ ਹੁੰਦੇ ਹਨ। ਲੋੜ ਦੂਜਿਆਂ ਤੋਂ ਭਿੰਨ ਪ੍ਰਤੀਤ ਹੋਣ ਦੀ ਨਹੀਂ, ਦੂਜਿਆਂ ਵਰਗਾ ਪ੍ਰਤੀਤ ਹੋਣ ਦੀ ਹੈ। ਕੋਈ ਵੀ ਦੇਸ਼ ਜਾਂ ਲੋਕ, ਥਾਂ ਜਾਂ ਰਸਮ-ਰਿਵਾਜ, ਉਚੇ-ਨੀਵੇਂ ਜਾਂ ਚੰਗੇ-ਮਾੜੇ ਨਹੀਂ ਹੁੰਦੇ। ਸਭ ਕੁਝ ਦੇ ਪਿੱਛੇ ਲੰਮਾ ਇਤਿਹਾਸ ਹੁੰਦਾ ਹੈ ਅਤੇ ਭੂਗੋਲਿਕ ਸਥਿਤੀਆਂ ਦਾ ਯੋਗਦਾਨ ਹੁੰਦਾ ਹੈ।

ਦੂਜੀਆਂ ਧਰਤੀਆਂ ਉਤੇ ਜਾ ਕੇ ਲੋਕਾਂ ਦਾ ਆਹਾਰ, ਪਹਿਰਾਵਾ ਅਤੇ ਵਸੇਬਾ ਵੇਖਣ ਨਾਲ ਸਾਡੇ ਗਿਆਨ ਵਿੱਚ ਵਾਧਾ ਹੁੰਦਾ ਹੈ।

ਜਿੱਥੋਂ ਤੱਕ ਹੋ ਸਕੇ, ਦੂਜੇ ਲੋਕਾਂ ਦੇ ਮੇਲੇ ਅਤੇ ਤਿਉਹਾਰ ਵੇਖਣੇ ਚਾਹੀਦੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਲੋਕਾਂ ਦੀ ਰੂਹ ਧੜਕਦੀ ਹੁੰਦੀ ਹੈ।

ਸ਼ਹਿਰਾਂ ਦੀਆਂ ਤੰਗ ਥਾਂਵਾਂ ਉਤੇ ਰਹਿਣ ਵਾਲੇ ਲੋਕ ਖੁੱਲ੍ਹੀਆਂ ਥਾਂਵਾਂ ਉੱਤੇ ਅਤੇ ਖੁੱਲ੍ਹੇ ਪਿੰਡਾਂ ਵਿਚ ਰਹਿਣ ਵਾਲੇ ਲੋਕ ਤੰਗ ਥਾਂਵਾਂ ਵਿੱਚ ਵਿਚਰਣ ਲਈ ਨਿਕਲਦੇ ਹਨ।

ਤੰਗ ਥਾਂਵਾਂ 'ਤੇ ਰਹਿਣ ਵਾਲੇ ਸ਼ਹਿਰੀ, ਵਿਸ਼ਾਲ ਸਮੁੰਦਰ ਵੇਖਣਾ ਚਾਹੁੰਦੇ ਹਨ, ਜਦੋਂ ਕਿ ਖੁੱਲ੍ਹੀਆਂ ਥਾਵਾਂ 'ਤੇ ਰਹਿਣ ਵਾਲੇ ਪੇਂਡੂ, ਤੰਗ ਸ਼ਹਿਰੀ ਸਿਨੇਮਿਆਂ ਜਾਂ ਹੋਟਲਾਂ ਵਿੱਚ ਜਾਣਾ ਪਸੰਦ ਕਰਦੇ ਹਨ।

ਵੇਖਿਆ ਗਿਆ ਹੈ ਕਿ ਪਾਣੀ ਵਾਲੀਆਂ ਥਾਂਵਾਂ ਮਨੁੱਖੀ ਮਨ ਨੂੰ ਵਧੇਰੇ ਖਿੱਚ ਪਾਉਂਦੀਆਂ ਹਨ। ਕਾਰਨ ਇਹ ਹੈ ਕਿ ਪਾਣੀ ਰਾਹੀਂ ਅਸੀਂ ਆਪਣੇ ਜੀਵਨ ਦੇ ਸਰੋਤਾਂ ਨਾਲ ਜੁੜਦੇ ਹਾਂ। ਯਾਤਰਾ ਉਤੇ ਨਿਕਲੇ ਵਿਅਕਤੀ ਦੀ ਸੂਰਜ, ਚੰਨ ਅਤੇ ਤਾਰਿਆਂ ਨਾਲ ਡੂੰਘੀ ਜਾਣ-ਪਛਾਣ ਹੁੰਦੀ ਰਹਿੰਦੀ ਹੈ, ਕਿਉਂਕਿ ਮੁਸਾਫ਼ਰ, ਮੁਸਾਫ਼ਰਾਂ ਵੱਲ ਸੁਭਾਵਿਕ ਹੀ ਖਿੱਚੇ ਜਾਂਦੇ ਹਨ।

ਸਾਡਾ ਪਹਿਲਾ ਉਦੇਸ਼ ਨਵੀਆਂ ਥਾਂਵਾਂ ਅਤੇ ਦੁਰੇਡੀਆਂ ਧਰਤੀਆਂ ਦੇ ਲੋਕਾਂ ਨੂੰ ਵੇਖਣਾ ਹੋਣਾ ਚਾਹੀਦਾ ਹੈ। ਇਮਾਰਤਾਂ ਆਦਿ ਉਨ੍ਹਾਂ ਦੇ ਇਰਾਦਿਆਂ ਦਾ ਪ੍ਰਗਟਾਵਾ ਹੁੰਦੀਆਂ ਹਨ, ਸੋ ਇਨ੍ਹਾਂ ਨੂੰ ਇਸੇ ਸੰਦਰਭ ਵਿੱਚ ਵੇਖਣ ਦੀ ਲੋੜ ਹੁੰਦੀ ਹੈ।

ਸਫ਼ਰ ਉਤੇ ਨਿਕਲਣਾ ਹੀ ਉਨ੍ਹਾਂ ਨੂੰ ਚਾਹੀਦਾ ਹੈ, ਜਿਨ੍ਹਾਂ ਕੋਲ ਇੱਲ ਵਾਲੀਆਂ ਅੱਖਾਂ ਹੋਣ, ਵਪਾਰੀ ਵਾਲੇ ਸਭ ਕੁਝ ਸੁਣਨ ਵਾਲੇ ਕੰਨ ਹੋਣ, ਹਰ ਇੱਕ ਭਾਵ ਨੂੰ ਆਪਣੇ

ਚਿਹਰੇ ਉੱਤੇ ਲਿਆ ਸਕਣ ਵਾਲਾ ਬਾਂਦਰ ਵਰਗਾ ਚੁੱਸਤ ਅਤੇ ਫੁਰਤੀਲਾ ਮੂੰਹ ਹੋਵੇ, ਸਭ ਕੁਝ ਖਾ ਜਾਣ ਵਾਲਾ ਭੇਡ ਵਾਲਾ ਹਾਜ਼ਮਾ ਹੋਵੇ, ਊਠ ਵਰਗੇ ਮੋਢੇ ਹੋਣ, ਖੱਚਰ ਵਰਗੀ ਪਿੱਠ ਹੋਵੇ ਅਤੇ ਹਿਰਨ ਵਰਗੀਆਂ ਲੱਤਾਂ ਹੋਣ।

ਜੇ ਸਫ਼ਰ ਉੱਤੇ ਨਿਕਲਣਾ ਹੈ ਤਾਂ ਸਬੂਤੇ ਅਤੇ ਪੂਰੇ ਨਿਕਲੋ।

ਘੜੀਆਂ ਅਤੇ ਅਖ਼ਬਾਰਾਂ ਦਾ ਤਿਆਗ ਕਰੋ।

ਕਿਸੇ ਨੇ ਕਿਹਾ ਹੈ ਕਿ ਚੰਗਾ ਯਾਤਰੀ ਉਹ ਹੈ, ਜਿਸ ਨੂੰ ਪਤਾ ਨਾ ਹੋਵੇ ਕਿ ਉਹ ਕਿਧਰ ਜਾ ਰਿਹਾ ਹੈ ਅਤੇ ਕੁਸ਼ਲ ਯਾਤਰੀ ਉਹ ਹੈ ਜਿਸ ਨੂੰ ਇਹ ਵੀ ਭੁੱਲ ਜਾਏ ਕਿ ਉਹ ਕਿਧਰੋਂ ਆਇਆ ਹੈ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਸਫ਼ਲ ਯਾਤਰੀ ਉਹ ਹੈ ਜੋ ਆਪਣੇ ਆਪ ਤੋਂ ਪਰ੍ਹੇ ਚਲਾ ਜਾਵੇ ਅਤੇ ਜਿਸ ਨੂੰ ਪੁੱਛਣ ਉਤੇ, ਆਪਣਾ ਨਾਂ ਤੱਕ ਯਾਦ ਨਾ ਰਹੇ।

ਯਾਤਰਾ ਕੋਈ ਅਸੰਭਵ ਨਿਸ਼ਾਨਾ ਮਿੱਥ ਕੇ ਨਹੀਂ ਕਰਨੀ ਚਾਹੀਦੀ, ਬਸ ਨਿਕਲ ਪੈਣਾ ਚਾਹੀਦਾ ਹੈ। ਆਸਵੰਦ ਹੋ ਕੇ ਸਫ਼ਰ ਕਰਨਾ, ਸੁੱਖੀ-ਸਾਂਦੀ ਘਰ ਮੁੜ ਆਉਣ ਵਿੱਚ ਸਹਾਇਕ ਸਿੱਧ ਹੁੰਦਾ ਹੈ।

ਯਾਤਰਾ ਤੋਂ ਮੁੜੇ ਵਿਅਕਤੀ ਵਿੱਚ ਹੰਕਾਰ ਨਹੀਂ ਹੁੰਦਾ, ਨਿਰਮਾਣਤਾ ਹੁੰਦੀ ਹੈ।

ਬੱਚੇ ਮਨੋਰੰਜਨ ਲਈ ਅਤੇ ਜਵਾਨ ਕੁਝ ਸਿੱਖਣ-ਵੇਖਣ ਲਈ ਯਾਤਰਾ 'ਤੇ ਨਿਕਲਦੇ ਹਨ, ਜਦੋਂ ਕਿ ਬਜ਼ੁਰਗ ਅਨੁਭਵ ਪ੍ਰਾਪਤ ਕਰਨ ਲਈ ਜਾਂਦੇ ਹਨ।

ਜਿਸ ਵਿੱਚ ਕਸ਼ਟ, ਬੇਆਰਾਮੀ, ਭੁੱਖ, ਧੁੱਪ ਅਤੇ ਠੰਢ ਸਹਿਣ ਦੀ ਹਿੰਮਤ ਨਹੀਂ, ਉਹ ਘਰ ਦੀ ਦਹਿਲੀਜ਼ ਨਾ ਹੀ ਟੱਪੇ ਤਾਂ ਚੰਗਾ ਹੈ।

ਮਾਰੂਥਲ ਦੀ ਯਾਤਰਾ ਕਰਨ ਵਾਲੇ ਇੱਕ ਪਾਂਧੀ ਨੇ ਕਿਹਾ, "ਇਸ ਯਾਤਰਾ ਨੇ ਮੈਨੂੰ ਸਿਖਾਇਆ ਹੈ ਕਿ ਪਾਣੀ ਕੀ ਹੁੰਦਾ ਹੈ।"

ਉਜਾੜਾਂ ਵਿੱਚ ਘੁੰਮ ਕੇ ਹੀ ਪਤਾ ਲੱਗਦਾ ਹੈ ਕਿ ਬਹਾਰ ਕੀ ਹੁੰਦੀ ਹੈ।

ਦੂਰ ਜਾ ਕੇ ਹੀ ਪਤਾ ਲੱਗਦਾ ਹੈ ਕਿ ਘਰ ਕੀ ਹੁੰਦਾ ਹੈ।

ਸਫ਼ਰ ਕਰਨ ਦਾ ਸੱਭ ਤੋਂ ਵੱਡਾ ਲਾਭ ਇਹ ਹੁੰਦਾ ਹੈ ਕਿ ਸਾਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਈਮਾਨਦਾਰੀ ਅਤੇ ਬੇਈਮਾਨੀ, ਨੇਕੀ ਅਤੇ ਬਦੀ, ਖ਼ੁਸ਼ੀ ਅਤੇ ਦੁੱਖ, ਸਾਡੇ ਜੀਵਨ ਦਾ ਹੀ ਭਾਗ ਨਹੀਂ, ਮਾਨਵਜਾਤੀ ਦਾ ਸਾਂਝਾ ਅਨੁਭਵ ਹਨ।

ਜਿਤਨੇ ਵਧੇਰੇ ਸਾਧਾਰਣ ਹੋ ਕੇ ਸਫ਼ਰ ਕਰੋਗੇ, ਉਤਨੀ ਹੀ ਤੁਹਾਡੀ ਨੀਝ ਦੂਰ ਤੱਕ ਵੇਖ ਸਕੇਗੀ। ਯਾਤਰਾ ਮਨੁੱਖ ਨੂੰ ਸਿਆਣਾ ਤਾਂ ਬਣਾਉਂਦੀ ਹੀ ਹੈ, ਉਸ ਨੂੰ ਘਰੋਂ ਦੂਰ ਹੋਣ ਕਰਕੇ ਉਦਾਸ ਵੀ ਕਰਦੀ ਹੈ। ਯਾਤਰਾ ਰਾਹੀਂ ਅਸੀਂ ਆਪਣੀ ਕਲਪਨਾ ਨੂੰ ਨੇਮ-ਬੱਧ ਕਰਦੇ ਹਾਂ ਅਤੇ ਅਰਸ਼ ਤੋਂ ਫਰਸ਼ ਉੱਤੇ ਉੱਤਰਦੇ ਹਾਂ। ਜਿਹੜਾ ਦੂਰ ਦੁਰਾਡੀਆਂ ਥਾਂਵਾਂ ਉਤੇ ਨਹੀਂ ਗਿਆ ਹੁੰਦਾ, ਉਹ ਪੱਖਪਾਤਾਂ ਤੋਂ ਛੁਟਕਾਰਾ ਪ੍ਰਾਪਤ ਨਹੀਂ ਕਰ ਸਕਦਾ।

ਸਮੁੰਦਰ ਦੀ ਵਿਸ਼ਾਲਤਾ, ਸਮੁੰਦਰ ਦੇ ਵਿਚਕਾਰ ਪਹੁੰਚ ਕੇ ਹੀ ਪਤਾ ਲੱਗਦੀ ਹੈ।

ਨਵੀਆਂ ਥਾਂਵਾਂ ਨੂੰ ਵੇਖਣ ਦੀ ਜਗਿਆਸਾ ਥਕਾਵਟ ਨੂੰ ਉਤਸ਼ਾਹ ਵਿੱਚ ਬਦਲ ਦਿੰਦੀ ਹੈ। ਬੱਚਿਆਂ ਵਿੱਚ ਨਵੀਆਂ ਥਾਂਵਾਂ ਵੇਖਣ ਦਾ ਸੁਭਾਵਕ ਜੋਸ਼ ਹੁੰਦਾ ਹੈ। ਇਸੇ ਕਰਕੇ ਉਹੀ ਸਭ ਤੋਂ ਪਹਿਲਾਂ ਤਿਆਰ ਹੁੰਦੇ ਹਨ। ਉਹ ਕਹਿੰਦੇ ਹਨ, 'ਚਲੋ, ਚਲੋ' ਜਦੋਂ ਕਿ ਬਜ਼ੁਰਗ ਕਹਿੰਦੇ ਹਨ 'ਰੁਕੋ, ਰੁਕੋ'। ਪਤਨੀ ਕਹਿੰਦੀ ਹੈ 'ਹੌਲੀ ਚਲੋ' ਪਤੀ ਕਹਿੰਦੇ 'ਜਲਦੀ ਕਰੋ।'

ਦੋਸਤਾਂ ਨਾਲ ਯਾਤਰਾ 'ਤੇ ਨਿਕਲਿਆ ਬੰਦਾ ਪਿੱਛੇ ਵੇਖਦਾ ਹੀ ਨਹੀਂ।

ਸਭ ਤੋਂ ਚੰਗੀ ਯਾਤਰਾ ਉਹ ਹੈ, ਜਿਹੜੀ ਇਕੱਲਿਆਂ ਕੀਤੀ ਜਾਵੇ ਅਤੇ ਨਵੇਂ ਰਿਸ਼ਤੇ, ਰਸਤੇ ਵਿੱਚ ਉਸਾਰੇ ਜਾਣ। ਇਸੇ ਕਰਕੇ ਤਾਂ ਕਹਿੰਦੇ ਹਨ ਕਿ ਜੇਕਰ ਆਪਣੇ ਆਪ ਨੂੰ ਜਾਣਨਾ ਚਾਹੁੰਦੇ ਹੋ ਤਾਂ ਆਪਣੇ ਜਾਣਨ ਵਾਲਿਆਂ ਤੋਂ ਪਰ੍ਹੇ ਚਲੇ ਜਾਵੋ।

ਕਈਆਂ ਨੇ ਯਾਤਰਾ ਨੂੰ ਮੂਰਖਤਾ ਭਰਿਆ ਕਦਮ ਦੱਸਿਆ ਹੈ।

ਜਿਨ੍ਹਾਂ ਦੇਸ਼ਾਂ ਦੀ ਸਭਿਅਤਾ ਪੁਰਾਤਨ ਹੈ, ਉੱਥੋਂ ਦੇ ਲੋਕਾਂ ਵਿੱਚ ਨਵੀਆਂ ਥਾਂਵਾਂ ਵੇਖਣ ਦੀ ਰੁਚੀ ਘੱਟ ਹੁੰਦੀ ਹੈ।

ਕਿਹਾ ਜਾਂਦਾ ਹੈ ਕਿ ਛੁੱਟੀਆਂ ਗੁਜ਼ਾਰਨ ਅਤੇ ਆਰਾਮ ਕਰਨ ਲਈ ਸਭ ਤੋਂ ਚੰਗੀ ਥਾਂ ਆਪਣਾ ਘਰ ਹੁੰਦੀ ਹੈ।

ਕਈ ਯਾਤਰਾ ਕਰਨ ਨੂੰ ਕੇਵਲ ਫਾਸਲੇ ਮਾਪਣਾ ਹੀ ਦੱਸਦੇ ਹਨ। ਯਾਤਰਾ ਦੇ ਇੱਕ ਵਿਰੋਧੀ ਨੇ ਕਿਹਾ ਸੀ, "ਮੇਰਾ ਖੋਤਾ ਸਾਰੀ ਦੁਨੀਆਂ ਘੁੰਮਿਆ ਹੋਇਆ ਹੈ, ਪਰ ਉਹ ਅਜੇ ਵੀ ਖੋਤਾ ਹੀ ਹੈ, ਘੋੜਾ ਨਹੀਂ ਬਣਿਆ।"

ਇਹ ਵੀ ਕਿਹਾ ਜਾਂਦਾ ਹੈ ਕਿ ਸਿਆਣੇ ਘਰ ਹੀ ਰਹਿੰਦੇ ਹਨ, ਜਦੋਂ ਕਿ ਮੂਰਖ ਯਾਤਰਾ ਉੱਤੇ ਨਿਕਲਦੇ ਹਨ ਅਤੇ ਵਡੇਰੇ ਮੂਰਖ ਬਣ ਕੇ ਪਰਤਦੇ ਹਨ। ਕਈਆਂ ਨੇ ਯਾਤਰੀਆਂ ਨੂੰ ਰੁੱਝੇ ਹੋਏ ਵਿਹਲੜ ਕਿਹਾ ਹੈ। ਇਨ੍ਹਾਂ ਲੋਕਾਂ ਦਾ ਹੀ ਮੱਤ ਹੈ ਕਿ ਯਾਤਰਾ ਵਿੱਚ ਜਾਣ-ਪਛਾਣ ਤਾਂ ਕਈਆਂ ਨਾਲ ਹੋ ਜਾਂਦੀ ਹੈ ਪਰ ਦੋਸਤ ਇੱਕ ਵੀ ਨਹੀਂ ਬਣਦਾ।

ਕਿਹਾ ਜਾਂਦਾ ਹੈ ਕਿ ਇੱਕ ਸਮੁੰਦਰ ਵੇਖ ਲਵੋ, ਇੱਕ ਮਾਰੂਥਲ ਵੇਖ ਲਵੋ, ਇੱਕ ਦਰਿਆ ਵੇਖ ਲਵੋ ਅਤੇ ਇੱਕ ਪਹਾੜ ਵੇਖ ਲਵੋ ਅਤੇ ਇੱਕ ਸ਼ਹਿਰ ਵੇਖ ਲਵੋ, ਬਾਕੀ ਸਭ ਇਹੋ ਜਿਹੇ ਹੀ ਹੋਣਗੇ।

ਇਹ ਦੋਸ਼ ਵੀ ਲਾਇਆ ਜਾਂਦਾ ਹੈ ਕਿ ਮੁਸਾਫ਼ਰ ਜਿਹੜੀਆਂ ਕਹਾਣੀਆਂ ਸੁਣਾਉਂਦੇ ਹਨ, ਉਹ ਝੂਠੀਆਂ ਹੁੰਦੀਆਂ ਹਨ। ਯਾਤਰਾ ਦੇ ਵਿਰੋਧ ਵਿੱਚ ਇੱਕ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸੰਸਾਰ ਦਾ ਸਭ ਤੋਂ ਸਿਆਣਾ ਫ਼ਿਲਾਸਫ਼ਰ, ਸੁਕਰਾਤ ਕਦੀ ਵੀ ਆਪਣੇ ਨਗਰ ਤੋਂ ਪਰ੍ਹੇ ਨਹੀਂ ਸੀ ਗਿਆ।

ਭਾਵੇਂ ਯਾਤਰਾ ਦੇ ਵਿਰੁੱਧ ਕਿਤਨੀਆਂ ਹੀ ਦਲੀਲਾਂ ਦਿੱਤੀਆਂ ਜਾਣ ਪਰ ਮਨੁੱਖੀ ਮਨ ਕਿਧਰੇ ਦੂਰ ਨਿਕਲ ਜਾਣ ਲਈ ਸਦਾ ਤਾਂਘਦਾ ਰਹਿੰਦਾ ਹੈ। ਕੁਝ ਨਵਾਂ ਵੇਖਣ ਦੀ, ਨਵਾਂ ਸੁਣਨ ਦੀ ਜਗਿਆਸਾ, ਮਨੁੱਖ ਨੂੰ ਮੁਸਾਫ਼ਰੀ ਲਈ ਉਕਸਾਉਂਦੀ ਰਹਿੰਦੀ ਹੈ।

ਰਾਂਝਾ ਤਖ਼ਤ ਹਜ਼ਾਰੇ ਰਹਿ ਕੇ ਹੀਰ ਦਾ ਪਿਆਰ ਪ੍ਰਾਪਤ ਨਹੀਂ ਸੀ ਕਰ ਸਕਦਾ।

ਸਾਡੇ ਅਤਿ ਡੂੰਘੇ ਅਨੁਭਵ, ਘਰੋਂ ਦੂਰ ਜਾ ਕੇ ਹੀ ਪ੍ਰਾਪਤ ਹੁੰਦੇ ਹਨ।

ਜਿਹੜਾ ਵਿਅਕਤੀ ਘਰ ਦਾ ਮਹੱਤਵ ਨਾ ਜਾਣਦਾ ਹੋਵੇ, ਉਸ ਨੂੰ ਯਾਤਰਾ ਉਤੇ ਟੋਰ ਦਿਓ। ਕਿਸੇ ਨੇ ਅਜੇ ਤੱਕ ਸ਼ਿਕਾਇਤ ਨਹੀਂ ਕੀਤੀ ਕਿ ਉਹ ਘਰ ਜਲਦੀ ਮੁੜ ਆਇਆ ਹੈ। ਜੇ ਹੋ ਸਕੇ ਤਾਂ ਯਾਤਰਾ ਉਤੇ ਨਿਕਲੇ ਵਿਅਕਤੀ ਨੂੰ ਆਪਣੇ ਅਨੁਭਵ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ ਜਾਂ ਯਾਤਰਾ ਦੌਰਾਨ ਆਪਣੇ ਪਿਆਰਿਆਂ ਨੂੰ ਖ਼ਤ ਲਿਖਣਾ ਚਾਹੀਦਾ ਹੈ। ਇਵੇਂ ਉਸ ਨੂੰ ਯਾਤਰਾ ਦੌਰਾਨ ਵੇਖੀਆਂ ਥਾਂਵਾਂ ਅਤੇ ਚੀਜ਼ਾਂ ਅਤੇ ਲੋਕ ਵਧੇਰੇ ਸਾਫ ਦਿਖਾਈ ਦੇਣ ਲੱਗ ਪੈਣਗੇ।

ਹੋਰ ਸਭ ਕੁਝ ਵੀ ਵੇਖਿਆ ਜਾਣਾ ਚਾਹੀਦਾ ਹੈ ਪਰ ਨਵੀਆਂ ਥਾਂਵਾਂ 'ਤੇ ਆਪਣੇ ਧੰਦੇ ਨਾਲ ਸਬੰਧਤ ਥਾਂਵਾਂ ਜ਼ਰੂਰ ਵੇਖਣੀਆਂ ਚਾਹੀਦੀਆਂ ਹਨ ਜਿਵੇਂ ਕਿਸਾਨ ਨੂੰ ਨਵੀਂ ਥਾਂ ਉਤੇ ਖੇਤੀ ਦੇ ਢੰਗ-ਤਰੀਕੇ ਜ਼ਰੂਰ ਵੇਖਣੇ ਚਾਹੀਦੇ ਹਨ ਅਤੇ ਪੱਤਰਕਾਰ ਨੂੰ ਨਵੀਂ ਥਾਂ ਦੇ ਸਮਾਚਾਰ ਪੱਤਰਾਂ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ।

ਨਵੀਂ ਥਾਂ ਉੱਤੇ ਝਗੜਾ ਕਿਸੇ ਵੀ ਕੀਮਤ ਉਤੇ ਨਹੀਂ ਕਰਨਾ ਚਾਹੀਦਾ।

ਯਾਤਰਾ ਦਾ ਗਿਆਨ ਸਾਡੇ ਪਹਿਰਾਵੇ ਵਿਚੋਂ ਹੀ ਨਹੀਂ, ਸਾਡੀ ਗੱਲਬਾਤ ਵਿਚੋਂ ਵੀ ਝਲਕਣਾ ਚਾਹੀਦਾ ਹੈ। ਅਜਿਹੇ ਵਿਅਕਤੀ ਨੂੰ ਕਹਾਣੀਆਂ ਸੁਣਾਉਣ ਦੀ ਥਾਂ, ਪ੍ਰਸ਼ਨਾਂ ਦੇ ਉੱਤਰ ਦੇਣ ਦਾ ਹੁਨਰ ਸਿੱਖਣਾ ਚਾਹੀਦਾ ਹੈ। ਯਾਤਰਾ ਉਪਰੰਤ ਆਪਣਾ ਜੀਵਨ ਢੰਗ ਹੀ ਨਹੀਂ ਬਦਲਣਾ ਚਾਹੀਦਾ, ਆਪਣਾ ਦ੍ਰਿਸ਼ਟੀਕੋਣ ਵੀ ਬਦਲਣਾ ਚਾਹੀਦਾ ਹੈ ਅਤੇ ਆਪਣੇ ਜੀਵਨ ਵਿਚੋਂ ਫ਼ਾਲਤੂ ਪ੍ਰਤੀਤ ਹੋਣ ਵਾਲੀਆਂ ਚੀਜ਼ਾਂ-ਵਸਤਾਂ ਦਾ ਤਿਆਗ ਕਰਨਾ ਚਾਹੀਦਾ ਹੈ।

ਯਾਤਰਾ ਦਾ ਅਨੁਭਵ ਯਾਤਰਾ ਉੱਤੇ ਨਿਕਲਣ ਨਾਲ ਹੀ ਮਿਲਦਾ ਹੈ।

ਗਿਆਨ ਪ੍ਰਾਪਤ ਕਰਨ ਦੇ ਤਿੰਨ ਮੁੱਖ ਸਰੋਤ ਹੁੰਦੇ ਹਨ: ਦੂਜਿਆਂ ਦੇ ਸੰਪਰਕ ਵਿੱਚ ਆ ਕੇ ਅਨੁਭਵ ਪ੍ਰਾਪਤ ਕਰਨਾ, ਪੁਸਤਕਾਂ ਰਾਹੀਂ ਅਤੀਤ ਨਾਲ ਸਬੰਧ ਸਥਾਪਤ ਕਰਨਾ ਅਤੇ ਯਾਤਰਾ ਰਾਹੀਂ ਆਪਣੀ ਦੁਨੀਆਂ ਨੂੰ ਵਿਸ਼ਾਲ ਕਰਨਾ।

ਯਾਤਰਾ ਨਾਲ ਸਾਡੇ ਅਨੁਭਵ ਦੇ ਜਿਹੜੇ ਬੂਹੇ-ਬਾਰੀਆਂ ਖੁੱਲ੍ਹਦੇ ਹਨ, ਉਹ ਕਿਸੇ ਵੀ ਹੋਰ ਢੰਗ ਨਾਲ ਨਹੀਂ ਖੁੱਲ੍ਹਦੇ। ਆਪਣੇ ਆਪ ਨੂੰ ਲੱਭਣ ਲਈ ਯਾਤਰਾ ਕਰਨੀ ਹੀ ਪਵੇਗੀ। ਜੀਵਨ ਦੇ ਅਰਥ ਸਮਝਣ ਲਈ ਮੁਸਾਫ਼ਰ ਬਣਨਾ ਹੀ ਪਵੇਗਾ। ਆਪਣੇ ਆਪ ਨੂੰ ਪਛਾਣਨ ਲਈ ਦੂਰ ਜਾਣਾ ਹੀ ਪਵੇਗਾ।

ਮੌਤ

ਅਸੀਂ ਮੌਤ ਤੋਂ ਨਹੀਂ ਡਰਦੇ, ਅਸੀਂ ਮਰਨ ਤੋਂ ਡਰਦੇ ਹਾਂ।

ਜਨਮ ਦਾ ਇੱਕ ਹੀ ਢੰਗ ਹੈ ਪਰ ਮਰਨ ਦੇ ਕਰੋੜਾਂ ਰਾਹ ਹਨ।

ਮੌਤ, ਸਮੁੱਚੇ ਜੀਵਨ ਦਾ ਇੱਕ-ਮਾਤਰ ਉਦੇਸ਼ ਹੈ।

ਜਿਊਂਦਿਆਂ ਦੇ ਮੁਕਾਬਲੇ ਮੋਇਆਂ ਦੀ ਗਿਣਤੀ ਬਹੁਤ ਵੱਡੀ ਹੈ।

ਅਸੀਂ ਬੀਮਾਰੀਆਂ ਦਾ ਇਲਾਜ ਕਰਦੇ ਹਾਂ ਪਰ ਮੌਤ ਸਾਰੀਆਂ ਬੀਮਾਰੀਆਂ ਦਾ ਇਲਾਜ ਹੁੰਦੀ ਹੈ। ਮੌਤ ਸੱਚੇ ਅਰਥਾਂ ਵਿਚ ਇੱਕ ਲੋਕਤੰਤਰਕ ਸੰਕਲਪ ਅਤੇ ਅਨੁਭਵ ਹੈ।

ਜੇ ਕਿਸੇ ਇੱਕ ਖੇਤਰ ਵਿੱਚ ਅਸੀਂ ਸਾਰੇ ਬਰਾਬਰ ਹਾਂ ਤਾਂ ਉਹ ਮੌਤ ਹੈ।

ਮੌਤ ਨੂੰ ਸਮਝਿਆ ਜਾਂ ਸਮਝਾਇਆ ਨਹੀਂ ਜਾ ਸਕਦਾ।

ਤੁਹਾਡੇ ਮਰਨ ਦੀ ਖ਼ਬਰ ਦੋ ਪ੍ਰਕਾਰ ਦੇ ਵਿਅਕਤੀ ਨਹੀਂ ਮੰਨਣਗੇ: ਜੋ ਤੁਹਾਨੂੰ ਨਫ਼ਰਤ ਕਰਦੇ ਹਨ ਅਤੇ ਜੋ ਤੁਹਾਨੂੰ ਪਿਆਰ ਕਰਦੇ ਹਨ।

ਮੌਤ ਕੁਦਰਤ ਵੱਲੋਂ ਮਨੁੱਖ ਨੂੰ ਸੁਨੇਹਾ ਹੈ ਕਿ ਤੇਰਾ ਕੰਮ ਮੁੱਕ ਗਿਆ ਹੈ।

ਪਿਆਰ ਕਰਨਾ, ਮੌਤ ਨੂੰ ਜਿੱਤ ਲੈਣ ਦਾ ਅਮਲ ਪ੍ਰਤੀਤ ਹੁੰਦਾ ਹੈ।

ਅੱਜ ਕੱਲ੍ਹ ਮਹਿੰਗਾਈ ਦੇ ਜ਼ਮਾਨੇ ਵਿੱਚ ਆਰਾਮ ਨਾਲ ਮਰਨਾ ਵੀ ਬਹੁਤ ਮਹਿੰਗਾ ਹੋ ਗਿਆ ਹੈ।

ਜਿਹੜੇ ਦੁਖੀ ਹਨ, ਉਨ੍ਹਾਂ ਨੂੰ ਇਹ ਸੋਚ ਕੇ ਸਬਰ ਕਰਨਾ ਚਾਹੀਦਾ ਹੈ ਕਿ ਜੀਵਨ ਦੀ ਮਿਆਦ ਬੜੀ ਥੋੜ੍ਹੀ ਹੈ। ਮਹੱਤਵਪੂਰਨ ਗੱਲ ਇਹ ਨਹੀਂ ਕਿ ਤੁਸੀਂ ਕਿੰਨਾ ਚਿਰ ਜਿਊਂਦੇ ਹੋ, ਸਗੋਂ ਇਹ ਹੈ ਕਿ ਤੁਸੀਂ ਕਿੰਨੀ ਮੜ੍ਹਕ ਨਾਲ ਜਿਊਂਦੇ ਹੋ।

ਮੜ੍ਹਕ ਜਾਂ ਅਣਖ, ਸਿਦਕ ਜਾਂ ਸਿਰੜ, ਆਦਰਸ਼ ਜਾਂ ਉਦੇਸ਼ ਵਾਲੇ ਵਿਅਕਤੀ ਮੌਤ ਤੋਂ ਨਹੀਂ ਡਰਦੇ, ਕਿਉਂਕਿ ਅਜਿਹੇ ਲੋਕਾਂ ਵਿੱਚ ਲੰਮਾ ਜੀਵਨ ਜਿਊਣ ਦੀ ਥਾਂ ਭਰਪੂਰ ਜੀਵਨ ਜਿਊਣ ਦੀ ਤਾਂਘ ਹੁੰਦੀ ਹੈ।

ਮੌਤ ਜੀਵਨ ਦਾ ਅੰਤ ਨਹੀਂ, ਜੀਵਨ ਦਾ ਇੱਕ ਪੜਾਅ ਹੈ।

ਚਰਚਿਲ ਨੇ ਕਿਹਾ ਸੀ, "ਮੈਂ ਰੱਬ ਨੂੰ ਮਿਲਣ ਲਈ ਤਿਆਰ ਹਾਂ, ਪਤਾ ਨਹੀਂ ਰੱਬ ਮੈਨੂੰ ਮਿਲਣ ਲਈ ਤਿਆਰ ਹੈ ਕਿ ਨਹੀਂ।" ਨੈਪੋਲੀਅਨ ਨੇ ਕਿਹਾ ਸੀ, "ਕਬਰਾਂ ਉਨ੍ਹਾਂ ਲੋਕਾਂ ਨਾਲ ਭਰੀਆਂ ਪਈਆਂ ਹਨ, ਜਿਨ੍ਹਾਂ ਬਾਰੇ ਕਿਹਾ ਜਾਂਦਾ ਸੀ ਕਿ ਸੰਸਾਰ ਉਨ੍ਹਾਂ ਬਿਨਾਂ ਚਲ ਨਹੀਂ ਸਕੇਗਾ।"

ਇੱਕ ਯੂਨਾਨੀ ਫ਼ਿਲਾਸਫ਼ਰ ਨੇ ਜਦੋਂ ਜਾਣ ਲਿਆ ਕਿ ਉਸ ਦਾ ਕੰਮ ਮੁਕ ਗਿਆ ਹੈ ਤਾਂ ਉਸਨੇ ਸਾਹ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਵਿਨੋਬਾ ਭਾਵੇ ਨੂੰ ਜਦੋਂ ਦਿਲ ਦਾ ਦੌਰਾ ਪਿਆ ਤਾਂ ਉਸ ਨੇ ਜਾਣ ਲਿਆ ਕਿ ਸੱਦਾ ਆ ਗਿਆ ਹੈ, ਹੁਣ ਚਲਿਆ ਜਾਵੇ। ਪ੍ਰਿੰਸੀਪਲ ਜੋਧ ਸਿੰਘ ਨੇ ਆਪਣੇ ਪੁੱਤਰ ਦੀ ਮੌਤ ਉਪਰੰਤ ਹੋਣ ਵਾਲੀ ਅਰਦਾਸ ਆਪ ਕੀਤੀ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਿਹਾ ਸੀ, "ਮੇਰੀ ਆਤਮਾ ਦੀ ਸ਼ਾਂਤੀ ਵਾਸਤੇ ਕੋਈ ਅਰਦਾਸ ਨਾ ਕੀਤੀ ਜਾਵੇ, ਮੇਰੀ ਆਤਮਾ ਸ਼ਾਂਤ ਹੈ, ਮੇਰੀਆਂ ਸਭ ਅਰਦਾਸਾਂ ਮੰਨੀਆਂ ਗਈਆਂ ਹਨ।" ਸਪੱਸ਼ਟ ਹੈ ਕਿ ਮਰਨ ਦੇ ਅੰਦਾਜ਼ ਨਾਲ ਸਾਡੀ ਜ਼ਿੰਦਗੀ ਦੀ ਕਿਸਮ ਪਰਖੀ ਜਾਂਦੀ ਹੈ। ਜੀਵਨ ਦੀ ਸਫ਼ਲਤਾ ਦਾ ਮਾਪ ਇਹ ਹੈ ਕਿ ਅਸੀਂ ਕਿੰਨੀ ਸਫ਼ਲਤਾ ਅਤੇ ਸਲੀਕੇ ਨਾਲ ਮਰਦੇ ਹਾਂ। ਸਮੁੱਚਾ ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸੱਚਾ ਸਿੱਖ ਮਰਦਾ ਕਿਵੇਂ ਹੈ।

ਸੰਸਾਰ ਦੇ ਸਾਰੇ ਧਰਮ ਅਸਲ ਵਿੱਚ ਮੌਤ ਦੀ ਸਮੱਸਿਆ ਸਬੰਧੀ ਹੀ ਹਨ।

ਸਾਰੇ ਧਰਮ ਮੌਤ ਦੀ ਚਿੰਤਾ, ਡਰ, ਸਹਿਮ ਆਦਿ ਨੂੰ ਘਟਾਉਣ ਜਾਂ ਕਾਬੂ ਕਰਨ ਦੇ ਹੀ ਯਤਨ ਹਨ। ਕੋਈ ਧਰਮ ਮੌਤ ਤਾਂ ਨਹੀਂ ਟਾਲ ਸਕਿਆ ਪਰ ਪਰਮਾਤਮਾ ਦੇ ਚਰਨਾਂ ਵਿੱਚ ਥਾਂ ਦਿਵਾਉਣ ਦੇ ਉਸ ਦੇ ਉਪਰਾਲੇ ਅਸਲ ਵਿੱਚ ਮੌਤ ਨੂੰ ਭੈਮੁਕਤ ਬਣਾਉਣ ਦੇ ਹੀ ਯਤਨ ਹਨ।

ਮੌਤ ਸ਼ਬਦ ਨੂੰ ਨਿਰਰਥਕ ਸਿੱਧ ਕਰਨ ਵਾਸਤੇ ਹੀ ਅਸੀਂ ਕਿਸੇ ਦੇ ਮਰਨ ਨੂੰ ਸੁਰਗਵਾਸ ਹੋਣਾ, ਗੁਜ਼ਰ ਜਾਣਾ, ਚਾਲੇ ਪਾ ਦੇਣੇ, ਚੜ੍ਹਾਈ ਕਰ ਜਾਣੀ, ਰੱਬ ਨੂੰ ਪਿਆਰੇ ਹੋ ਜਾਣਾ, ਪੂਰੇ ਹੋ ਜਾਣਾ ਆਦਿ ਢੰਗਾਂ ਰਾਹੀਂ ਪੇਸ਼ ਕਰਦੇ ਹਾਂ।

ਵਿਗਿਆਨ ਨੇ ਧਰਮ ਦੇ ਹੋਰ ਸੰਕਲਪਾਂ ਵਾਂਗ ਮੌਤ ਸਬੰਧੀ ਸੰਕਲਪ ਨੂੰ ਵੀ ਢਿੱਲਾ ਕੀਤਾ ਹੈ। ਅਜੋਕੇ ਯੁਗ ਵਿੱਚ ਵਿਗਿਆਨਕ ਸੋਚਣੀ ਵਾਲੇ ਮਨੁੱਖ ਦੇ ਮੁਕਾਬਲੇ ਧਾਰਮਿਕ ਵਿਅਕਤੀ ਮੌਤ ਤੋਂ ਵਧੇਰੇ ਡਰਦਾ ਹੈ, ਕਿਉਂਕਿ ਉਸ ਨੂੰ ਨਰਕ ਦਾ ਡਰ ਹੁੰਦਾ ਹੈ ਪਰ ਵਿਗਿਆਨਕ ਸੋਚਣੀ ਵਾਲਾ ਵਿਅਕਤੀ ਸਰੀਰ ਨੂੰ ਇਕ ਮਸ਼ੀਨ ਸਮਝਦਾ ਹੈ।

ਮੌਤ ਸਬੰਧੀ ਰਸਮਾਂ-ਰਿਵਾਜਾਂ ਦਾ ਵਿਸ਼ੇਸ਼ ਮਨੋਵਿਗਿਆਨਕ ਰੋਲ ਅਤੇ ਮਹੱਤਵ ਹੁੰਦਾ ਹੈ। ਭੂਗੋਲਿਕ ਪਰਿਸਥਿਤੀਆਂ ਕਾਰਨ ਦੁਨੀਆਂ ਦੇ ਵੱਖ-ਵੱਖ ਭਾਗਾਂ ਵਿੱਚ ਮੁਰਦੇ ਨੂੰ ਸੰਭਾਲਣ ਦੇ ਵੱਖ-ਵੱਖ ਢੰਗ ਪ੍ਰਚੱਲਤ ਹਨ। ਯਹੂਦੀ, ਮੁਸਲਮਾਨ ਅਤੇ ਈਸਾਈ ਆਦਿ ਧਰਮ ਰੇਤਲੇ ਇਲਾਕਿਆਂ ਵਿੱਚ ਉਪਜੇ ਹੋਣ ਕਾਰਨ ਮੁਰਦੇ ਨੂੰ, ਹੋਰ ਕੋਈ ਸਾਧਨ ਸੰਭਵ ਨਾ ਹੋਣ ਕਰਕੇ, ਦਫ਼ਨਾਉਣ ਲੱਗ ਪਏ।

ਮੁਰਦੇ ਨੂੰ ਬੰਨੇ ਲਾਉਣ ਅਰਥਾਤ ਅੱਖਾਂ ਤੋਂ ਪਰ੍ਹੇ ਕਰ ਦੇਣ ਕਾਰਨ ਵਿਛੜੇ ਨੂੰ ਬਰਦਾਸ਼ਤ ਕਰਨਾ ਸੌਖਾ ਹੋ ਜਾਂਦਾ ਹੈ। ਅੱਗ ਦੀ ਭੇਟ ਕਰਨ ਨਾਲ ਵਿਛੜੇ ਵਿਅਕਤੀ ਨੂੰ ਭੁਲਾਉਣਾ ਸੌਖਾ ਹੋ ਜਾਂਦਾ ਹੈ। ਮੌਤ ਸਮੇਂ ਸਬੰਧੀਆਂ ਵਿੱਚ ਰੋ ਕੇ ਆਪਣਾ ਮਨ ਹੌਲਾ ਕਰਨ ਅਰਥਾਤ ਮੌਤ ਨੂੰ ਸਵੀਕਾਰ ਕਰਨ ਵਾਸਤੇ, ਵਿਛੜੇ ਨੂੰ ਵਿਦਾ ਕਰਨ ਦਾ ਸਾਹਸ ਉਪਜਦਾ ਹੈ। ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸਾਂ ਰਾਹੀਂ ਅਸੀਂ ਵਿਛੜੇ

ਵਿਅਕਤੀ ਨਾਲੋਂ ਆਪਣਾ ਨਾਤਾ ਤੋੜਦੇ ਹਾਂ ਅਤੇ ਆਪ ਉੱਦਮ ਕਰਕੇ ਜ਼ਿੰਦਗੀ ਦੇ ਰਾਹ ਉੱਤੇ ਮੁੜ ਆਉਂਦੇ ਹਾਂ। ਆਪਣੇ ਸੁਹਿਰਦ ਸੋਗ ਅਤੇ ਵਿਰਲਾਪ ਦੇ ਅਨੁਪਾਤ ਵਿੱਚ ਹੀ ਅਸੀਂ ਜ਼ਿੰਦਗੀ ਦੇ ਯਥਾਰਥ ਨੂੰ ਸਵੀਕਾਰ ਕਰਦੇ ਹਾਂ।

ਸਾਰੀ ਹਲੀਮੀ, ਨਿਮਰਤਾ, ਹਮਦਰਦੀ, ਸਨੇਹ, ਮੋਹ ਆਦਿ ਵਾਲੀ ਸ਼ਬਦਾਵਲੀ ਮੌਤ ਦੇ ਅਨੁਭਵ ਨਾਲ ਭਰੀ ਹੋਈ ਹੈ।

ਸਾਡੇ ਜੀਵਨ ਵਿੱਚ ਮੌਤ ਗੈਰਹਾਜ਼ਰੀ ਵਿੱਚ ਵੀ ਹਾਜ਼ਰ ਹੁੰਦੀ ਹੈ। ਕੋਈ ਦਿਨ ਅਜਿਹਾ ਨਹੀਂ ਗੁਜ਼ਰਦਾ ਜਿਸ ਦਿਨ ਅਸੀਂ ਮੌਤ ਦਾ ਜ਼ਿਕਰ ਨਾ ਕਰੀਏ।

ਉਹ ਕਵੀ ਅਤੇ ਉਹ ਕਵਿਤਾ ਵਧੇਰੇ ਪ੍ਰਚਲਿਤ ਹੋਈ ਹੈ, ਜਿਸ ਦਾ ਵਿਸ਼ਾ ਮੌਤ ਹੈ। ਜਿਹੜੇ ਕਵੀ ਜੁਆਨੀ ਵਿੱਚ ਮਰ ਜਾਂਦੇ ਹਨ, ਉਹ ਮਿਥਿਹਾਸਕ ਸ਼ਖ਼ਸੀਅਤਾਂ ਬਣ ਜਾਂਦੇ ਹਨ। ਅਸੀਂ ਮੌਤ ਸਬੰਧੀ ਸੁਚੇਤ ਹੋ ਕੇ ਹੀ ਕੋਈ ਮਹੱਤਵਪੂਰਨ ਕੰਮ ਕਰ ਸਕਦੇ ਹਾਂ। ਆਪਣੇ ਆਪ ਨੂੰ ਸਮਝਣ ਲਈ ਪਹਿਲਾ ਨੁਕਤਾ ਇਹ ਹੈ ਕਿ ਅਸੀਂ ਮੰਨੀਏ ਕਿ ਅਸਾਂ ਮਰ ਜਾਣਾ ਹੈ। ਸਪੱਸ਼ਟ ਹੈ ਕਿ ਜ਼ਿੰਦਗੀ ਨੂੰ ਅਰਥ ਮਿਲਦੇ ਹੀ ਮੌਤ ਤੋਂ ਹਨ।

ਹਰ ਇੱਕ ਵਿਅਕਤੀ ਦੀ ਮੌਤ ਸਬੰਧੀ ਸਮਝ ਵੱਖਰੀ-ਵੱਖਰੀ ਹੁੰਦੀ ਹੈ।

ਕਈ ਤਾਂ ਮੌਤ ਨੂੰ ਸਜ਼ਾ ਸਮਝਦੇ ਹਨ ਅਤੇ ਕਈ ਇਸ ਨੂੰ ਸੰਪੂਰਣਤਾ ਦੇ ਅਰਥਾਂ ਵਿੱਚ ਲੈਂਦੇ ਹਨ।

ਕਈ ਇਤਨੇ ਅੱਕੇ ਹੋਏ ਹਨ ਕਿ ਉਨ੍ਹਾਂ ਲਈ ਮੌਤ ਇੱਕ ਮੁਕਤੀ ਹੁੰਦੀ ਹੈ, ਕਈ ਇਤਨੇ ਭਰੇ ਹੋਏ ਹਨ ਕਿ ਉਨ੍ਹਾਂ ਨੂੰ ਮੌਤ ਨਾਲ ਮੁਹੱਬਤ ਹੁੰਦੀ ਹੈ।

ਜਿਹੜੇ ਇਕੱਲੇ ਰਹਿਣ ਤੋਂ ਡਰਦੇ ਹਨ, ਉਹ ਮੌਤ ਤੋਂ ਵਧੇਰੇ ਡਰਦੇ ਹਨ।

ਵੱਖ ਵੱਖ ਉਮਰਾਂ ਵਿੱਚ ਸਾਡੀ ਮੌਤ ਸਬੰਧੀ ਸਮਝ ਵੱਖਰੀ ਹੁੰਦੀ ਹੈ। ਬੱਚਿਆਂ ਲਈ ਮੌਤ ਕਿਧਰੇ ਚਲੇ ਜਾਣ ਦੇ ਅਰਥ ਰੱਖਦੀ ਹੈ। ਜਵਾਨਾਂ ਲਈ 'ਮੌਤ ਅਜੇ ਬਹੁਤ ਦੂਰ ਹੈ' ਦੇ ਵਿਸ਼ਵਾਸ ਵਾਲੀ ਹੁੰਦੀ ਹੈ।

ਚਾਲ੍ਹੀ ਕੁ ਸਾਲ ਦੀ ਉਮਰ ਵਿੱਚ ਅਸੀਂ ਪਹਿਲੀ ਵਾਰ ਮੌਤ ਬਾਰੇ ਗੰਭੀਰ ਹੁੰਦੇ ਹਾਂ ਅਤੇ ਇਸ ਉਮਰ ਵਿੱਚ ਮੌਤ ਦਾ ਡਰ ਸਭ ਤੋਂ ਵਧੇਰੇ ਹੁੰਦਾ ਹੈ, ਕਿਉਂਕਿ ਇਸ ਉਮਰ ਵਿੱਚ ਮਨੁੱਖ ਨੇ ਅਨੇਕਾਂ ਕੰਮ ਆਰੰਭੇ ਹੁੰਦੇ ਹਨ ਪਰ ਪੂਰਾ ਕੋਈ ਨਹੀਂ ਹੋਇਆ ਹੁੰਦਾ। ਸੱਤਰ ਵਰ੍ਹਿਆਂ ਦੇ ਨੇੜੇ ਸਾਕ ਸਬੰਧੀਆਂ, ਮਿੱਤਰਾਂ, ਆਂਢੀਆਂ-ਗੁਆਂਢੀਆਂ ਅਰਥਾਤ ਆਪਣੀ ਉਮਰ ਦੇ ਵਿਅਕਤੀਆਂ ਦੇ ਇੱਕ-ਇੱਕ ਕਰ ਕੇ ਤੁਰ ਜਾਣ ਨਾਲ ਸਾਨੂੰ ਆਪਣੀ ਮੌਤ ਵੀ ਨੇੜੇ ਪ੍ਰਤੀਤ ਹੋਣ ਲੱਗ ਪੈਂਦੀ ਹੈ। ਪੜਦਾਦਾ, ਦਾਦਾ, ਪਿਤਾ ਆਦਿ ਜੀਵਿਤ ਹੋਣ ਦੀ ਸਥਿਤੀ ਵਿੱਚ ਪੁੱਤਰ, ਮੌਤ ਸਬੰਧੀ ਇਸ ਕਰਕੇ ਲਾਪ੍ਰਵਾਹ ਹੁੰਦਾ ਹੈ ਕਿ 'ਪਹਿਲੇ ਮੇਰਾ ਪੜਦਾਦਾ, ਫਿਰ ਦਾਦਾ, ਫਿਰ ਪਿਤਾ ਜਾਵੇਗਾ ਅਤੇ ਉਸ ਦੇ ਬਾਅਦ ਹੀ ਮੇਰੀ ਵਾਰੀ ਆਵੇਗੀ।'

ਵੇਖਿਆ ਗਿਆ ਹੈ ਕਿ ਯਤੀਮਾਂ ਨੂੰ, ਮਾਪਿਆਂ ਵਾਲੇ ਬੱਚਿਆਂ ਦੇ ਮੁਕਾਬਲੇ, ਮੌਤ ਦਾ ਡਰ ਵਧੇਰੇ ਹੁੰਦਾ ਹੈ।

ਪਿਓ ਦੇ ਮਰਨ 'ਤੇ ਵੱਡਾ ਪੁੱਤਰ ਕੁਝ ਦਿਨਾਂ ਵਿੱਚ ਹੀ ਪਿਓ ਜਿਹਾ ਇਸ ਕਰਕੇ ਲੱਗਣ ਲੱਗ ਪੈਂਦਾ ਹੈ, ਕਿਉਂਕਿ ਉਸ ਦੇ ਅਚੇਤ ਮਨ ਵਿੱਚ ਇਹ ਵਿਚਾਰ ਹੁੰਦਾ ਹੈ ਕਿ "ਹੁਣ ਵਾਰੀ ਮੇਰੀ ਹੈ।" ਬੀਮਾਰ ਰਹਿਣ ਵਾਲੇ ਬੰਦੇ ਜਾਂ ਫੌਜ ਵਿੱਚ ਨੌਕਰੀ ਕਰਨ ਵਾਲੇ ਵਿਅਕਤੀ ਜਾਂ ਖਤਰਨਾਕ ਧੰਦਿਆਂ ਵਿੱਚ ਲਗੇ ਲੋਕ ਜਾਂ ਸੰਤਾਨਹੀਣ ਪਤੀ-ਪਤਨੀ ਮੌਤ ਸਬੰਧੀ ਵਧੇਰੇ ਸੁਚੇਤ ਹੁੰਦੇ ਹਨ।

ਮੌਤ ਸਬੰਧੀ ਅਸੀਂ ਜਿਤਨੇ ਵਧੇਰੇ ਦਾਰਸ਼ਨਿਕ ਹੋਵਾਂਗੇ, ਉਤਨੀ ਹੀ ਮੌਤ ਘੱਟ ਦੁੱਖਦਾਈ ਹੋਵੇਗੀ। ਇਸ ਉਦੇਸ਼ ਅਧੀਨ ਗੁਰਬਾਣੀ ਵਿੱਚ ਸਰੀਰ ਦੀ ਨਾਸ਼ਮਾਨਤਾ ਨੂੰ ਪਾਣੀ ਦੇ ਬੁਲਬੁਲੇ ਜਾਂ ਸਾਵਣ-ਭਾਦੋਂ ਦੀਆਂ ਖੁੰਬਾਂ ਜਾਂ ਕੱਚੇ ਭਾਂਡੇ ਜਾਂ ਧੂਏਂ ਦੇ ਪਹਾੜ ਆਦਿ ਦੀਆਂ ਤਸ਼ਬੀਹਾਂ ਰਾਹੀਂ ਦ੍ਰਿੜ੍ਹ ਕਰਵਾਇਆ ਗਿਆ ਹੈ।

ਅੱਜ ਕੱਲ੍ਹ ਨਾਸਤਕ ਵਿਅਕਤੀ ਆਸਤਕਾਂ ਦੇ ਮੁਕਾਬਲੇ ਮੌਤ ਨੂੰ ਵਧੇਰੇ ਸੌਖ ਅਤੇ ਧੀਰਜ ਨਾਲ ਸਵੀਕਾਰ ਕਰਦੇ ਹਨ।

ਮਰੇ ਵਿਅਕਤੀ ਨੂੰ ਭੁੱਲਣ ਦਾ ਕਾਰਜ ਤੀਜੇ ਦਿਨ ਆਰੰਭ ਹੋ ਜਾਂਦਾ ਹੈ। ਸਲਾਨਾ ਭੋਗ ਪਾ ਕੇ ਜਾਂ ਬਰਸੀਆਂ ਮਨਾ ਕੇ, ਜੀਵਿਤ ਵਿਅਕਤੀ ਮਰੇ ਹੋਏ ਵਿਅਕਤੀ ਦਾ ਅਕਸਰ ਬਹਾਨਾ ਲਾ ਕੇ, ਅਸਲ ਵਿੱਚ ਆਪਣੀ ਹਉਮੈ ਨੂੰ ਬਾਲਣ ਪਾਉਂਦੇ ਹਨ।

ਮੌਤ ਸਬੰਧੀ ਸਾਡੀ ਸਮਝ ਤੋਂ ਸਾਡੇ ਜੀਵਨ ਨੂੰ ਦਿਸ਼ਾ ਪ੍ਰਾਪਤ ਹੁੰਦੀ ਹੈ। ਵਿਆਹ ਕਰਾਉਣਾ, ਸੰਤਾਨ ਉਪਜਾਉਣਾ, ਮਕਾਨ ਪਾਉਣਾ, ਸਾਹਿਤ ਰਚਣਾ ਜਾਂ ਕਿਸੇ ਸੰਘਰਸ਼ ਵਿੱਚ ਰੁਝਣਾ ਸਾਡੇ ਆਪਣੇ ਆਪ ਨੂੰ ਅਮਰ ਕਰਨ ਦੇ ਬਹਾਨੇ ਹੁੰਦੇ ਹਨ।

ਮੌਤ ਦੇ ਸੰਕਲਪ ਨੂੰ ਜਿਤਨੀ ਸ਼ਿੱਦਤ ਨਾਲ ਅਸੀਂ ਅਨੁਭਵ ਕਰਾਂਗੇ, ਉਤਨੀ ਹੀ ਸ਼ਿੱਦਤ ਨਾਲ ਅਸੀਂ ਜੀਵਨ ਜੀਵਾਂਗੇ।

ਜਿਹੜੇ ਮੌਤ ਤੋਂ ਡਰਦੇ ਹਨ, ਉਹ ਜੀਵਨ ਵਿੱਚ ਵੀ ਨਿਕੰਮੇ ਹੁੰਦੇ ਹਨ।

ਮੌਤ ਤੋਂ ਗੁਲਾਮਾਂ ਨੂੰ ਡਰ ਲੱਗਦਾ ਹੈ ਅਤੇ ਗੁਲਾਮਾਂ ਦੀਆਂ ਅਨੇਕਾਂ ਕਿਸਮਾਂ ਹਨ। ਨਿਕੰਮੇ ਅਤੇ ਨਾਲਾਇਕ, ਜਿਸ ਨੂੰ ਜ਼ਿੰਦਗੀ ਸਮਝਦੇ ਹਨ, ਉਹ ਕੇਵਲ ਸਾਹ ਲੈਣ ਦੀ ਕਿਰਿਆ ਹੁੰਦੀ ਹੈ।

ਜਿਸ ਉਮਰ ਵਿੱਚ ਕੋਈ ਯੋਧਾ ਮਰਦਾ ਹੈ, ਉਸ ਦੀ ਉਹ ਉਮਰ ਸਾਡੀ ਯਾਦ ਵਿੱਚ ਉੱਕਰੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਦੇ ਜਾਂ ਸਾਹਿਬਜ਼ਾਦਿਆਂ ਦੇ ਜਾਂ ਭਗਤ ਸਿੰਘ ਦੇ ਬੁੱਢੇ ਹੋਣ ਦਾ ਸਾਨੂੰ ਕਦੇ ਚਿੱਤ-ਚੇਤਾ ਵੀ ਨਹੀਂ ਆ ਸਕਦਾ। ਇਹ ਉਦੋਂ ਤੱਕ ਜੀਵਿਤ ਰਹਿਣਗੇ ਜਦੋਂ ਤੱਕ ਮਨੁੱਖਤਾ ਜ਼ੁਲਮ ਅਤੇ ਗੁਲਾਮੀ ਤੋਂ ਆਜ਼ਾਦ ਨਹੀਂ ਹੋ ਜਾਂਦੀ।

ਹਰ ਪ੍ਰਕਾਰ ਦੇ ਡਰ ਦਾ ਸੋਮਾ ਮੌਤ ਹੁੰਦੀ ਹੈ।

ਮੌਤ ਦਾ ਡਰ ਸਾਡੇ ਅਚੇਤ ਮਨ ਵਿੱਚ ਹਰ ਸਮੇਂ ਰਹਿੰਦਾ ਹੈ।

ਅਸੀਂ ਹਰ ਰੋਜ਼ ਮੌਤ ਨਾਲ ਲੁਕਣਮੀਚੀ ਖੇਡਦੇ ਹਾਂ।

ਜੇ ਪੁੱਛਿਆ ਜਾਵੇ ਤਾਂ ਬਹੁਤੇ ਲੋਕ ਰਾਤ ਨੂੰ ਆਪਣੇ ਘਰ ਸੁੱਤੇ-ਸੁੱਤੇ ਮਰਨਾ ਪਸੰਦ ਕਰਨਗੇ। ਕੋਈ ਨਹੀਂ ਚਾਹੁੰਦਾ ਕਿ ਮਰਨ ਸਮੇਂ ਕੋਈ ਉਸ ਦੇ ਚਿਹਰੇ ਦੀ ਕਰੂਪਤਾ ਨੂੰ ਵੇਖੇ। ਕੁਝ ਕਰਨ ਦੇ ਅਭਿਲਾਸ਼ੀ ਇਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਮੌਤ ਨਾਟਕੀ ਢੰਗ ਜਾਂ ਨਾਟਕੀ ਸਥਿਤੀ ਵਿੱਚ ਹੋਵੇ।

ਕਈ ਵਿਅਕਤੀ ਆਪਣੇ ਕੰਮਾਂ ਵਿੱਚ ਇਤਨੇ ਰੁੱਝੇ ਹੁੰਦੇ ਹਨ ਕਿ ਉਨ੍ਹਾਂ ਕੋਲ ਮਰਨ ਦੀ ਵਿਹਲ ਹੀ ਨਹੀਂ ਹੁੰਦੀ।

ਕਿਸੇ ਹੱਦ ਤੱਕ ਇਹ ਵੀ ਸੱਚ ਹੈ ਕਿ ਕੰਮ ਕਰਨ ਵਾਲਿਆਂ ਕੋਲ ਮੌਤ ਪਹੁੰਚਦੀ-ਪਹੁੰਚਦੀ ਪੱਛੜ ਜਾਂਦੀ ਹੈ।

ਜਵਾਨ ਦੀ ਮੌਤ ਇਸ ਲਈ ਦੁੱਖਦਾਈ ਹੁੰਦੀ ਹੈ, ਕਿਉਂਕਿ ਜਦੋਂ ਭਾਵਨਾਵਾਂ ਦੀ ਪੂੰਜੀ ਨੇ ਮੁਨਾਫ਼ਾ ਦੇਣਾ ਸ਼ੁਰੂ ਕਰਨਾ ਹੁੰਦਾ ਹੈ, ਉਸ ਵੇਲੇ ਦੀਵਾਲਾ ਨਿਕਲ ਜਾਂਦਾ ਹੈ।

ਜਵਾਨ ਦੀ ਮੌਤ ਸਿਖਰ ਦੁਪਹਿਰੇ ਸੂਰਜ ਨੂੰ ਗ੍ਰਹਿਣ ਲੱਗਣ ਵਾਂਗ ਹੁੰਦੀ ਹੈ।

ਬੱਚੇ ਦੀ ਮੌਤ ਬੜੀ ਦੁੱਖਦਾਈ ਹੁੰਦੀ ਹੈ, ਕਿਉਂਕਿ ਬਾਕੀ ਦੀ ਉਮਰ ਮਾਪੇ ਸੋਚਦੇ ਰਹਿੰਦੇ ਹਨ ਕਿ ਜੇ ਉਹ ਜਿਉਂਦਾ ਹੁੰਦਾ ਤਾਂ ਉਸ ਨੇ ਹੁਣ ਕਾਲਜ ਪੜ੍ਹਦੇ ਹੋਣਾ ਸੀ ਜਾਂ ਹੁਣ ਉਸ ਦੇ ਵਿਆਹ ਦੇ ਦਿਨ ਹੋਣੇ ਸਨ।

ਦੁਰਭਾਗਵਸ ਬੱਚਿਆਂ ਨੂੰ ਮਾਪੇ ਜੰਮਣ ਅਤੇ ਮਰਨ ਬਾਰੇ ਪ੍ਰਸ਼ਨਾਂ ਦੇ ਉੱਤਰ ਠੀਕ ਨਹੀਂ ਦਿੰਦੇ। ਜੇ ਨੇੜੇ ਦੇ ਕਿਸੇ ਸਾਕ-ਸਬੰਧੀ ਦੀ ਮੌਤ ਹੋਵੇ ਤਾਂ ਬੱਚੇ ਨੂੰ ਉਸ ਬਾਰੇ ਦੱਸਣਾ ਚਾਹੀਦਾ ਹੈ। ਇਵੇਂ ਬੱਚਾ ਯਥਾਰਥ ਉੱਤੇ ਵਧੇਰੇ ਸੌਖ ਨਾਲ ਕਾਬੂ ਪਾ ਸਕੇਗਾ ਅਤੇ ਉਸ ਦੀ ਜੀਵਨ ਸਬੰਧੀ ਸਮਝ ਬੜੀ ਡੂੰਘੀ ਹੋ ਜਾਵੇਗੀ।

ਜਨਮ ਅਤੇ ਮੌਤ ਸਬੰਧੀ ਠੀਕ ਨਾ ਦੱਸ ਕੇ ਕਈ ਮਾਪੇ ਬੱਚੇ ਦੇ ਮਾਨਸਿਕ ਵਿਕਾਸ ਨੂੰ ਕੁਰਾਹੇ ਪਾਉਂਦੇ ਹਨ।

ਡਰ ਉਦੋਂ ਡਰਾਉਣੇ ਬਣ ਜਾਂਦੇ ਹਨ ਜਦੋਂ ਸਾਨੂੰ ਕਿਸੇ ਚੀਜ਼ ਦੀ ਅਸਲੀਅਤ ਦਾ ਪਤਾ ਨਾ ਲੱਗੇ।

ਜਦੋਂ ਬੱਚੇ ਦੇ ਪ੍ਰਸ਼ਨਾਂ ਨੂੰ ਟਾਲਿਆ ਜਾਂਦਾ ਹੈ ਤਾਂ ਬੱਚੇ ਦੀ ਕਲਪਨਾ ਨਾਂਹ-ਪੱਖੀ ਸੋਚ ਦੇ ਰਾਹ ਪੈ ਜਾਂਦੀ ਹੈ। ਮੌਤ ਸਬੰਧੀ ਗਿਆਨ ਨਾਲ ਬੱਚਾ ਸੰਸਾਰ ਨੂੰ ਵਧੇਰੇ ਸੁਯੋਗਤਾ ਨਾਲ ਸਮਝਦਾ ਹੈ ਅਤੇ ਉਹ ਕਮਜ਼ੋਰ ਹੋਣ ਦੀ ਬਜਾਇ ਮਜ਼ਬੂਤ ਹੁੰਦਾ ਹੈ।

ਯਥਾਰਥ ਸਾਨੂੰ ਮਜ਼ਬੂਤ ਕਰਦਾ ਹੈ ਜਦੋਂ ਕਿ ਭੁਲੇਖੇ ਸਾਨੂੰ ਕਮਜ਼ੋਰ ਕਰਦੇ ਹਨ।

ਕੀ ਮਰ ਰਹੇ ਵਿਅਕਤੀ ਨੂੰ ਦੱਸਿਆ ਜਾਵੇ ਕਿ ਉਹ ਮਰ ਰਿਹਾ ਹੈ ?

ਜੇ ਬਚਣ ਦੀ ਇੱਕ ਕਿਰਨ ਵੀ ਹੋਵੇ ਤਾਂ ਮਰੀਜ਼ ਨੂੰ ਬਚਾਉਣ ਦਾ ਯਤਨ ਕਰਨਾ ਚਾਹੀਦਾ ਹੈ। ਜੇ ਕੋਈ ਆਸ ਨਹੀਂ ਤਾਂ ਮਰੀਜ਼ ਦੇ ਮਰਨ ਲਈ ਸਤਿਕਾਰ ਭਰੇ ਸਾਧਨਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਸਾਡੀ ਮੌਤ ਜਾਂ ਮਰਨ ਸਮੇਂ ਸਾਡੀ ਸਥਿਤੀ ਇਸ ਗੱਲ ਦਾ ਪ੍ਰਮਾਣ ਹੁੰਦੀ ਹੈ ਕਿ ਅਸੀਂ ਜ਼ਿੰਦਗੀ ਗੁਜ਼ਾਰੀ ਕਿਵੇਂ ਹੈ।

ਬਹੁਤ ਸਾਰੇ ਸੁਲਝੇ ਹੋਏ ਮਰੀਜ਼, ਦੱਸੇ ਜਾਣ ਉੱਤੇ ਆਪਣੇ ਆਪ ਨੂੰ ਬੜੇ ਸਬਰ ਨਾਲ ਸਾਂਭ ਲੈਂਦੇ ਹਨ। ਡਾਕਟਰ ਦਾ ਮੌਤ ਸਬੰਧੀ ਆਪਣਾ ਸੰਕਲਪ ਮਰੀਜ਼ਾਂ ਨੂੰ ਵਿਸ਼ਾਲ ਪੱਧਰ ਉੱਤੇ ਪ੍ਰਭਾਵਿਤ ਕਰਦਾ ਹੈ।

ਬਹੁਤ ਸਾਰੇ ਲੋਕ ਡਾਕਟਰ ਬਣਨ ਦੀ ਅਭਿਲਾਸ਼ਾ ਇਸ ਆਧਾਰ ਉੱਤੇ ਕਰਦੇ ਹਨ ਕਿ ਉਹ ਆਪਣੀ ਮੌਤ ਨੂੰ ਮੁਲਤਵੀ ਕਰ ਲੈਣਗੇ।

ਡਾਕਟਰ ਦੇ ਚਿਹਰੇ ਦੀ ਨਿਰਾਸਤਾ ਜਾਂ ਚੜ੍ਹਦੀ ਕਲਾ ਦੀ ਭਾਵਨਾ, ਮਰੀਜ਼ ਦੀ ਸਥਿਤੀ ਵਿੱਚ ਸੰਕਟ ਉਪਜਾਉਂਦੀ ਜਾਂ ਸੁਧਾਰ ਲਿਆਉਂਦੀ ਹੈ।

ਹਰ ਮਰੀਜ਼ ਆਪਣੀ ਬੀਮਾਰੀ ਨੂੰ ਕਿਸੇ ਅਸਫਲਤਾ ਨਾਲ ਜੋੜਦਾ ਹੈ ਪਰ ਉਹ ਆਪਣੇ ਠੀਕ ਹੋਣ ਲਈ ਡਾਕਟਰ ਦੇ ਮੂੰਹ ਵੱਲ ਵੇਖਦਾ ਹੈ।

ਮੌਤ ਸਬੰਧੀ ਸਾਨੂੰ ਉਸਾਰੂ ਦ੍ਰਿਸ਼ਟੀਕੋਣ ਉਸਾਰਨਾ ਚਾਹੀਦਾ ਹੈ।

ਮੌਤ ਤੋਂ ਡਰਨ ਦੀ ਥਾਂ ਇਸ ਨੂੰ ਸਮਝਣ ਨਾਲ ਅਸੀਂ ਵਧੇਰੇ ਸਾਰਥਕ ਜੀਵਨ ਜੀਅ ਸਕਦੇ ਹਾਂ। ਸਾਰਥਕ ਜੀਵਨ ਨੂੰ ਲੰਬਾਈ ਅਨੁਸਾਰ ਨਹੀਂ ਸਗੋਂ ਡੂੰਘਾਈ ਅਨੁਸਾਰ ਮਾਪਣਾ ਚਾਹੀਦਾ ਹੈ।

ਨਾਸਤਕ

ਮੈਂ ਨਾਸਤਕ ਹਾਂ ਅਤੇ ਰੱਬ ਨੂੰ ਇਸ ਗੱਲ ਦਾ ਪਤਾ ਹੈ।

ਸੰਸਾਰ ਵਿੱਚ ਜੋ ਵੀ ਵਿਅਕਤੀ ਆਪਣੇ ਆਪ ਨੂੰ ਨਾਸਤਕ ਕਹਿਣ ਦੀ ਦਲੇਰੀ ਕਰਦਾ ਹੈ, ਉਹ ਰੱਬ ਤੋਂ ਉਤਨਾ ਮੁਨਕਰ ਨਹੀਂ ਹੋ ਰਿਹਾ ਹੁੰਦਾ, ਜਿਤਨਾ ਉਸ ਦਾ ਨਾਂ ਬਦਨਾਮ ਕਰਨ ਵਾਲਿਆਂ ਤੋਂ ਦੁਖੀ ਹੋ ਰਿਹਾ ਹੁੰਦਾ ਹੈ।

ਰੱਬ ਵੱਲੋਂ ਨਾਸਤਕਾਂ ਨੂੰ ਆਸਤਕ ਬਣਾਉਣ ਲਈ ਕਰਾਮਾਤਾਂ ਵਿਖਾਉਣ ਦੀ ਲੋੜ ਨਹੀਂ, ਉਸ ਦੇ ਸਿੱਧੇ ਅਤੇ ਸਾਦ-ਮੁਰਾਦੇ ਕਰਾਮਾਤਾਂ ਵਰਗੇ ਕੰਮ ਹੀ ਉਸ ਦੀ ਹੋਂਦ ਜਤਲਾਉਣ ਲਈ ਕਾਫ਼ੀ ਹਨ।

ਅਜੋਕੇ ਯੁੱਗ ਵਿੱਚ ਜਿਸ ਨਿਰਲੱਜਤਾ ਨਾਲ ਧਰਮ ਦੀ ਸ਼ਤਰੰਜ ਖੇਡੀ ਜਾ ਰਹੀ ਹੈ, ਉਸ ਨਾਲ ਮਨੁੱਖ ਦਾ ਮਨੁੱਖ ਵਿੱਚੋਂ ਵਿਸ਼ਵਾਸ ਉੱਠਦਾ ਜਾ ਰਿਹਾ ਹੈ ਪਰ ਇਸ ਸਭ ਕੁਝ ਨੂੰ ਜੇ ਰੱਬ ਬਰਦਾਸ਼ਤ ਕਰ ਰਿਹਾ ਹੈ ਤਾਂ ਇਹੀ ਕਹਿਣਾ ਯੋਗ ਹੋਵੇਗਾ ਕਿ ਇਸ ਵੱਡੀ ਸਾਜ਼ਿਸ਼ ਵਿੱਚ ਰੱਬ ਪੁਜਾਰੀਆਂ ਦਾ ਭਾਈਵਾਲ ਹੈ।

ਕਿਸੇ ਨੇ ਕਿਹਾ ਸੀ, ਜਿਉਂ-ਜਿਉਂ ਮੈਂ ਮਨੁੱਖ ਦੇ ਵਿਵਹਾਰ ਨੂੰ ਵੇਖਦਾ ਹਾਂ ਤਿਉਂ-ਤਿਉਂ ਮੇਰੇ ਮਨ ਵਿੱਚ ਆਪਣੇ ਕੁੱਤੇ ਪ੍ਰਤੀ ਸਤਿਕਾਰ ਵੱਧਦਾ ਜਾ ਰਿਹਾ ਹੈ। ਕਿਸੇ ਨੇ ਸੱਪ ਨੂੰ ਪੁੱਛਿਆ,"ਤੂੰ ਕੱਟਣਾ ਕਿੱਥੋਂ ਸਿੱਖ ਲਿਆ ਹੈ, ਤੂੰ ਤਾਂ ਕਦੀ ਦਿੱਲੀ ਰਿਹਾ ਨਹੀਂ?"

ਸੋ ਨਾਸਤਕ ਹੋਣਾ ਰੱਬ ਦੀ ਬੇਦਖਲੀ ਦਾ ਐਲਾਨਨਾਮਾ ਨਹੀਂ, ਮਨੁੱਖ ਦੀਆਂ ਕਰਤੂਤਾਂ ਦੀ ਲੰਮੀ ਇਬਾਰਤ ਦਾ ਸੰਖੇਪ ਵਰਣਨ ਅਤੇ ਸਥਿਤੀ ਨੂੰ ਇਸ ਹੱਦ ਤੱਕ ਨਿਘਰਨ ਦੇਣ ਲਈ ਜ਼ਿੰਮੇਵਾਰ ਹੋਣ ਕਾਰਨ, ਰੱਬ ਪ੍ਰਤੀ ਅਵਿਸ਼ਵਾਸ ਦਾ ਪ੍ਰਗਟਾਵਾ ਹੁੰਦਾ ਹੈ।

ਕੇਵਲ ਚਾਹੁਣ ਨਾਲ ਜਾਂ ਕੇਵਲ ਕਹਿਣ ਨਾਲ ਕੋਈ ਨਾਸਤਕ ਨਹੀਂ ਬਣ ਜਾਂਦਾ। ਨਾਸਤਕ ਬਣਨ ਲਈ ਬੜੀ ਉੱਚੀ ਮਾਨਸਿਕ ਪੱਧਰ ਦੇ ਆਤਮ-ਵਿਸ਼ਵਾਸ ਦੀ ਲੋੜ ਹੁੰਦੀ ਹੈ। ਅਜਿਹਾ ਆਤਮ-ਵਿਸ਼ਵਾਸ ਵਿਰਲੇ ਵਿਅਕਤੀਆਂ ਵਿੱਚ ਹੀ ਹੁੰਦਾ ਹੈ। ਇਹੋ ਜਿਹਾ ਆਤਮ-ਵਿਸ਼ਵਾਸ ਮਨਸੂਰ ਵਿੱਚ ਸੀ।

ਨਾਸਤਕ ਹੋਣਾ ਉਤਨਾ ਰੱਬ ਪ੍ਰਤੀ ਅਵਿਸ਼ਵਾਸ ਦਾ ਪ੍ਰਗਟਾਵਾ ਨਹੀਂ ਹੁੰਦਾ, ਜਿਤਨਾ ਆਪਣੇ ਪੈਰਾਂ 'ਤੇ ਖਲੋਣ ਅਤੇ ਸਿਰ ਉੱਚਾ ਕਰਕੇ ਸੋਚਣ ਦਾ ਐਲਾਨ ਹੁੰਦਾ ਹੈ।

ਰੱਬ ਵਿੱਚ ਵਿਸ਼ਵਾਸ ਤਾਂ ਲਾਪ੍ਰਵਾਹੀ ਨਾਲ ਵੀ ਕੀਤਾ ਜਾ ਸਕਦਾ ਹੈ ਪਰ ਉਸ ਤੋਂ ਮੁਨਕਰ ਹੋਣ ਲਈ ਅਤਿਅੰਤ ਡੂੰਘੀ ਅਤੇ ਵਿਸ਼ਾਲ ਜ਼ਿੰਮੇਵਾਰੀ ਦੀ ਭਾਵਨਾ ਦਾ ਪ੍ਰਗਟਾਵਾ ਕਰਨਾ ਪਵੇਗਾ।

ਜੇ ਕੋਈ ਰੱਬ ਹੈ ਤਾਂ ਉਹ ਨਿਸ਼ਚੇ ਹੀ ਚਾਹੁੰਦਾ ਹੋਵੇਗਾ ਕਿ ਅਸੀਂ ਆਪਣੇ ਪੈਰਾਂ ਉਤੇ ਖਲੋਈਏ ਪਰ ਧਰਮ ਸਾਨੂੰ ਸਿਰ-ਪਰਨੇ ਖਲੋਣ ਲਈ ਮਜਬੂਰ ਕਰਦਾ ਹੈ।

ਰੱਬ ਦੇ ਮੁਕਾਬਲੇ ਵਿਰੋਧੀ ਧਿਰ ਖੜ੍ਹੀ ਕਰਨੀ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ, ਕਿਉਂਕਿ ਧਰਮ ਨੇ ਮਨੁੱਖ ਨੂੰ ਇਸ ਹੱਦ ਤੱਕ ਡਰਾਇਆ-ਧਮਕਾਇਆ ਹੋਇਆ ਹੈ ਕਿ ਉਹ ਲੰਮੇ ਸਫ਼ਰ ਉੱਤੇ ਇਕੱਲਿਆਂ ਟੁਰ ਪੈਣ ਦੀ ਦਲੇਰੀ ਗੁਆ ਬੈਠਾ ਹੈ। ਬੀਮਾਰੀ, ਦੁੱਖ, ਵਿਛੋੜਾ, ਸੰਤਾਪ, ਸੰਕਟ, ਮੌਤ ਆਦਿ ਜ਼ਿੰਦਗੀ ਦੇ ਸਾਧਾਰਣ ਵਰਤਾਰੇ ਹਨ ਪਰ ਧਰਮ ਨੇ ਇਨ੍ਹਾਂ ਨੂੰ ਇਤਨਾ ਵਧਾ-ਚੜ੍ਹਾ ਕੇ ਪੇਸ਼ ਕੀਤਾ ਹੈ ਕਿ ਮਨੁੱਖ ਇੱਕ ਅੰਧ-ਵਿਸ਼ਵਾਸ ਤੋਂ ਮੁਕਤ ਹੁੰਦਾ ਹੈ ਤਾਂ ਦੂਜੇ ਵਿੱਚ ਘਿਰ ਜਾਂਦਾ ਹੈ ਅਤੇ ਘਿਰਿਆ ਹੋਇਆ ਮਨੁੱਖ ਧਰਮ ਵੱਲ ਦੌੜਦਾ ਹੈ।

ਜਦੋਂ ਮਨੁੱਖ ਨੇ ਆਪਣੇ ਫੈਸਲੇ ਆਪ ਕਰਨੇ ਸਿੱਖ ਲਏ ਤਾਂ ਉਹ ਉਦੋਂ ਹੀ ਸਹੀ ਅਰਥਾਂ ਵਿੱਚ ਸੱਚਾ ਇਨਸਾਨ ਅਖਵਾਏਗਾ।

ਧਰਮ ਦੇ ਪ੍ਰਭਾਵ ਅਧੀਨ ਮਨੁੱਖ ਹਰ ਇੱਕ ਨਿਰਣਾ ਰੱਬ ਉੱਤੇ ਛੱਡਦਾ ਆਇਆ ਹੈ ਪਰ ਅਜੋਕੇ ਯੁੱਗ ਵਿੱਚ ਰੱਬ ਇੱਕ ਯੋਗ ਪ੍ਰਬੰਧਕ ਸਾਬਤ ਨਹੀਂ ਹੋ ਰਿਹਾ। ਇਸੇ ਲਈ ਹੌਲੀ ਹੌਲੀ ਮਨੁੱਖ ਉਸ ਤੋਂ ਅਸਤੀਫੇ ਦੀ ਮੰਗ ਕਰਨ ਲੱਗ ਪਿਆ ਹੈ।

ਮਨੁੱਖ ਦੀ ਅੰਤਮ ਬਗ਼ਾਵਤ ਰੱਬ ਦੇ ਵਿਰੁਧ ਹੀ ਹੋਵੇਗੀ।

ਵਿਗਿਆਨ ਨੇ ਰੱਬ ਦੀ ਬਾਦਸ਼ਾਹੀ ਨੂੰ ਵੰਗਾਰਿਆ ਹੈ। ਧਰਮ ਨੇ ਬ੍ਰਹਿਮੰਡ ਦੀ ਉੱਤਪਤੀ, ਜੀਵਨ ਦੇ ਵਿਕਾਸ, ਧਰਤੀ ਦੀ ਬ੍ਰਹਿਮੰਡ ਵਿੱਚ ਸਥਿਤੀ, ਮਨੁੱਖ ਦੇ ਅਤੀਤ ਅਤੇ ਦਿਸਦੇ ਸੰਸਾਰ ਪ੍ਰਤੀ ਭੁਲੇਖੇ ਅਤੇ ਅੰਧ-ਵਿਸ਼ਵਾਸ ਸਿਰਜੇ ਹਨ। ਵਿਗਿਆਨ ਨੇ ਮਨੁੱਖ ਦੀਆਂ ਅੱਖਾਂ ਵਿੱਚ ਗਿਆਨ ਦਾ ਸੁਰਮਾ ਪਾਇਆ ਹੈ ਅਤੇ ਨਤੀਜੇ ਵਸ ਧਰਮ, ਲੋਟੂ ਜਮਾਤਾਂ ਵੱਲੋਂ ਰੱਬ ਦਾ ਡਰ ਫੈਲਾ ਕੇ ਸਧਾਰਣ ਭੋਲੇ-ਭਾਲੇ ਲੋਕਾਂ ਨੂੰ ਲੁੱਟਣ ਦੀ ਇੱਕ ਸਾਜ਼ਿਸ਼ ਪ੍ਰਤੀਤ ਹੋਣ ਲੱਗ ਪਿਆ ਹੈ।

ਭਾਰਤ ਵਿੱਚ ਬ੍ਰਾਹਮਣਾਂ ਨੇ ਕਦੀ ਕੁਝ ਪੈਦਾ ਨਹੀਂ ਕੀਤਾ ਪਰ ਸਭ ਤੋਂ ਚੰਗਾ ਜੀਵਨ ਇਨ੍ਹਾਂ ਨੇ ਗੁਜ਼ਾਰਿਆ ਹੈ ਅਤੇ ਧਰਮ ਦੇ ਨਾਂ ਉਤੇ ਮਨੁੱਖ ਦੀ ਜੋ ਦੁਰਗੱਤ ਇਨ੍ਹਾਂ ਨੇ ਕੀਤੀ ਹੈ, ਉਸ ਦੀ ਇਬਾਰਤ ਕਿਸੇ ਵੀ ਹਰੀਜਨ ਦੇ ਮੁਰਝਾਏ ਹੋਏ ਚਿਹਰੇ ਉਤੋਂ ਸਹਿਜੇ ਹੀ ਪੜ੍ਹੀ ਜਾ ਸਕਦੀ ਹੈ।

ਜਿੱਥੇ ਕਿੱਧਰੇ ਵੀ ਸੰਸਾਰ ਵਿਚ ਧਰਮ ਦਾ ਵਧੇਰੇ ਅਤੇ ਵਿਆਪਕ ਬੋਲਬਾਲਾ ਹੈ, ਉਥੇ ਗਰੀਬੀ ਹੈ, ਅੰਧ-ਵਿਸ਼ਵਾਸਾਂ ਦੀ ਦਲਦਲ ਹੈ, ਬੀਮਾਰੀ ਹੈ, ਅਨਪੜ੍ਹਤਾ ਹੈ। ਇਹ ਅਲਾਮਤਾਂ ਧਰਮ ਦਾ ਨਤੀਜਾ ਵੀ ਹਨ ਅਤੇ ਧਰਮ ਦੇ ਫੈਲਣ ਦਾ ਕਾਰਨ ਵੀ ਹਨ।

ਧਰਮ ਪਲਦਾ ਹੀ ਉਥੇ ਹੈ ਜਿੱਥੇ ਕਿੰਤੂ ਕਰਨ ਦੀ ਆਗਿਆ ਨਹੀਂ।

ਧਰਮ ਵਿਸ਼ਵਾਸ ਉੱਤੇ ਨਹੀਂ, ਅੰਧ-ਵਿਸ਼ਵਾਸ ਉੱਤੇ ਉਸਰਿਆ ਪਿਆ ਹੈ।

ਧਰਮ ਦੇ ਨਸ਼ੇ ਵਿੱਚ ਵਿਸ਼ਾਲ ਮਾਨਵ-ਜਗਤ ਇਸ ਹੱਦ ਤੱਕ ਬੇਹੋਸ਼ ਹੈ ਕਿ ਇਨ੍ਹਾਂ ਲੋਕਾਂ ਨੂੰ ਜਿਹੜਾ ਵੀ ਜਗਾਉਣ ਦਾ ਯਤਨ ਕਰਦਾ ਹੈ, ਉਸ ਨੂੰ ਸਾਰੇ ਰਲ ਕੇ ਮੌਤ ਦੇ ਘਾਟ ਉਤਾਰ ਦਿੰਦੇ ਹਨ।

ਨਿਰਸੰਦੇਹ ਧਰਮ ਨੇ ਮੱਧਯੁੱਗ ਵਿੱਚ ਉਪਯੋਗੀ ਰੋਲ ਨਿਭਾਇਆ ਸੀ ਅਤੇ ਸਮਾਜ ਦੇ ਨਿਰਮਾਣ ਵਿੱਚ ਇਸ ਦੀ ਦੇਣ ਨੂੰ ਛੁਟਿਆਇਆ ਨਹੀਂ ਜਾ ਸਕਦਾ।

ਧਰਮ ਡਰੇ ਹੋਏ ਮਨੁੱਖ ਦੀਆਂ ਲੋੜਾਂ ਅਤੇ ਇੱਛਾਵਾਂ ਦੀ ਉਪਜ ਸੀ।

ਪਹਿਲਾਂ ਮਨੁੱਖ ਨੇ ਦੇਵਤੇ ਸਿਰਜੇ ਅਤੇ ਉਨ੍ਹਾਂ ਦੀ ਪੂਜਾ ਵਿਚੋਂ ਸਮੂਹਿਕ ਜੀਵਨ ਦੀ ਜਾਚ ਸਿੱਖੀ। ਦੇਵਤੇ ਮਨੁੱਖੀ ਜੀਵਨ ਦੀਆਂ ਸਹਾਇਕ ਸ਼ਕਤੀਆਂ ਵਜੋਂ ਕਲਪਨਾ ਦੀ ਪੱਧਰ ਉਤੇ ਉਸਾਰੇ ਗਏ ਸਨ। ਪ੍ਰਕ੍ਰਿਤੀ ਨਾਲ ਆਪਣੇ ਨਿਰੰਤਰ ਘੋਲ ਵਿੱਚ ਮਨੁੱਖ ਨੇ ਆਪਣੇ ਆਪ ਨੂੰ ਸੰਗਠਿਤ ਕਰਨ ਦੌਰਾਨ, ਕਬੀਲਿਆਂ ਵਿਚਕਾਰ ਆਪਸੀ ਵਿਰੋਧ ਕਾਰਨ, ਦੇਵਤਿਆਂ ਵਿੱਚ ਵੀ ਵਿਰੋਧ ਦੀ ਕਲਪਨਾ ਕੀਤੀ ਗਈ। ਇਵੇਂ ਆਪਣੇ ਦੇਵਤੇ ਨੇਕੀ ਦੇ ਪ੍ਰਤੀਕ ਅਤੇ ਵਿਰੋਧੀ ਦੇਵਤੇ ਬਦੀ ਦੇ ਪ੍ਰਤੀਕ ਸਵੀਕਾਰ ਕੀਤੇ ਗਏ।

ਸਮੁੱਚਾ ਮੱਧਯੁਗੀ ਸਾਹਿਤ ਨੇਕੀ ਅਤੇ ਬਦੀ ਦੀ ਟੱਕਰ ਨੂੰ ਪੇਸ਼ ਕਰਦਾ ਹੈ।

ਜੀਵਨ ਦੇ ਟਿਕ ਜਾਣ ਨਾਲ, ਖੇਤੀਬਾੜੀ ਦੇ ਵਿਕਸਿਤ ਹੋਣ ਨਾਲ ਅਤੇ ਆਪਸੀ ਆਦਾਨ-ਪ੍ਰਦਾਨ ਨਾਲ ਸਭ ਪ੍ਰਕਾਰ ਦੇ ਵਾਦਵਿਵਾਦਾਂ ਤੋਂ ਮੁਕਤ ਇੱਕ ਸਰਵਉੱਚ ਸ਼ਕਤੀ, ਰੱਬ ਦੀ ਕਲਪਨਾ ਕੀਤੀ ਗਈ।

ਮਨੁੱਖ ਦੀਆਂ ਮਹਾਨਤਮ ਕਾਢਾਂ ਵਿੱਚੋਂ ਰੱਬ ਦੀ ਕਾਢ ਅੱਜ ਵੀ ਸਰਵੋਤਮ ਹੈ।

ਹਰ ਜਾਤੀ ਜਾਂ ਫਿਰਕੇ ਨੇ ਰੱਬ ਨੂੰ ਕੇਂਦਰ ਵਿੱਚ ਰੱਖ ਕੇ ਆਪਣੇ ਜੀਵਨ ਨੂੰ ਵਿਉਂਤਿਆ ਹੈ। ਇਵੇਂ ਰੱਬ-ਕੇਂਦਰਿਤ ਧਰਮਾਂ ਦਾ ਨਿਰਮਾਣ ਹੋਇਆ ਹੈ।

ਧਰਮ ਨੇ ਮਨੁੱਖ ਦੇ ਮਨ ਵਿੱਚ ਉੱਠਣ ਵਾਲੇ ਹਰ ਇੱਕ ਸੰਸੇ ਦਾ ਆਪਣੇ ਹੀ ਤਰਕ ਨਾਲ ਉੱਤਰ ਦਿੱਤਾ ਹੈ। ਇਵੇਂ ਹਰ ਧਰਮ ਇੱਕ ਸਵੈ-ਸੰਪੰਨ, ਵਿਸ਼ਾਲ ਸੰਭਾਵਨਾਵਾਂ ਵਾਲਾ ਵਰਤਾਰਾ ਬਣਿਆ ਹੈ।

ਧਰਮ ਮਨੁੱਖ ਨੂੰ ਡਰਾ ਕੇ ਉਸ ਨੂੰ ਮਾੜੇ ਕੰਮ ਕਰਨ ਤੋਂ ਰੋਕਦਾ ਹੈ ਅਤੇ ਉਸ ਨੂੰ ਇਸ ਜੀਵਨ ਦੀਆਂ ਮਾਯੂਸੀਆਂ, ਮਜਬੂਰੀਆਂ, ਲਾਚਾਰੀਆਂ, ਬੇਵੱਸੀਆਂ ਆਦਿ ਨੂੰ ਬਿਨਾਂ ਕਿਸੇ ਇਤਰਾਜ਼ ਦੇ ਬਰਦਾਸ਼ਤ ਕਰਨ ਦੀ ਨਸੀਹਤ ਦੇ ਕੇ ਅਗਲੇ ਜਨਮ ਦੇ ਚੰਗਾ ਹੋਣ ਦੀ ਆਸ ਬਨ੍ਹਾਉਂਦਾ ਹੈ।

ਹਰ ਧਰਮ ਵਿੱਚ ਸਮੇਂ ਦੇ ਬੀਤਣ ਨਾਲ ਇੱਕ ਪੁਜਾਰੀ ਵਰਗ ਹੋਂਦ ਵਿੱਚ ਆਇਆ ਹੈ ਅਤੇ ਇਸ ਪੁਜਾਰੀ ਵਰਗ ਨੇ ਆਪਣੇ ਸੁਆਰਥ ਅਨੁਸਾਰ ਧਾਰਮਿਕ ਗ੍ਰੰਥਾਂ ਦੇ ਅਰਥ ਸਥਾਪਤ ਕੀਤੇ ਹਨ। ਇਵੇਂ ਧਰਮ ਮਨੁੱਖ ਦੀ ਕਲਿਆਣਕਾਰੀ ਸ਼ਕਤੀ ਵਜੋਂ ਹੋਂਦ ਵਿੱਚ ਆਇਆ ਸੀ, ਪਰ ਪੁਜਾਰੀਆਂ ਨੇ ਹਾਕਮ ਵਰਗ ਨਾਲ ਰਲ ਕੇ, ਧਰਮ ਨੂੰ ਮਨੁੱਖ ਵਿਰੁੱਧ ਇਕ ਸੂਖਮ ਹਥਿਆਰ ਵਜੋਂ ਵਰਤਿਆ ਹੈ।

ਛਾਪੇਖਾਨੇ ਨੇ ਪੁਜਾਰੀਆਂ ਦੀ ਧਾਰਮਿਕ ਗ੍ਰੰਥਾਂ ਉਤੇ ਇਜਾਰੇਦਾਰੀ ਨੂੰ ਖ਼ਤਮ ਕਰਕੇ ਧਾਰਮਿਕ ਗ੍ਰੰਥਾਂ ਨੂੰ ਹਰ ਇੱਕ ਵਿਅਕਤੀ ਦੀ ਪਹੁੰਚ ਵਿੱਚ ਲੈ ਆਂਦਾ ਹੈ। ਇਵੇਂ ਪੁਜਾਰੀਆਂ ਦਾ ਡਰ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਦੀ ਵਿਦਵਤਾ ਦਾ ਭਰਮ ਵੀ ਟੁੱਟਦਾ ਗਿਆ ਹੈ।

ਧਰਮ ਨੇ ਮਨੁੱਖ ਨੂੰ ਉਸ ਦੇ ਅਚੇਤ ਮਨ ਤੱਕ ਪ੍ਰਭਾਵਿਤ ਕੀਤਾ ਹੋਇਆ ਹੈ, ਇਸੇ ਕਰਕੇ ਕਿਹਾ ਜਾਣ ਲੱਗ ਪਿਆ ਹੈ ਕਿ ਮਨੁੱਖ ਦਾ ਧੁਰ-ਅੰਦਰਲਾ ਅੰਧ-ਵਿਸ਼ਵਾਸੀ ਹੈ।

ਧਰਮ ਨੇ ਧਾਰਮਿਕ ਅੰਧ-ਵਿਸ਼ਵਾਸਾਂ ਵਿਰੁੱਧ ਉਠਾਏ ਗਏ ਹਰ ਇੱਕ ਤਰਕ ਦਾ ਵਿਰੋਧ ਕੀਤਾ ਹੈ। ਇਵੇਂ ਧਰਮ ਮਨੁੱਖ ਦੀ ਸਹਿਯੋਗੀ ਅਤੇ ਉਪਯੋਗੀ ਸ਼ਕਤੀ ਦੀ ਥਾਂ, ਉਸ ਦੀ ਵਿਰਧੀ ਸ਼ਕਤੀ ਬਣ ਗਿਆ ਹੈ।

ਧਰਮ ਸਮੇਤ ਹਰ ਇੱਕ ਸੰਸਥਾ, ਆਪਣੀਆਂ ਸੰਭਾਵਨਾਵਾਂ ਹੰਢਾਉਣ ਉਪਰੰਤ ਮਨੁੱਖ ਦੇ ਅਗਲੇਰੇ ਵਿਕਾਸ ਦੇ ਰਾਹ ਵਿੱਚ ਰੋੜਾ ਬਣ ਜਾਂਦੀ ਹੈ।

ਅਜੋਕੇ ਯੁੱਗ ਵਿੱਚ ਧਰਮ ਅਜਿਹਾ ਹੀ ਰੋੜਾ ਬਣਿਆ ਹੋਇਆ ਹੈ।

ਭਾਰਤ ਸੰਤਾਂ, ਸਾਧਾਂ, ਗੁਰੂਆਂ, ਪੀਰਾਂ, ਰਿਸ਼ੀਆਂ, ਮੁਨੀਆਂ ਦਾ ਦੇਸ਼ ਹੈ ਅਤੇ ਧਰਮ ਨੂੰ ਜਿਸ ਪੱਧਰ ਤੱਕ ਸਾਡੇ ਦੇਸ਼ ਵਿੱਚ ਮੰਨਿਆ ਜਾਂਦਾ ਹੈ, ਉਤਨਾ ਸੰਸਾਰ ਦੇ ਕਿਸੇ ਵੀ ਦੇਸ਼ ਵਿੱਚ ਨਹੀਂ ਮੰਨਿਆ ਜਾਂਦਾ, ਪਰ ਸਾਰੇ ਦੇਵਤੇ ਰਲ ਕੇ ਵੀ ਸਾਡੀਆਂ ਪਦਾਰਥਕ ਲੋੜਾਂ ਪੂਰੀਆਂ ਨਹੀਂ ਕਰ ਰਹੇ।

ਸਾਡੇ ਦੇਸ਼ ਵਿੱਚ ਕਾਰਖਾਨਿਆਂ ਵਿੱਚ ਉਤਨੇ ਘੰਟੇ ਕੰਮ ਨਹੀਂ ਹੁੰਦਾ, ਜਿਤਨੇ ਘੰਟੇ ਧਾਰਮਿਕ ਸਥਾਨਾਂ ਵਿੱਚ ਪੂਜਾ ਹੁੰਦੀ ਹੈ।

ਭਾਰਤ ਦੇ ਲੋਕ ਧਰਮ ਤੋਂ ਸਿਵਾਇ ਜੀਵਨ ਦੇ ਹਰ ਪੱਖ ਪ੍ਰਤੀ ਲਾਪ੍ਰਵਾਹ ਹਨ।

ਦੇਸ਼ ਦੀ ਲਗਭਗ ਸੱਤ ਪ੍ਰਤੀਸ਼ਤ ਆਬਾਦੀ ਧਰਮ ਦੇ ਖੇਤਰ ਵਿੱਚ ਰੁੱਝੀ ਹੋਈ ਹੈ ਅਤੇ ਅੰਧ-ਵਿਸ਼ਵਾਸ ਫੈਲਾਉਣ ਅਤੇ ਮਨੁੱਖ ਨੂੰ ਮਨੁੱਖ ਨਾਲ ਲੜਾਉਣ ਦਾ ਕਾਰਜ ਨਿਭਾ ਰਹੀ ਹੈ।

ਹਰ ਇੱਕ ਧਰਮ ਨੇ ਮਨੁੱਖ ਨੂੰ ਮੌਤ ਅਤੇ ਮੌਤ ਉਪਰੰਤ ਪਾਪਾਂ ਦੀ ਸਜ਼ਾ ਦਾ ਡਰਾਵਾ ਦਿੱਤਾ ਹੈ। ਇਸ ਉਦੇਸ਼ ਲਈ ਨਰਕ ਅਤੇ ਸਵਰਗ ਸਿਰਜੇ ਗਏ ਹਨ ਅਤੇ ਧਾਰਮਿਕ ਰਹੁ-ਰੀਤਾਂ ਦਾ ਇਕ ਵਿਸ਼ਾਲ ਕਰਮਕਾਂਡ ਉਸਾਰਿਆ ਗਿਆ ਹੈ।

ਮੌਤ, ਮਰ ਜਾਣ ਵਾਲੇ ਵਾਸਤੇ ਨਹੀਂ, ਉਸ ਮਗਰੋਂ ਆਰਥਿਕ ਮੁਸ਼ਕਿਲਾਂ ਦਾ ਸਾਹਮਣਾ ਕਰਨ ਵਾਲਿਆਂ ਵਾਸਤੇ ਦੁੱਖਦਾਈ ਹੁੰਦੀ ਹੈ। ਇਸ ਦੇ ਕਾਰਨ ਆਰਥਿਕ ਹਨ ਪਰ ਧਰਮ ਨੇ ਇਸ ਵਰਤਾਰੇ ਨੂੰ ਰੱਬ ਦੀ ਕਰੋਪੀ ਬਣਾ ਕੇ ਪੇਸ਼ ਕੀਤਾ ਹੈ।

ਪਤਨੀ ਇਸ ਲਈ ਮਰ ਗਏ ਪਤੀ ਨੂੰ ਰੋਂਦੀ ਹੈ, ਕਿਉਂਕਿ ਉਸ ਦਾ ਆਰਥਿਕ ਸਹਾਰਾ ਲੋਪ ਹੋ ਜਾਂਦਾ ਹੈ। ਬੀਮੇ ਦੇ ਪ੍ਰਚਲਿਤ ਹੋਣ ਨਾਲ ਪਤਨੀ ਲਈ ਪਤੀ ਦੀ ਮੌਤ ਬਰਦਾਸ਼ਤ ਕਰਨੀ ਸੌਖੀ ਹੋ ਜਾਵੇਗੀ ਅਤੇ ਮਾਇਕ ਪੱਖੋਂ ਸਾਵੀਂ ਹੋਣ ਕਾਰਨ ਵਿਧਵਾ ਦੇ ਪੁਨਰ-ਵਿਆਹ ਦੀ ਰੀਤ ਵੀ ਚਲੇਗੀ।

ਜਦੋਂ ਮੌਤ ਨੂੰ ਸਵੀਕਾਰ ਕਰਨਾ ਸੌਖਾ ਹੋ ਜਾਵੇਗਾ ਤਾਂ ਧਰਮ ਜਾਂ ਰੱਬ ਦਾ ਡਰ ਵੀ ਜਾਂਦਾ ਰਹੇਗਾ।

ਹਰ ਇੱਕ ਧਰਮ ਆਪਣੇ ਤੋਂ ਪਹਿਲੇ ਧਰਮ ਦੇ ਫੈਲਾਏ ਕਰਮਕਾਂਡ ਵਿਰੁੱਧ ਪ੍ਰਤੀਕਰਮ ਵਜੋਂ ਹੋਂਦ ਵਿੱਚ ਆਉਂਦਾ ਹੈ ਪਰ ਮਨੁੱਖ ਦੀ ਬਿਰਤੀ ਅੰਧ-ਵਿਸ਼ਵਾਸੀ ਹੋਣ ਕਾਰਨ, ਹਰ ਨਵਾਂ ਧਰਮ ਆਪਣਾ ਨਿਵੇਕਲਾ ਕਰਮਕਾਂਡ ਸਿਰਜ ਲੈਂਦਾ ਹੈ।

ਧਰਮ ਦਾ ਜਨਮ ਸਥਾਪਿਤ ਕਰਮਕਾਂਡ ਦੇ ਵਿਰੋਧ ਵਿਚੋਂ ਹੋ ਕੇ, ਅਗਲੇਰੇ ਧਰਮ ਦੇ ਵਿਰੋਧ ਦਾ ਨਿਸ਼ਾਨਾ ਬਣਦਾ ਹੈ।

ਸਿਧਾਂਤ ਦੀ ਪੱਧਰ ਉੱਤੇ ਸਾਰੇ ਧਰਮ ਆਦਰਸ਼ਵਾਦੀ ਹੋਣ ਕਾਰਨ ਇੱਕ ਹੀ ਗੱਲ ਕਹਿੰਦੇ ਹਨ ਪਰ ਕਰਮਕਾਂਡ ਦੀ ਪੱਧਰ ਉਤੇ ਉਹ ਵੱਖਰੇ ਹਨ, ਸੋ ਕਿਸੇ ਧਰਮ ਦਾ ਆਦਰਸ਼ ਵੀ ਕਰਮਕਾਂਡ ਬਣ ਕੇ ਰਹਿ ਜਾਂਦਾ ਹੈ।

ਇੱਕ ਵੱਖਰਾ ਧਰਮ ਅਖਵਾਉਣ ਲਈ ਵੱਖਰਾ ਝੰਡਾ, ਨਿਸ਼ਾਨ, ਨਾਮ-ਪ੍ਰਣਾਲੀ, ਧਾਰਮਿਕ ਗ੍ਰੰਥ, ਭਾਸ਼ਾ, ਲਿਪੀ, ਧਰਮ ਦਾ ਕੇਂਦਰ, ਪਹਿਰਾਵਾ, ਪਛਾਣ-ਚਿੰਨ੍ਹ, ਤਿਉਹਾਰ, ਰਸਮਾਂ, ਰੀਤਾਂ, ਵਿਆਹ-ਪ੍ਰਣਾਲੀ ਆਦਿ ਦਾ ਹੋਣਾ ਲਾਜ਼ਮੀ ਹੁੰਦਾ ਹੈ। ਧਰਮਾਂ ਵਿਚਲਾ ਵੱਖਰੇਵਾਂ ਇਨ੍ਹਾਂ ਆਧਾਰਾਂ ਉੱਤੇ ਹੀ ਹੁੰਦਾ ਹੈ।

ਕਿਸੇ ਭੂ-ਖੰਡ ਦੀ ਭੂਗੋਲਿਕ ਸਥਿਤੀ, ਇਤਿਹਾਸ, ਰਾਜਨੀਤਿਕ ਸਥਿਤੀ, ਉਤਪਾਦਨ ਦੇ ਰਿਸ਼ਤੇ, ਸਭਿਆਚਾਰਕ ਅਤੇ ਸਮਾਜਿਕ ਬਣਤਰ ਆਦਿ ਇੱਕ ਜੀਵਨ-ਪ੍ਰਣਾਲੀ ਸਿਰਜਦੇ ਹਨ, ਜਿਸ ਉੱਤੇ ਧਰਮ ਆਪਣੀ ਪ੍ਰਵਾਨਗੀ ਅਤੇ ਪਛਾਣ ਦੀ ਮੋਹਰ ਲਾ ਕੇ ਉਸ ਨੂੰ ਪਵਿੱਤਰਤਾ ਦਾ ਦਰਜਾ ਪ੍ਰਦਾਨ ਕਰਦਾ ਹੈ।

ਉਦਾਹਰਣ ਵਜੋਂ ਭਾਰਤ ਵਿੱਚ ਹਰ ਧਰਮ ਨੇ ਸਵੇਰੇ ਉੱਠਣ ਦੀ ਗੱਲ ਕਹੀ ਹੈ, ਪਰ ਵਾਸਤਵਿਕਤਾ ਇਹ ਹੈ ਕਿ ਮੱਧਕਾਲ ਦੌਰਾਨ ਭਾਰਤ ਵਿੱਚ ਬਿਜਲੀ ਨਾ ਹੋਣ ਕਾਰਨ ਖੇਤੀਬਾੜੀ ਵਿੱਚ ਰੁੱਝੇ ਹੋਏ ਲੋਕ, ਆਪਣਾ ਕੰਮ ਮੁਕਾ ਕੇ, ਹਨੇਰਾ ਪੈਂਦਿਆਂ ਹੀ ਸੌਂ ਜਾਇਆ ਕਰਦੇ ਸਨ ਅਤੇ ਉਨ੍ਹਾਂ ਦੀ ਨੀਂਦਰ ਸਵੇਰੇ ਤਿੰਨ-ਚਾਰ ਵਜੇ ਤੱਕ ਪੂਰੀ ਹੋ ਜਾਇਆ ਕਰਦੀ ਸੀ, ਸੋ ਉਨ੍ਹਾਂ ਨੇ ਉਂਜ ਵੀ ਉੱਠਣਾ ਹੀ ਹੁੰਦਾ ਸੀ ਪਰ ਕਿਉਂਕਿ ਧਰਮ ਵੀ ਸਵੇਰੇ ਉੱਠਣ ਦੀ ਪ੍ਰੇਰਨਾ ਦਿੰਦਾ ਰਿਹਾ ਹੈ, ਸੋ ਲੋਕਾਂ ਦਾ ਸਵੇਰੇ ਉੱਠਣਾ ਧਰਮ ਨਾਲ ਜੋੜ ਦਿੱਤਾ ਗਿਆ ਹੈ।

ਜਨਮ, ਵਿਆਹ ਅਤੇ ਮੌਤ ਆਦਿ ਜੀਵਨ ਦੀਆਂ ਬੁਨਿਆਦੀ ਅਤੇ ਸੁਭਾਵਕ ਘਟਨਾਵਾਂ ਹਨ ਪਰ ਇਨ੍ਹਾਂ ਨਾਲ ਧਾਰਮਿਕ-ਰਹੁਰੀਤਾਂ ਜੋੜ ਕੇ ਇਨ੍ਹਾਂ ਦੇ ਅਰਥ ਹੀ ਬਦਲ ਦਿੱਤੇ ਗਏ ਹਨ।

ਧਰਮ ਨੇ ਮਨੁੱਖ ਦੀ ਹਰ ਕਿਰਿਆ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਉਸ ਉੱਤੇ ਆਪਣੀ ਛਾਪ ਲਾਈ ਹੈ।

ਸੰਗੀਤ, ਨ੍ਰਿਤ, ਗੀਤ, ਚਿੱਤਰਕਾਰੀ ਅਤੇ ਮੂਰਤੀਕਲਾ ਆਦਿ ਨੂੰ ਵੀ ਧਰਮ ਦੇ ਅਧੀਨ ਕਰਕੇ, ਇਨ੍ਹਾਂ ਰਾਹੀਂ ਵੀ ਧਰਮ ਦਾ ਪ੍ਰਭਾਵ ਫੈਲਾਇਆ ਗਿਆ ਹੈ।

ਪ੍ਰਕਿਰਤੀ ਵਿੱਚ ਦਰਿਆ ਜਾਂ ਪਹਾੜ ਵਾਂਗ ਜੋ ਕੁਝ ਵੀ ਪ੍ਰਭਾਵਸ਼ਾਲੀ ਹੈ, ਉਸ ਨੂੰ ਵੀ ਧਰਮ ਨਾਲ ਜੋੜ ਦਿੱਤਾ ਗਿਆ ਹੈ।

ਜਦੋਂ ਮਨੁੱਖ ਦਾ ਹਰ ਕਰਮ ਧਾਰਮਿਕ ਅਰਥਾਂ ਵਿੱਚ ਵੇਖਿਆ ਜਾਣ ਲੱਗ ਪਿਆ ਤਾਂ ਮਨੁੱਖ ਵਜੋਂ ਉਸ ਦੀ ਹਸਤੀ ਨਿਗੂਣੀ ਬਣਾ ਦਿੱਤੀ ਗਈ ਸੀ ਅਤੇ ਉਸ ਵੱਲੋਂ ਆਪਣੀ

ਸਥਿਤੀ ਨੂੰ ਬਦਲਣ ਲਈ ਸੰਘਰਸ਼ ਦੀ ਹਰ ਸੰਭਾਵਨਾ ਵਿਊਂਤਬੱਧ ਢੰਗ ਨਾਲ ਕੁਚਲ ਦਿੱਤੀ ਗਈ ਸੀ।

ਭਾਰਤ ਵਿੱਚ ਅਹਿੰਸਾ ਦਾ ਸੰਕਲਪ ਇਸੇ ਦ੍ਰਿਸ਼ਟੀ ਤੋਂ ਵੇਖਿਆ ਜਾਣਾ ਚਾਹੀਦਾ ਹੈ। ਅਹਿੰਸਾ ਦੇ ਸੰਕਲਪ ਕਾਰਨ ਹਜ਼ਾਰਾਂ ਸਾਲਾਂ ਤੋਂ ਵਿਦੇਸ਼ੀ ਹਮਲਾਵਰ ਸਾਡੀ ਪਿੱਠ 'ਤੇ ਸਵਾਰ ਹੁੰਦੇ ਆ ਰਹੇ ਹਨ।

ਧਰਮ ਕੋਈ ਹੋਵੇ, ਉਸ ਨੂੰ ਫੈਲਾਉਣ ਵਿੱਚ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਦਾ ਯੋਗਦਾਨ ਵਧੇਰੇ ਹੁੰਦਾ ਹੈ।

ਭਾਰਤ ਵਿਚ ਰੱਬ ਪੁਰਸ਼ਾਂ ਲਈ ਹੀ ਹੈ, ਇਸਤਰੀਆਂ ਲਈ ਉਨ੍ਹਾਂ ਦਾ ਪਤੀ ਹੀ ਰੱਬ ਜਾਂ ਪ੍ਰਮੇਸ਼ਰ ਦਸਿਆ ਗਿਆ ਹੈ।

ਸਾਰੇ ਧਰਮ, ਪੁਰਸ਼ਾਂ ਨੂੰ ਇਸਤਰੀਆਂ ਵਾਲੇ ਗੁਣ ਧਾਰਨ ਕਰਨ ਦੀ ਪ੍ਰੇਰਨਾ ਦਿੰਦੇ ਹਨ, ਇਸੇ ਕਰਕੇ ਰੱਬ ਨੂੰ ਪੁਰਸ਼-ਰੂਪ ਵਿੱਚ ਚਿੱਤਰਿਆ ਗਿਆ ਹੈ ਅਤੇ ਉਸ ਦੀ ਅਰਾਧਨਾ ਕਰਨ ਵਾਲੇ ਪੁਰਸ਼ਾਂ ਅਤੇ ਭਗਤਾਂ ਨੇ ਉਸ ਪ੍ਰਤੀ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਪ੍ਰੇਮਿਕਾ ਜਾਂ ਪਤਨੀ ਵਾਲਾ ਮੁਹਾਵਰਾ ਵਰਤਿਆ ਹੈ।

ਧਰਮ ਕਵਿਤਾ ਰਾਹੀਂ ਪਲਦਾ ਹੈ, ਇਸ ਕਰਕੇ ਲਗਭਗ ਸਾਰਾ ਧਾਰਮਿਕ ਸਾਹਿਤ ਕਵਿਤਾ ਵਿੱਚ ਜਾਂ ਕਾਵਿਮਈ ਵਾਰਤਕ ਵਿਚ ਹੈ।

ਕਵਿਤਾ ਮਨੁੱਖ ਨੂੰ ਯਥਾਰਥ ਜਾਂ ਵਾਸਵਿਕਤਾ ਤੋਂ ਪਰ੍ਹੇ ਲੈ ਜਾਂਦੀ ਹੈ, ਇਹੋ ਹੀ ਧਰਮ ਦਾ ਉਦੇਸ਼ ਹੁੰਦਾ ਹੈ।

ਇਸਤਰੀਆਂ, ਪੁਰਸ਼ਾਂ ਦੇ ਮੁਕਾਬਲੇ ਕਵਿਤਾ ਤੋਂ ਵਧੇਰੇ ਪ੍ਰਭਾਵਿਤ ਹੁੰਦੀਆਂ ਹਨ ਅਤੇ ਕਰਮਕਾਂਡ ਅਤੇ ਰਹੁਰੀਤਾਂ ਵੱਲ ਵਧੇਰੇ ਰੁਚਿਤ ਹੁੰਦੀਆਂ ਹਨ, ਇਸੇ ਕਰਕੇ ਉਹ ਵਧੇਰੇ ਧਾਰਮਿਕ ਜਾਂ ਅੰਧ-ਵਿਸ਼ਵਾਸੀ ਹੁੰਦੀਆਂ ਹਨ।

ਧਰਮ, ਮਨੁੱਖ ਨੂੰ ਇਸਤਰੀ ਵਾਲੀ ਭਾਵਕ ਬਿਰਤੀ ਪ੍ਰਦਾਨ ਕਰਦਾ ਹੈ।

ਲੰਮੇ ਅਰਸੇ ਤੱਕ ਧਰਮ ਇਹ ਪ੍ਰਚਾਰਦਾ ਰਿਹਾ ਹੈ ਕਿ ਰੱਬ ਦੇ ਡਰ ਜਾਂ ਭੈਅ ਜਾਂ ਦੰਡ ਬਿਨਾਂ ਮਨੁੱਖ ਦਰਿੰਦਾ ਬਣ ਜਾਵੇਗਾ।

ਧਰਮ, ਮਨੁੱਖ ਨੂੰ ਆਪਣੀ ਦੁੱਖਦਾਈ ਸਥਿਤੀ, ਕਰਮਾਂ ਦਾ ਫਲ ਸਮਝ ਕੇ, ਸਵੀਕਾਰਨ ਅਰਥਾਤ ਸੰਘਰਸ਼ ਨਾ ਕਰਨ ਲਈ ਪ੍ਰੇਰਦਾ ਹੈ।

ਅਜੋਕੇ ਮਨੁੱਖ ਨੇ ਅਨੁਭਵ ਕਰ ਲਿਆ ਹੈ ਕਿ ਰੱਬ ਅਤੇ ਧਰਮ ਲੋਟੂਆਂ ਦੀ ਧਿਰ ਬਣ ਗਏ ਹਨ, ਸੋ ਉਨ੍ਹਾਂ ਵਿਰੁੱਧ ਸਿਰੜ ਅਤੇ ਸਿਦਕ ਨਾਲ ਸੰਗਰਾਮ ਕਰਨਾ ਪਵੇਗਾ।

ਨਿਰਸੰਦੇਹ, ਕੋਈ ਵੀ ਸੰਘਰਸ਼ ਇਸਤਰੀਆਂ ਦੇ ਸਹਿਯੋਗ ਬਿਨਾਂ ਸਫ਼ਲ ਨਹੀਂ ਹੋ ਸਕਦਾ, ਸੋ ਇਸਤਰੀਆਂ ਨੂੰ ਇਸ ਪੱਖ ਤੋਂ ਨਿਰੰਤਰ ਯਤਨਾਂ ਨਾਲ ਸੁਚੇਤ ਕਰਨਾ ਪਵੇਗਾ।

ਧਰਮ ਨੇ ਪੁਰਸ਼ ਦੀ ਦੁਰਗਤ ਤਾਂ ਕੀਤੀ ਹੀ ਹੈ, ਇਸਤਰੀ ਜਾਤੀ ਦਾ ਅਪਮਾਨ ਵੀ ਕੀਤਾ ਹੈ।

ਭਾਵੇਂ ਕਿਸੇ ਧਰਮ ਨੇ ਇਸਤਰੀ ਦੇ ਪੱਖ ਵਿੱਚ ਕੁਝ ਗੱਲਾਂ ਕਹੀਆਂ ਹੋਣ ਪਰ ਸਮੁੱਚੇ ਤੌਰ 'ਤੇ ਧਰਮ ਦੇ ਖੇਤਰ ਵਿੱਚ ਇਸਤਰੀ ਦੀ ਸਥਿਤੀ ਕੇਵਲ ਸ਼ਰਧਾਲੂ ਅਤੇ ਦਾਸੀ ਵਾਲੀ ਹੈ, ਅਧਿਕਾਰੀ ਵਾਲੀ ਨਹੀਂ।

ਧਰਮ ਦੇ ਖੇਤਰ ਵਿਚ ਇਸਤਰੀ ਨੂੰ ਦੇਵੀ ਤਾਂ ਬਣਾਇਆ ਗਿਆ ਹੈ ਪਰ ਸਮਾਜਿਕ ਖੇਤਰ ਵਿੱਚ ਉਸ ਦਾ ਸਦੀਆਂ ਤੋਂ ਅਪਮਾਨ ਹੋ ਰਿਹਾ ਹੈ।

ਰੱਬ ਦੇ ਡਰ ਤੋਂ ਮੁਕਤ ਹੋਣਾ, ਮਨੁੱਖ ਦੀ ਪ੍ਰਸੰਨਤਾ ਦੀ ਪਹਿਲੀ ਸ਼ਰਤ ਹੈ।

ਮਨੁੱਖ ਦੀ ਅੰਤਮ ਆਜ਼ਾਦੀ, ਧਰਮ ਤੋਂ ਆਜ਼ਾਦੀ ਹੀ ਹੋਵੇਗੀ।

ਰੱਬ ਕੁਝ ਲੜਾਈਆਂ ਭਾਵੇਂ ਜਿੱਤ ਜਾਵੇ ਪਰ ਜੰਗ ਅੰਤ ਨੂੰ ਮਨੁੱਖ ਹੀ ਜਿੱਤੇਗਾ।

ਆਓ, ਗੱਲਾਂ ਕਰੀਏ !

ਗੱਲਾਂ ਕਰਨਾ ਇੱਕ ਅਜਿਹੀ ਕਲਾ ਹੈ, ਜਿਸ ਦਾ ਅਭਿਆਸ ਅਤੇ ਵਰਤੋਂ ਸਾਰਾ ਸੰਸਾਰ ਕਈ ਘੰਟੇ ਹਰ ਰੋਜ਼ ਕਰਦਾ ਹੈ।

ਹੱਥ ਸਾਡੀ ਸੋਚ ਨੂੰ ਅਮਲੀ ਰੂਪ ਦਿੰਦੇ ਹਨ ਅਤੇ ਜੀਭ ਸਾਡੀ ਸੋਚ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਂਦੀ ਹੈ।

ਇਕ ਫ਼ਿਲਾਸਫ਼ਰ ਨੇ ਕਿਹਾ ਹੈ ਕਿ ਮੈਨੂੰ ਕੋਈ ਵੀ ਬੰਦਾ ਸਹਿਜ-ਸੁਭਾਓ ਗੱਲਾਂ ਕਰਦਾ ਵਿਖਾ ਦਿਓ, ਮੈਂ ਉਸ ਦੀ ਕਿਸਮਤ ਦੱਸ ਦੇਵਾਂਗਾ।

ਸਾਡੀਆਂ ਗੱਲਾਂ, ਸਾਡੇ ਅਨੁਭਵਾਂ ਵਿਚੋਂ ਫੁੱਟਦੀਆਂ ਹਨ ਅਤੇ ਗੱਲਾਂ ਦੇ ਆਧਾਰ 'ਤੇ ਹੀ ਅਸੀਂ ਕਮੀਨੇ, ਹੋਛੇ, ਧੋਖੇਬਾਜ਼, ਬੇਈਮਾਨ, ਮਿਲਾਪੜੇ, ਖੁੱਲ੍ਹਦਿਲੇ, ਸ਼ਾਹ-ਦਿਲ, ਸਖੀ, ਸਹਿਯੋਗੀ ਆਦਿ ਵੰਨਗੀਆਂ ਵਿੱਚ ਵੰਡੇ ਜਾਂਦੇ ਹਾਂ।

ਕਈ ਲੋਕਾਂ ਦੀ ਆਵਾਜ਼ ਵਿੱਚ ਰਸ ਹੁੰਦਾ ਹੈ, ਉਹ ਬੋਲਦੇ ਹਨ ਤਾਂ ਫੁੱਲ ਕਿਰਦੇ ਹਨ। ਅਜਿਹੇ ਵਿਅਕਤੀਆਂ ਨੂੰ ਸੁਣਦਿਆਂ ਇਹੀ ਫ਼ਿਕਰ ਲੱਗਿਆ ਰਹਿੰਦਾ ਹੈ ਕਿ ਕਿਧਰੇ ਉਹ ਬੋਲਣਾ ਬੰਦ ਨਾ ਕਰ ਦੇਣ।

ਯੂਨਾਨ 'ਚ ਸੁਕਰਾਤ ਦੀਆਂ ਕੀਤੀਆਂ ਗੱਲਾਂ ਦੀ ਚਰਚਾ ਅਜੇ ਵੀ ਕੀਤੀ ਜਾਂਦੀ ਹੈ। ਪੰਜਾਬ ਵਿੱਚ ਗੁਰੂ ਨਾਨਕ ਦੇਵ ਗੱਲਾਂ ਕਰਨ ਦੇ ਅੰਤਾਂ ਦੇ ਸ਼ੌਕੀਨ ਅਤੇ ਮਾਹਿਰ ਸਨ। ਉਨ੍ਹਾਂ ਨੂੰ ਆਪਣੇ ਤਰਕ ਵਿੱਚ ਵਿਸ਼ਵਾਸ ਸੀ, ਇਸੇ ਲਈ ਉਹ ਜਿਥੇ ਵੀ ਗਏ, ਉਨ੍ਹਾਂ ਨੇ ਵਾਦਵਿਵਾਦ ਕੀਤਾ ਅਰਥਾਤ ਆਪਣੀ ਗੱਲ ਕਹਿਣ-ਸਮਝਾਉਣ ਦੇ ਆਪ ਅਵਸਰ ਪੈਦਾ ਕੀਤੇ। 'ਉਜੜ ਜਾਓ ਅਤੇ ਵਸਦੇ ਰਹੋ' ਨਾਂ ਦੀ ਸਾਖੀ, ਉਨ੍ਹਾਂ ਦੇ ਗੱਲ ਕਹਿਣ ਦੇ ਢੰਗ ਦੀ ਸਿਖਰ ਹੈ।

ਗਰਮੀਆਂ ਦੇ ਮੁਕਾਬਲੇ, ਸਰਦੀਆਂ ਵਿੱਚ ਅਸੀਂ ਵਧੇਰੇ ਗੱਲਾਂ ਕਰਦੇ ਹਾਂ।

ਘਰਾਂ ਵਿੱਚ ਜਿਸ ਸੌਖ ਨਾਲ ਗੱਲਾਂ ਕੀਤੀਆਂ ਜਾ ਸਕਦੀਆਂ ਹਨ, ਉਸੇ ਅਨੁਪਾਤ 'ਚ ਸਾਡੀ ਸ਼ਖ਼ਸੀਅਤ ਵਿੱਚ ਖੁਲਾਸਾਪਣ ਆਉਂਦਾ ਹੈ।

ਪਿਆਰ, ਮੁਹੱਬਤ ਇਸ ਲਈ ਦਿਲਚਸਪ ਸਥਿਤੀਆਂ ਹੁੰਦੀਆਂ ਹਨ, ਕਿਉਂਕਿ ਇਹ ਗੱਲਾਂ ਕਰਨ ਦੇ ਅਥਾਹ ਮੌਕੇ ਪ੍ਰਦਾਨ ਕਰਦੀਆਂ ਹਨ।

ਮਾਂ, ਬੱਚੇ ਨਾਲ ਆਪ-ਮੁਹਾਰੇ ਗੱਲਾਂ ਕਰਦੀ ਹੈ।

ਇਕ ਵਿਅਕਤੀ ਦੀ ਜਦੋਂ ਪਤਨੀ ਗੁਜ਼ਰ ਗਈ ਤਾਂ ਉਸ ਨੂੰ ਸਭ ਤੋਂ ਵੱਡਾ ਦੁੱਖ ਇਸ ਗੱਲ ਦਾ ਸੀ ਕਿ ਹੁਣ ਕਿਸੇ ਨਾਲ ਖੁੱਲ੍ਹ ਕੇ ਉਹ ਗੱਲਾਂ ਕਿਵੇਂ ਕਰਿਆ ਕਰੇਗਾ।

ਦੋਸਤ ਅਤੇ ਸਹੇਲੀਆਂ ਇਸ ਲਈ ਪਿਆਰੀਆਂ ਲਗਦੀਆਂ ਹਨ ਕਿਉਂਕਿ ਉਨ੍ਹਾਂ ਨਾਲ ਨਿਰਸੰਕੋਚ ਹੋ ਕੇ ਗੱਲਾਂ ਕੀਤੀਆਂ ਜਾ ਸਕਦੀਆਂ ਹਨ।

ਪਿਆਰ ਦਾ ਅਨੁਭਵ ਸਾਡੀਆਂ ਗੱਲਾਂ ਵਿੱਚੋਂ ਖੁਰਦਰਾਪਣ ਦੂਰ ਕਰਕੇ ਕੂਲਾਪਣ ਲਿਆਉਂਦਾ ਹੈ। ਕਿਉਂਕਿ ਗੱਲਾਂ ਵੰਨ-ਸੁਵੰਨੇ ਅਨੁਭਵਾਂ 'ਚੋਂ ਫੁੱਟਦੀਆਂ ਹਨ, ਇਸ ਲਈ ਚੰਗੀਆਂ ਦਿਲਚਸਪ ਗੱਲਾਂ, ਰਸੀ ਹੋਈ ਅਤੇ ਪੱਕੀ ਹੋਈ ਸ਼ਖ਼ਸੀਅਤ ਦੀਆਂ ਲਖਾਇਕ ਹੁੰਦੀਆਂ ਹਨ।

ਗੱਲਾਂ ਰਾਹੀਂ ਹੀ ਸਾਡਾ ਕਿਸੇ ਨਾਲ ਪਿਆਰ ਪੈਂਦਾ ਹੈ।

ਜਦੋਂ ਗੱਲਾਂ ਦੇ ਪੱਖੋਂ ਅਸੀਂ ਬਹੇ ਹੋ ਜਾਂਦੇ ਹਾਂ ਤਾਂ ਰਿਸ਼ਤਾ ਫਿੱਕਾ ਪੈ ਜਾਂਦਾ ਹੈ।

ਗੱਲਾਂ ਰਾਹੀਂ ਅਸੀਂ ਆਪਣੇ ਤਰਕ ਦੀ ਨੁਮਾਇਸ਼ ਲਾਉਂਦੇ ਹਾਂ ਅਤੇ ਆਪਣੀ ਰੂਹ ਦੇ ਰੰਗ ਪ੍ਰਗਟਾਉਂਦੇ ਹਾਂ।

ਗੱਲਾਂ ਰਾਹੀਂ ਹੀ ਅਸੀਂ ਆਪਣੇ ਗੁਜ਼ਰੇ ਸਮੇਂ ਦਾ ਲੇਖਾ-ਜੋਖਾ ਪੇਸ਼ ਕਰਦੇ ਹਾਂ।

ਗਿਆਨ ਵਿਹੂਣਾ ਵਿਅਕਤੀ, ਦਿਲਚਸਪ ਗੱਲਾਂ ਕਰ ਹੀ ਨਹੀਂ ਸਕਦਾ।

ਗੱਲਾਂ, ਸਾਡੇ ਗਿਆਨ ਦੇ ਢੇਰ ਵਿੱਚੋਂ ਨਮੂਨੇ ਦੇ ਬੀਜ ਹੁੰਦੀਆਂ ਹਨ।

ਹਰ ਕੋਈ ਸਮਝਦਾ ਹੈ ਕਿ ਉਸ ਕੋਲ ਸਾਂਝਾ ਕਰਨ ਲਈ ਕੁਝ ਨਾ ਕੁਝ ਅਜੀਬ ਅਨੁਭਵ ਹੈ। ਗੱਲਾਂ, ਘਟਨਾਵਾਂ ਦਾ ਸ਼ਾਂਤ ਅਤੇ ਸਹਿਜ ਸੁਭਾਅ ਪ੍ਰਗਟਾਵਾ ਹੁੰਦੀਆਂ ਹਨ। ਇਹ ਕੀਤੀਆਂ ਹੀ ਆਪਣਿਆਂ ਨਾਲ ਜਾ ਸਕਦੀਆਂ ਹਨ।

ਬਿਗਾਨਿਆਂ ਨਾਲ ਅਸੀਂ ਮੁਲਾਕਾਤ ਕਰਦੇ ਹਾਂ ਅਤੇ ਵਿਰੋਧੀਆਂ ਨਾਲ ਬਹਿਸ ਪਰ ਆਪਣਿਆਂ ਨਾਲ ਅਸੀਂ ਗੱਲਾਂ ਕਰਦੇ ਹਾਂ। ਜਦੋਂ ਪੁਰਾਣੇ ਜਮਾਤੀ ਜਾਂ ਦੋਸਤ, ਸਹੇਲੀਆਂ ਜਾਂ ਗੁਆਂਢਣਾਂ ਜਾਂ ਸੰਗੀ-ਸਾਥੀ ਮਿਲ ਬੈਠਣ ਤਾਂ ਉਨ੍ਹਾਂ ਲਈ ਦਿਲ 'ਚ ਅੰਤਾਂ ਦਾ ਪਿਆਰ ਜਾਗ ਉੱਠਦਾ ਹੈ। ਉਹ ਗੱਲਾਂ ਰਾਹੀਂ ਸਾਨੂੰ ਸਾਡੇ ਗੁਜ਼ਰੇ ਜ਼ਮਾਨੇ ਦੀ ਯਾਦ ਦਿਵਾ ਕੇ, ਜੀਵਨ ਨਾਲ ਸਾਡਾ ਮੋਹ ਵਧਾਉਂਦੇ ਹਨ।

ਵਧੀਆ ਗੱਲਬਾਤ ਉਹ ਹੁੰਦੀ ਹੈ, ਜਿਸ ਦੇ ਵੇਰਵੇ ਭਾਵੇਂ ਨਾ ਯਾਦ ਰਹਿਣ ਪਰ ਇੱਕ ਮਿੱਠਾ ਜਿਹਾ ਅਨੁਭਵ ਮਨ ਵਿੱਚ ਰਿਸਦਾ ਰਹਿੰਦਾ ਹੈ।

ਗੱਲਾਂ ਕੋਈ ਵਿਸ਼ਾ ਨਿਸ਼ਚਿਤ ਕਰ ਕੇ ਨਹੀਂ ਕੀਤੀਆਂ ਜਾ ਸਕਦੀਆਂ।

ਚੰਗੀ ਗਲਬਾਤ ਉਹ ਹੁੰਦੀ ਹੈ, ਜਿਹੜੀ ਸਾਨੂੰ ਰਜਾ ਦੇਵੇ, ਸਾਡੇ ਵਿੱਚ ਮੁਆਫ਼ ਕਰਨ ਦੀ ਸ਼ਕਤੀ ਉਪਜਾਵੇ, ਸਾਡੇ ਵਿੱਚ ਪਿਆਰ ਕਰਨ ਦੀ ਸਮਰੱਥਾ ਵਧਾਵੇ ਅਤੇ ਸਾਡੀਆਂ ਅੱਖਾਂ ਵਿੱਚ ਸੁਪਨੇ ਲਟਕਾ ਦੇਵੇ।

ਗੱਲਾਂ ਕਰਦਿਆਂ ਆਪਣੀ ਬੀਮਾਰੀ, ਲਾਚਾਰੀ, ਮਾਯੂਸੀ, ਆਦਿ ਦੀ ਵਧੇਰੇ ਚਰਚਾ ਨਹੀਂ ਕਰਨੀ ਚਾਹੀਦੀ, ਕਿਉਂਕਿ ਜਦੋਂ ਅਜਿਹਾ ਵਿਸ਼ਾ ਚੱਲ ਪਵੇ ਤਾਂ ਗੱਲਾਂ ਉਸੇ ਦੇ ਆਲੇ ਦੁਆਲੇ ਘੁੰਮਦੀਆਂ ਰਹਿੰਦੀਆਂ ਹਨ।

ਖੁੱਲ੍ਹ ਕੇ ਗੱਲਾਂ ਕੀਤੀਆਂ ਹੀ ਉਥੇ ਜਾ ਸਕਦੀਆਂ ਹਨ, ਜਿਥੇ ਅਸੀਂ ਪੂਰੀ ਤਰ੍ਹਾਂ ਸੁਰੱਖਿਅਤ ਅਨੁਭਵ ਕਰੀਏ। ਖਾਣੇ ਦੀ ਮੇਜ਼ 'ਤੇ ਬੈਠਿਆਂ ਹਾਸੇ-ਮਖੌਲ ਵਾਲੀਆਂ ਗੱਲਾਂ ਕਰਨ ਨਾਲ ਨਾ ਕੇਵਲ ਖਾਣਾ ਵਧੇਰੇ ਸੁਆਦ ਲੱਗਦਾ ਹੈ, ਸਗੋਂ ਲਾਭਕਾਰੀ ਵੀ ਵਧੇਰੇ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਜਿਸ ਨਾਲ ਰੁੱਸੇ ਹੋਈਏ, ਉਸ ਨਾਲ ਬਹਿ ਕੇ ਕੁਝ ਖਾਣ ਨੂੰ ਦਿਲ ਨਹੀਂ ਕਰਦਾ।

ਕਈ ਘਰਾਂ ਵਿੱਚ ਤੁਸੀਂ ਵੇਖਿਆ ਹੋਵੇਗਾ ਕਿ ਮਹਿਮਾਨਾਂ ਨੂੰ ਖਾਣ ਲਈ ਬਾਰ-ਬਾਰ ਪਲੇਟਾਂ ਅੱਗੇ ਵਧਾਈਆਂ ਜਾਂਦੀਆਂ ਹਨ। ਅਸਲੀਅਤ ਇਹ ਹੁੰਦੀ ਹੈ ਕਿ ਅਜਿਹੇ ਲੋਕਾਂ ਕੋਲ ਕਰਨ ਲਈ ਗੱਲਾਂ ਨਹੀਂ ਹੁੰਦੀਆਂ, ਸੋ ਉਹ ਉਹੀ ਕੁਝ ਬਾਰ-ਬਾਰ ਅੱਗੇ ਕਰਦੇ ਹਨ ਜੋ ਕੁਝ ਉਨ੍ਹਾਂ ਕੋਲ ਹੁੰਦਾ ਹੈ।

ਪ੍ਰੇਮ-ਪੱਤਰਾਂ ਵਿੱਚ ਕਈਆਂ ਨੂੰ ਦੂਜਿਆਂ ਦੇ ਬੋਲੇ-ਉਚਾਰੇ ਵਾਕ ਜਾਂ ਸ਼ੇਅਰ ਲਿਖਣ ਦੀ ਆਦਤ ਹੁੰਦੀ ਹੈ। ਇਹ ਜੂਠੇ ਭੋਜਨ ਨੂੰ ਪਰੋਸਣ ਵਾਂਗ ਹੈ। ਸਾਨੂੰ ਆਪਣੇ ਅਨੁਭਵਾਂ ਨੂੰ ਲਿਖਣ ਦਾ ਯਤਨ ਕਰਨਾ ਚਾਹੀਦਾ ਹੈ। ਉਸ ਵਿੱਚ ਤਾਜ਼ਗੀ ਅਤੇ ਈਮਾਨਦਾਰੀ ਹੋਵੇਗੀ। ਅਜਿਹੀਆਂ ਗੱਲਾਂ ਕਿੰਨੀਆਂ ਵੀ ਸਾਦੀਆਂ ਕਿਉਂ ਨਾ ਹੋਣ, ਉਹ ਆਪਣੀ ਸੁੱਚਤਾ ਕਾਰਨ ਦੂਜੇ ਨੂੰ ਮੋਹ ਲੈਣਗੀਆਂ।

ਚਿੱਠੀ ਅਤੇ ਖ਼ਤ-ਪੱਤਰ ਗੱਲਬਾਤ ਦਾ ਹੀ ਵਿਕਸਿਤ ਸਰੂਪ ਹੁੰਦੇ ਹਨ।

ਪਰੰਪਰਕ ਸ਼ਖ਼ਸੀਅਤ ਉਹੀ ਪੁਰਾਣੇ ਘਸੇ-ਪਿਟੇ ਵਾਕ ਹੀ ਲਿਖਦੀ ਹੈ।

ਜਿਤਨੀ ਸਾਡੀ ਸ਼ਖ਼ਸੀਅਤ ਸਾਫ਼-ਸੁਥਰੀ ਹੋਵੇਗੀ, ਉਤਨਾ ਹੀ ਸਾਡਾ ਬਿਆਨ ਨਰੋਆ ਹੋਵੇਗਾ। ਗੱਲਾਂ ਕਰਨ ਸਮੇਂ ਸਾਡੇ ਵਿੱਚ ਸੁਣਨ ਦਾ ਸਲੀਕਾ ਆਉਂਦਾ ਹੈ ਅਤੇ ਅਸੀਂ ਚੁੱਪ ਰਹਿਣ ਦੀ ਜਾਚ ਸਿੱਖਦੇ ਹਾਂ।

ਗੱਲਾਂ ਕਰਨਾ ਇਂਜ ਹੈ ਜਿਵੇਂ ਸਾਰੇ ਇੱਕ ਹੀ ਥਾਲੀ ਵਿਚੋਂ ਖਾ ਰਹੇ ਹੋਈਏ ਜਾਂ ਇਕੱਠੇ ਨਹਾ ਰਹੇ ਹੋਈਏ।

ਗੱਪਾਂ, ਗੱਲਾਂ ਦਾ ਵਿਗੜਿਆ ਹੋਇਆ ਰੂਪ ਹੁੰਦੀਆਂ ਹਨ। ਵਾਸਤਵ ਵਿੱਚ ਇਹ ਕੱਜੀਆਂ ਹੋਈਆਂ ਚੁਗਲੀਆਂ ਹੁੰਦੀਆਂ ਹਨ। ਗੱਪਾਂ ਮਾਰੀਆਂ ਜਾਂਦੀਆਂ ਹਨ, ਗੱਲਾਂ ਕੀਤੀਆਂ ਜਾਂਦੀਆਂ ਹਨ, ਇਸੇ ਵਿੱਚ ਹੀ ਇਨ੍ਹਾਂ ਦਾ ਅੰਤਰ ਹੈ।

ਗੱਪਾਂ ਤਾਸ਼ ਖੇਡਣ ਵਾਂਗ ਹਨ, ਗੱਲਾਂ ਕਵਿਤਾ ਲਿਖਣ ਵਾਂਗ ਹਨ। ਗੱਪਾਂ, ਫੜ੍ਹਾਂ ਆਦਿ ਅੰਦਰਲੇ ਖੋਖਲੇਪਣ ਦਾ ਬਾਹਰਲਾ ਖੜਾਕ ਹੁੰਦੀਆਂ ਹਨ। ਸਾਨੂੰ ਖੜਾਕ ਅਤੇ ਸੰਗੀਤ ਵਿੱਚ ਫਰਕ ਸਮਝਣਾ ਚਾਹੀਦਾ ਹੈ। ਗੱਪਾਂ ਰਾਹੀਂ ਅਸੀਂ ਆਪਣੇ ਕਮੀਨੇਪਣ ਨੂੰ ਕੱਜਦੇ ਹਾਂ ਅਤੇ ਦੂਜਿਆਂ ਦੇ ਵਿਹਾਰ ਦਾ ਬਲਾਤਕਾਰ ਕਰਦੇ ਹਾਂ।

ਗੱਪਾਂ ਮਾਰਨ ਸਮੇਂ ਅਸੀਂ ਆਪਣੀ ਗੱਲ ਕਹਿਣ ਦੀ ਅੜੀ ਕਰਦੇ ਹਾਂ, ਸੋ ਦੂਜਿਆਂ ਦੀ ਸੁਣਦੇ ਨਹੀਂ, ਕਿਉਂਕਿ ਜਦੋਂ ਅਸੀਂ ਬੋਲਣ ਵਿੱਚ ਕਾਹਲੇ ਪਏ ਹੋਈਏ, ਉਦੋਂ ਅਸੀਂ ਸੁਣਨਾ ਬੰਦ ਕਰ ਦਿੰਦੇ ਹਾਂ।

ਗੱਲਬਾਤ ਵਿੱਚ ਦੂਜਿਆਂ ਨੂੰ ਬੋਲਣ ਲਾ ਦੇਣਾ ਹੀ ਸਾਡੀ ਕਾਮਯਾਬੀ ਹੁੰਦੀ ਹੈ।

ਗੱਲਾਂ ਸਲਾਦ ਵਾਂਗ ਸਵਾਦ ਹੁੰਦੀਆਂ ਹਨ।

ਗੱਲਾਂ ਵਿਚਲੇ ਜ਼ਿੰਦਗੀ ਦੇ ਨਿੱਕੇ-ਨਿੱਕੇ ਵੇਰਵੇ ਸਾਡੇ ਚੇਤਿਆਂ ਵਿੱਚ ਵਸੇ ਅਨੇਕਾਂ ਅਨੁਭਵਾਂ ਨੂੰ ਜਗਾ ਦਿੰਦੇ ਹਨ। ਗੱਲਾਂ ਰਾਹੀਂ ਕਈ ਧੁੱਪ ਵਿੱਚ ਮੀਂਹ ਵਰ੍ਹਾ ਦਿੰਦੇ ਹਨ, ਮਹਿਬੂਬ ਦੇ ਹੱਥ 'ਤੇ ਲੱਗੀ ਮਹਿੰਦੀ ਯਾਦ ਕਰਵਾ ਦਿੰਦੇ ਹਨ, ਹਾਸਿਆਂ ਦੀ ਵਾਛੜ ਕਰ ਦਿੰਦੇ ਹਨ ਅਤੇ ਕੱਜਿਆ ਹੋਇਆ ਹੁਸਨ ਵਿਖਾ ਦਿੰਦੇ ਹਨ। ਗੱਲਾਂ ਰਾਹੀਂ ਅਸੀਂ ਆਪਣੀ ਮੁਹੱਬਤ ਦੀਆਂ ਗਲੀਆਂ ਵਿੱਚ ਸੈਰ ਕਰਦੇ ਹਾਂ।

ਮਹਿਬੂਬ ਕੋਲ ਬੈਠਿਆਂ, ਗੱਲਾਂ ਮੁਕਦੀਆਂ ਹੀ ਨਹੀਂ।

ਅਸੀਂ ਦੂਜਿਆਂ ਨੂੰ ਖੁਸ਼ ਕਰ ਹੀ ਤਾਂ ਸਕਦੇ ਹਾਂ ਜੇ ਆਪ ਖੁਸ਼ ਹੋਈਏ, ਰੱਜੇ ਹੋਈਏ।

ਜਦੋਂ ਗੱਲਾਂ ਨਾਲ ਅਸੀਂ ਥੱਕ ਜਾਂਦੇ ਹਾਂ ਤਾਂ ਵੀ ਅਸੀਂ ਸੌਂਦੇ ਨਹੀਂ, ਸਗੋਂ ਪਿਆਰੇ ਨਾਲ ਅਤੇ ਪਿਆਰ ਕਾਰਨ ਹੋਰ ਗੱਲਾਂ ਕਰਦੇ ਹਾਂ।

ਜਿਤਨੇ ਗੁੰਝਲਦਾਰ ਦਿਮਾਗ ਹੁੰਦੇ ਹਨ, ਉਤਨੀਆਂ ਹੀ ਸਾਧਾਰਣ ਉਨ੍ਹਾਂ ਦੀਆਂ ਖੁਸ਼ੀਆਂ ਹੁੰਦੀਆਂ ਹਨ। ਦਿਲਚਸਪ ਗੱਲਾਂ ਕਰਨ ਦੇ ਯੋਗ ਹੋਣ ਲਈ, ਉਮਰ ਭਰ ਦਾ ਅਨੁਭਵ ਹੋਣਾ ਚਾਹੀਦਾ ਹੈ।

ਅਨੁਭਵ ਸਾਡੀ ਆਵਾਜ਼ ਨੂੰ ਥੱਕਣ ਨਹੀਂ ਦਿੰਦੇ ਅਤੇ ਗੱਲਾਂ ਕਰਨ ਦੀ ਪਹਿਲੀ ਯੋਗਤਾ ਇਹ ਹੁੰਦੀ ਹੈ ਕਿ ਸਾਡੀ ਆਵਾਜ਼ ਵਿੱਚ ਜੋਸ਼ ਹੋਵੇ।

ਜੋਸ਼ ਹੀ ਦਿਲਚਸਪੀ ਦਾ ਪ੍ਰਮੁੱਖ ਸਰੋਤ ਹੁੰਦਾ ਹੈ।

ਸਾਡੀ ਆਵਾਜ਼ ਸਾਡੀ ਸ਼ਖ਼ਸੀਅਤ ਦਾ ਸੰਗੀਤ ਹੁੰਦੀ ਹੈ।

ਅਸੀਂ ਸਮਝਦੇ ਹਾਂ ਕਿ ਸਾਨੂੰ ਗੱਲਾਂ ਕਰਨੀਆਂ ਆਉਂਦੀਆਂ ਹਨ, ਜਦੋਂ ਕਿ ਸੱਚ ਇਹ ਹੈ ਕਿ ਅਸੀਂ ਕੇਵਲ ਗੱਪਾਂ ਮਾਰਨੀਆਂ ਜਾਣਦੇ ਹਾਂ।

ਅਸੀਂ ਅਜੇ ਕਬਾੜੀ ਬਾਜ਼ਾਰ ਵਿੱਚ ਹੀ ਘੁੰਮ ਰਹੇ ਹਾਂ।

ਗੱਲਾਂ ਵਿੱਚ ਗਿਆਨ ਹੁੰਦਾ ਹੈ, ਗੱਲਾਂ ਵਿੱਚ ਗੋਲਾਈ ਹੁੰਦੀ ਹੈ, ਗੱਲਾਂ ਵਿੱਚ ਕੂਲਾਪਣ ਹੁੰਦਾ ਹੈ, ਗੱਲਾਂ ਆਪ-ਮੁਹਾਰੇ ਅਹੁੜਦੀਆਂ ਹਨ।

ਸੰਜਮ, ਸੰਕੋਚ ਅਤੇ ਸਲੀਕਾ

ਸੰਜਮ ਤੋਂ ਬਿਨਾਂ ਬੜੀ ਸਖ਼ਤ ਮਿਹਨਤ ਵੀ ਕੇਵਲ ਮਜ਼ਦੂਰੀ ਬਣ ਕੇ ਰਹਿ ਜਾਂਦੀ ਹੈ ਅਤੇ ਕੋਈ ਪ੍ਰਾਪਤੀ ਸੰਭਵ ਨਹੀਂ ਹੁੰਦੀ।

ਨੇਮ ਅਤੇ ਕਾਨੂੰਨ ਉਹ ਬੰਧਨ ਹੁੰਦੇ ਹਨ, ਜਿਨ੍ਹਾਂ ਨੂੰ ਸਮਾਜ ਸਾਡੇ ਉੱਪਰ ਠੋਸਦਾ ਹੈ ਪਰ ਸੰਜਮ ਅਤੇ ਸੰਕੋਚ ਉਹ ਰੋਕਾਂ ਹੁੰਦੀਆਂ ਹਨ, ਜਿਹੜੀਆਂ ਅਸੀਂ ਆਪ ਆਪਣੀ ਮਰਜ਼ੀ ਨਾਲ, ਆਪਣੇ ਉੱਤੇ ਲਾਉਂਦੇ ਹਾਂ।

ਹੋਛਿਆਂ, ਮੂਰਖਾਂ, ਕਮੀਨਿਆਂ ਅਤੇ ਹੰਕਾਰੀਆਂ ਕੋਲ ਹੋਰ ਭਾਵੇਂ ਸਭ ਕੁਝ ਹੁੰਦਾ ਹੈ ਪਰ ਸੰਜਮ, ਸੰਕੋਚ ਅਤੇ ਸਲੀਕਾ ਨਹੀਂ ਹੁੰਦਾ।

ਬਹੁਤ ਸਾਰੇ ਲੋਕਾਂ ਨੂੰ ਤੁਸੀਂ ਕੰਮ ਵਿੱਚ ਨਿਰੰਤਰ ਰੁਝੇ ਹੋਏ ਵੇਖਿਆ ਹੋਵੇਗਾ ਪਰ ਇਸ ਦੇ ਬਾਵਜੂਦ ਜੇ ਉਹ ਤਰੱਕੀ ਨਹੀਂ ਕਰਦੇ ਤਾਂ ਕਾਰਨ ਇਹ ਹੈ ਕਿ ਉਹ ਕੰਮ ਤਾਂ ਕਰਦੇ ਹਨ ਪਰ ਕੰਮ ਨਿਪਟਾਉਂਦੇ ਨਹੀਂ, ਅਰਥਾਤ ਉਨ੍ਹਾਂ ਵਿੱਚ ਸਮੇਂ ਦਾ ਸੰਜਮ ਅਤੇ ਕੰਮ ਮੁਕਾਉਣ ਦਾ ਸਲੀਕਾ ਨਹੀਂ ਹੁੰਦਾ।

ਤੁਸੀਂ ਬਹੁਤ ਸਾਰੇ ਲੋਕਾਂ ਨੂੰ ਕਿਸੇ ਸਮਾਗਮ 'ਤੇ ਭੋਜਨ ਖਾਂਦਿਆਂ ਵੀ ਵੇਖਿਆ ਹੋਵੇਗਾ ਪਰ ਉਹ ਸਾਰਾ ਜੀਵਨ ਦਿਨ ਵਿੱਚ ਕਈ ਵਾਰ ਖਾਣ ਦੇ ਬਾਵਜੂਦ, ਅਨੁਮਾਨ ਨਹੀਂ ਲਾ ਸਕਦੇ ਕਿ ਪਲੇਟ ਜਾਂ ਥਾਲੀ ਵਿੱਚ ਕਿਤਨਾ ਭੋਜਨ ਪਾਉਣ।

ਸੰਜਮ ਦੀ ਘਾਟ ਕਾਰਨ ਹੀ ਉਹ ਥਾਲੀ ਜਾਂ ਪਲੇਟ ਵਿੱਚ ਤੱਸਲੇ ਜਿੰਨਾ ਸਾਮਾਨ ਪਾ ਕੇ, ਨਾ ਖਾ ਸਕਣ ਕਾਰਨ, ਸ਼ਰਮਸਾਰ ਹੁੰਦੇ ਰਹਿੰਦੇ ਹਨ।

ਕਿਸੇ ਦੇ ਖਾਣ-ਪੀਣ ਦੇ ਢੰਗ-ਤਰੀਕੇ ਅਤੇ ਸਮੱਗ੍ਰੀ ਦੀ ਮਾਤਰਾ ਤੋਂ ਉਸ ਦੀ ਸਮੁੱਚੀ ਜ਼ਿੰਦਗੀ ਦੀ ਤਰਜ਼ ਪਛਾਣੀ ਜਾ ਸਕਦੀ ਹੈ।

ਜਿਹੜਾ ਉਤਸ਼ਾਹ ਨਾਲ ਨਹੀਂ ਖਾਂਦਾ, ਉਹ ਜੀਵਨ ਵਿੱਚ ਵੀ ਬੁਝਿਆ-ਬੁਝਿਆ ਅਤੇ ਹਾਰਿਆ-ਹਾਰਿਆ ਹੋਵੇਗਾ।

ਇਵੇਂ ਹੀ ਕਿਸੇ ਦੇ ਸੌਣ ਦੇ ਢੰਗ ਤਰੀਕੇ ਤੋਂ ਜੀਵਨ ਬਾਰੇ ਉਸ ਦੇ ਦ੍ਰਿਸ਼ਟੀਕੋਣ ਨੂੰ ਜਾਣਿਆ ਜਾ ਸਕਦਾ ਹੈ। ਝਗੜਾਲੂ ਬੰਦੇ, ਜਾਗਦਿਆਂ ਹੀ ਨਹੀਂ, ਸੁੱਤਿਆਂ ਅਤੇ ਸੌਣ ਲੱਗਿਆਂ ਵੀ ਬੜਾ ਤੰਗ ਕਰਦੇ ਹਨ।

ਵੇਖਿਆ ਗਿਆ ਹੈ ਕਿ ਜਿਨ੍ਹਾਂ ਕੋਲ ਖਾਣ-ਪੀਣ ਲਈ ਖੁੱਲ੍ਹਾ ਹੈ, ਉਹ ਵੀ ਬੀਮਾਰ ਹਨ, ਜਿਨ੍ਹਾਂ ਕੋਲ ਕੁਝ ਵੀ ਨਹੀਂ, ਉਹ ਵੀ ਬੀਮਾਰ ਹਨ ਪਰ ਜੇ ਸਾਰੇ ਆਪਣੀ ਲੋੜ ਅਨੁਸਾਰ ਵੰਡ ਲੈਣ ਤਾਂ ਸਾਰੇ ਤੰਦਰੁਸਤ ਹੋ ਸਕਦੇ ਹਨ।

ਸਾਡੇ ਸਰੀਰ ਨੂੰ ਬੜੀ ਥੋੜ੍ਹੀ ਖ਼ੁਰਾਕ ਦੀ ਲੋੜ ਹੁੰਦੀ ਹੈ ਪਰ ਕਿਉਂਕਿ ਸਾਨੂੰ ਡਾਕਟਰਾਂ ਦਾ ਫਿਕਰ ਹੁੰਦਾ ਹੈ, ਸੋ ਉਨ੍ਹਾਂ ਦੇ ਰੋਜ਼ਗਾਰ ਨੂੰ ਬਣਾਈ ਰੱਖਣ ਲਈ ਅਸੀਂ ਅਕਸਰ ਲੋੜ ਨਾਲੋਂ ਵੱਧ ਖਾ ਜਾਂਦੇ ਹਾਂ

ਸੰਜਮ ਅਤੇ ਸੰਕੋਚ ਦਾ ਪੱਲਾ ਛੱਡਦਿਆਂ ਹੀ ਅਣਗਿਣਤ ਮੁਸ਼ਕਿਲਾਂ ਅਤੇ ਮੁਸੀਬਤਾਂ ਸਾਨੂੰ ਘੇਰ ਲੈਂਦੀਆਂ ਹਨ।

ਕਈ ਖੁੱਲ੍ਹਾ ਖਰਚ ਕਰਕੇ ਵੀ ਕੁਝ ਬੱਚਤ ਕਰ ਲੈਂਦੇ ਹਨ ਪਰ ਕਈ ਥੋੜ੍ਹਾ ਖਰਚ ਕਰਨ ਦੇ ਬਾਵਜੂਦ ਵੀ ਥੁੜ੍ਹੇ ਰਹਿੰਦੇ ਹਨ।

ਕਿਸੇ ਧਾਰਮਿਕ ਸਥਾਨ ਉੱਤੇ ਮਿਲਣ ਵਾਲਾ ਪ੍ਰਸ਼ਾਦ ਇਸ ਕਰਕੇ ਵਧੇਰੇ ਸੁਆਦ ਲੱਗਦਾ ਹੈ, ਕਿਉਂਕਿ ਉਹ ਸੰਜਮੀ ਅਤੇ ਸੰਕੋਚਵੇਂ ਹੱਥਾਂ ਨਾਲ ਦਿੱਤਾ ਗਿਆ ਹੁੰਦਾ ਹੈ।

ਆਨੰਦ ਮਾਨਣ ਦੀ ਵੀ ਇੱਕ ਹੱਦ ਹੁੰਦੀ ਹੈ, ਇਸ ਹੱਦ ਤੋਂ ਪਰ੍ਹੇ, ਉਹੀ ਆਨੰਦ ਵਿਭਚਾਰ ਬਣ ਜਾਂਦਾ ਹੈ।

ਖ਼ੁਸ਼ੀ, ਸਦਾ ਸੰਜਮ ਦੇ ਸਾਥ ਵਿੱਚ ਹੁੰਦੀ ਹੈ।

ਕਲਾਕਾਰ ਦੇ ਅਰਥ ਉਸ ਵਿਅਕਤੀ ਦੇ ਹਨ, ਜਿਹੜਾ ਆਪਣਾ ਖੇਤਰ ਨਿਸ਼ਚਿਤ ਕਰ ਲੈਂਦਾ ਹੈ ਅਤੇ ਉਸ ਵਿੱਚ ਪੂਰੀ ਆਜ਼ਾਦੀ ਨਾਲ ਵਿਚਰਦਾ ਹੈ।

ਇਵੇਂ ਹੀ ਘੋੜ-ਸਵਾਰੀ ਰਫ਼ਤਾਰ ਨੂੰ ਸੰਜਮ ਵਿੱਚ ਰੱਖਣ ਦਾ ਹੁਨਰ ਹੈ।

ਚਿੱਤਰਕਾਰੀ ਰੰਗਾਂ ਦਾ ਸੰਜਮ ਹੈ, ਸੁੰਦਰਤਾ ਅਨੁਪਾਤ ਦਾ ਸੰਜਮ ਹੈ, ਕਵਿਤਾ ਭਾਵਾਂ ਅਤੇ ਸ਼ਬਦਾਂ ਦੇ ਸੰਤੁਲਨ ਦਾ ਸੰਜਮ ਹੈ। ਇਵੇਂ ਹੀ ਸ਼ਤਰੰਜ ਦੂਜੀ ਧਿਰ ਦੀ ਸ਼ਕਤੀ ਨੂੰ ਮਾਪ ਕੇ ਆਪਣੀ ਸ਼ਕਤੀ ਨੂੰ ਸੰਜਮ ਅਤੇ ਸੰਕੋਚ ਨਾਲ ਵਰਤਣ ਦੀ ਖੇਡ ਹੈ।

ਬੇਮੁਹਾਰੀਆਂ ਹਰਕਤਾਂ ਕੋਈ ਅਰਥ ਨਹੀਂ ਰੱਖਦੀਆਂ, ਸੰਜਮ ਵਿੱਚ ਬੰਨ੍ਹੀਆਂ ਹੋਈਆਂ ਹਰਕਤਾਂ ਹੀ ਨਾਚ ਅਖਵਾਉਂਦੀਆਂ ਹਨ।

ਕਿਸ ਨੇ ਪੁੱਛਿਆ: ਜਿਊਂਦੇ ਰਹਿਣ ਲਈ ਕਿਤਨੀਆਂ ਕੁ ਚੀਜ਼ਾਂ ਦੀ ਲੋੜ ਹੁੰਦੀ ਹੈ? ਉੱਤਰ ਮਿਲਿਆ: ਜਿਤਨੀਆਂ ਕੁ ਕੋਈ ਵਿਅਕਤੀ ਬੜੀ ਆਸਾਨੀ ਨਾਲ ਆਪਣੇ ਸਿਰ ਉੱਤੇ ਚੁੱਕ ਸਕਦਾ ਹੈ।

ਜਿਤਨੀਆਂ ਕਿਸੇ ਵਿਅਕਤੀ ਦੀਆਂ ਲੋੜਾਂ ਘੱਟ ਹੁੰਦੀਆਂ ਹਨ, ਉਤਨਾ ਹੀ ਉਹ ਵਿਅਕਤੀ ਵਧੇਰੇ ਆਜ਼ਾਦ ਹੁੰਦਾ ਹੈ।

ਕਿਸੇ ਨੇ ਮਹਾਤਮਾ ਗਾਂਧੀ ਨੂੰ ਕਿਹਾ: ਸਫ਼ਰ ਦੀ ਤਿਆਰੀ ਕਰ ਲਵੋ। ਉਨ੍ਹਾਂ ਕੋਨੇ ਵਿੱਚ ਪਈ ਹੋਈ ਸੋਟੀ ਚੁੱਕ ਕੇ ਕਿਹਾ: ਚਲੋ, ਮੈਂ ਤਿਆਰ ਹਾਂ।

ਕਿਸੇ ਵੀ ਮੁਸੀਬਤ ਵਿੱਚੋਂ ਨਿਕਲਿਆ ਜਾ ਸਕਦਾ ਹੈ ਪਰ ਅਜਿਹਾ ਇਸ ਕਰਕੇ ਸੰਭਵ ਨਹੀਂ ਹੁੰਦਾ, ਕਿਉਂਕਿ ਮੁਸੀਬਤ ਵਿਚੋਂ ਨਿਕਲਣ ਸਮੇਂ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਸਾਡਾ ਇਕੱਠਾ ਕੀਤਾ ਕੂੜਾ-ਕਬਾੜ ਵੀ ਸਾਡੇ ਨਾਲ ਹੀ ਰਹੇ।

ਪਿੱਛੇ ਹਟ ਰਹੀ ਫੌਜ ਜਾਂ ਹਮਲੇ ਦੀ ਤਿਆਰੀ ਕਰ ਰਿਹਾ ਦਸਤਾ, ਆਪਣਾ ਵਾਧੂ ਸਾਜ਼-ਸਾਮਾਨ ਨਸ਼ਟ ਕਰਦਾ ਹੈ, ਕਿਉਂਕਿ ਅਜਿਹਾ ਕਰਨ ਨਾਲ ਹੀ ਉਸ ਦੀ ਰਫ਼ਤਾਰ, ਸ਼ਕਤੀ ਅਤੇ ਕਾਰਜ-ਕੁਸ਼ਲਤਾ ਵੱਧਦੀ ਹੈ।

ਵੱਡੇ-ਵੱਡੇ ਖਰਚੇ ਕਰਕੇ ਮਨੁੱਖ ਜਿਨ੍ਹਾਂ ਖੁਸ਼ੀਆਂ ਲਈ ਤਾਂਘਦਾ ਹੈ, ਉਹ ਸੰਜਮ ਅਤੇ ਸੰਕੋਚ ਨਾਲ ਸਹਿਜੇ ਹੀ ਪ੍ਰਾਪਤ ਹੋ ਸਕਦੀਆਂ ਹਨ।

ਇੱਕ ਸੰਜਮੀ ਵਿਅਕਤੀ ਦੀ ਪਛਾਣ ਇਹ ਹੁੰਦੀ ਹੈ ਕਿ ਉਹ ਕਿਸੇ ਨਾਲ ਵੀ ਆਪਣੀ ਬੀਮਾਰੀ ਦੀਆਂ ਗੱਲਾਂ ਨਹੀਂ ਕਰਦਾ, ਕਿਉਂਕਿ ਉਸ ਦਾ ਸਰੀਰ ਤੰਦਰੁਸਤ ਹੁੰਦਾ ਹੈ ਅਤੇ ਮਨ ਸ਼ਾਂਤ ਹੁੰਦਾ ਹੈ।

ਜਿੱਥੇ ਸੰਜਮ ਦੀ ਘਾਟ ਹੋਵੇ, ਉੱਥੇ ਸਰੀਰਕ ਸ਼ਕਤੀ ਦੇ ਘਟਣ ਨਾਲ, ਸੰਕੋਚ ਅਤੇ ਸਲੀਕੇ ਦੇ ਗੁਣ ਆਉਣ ਦੀ ਥਾਂ, ਮਨੁੱਖ ਵਧੇਰੇ ਲਾਲਚੀ ਅਤੇ ਕਮੀਨਾ ਹੋ ਜਾਂਦਾ ਹੈ।

ਅਸੀਂ ਧੂੜ ਅਤੇ ਝੱਗ ਨੂੰ ਬੱਦਲ ਅਤੇ ਪਹਾੜ ਸਮਝਣ ਦੇ ਆਦੀ ਹਾਂ, ਇਸੇ ਕਰਕੇ ਸਾਨੂੰ ਅਨੇਕਾਂ ਵਾਰ ਸ਼ਰਮਸਾਰ ਹੋਣਾ ਪੈਂਦਾ ਹੈ।

ਪੰਜਾਬੀ ਸੁਭਾਅ ਵਿੱਚ ਸੰਜਮ ਦੀ ਘਾਟ ਹੈ।

ਇਸੇ ਕਰਕੇ ਬੌਧਿਕ ਖੇਤਰਾਂ ਵਿੱਚ ਸਾਡੀਆਂ ਪ੍ਰਾਪਤੀਆਂ ਦੇ ਕੱਦ ਨੀਵੇਂ ਹਨ।

ਅਸੀਂ ਮਿਰਜ਼ੇ ਵਾਂਗ ਛੋਟੀਆਂ-ਛੋਟੀਆਂ ਜਿੱਤਾਂ ਤੋਂ ਸੰਤੁਸ਼ਟ ਹੋ ਕੇ ਆਪਣੇ ਦੁਖਾਂਤ ਸਿਰਜਦੇ ਰਹਿੰਦੇ ਹਾਂ। ਸਾਡਾ ਸੁਭਾਅ ਰੇਤ ਵਾਲਾ ਹੈ, ਇੱਕ ਦਮ ਤੱਪ ਉੱਠਣਾ ਅਤੇ ਇੱਕ ਦਮ ਠੰਢੇ ਪੈ ਜਾਣਾ।

ਸੰਜਮ ਦੀ ਘਾਟ ਕਾਰਨ ਹੀ ਸਾਡੇ ਵਿੱਚ ਸਬਰ ਨਹੀਂ।

ਅਸੀਂ ਸਫ਼ੈਦੇ ਦੇ ਦਰਖਤਾਂ ਵਾਂਗ ਝੱਟਪਟ ਉੱਚੇ ਹੋਣ ਦੀ ਕਾਹਲ ਵਿੱਚ ਹਾਂ।

ਪੰਜਾਬ ਵਿੱਚ ਸਫ਼ੈਦੇ ਦੇ ਦਰਖਤਾਂ ਦੇ ਅੰਨ੍ਹੇਵਾਹ ਲਗਣ-ਲਗਾਉਣ ਦੀ ਬਿਰਤੀ ਨੇ, ਬਿਨਾਂ ਮਿਹਨਤ ਦੇ ਅਮੀਰ ਹੋਣ ਦੀ ਕਾਹਲ ਉਪਜਾਈ ਹੈ।

ਭੁੱਲਣਾ ਨਹੀਂ ਚਾਹੀਦਾ ਕਿ ਕੰਮ ਕਰਨ ਦਾ ਕੋਈ ਵੀ ਈਮਾਨਦਾਰ ਢੰਗ ਜਾਂ ਉਸਾਰੂ ਅਤੇ ਲਾਭਦਾਇਕ ਕਾਰਜ ਸੌਖਾ ਨਹੀਂ ਹੁੰਦਾ ।

ਸੰਜਮ, ਅਸਲ ਵਿੱਚ ਆਪਣੇ ਆਪ ਨੂੰ ਤਾਅ ਦੇਣ ਦੀ ਜੁਗਤ ਹੈ। ਘੱਟ ਤਾਅ ਨਾਲ ਸ਼ਖ਼ਸੀਅਤ ਪਿੱਲੀ ਅਤੇ ਵੱਧ ਤਾਅ ਦੇਣ ਨਾਲ ਖਿੰਘਰ ਬਣ ਜਾਂਦੀ ਹੈ।

ਗਲਤੀਆਂ ਸਾਰਿਆਂ ਤੋਂ ਹੀ ਹੁੰਦੀਆਂ ਹਨ, ਪਰ ਇੱਕ ਸੰਜਮੀ ਵਿਅਕਤੀ ਹੀ ਉਨ੍ਹਾਂ ਨੂੰ ਦੁਹਰਾਉਣ ਤੋਂ ਬੱਚਦਾ ਹੈ।

ਕਹਿੰਦੇ ਹਨ ਵਿਹਲੜਾਂ ਕੋਲ ਫ਼ੁਰਸਤ ਨਹੀਂ ਹੁੰਦੀ ਪਰ ਸੰਜਮੀ ਕੋਲ ਹਰ ਚੰਗੇ ਕੰਮ ਲਈ ਅਥਾਹ ਸਮਾਂ ਹੁੰਦਾ ਹੈ। ਇੱਕ ਸੰਜਮੀ ਵਿਅਕਤੀ ਨਾ ਝੱਟਪੱਟ ਗੁੱਸੇ ਹੁੰਦਾ ਹੈ, ਨਾ ਹੀ ਝੱਟਪੱਟ ਖੁਸ਼ ਹੁੰਦਾ ਹੈ।

ਬਹੁਤੇ ਲੋਕਾਂ ਨੂੰ ਬਿਨਾਂ ਸਬੂਤਾਂ ਅਤੇ ਆਧਾਰਾਂ ਦੇ ਅਵਾਰਾ ਜਿਹੀ ਰਾਇ ਪ੍ਰਗਟਾਉਣ ਦੀ ਬੀਮਾਰੀ ਹੁੰਦੀ ਹੈ। ਅਜਿਹੇ ਲੋਕਾਂ ਵਿੱਚ ਹਉਮੈ ਵੀ ਹੋਵੇਗੀ। ਹਉਮੈ ਅਸਲ ਵਿੱਚ ਸਾਡੇ ਵੱਧ ਰਹੇ ਅਗਿਆਨ ਦਾ ਪ੍ਰਮਾਣ ਹੁੰਦੀ ਹੈ।

ਜਿਤਨਾ ਚਿਰ ਅਸੀਂ ਹਉਮੈ ਦੀ ਪਕੜ ਵਿੱਚ ਹੁੰਦੇ ਹਾਂ, ਉਤਨਾ ਚਿਰ ਅਸੀਂ ਸਰਬ-ਸਾਂਝੀ ਖੁਸ਼ੀ ਤੋਂ ਵਾਂਝੇ ਹੀ ਰਹਿੰਦੇ ਹਾਂ।

ਸਭ ਪ੍ਰਕਾਰ ਦੀ ਈਰਖਾ ਤਿਆਗੇ ਬਿਨਾਂ, ਸੋਹਣੀ ਸੱਭਿਅਤਾ ਦੇ ਸੁਪਨੇ ਨੂੰ ਸਾਕਾਰ ਨਹੀਂ ਕੀਤਾ ਜਾ ਸਕਦਾ।

ਕਹਿੰਦੇ ਹਨ ਮਨੁੱਖ ਜਿਤਨਾ ਛੋਟਾ ਹੁੰਦਾ ਹੈ, ਉਸ ਦਾ ਹੰਕਾਰ ਉਤਨਾ ਹੀ ਵੱਡਾ ਹੁੰਦਾ ਹੈ। ਅਜਿਹੇ ਲੋਕਾਂ ਦੀ ਬੋਲੀ ਦਾ ਹੁਸਨ ਨਿੰਦਿਆ ਵਿੱਚ ਹੀ ਨਿੱਖਰਦਾ ਹੈ।

ਹਰ ਈਰਖਾ, ਠੀਕ ਪ੍ਰਸ਼ਨ ਦਾ ਗਲਤ ਕੱਢਿਆ ਉੱਤਰ ਹੁੰਦੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਮਨੁੱਖ ਉਤਨਾ ਚਿਰ ਹੀ ਮਾੜਾ ਹੁੰਦਾ ਹੈ, ਜਿਤਨਾ ਚਿਰ ਉਹ ਈਰਖਾ ਦੇ ਵੱਸ ਵਿੱਚ ਹੁੰਦਾ ਹੈ। ਈਰਖਾ ਮਨੁੱਖ ਦਾ ਸੁਭਾਅ ਨਹੀਂ, ਇਹ ਤਾਂ ਕਾਣੀ ਆਰਥਿਕ-ਪ੍ਰਣਾਲੀ ਦੀ ਉਪਜਾਈ ਬੇਚਾਰਗੀ ਦੇ ਅੱਡੇ-ਖੇੜੇ ਹਨ। ਈਰਖਾ ਕਰਨ ਵਾਲੇ ਵਾਂਗ ਹੀ ਉਸ ਦੀ ਝੂਠੀ ਸੂਚਨਾ ਦੇਣ ਵਾਲਾ ਵੀ ਦੁੱਖ ਦਿੰਦਾ ਹੈ, ਕਿਉਂਕਿ ਇੱਕ ਈਰਖਾ ਕਰਦਾ ਹੈ, ਜਦੋਂ ਕਿ ਦੂਜਾ ਉਸ ਦੀ ਖ਼ਬਰ ਲਿਆ ਕੇ ਦਿੰਦਾ ਹੈ।

ਜੇ ਮਨੁੱਖ ਵਿੱਚੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਕੱਢ ਦਿੱਤੇ ਜਾਣ ਤਾਂ ਜੋ ਬਾਕੀ ਬਚੇਗਾ, ਉਹ ਮਨੁੱਖ ਨਹੀਂ ਹੋਵੇਗਾ। ਇਹ ਸਾਰੇ ਮਨੁੱਖੀ ਸ਼ਖਸੀਅਤ ਦੇ ਪੱਖ ਹਨ। ਇਹ ਮਾਰੇ ਨਹੀਂ ਜਾ ਸਕਦੇ।

ਲੋੜ ਇਨ੍ਹਾਂ ਨੂੰ ਸੰਜਮ ਵਿੱਚ ਰੱਖਣ ਦੀ ਹੈ।

ਸੰਜਮ ਅਤੇ ਸੰਕੋਚ ਵਿੱਚ ਵਿਚਰਨ ਵਾਲੇ ਵਿਅਕਤੀ ਕੋਲ ਇਤਨਾ ਸਮਾਂ ਹੀ ਨਹੀਂ ਹੁੰਦਾ ਕਿ ਉਹ ਕਿਸੇ ਨੂੰ ਈਰਖਾ ਕਰੇ। ਅਸਲ ਵਿੱਚ ਅਜਿਹਾ ਵਿਅਕਤੀ ਕਿਸੇ ਨੂੰ ਈਰਖਾ ਕੀਤੇ ਜਾਣ ਦੇ ਯੋਗ ਹੀ ਨਹੀਂ ਸਮਝਦਾ।

ਸੰਜਮ ਅਤੇ ਸੰਕੋਚ ਵਿੱਚ ਵਿਚਰਣ ਵਾਲੇ ਲੋਕਾਂ ਦੇ ਵਿਚਾਰ, ਸਮਾਜ ਦੀ ਰਾਇ ਅਤੇ ਸਮਾਜ ਲਈ ਆਦਰਸ਼ ਬਣ ਜਾਂਦੇ ਹਨ।

ਜ਼ਬਾਨ ਦਾ ਸੰਜਮ ਤਿਆਗਣ ਨਾਲ ਹੀ ਪਰਿਵਾਰ, ਸਮਾਜ ਅਤੇ ਰਾਜਨੀਤੀ ਵਿਚ ਅਨੇਕਾਂ ਝਗੜੇ ਉਤਪੰਨ ਹੁੰਦੇ ਹਨ।

ਝਗੜਾ ਇਵੇਂ ਕਰਨਾ ਚਾਹੀਦਾ ਹੈ ਕਿ ਸਮਝੌਤਾ ਕਰਨ ਵੇਲੇ, ਕਿਸੇ ਵੀ ਪੱਖੋਂ ਸ਼ਰਮਸਾਰ ਨਾ ਹੋਣਾ ਪਵੇ।

ਗੁੱਸੇ ਵਿੱਚ ਕੀਤੇ ਹਰ ਫੈਸਲੇ ਦਾ ਪਛਤਾਵਾ ਹੁੰਦਾ ਹੈ ਅਤੇ ਕਾਹਲ ਵਿੱਚ ਕੀਤੇ ਹਰ ਕੰਮ ਨੂੰ ਦੁਬਾਰਾ ਕਰਨਾ ਪੈਂਦਾ ਹੈ।

ਅਰਸਤੂ ਨੇ ਕਿਹਾ ਸੀ ਕਿ ਗੁੱਸੇ ਹੋਣ ਦਾ ਅਧਿਕਾਰ ਕੇਵਲ ਉਸ ਵਿਅਕਤੀ ਨੂੰ ਹੈ ਜਿਸ ਨੂੰ ਠੀਕ ਸਮੇਂ ਉਤੇ, ਠੀਕ ਵਿਅਕਤੀ ਨਾਲ, ਠੀਕ ਉਦੇਸ਼ ਲਈ, ਸਹੀ ਮਾਤਰਾ ਵਿੱਚ ਅਤੇ ਢੁੱਕਵੇਂ ਢੰਗ ਨਾਲ ਗੁੱਸੇ ਹੋਣ ਦੇ ਸਲੀਕੇ ਦਾ ਗਿਆਨ ਹੈ।

ਗੁੱਸੇ ਹੋਣ ਅਤੇ ਰੁੱਸਣ ਦੇ ਪੱਖ ਤੋਂ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਕੋਲ ਵਿਧੀ ਅਤੇ ਵੰਨਗੀ ਦੇ ਪੱਖੋਂ ਵਧੇਰਾ ਹੁਨਰ ਹੁੰਦਾ ਹੈ।

ਇਸਤਰੀ ਦਾ ਸੁਭਾਅ ਹੈ ਕਿ ਉਹ ਜਦੋਂ ਵੀ ਕਿਸੇ ਨਾਲ ਰੁਸਦੀ ਹੈ, ਉਸ ਵਲੋਂ ਮਨਾਏ ਜਾਣ ਦੀ ਸੰਭਾਵਨਾ ਰੱਖ ਕੇ ਰੁਸਦੀ ਹੈ।

ਬੇਦਾਵੇ ਅਤੇ ਬੇਦਖ਼ਲੀਆਂ ਕੇਵਲ ਪੁਰਸ਼ ਹੀ ਲਿਖਦੇ ਹਨ।

ਸੰਸਾਰ ਅਤੇ ਸਮਾਜ ਵਿੱਚ ਸੰਜਮ, ਸੰਕੋਚ ਅਤੇ ਜ਼ਿੰਮੇਵਾਰੀ ਨਾਲ ਜਿਊਣ ਵਾਲੇ ਵਿਅਕਤੀਆਂ ਦੀ ਗਿਣਤੀ ਘੱਟਦੀ ਜਾ ਰਹੀ ਹੈ।

ਕਦੇ ਵੀ ਵੇਖ ਲੈਣਾ ਕਿ ਕਿਸੇ ਵੀ ਝਗੜੇ ਵਿੱਚ ਅੰਤ ਨੂੰ ਜਿੱਤੇਗਾ ਉਹੀ, ਜਿਸ ਵਿੱਚ ਵਧੇਰੇ ਸੰਜਮ ਹੋਵੇਗਾ ਅਤੇ ਜਿਹੜਾ ਵਧੇਰੇ ਸਬਰ ਵਿਖਾਵੇਗਾ।

ਕਿਸੇ ਸਮੱਸਿਆ ਨੂੰ ਸੁਲਝਾਉਣ ਦਾ ਸਭ ਤੋਂ ਵਧੀਆ ਢੰਗ ਤਾਂ ਇਹ ਹੁੰਦਾ ਹੈ ਕਿ ਉਹ ਸਮੱਸਿਆ ਪੈਦਾ ਹੀ ਨਾ ਹੋਣ ਦਿੱਤੀ ਜਾਵੇ ਪਰ ਜੇ ਸਮੱਸਿਆ ਉਪਜ ਹੀ ਪਵੇ ਤਾਂ ਉਸ ਨੂੰ ਇਵੇਂ ਨਹੀਂ ਸੁਲਝਾਉਣਾ ਚਾਹੀਦਾ, ਜਿਵੇਂ ਉਹ ਸੰਸਾਰ ਦੀ ਸਭ ਤੋਂ ਵੱਡੀ ਸਮੱਸਿਆ ਹੋਵੇ, ਸਗੋਂ ਉਸ ਨੂੰ ਹੋਰ ਸਮੱਸਿਆਵਾਂ ਵਾਂਗ ਕੇਵਲ ਇੱਕ ਸਮੱਸਿਆ ਸਮਝ ਕੇ ਹੀ ਸੁਭਾਵਕ ਬਿਰਤੀ ਨਾਲ ਸੁਲਝਾਉਣਾ ਚਾਹੀਦਾ ਹੈ।

ਵੇਖਿਆ ਗਿਆ ਹੈ ਕਿ ਗੁੱਸਾ ਆਉਣਾ ਅਤੇ ਝੱਟਪਟ ਪ੍ਰਤੀਕਰਮ ਦੇਣਾ, ਗਰੀਬੀ ਦੀਆਂ ਨਿਸ਼ਾਨੀਆਂ ਹਨ, ਅਮੀਰੀ ਦੀਆਂ ਅਲਾਮਤਾਂ ਨਹੀਂ।

ਅਸੰਜਮੀ ਵਿਅਕਤੀ ਵਿੱਚ ਝੱਟਪੱਟ ਗੁੱਸੇ ਹੋਣ ਦੀ ਬਿਰਤੀ ਹੁੰਦੀ ਹੈ।

ਗੁੱਸੇ ਹੋਣ ਵਾਲਾ ਵਿਅਕਤੀ ਆਪਣੇ ਕੋਲ ਹਥਿਆਰ ਰੱਖਣ ਦਾ ਇਛੁੱਕ ਹੁੰਦਾ ਹੈ, ਹਥਿਆਰ ਵਾਲਾ ਵਿਅਕਤੀ ਹਥਿਆਰ ਵਰਤਣ ਲਈ ਕੋਈ ਨਾ ਕੋਈ ਮੌਕਾ ਲੱਭ ਹੀ ਲੈਂਦਾ ਹੈ, ਇਵੇਂ ਗੁੱਸਾ ਅੰਤ ਨੂੰ ਕਿਸੇ ਜ਼ੁਲਮ ਜਾਂ ਜਬਰ ਵਿੱਚ ਪ੍ਰਗਟ ਹੁੰਦਾ ਹੈ।

ਕਿਸੇ ਵੀ ਵਧੀਕੀ ਕਰਨ ਵਾਲੇ ਤੋਂ ਬਦਲਾ ਲੈਣ ਦਾ ਸਭ ਤੋਂ ਵਧੀਆ ਤਰੀਕਾ ਤਾਂ ਉਸ ਨੂੰ ਮੁਆਫ਼ ਕਰਨਾ ਹੁੰਦਾ ਹੈ ਪਰ ਜੇ ਬਦਲਾ ਲੈਣਾ ਹੀ ਪਵੇ ਤਾਂ ਜਿਤਨਾ ਚਿਰ ਟਾਲਿਆ ਜਾ ਸਕੇ, ਬਦਲਾ ਲੈਣ ਨੂੰ ਟਾਲਣਾ ਚਾਹੀਦਾ ਹੈ।

ਸੰਜਮ ਦੀ ਸਭ ਤੋਂ ਵਧੇਰੇ ਜ਼ਰੂਰਤ ਨਿੱਜੀ ਲੋੜਾਂ ਅਤੇ ਆਦਤਾਂ ਵਿੱਚ ਹੁੰਦੀ ਹੈ। ਉਦਾਹਰਣ ਵਜੋਂ, ਜਿਹੜੀਆਂ ਚੀਜ਼ਾਂ ਜੀਭ ਨੂੰ ਸੁਆਦ ਦਿੰਦੀਆਂ ਹਨ, ਉਹੀ ਮਿਹਦੇ ਲਈ ਨੁਕਸਾਨਦੇਹ ਹੁੰਦੀਆਂ ਹਨ।

ਅਸੰਜਮੀ ਹੋ ਕੇ ਖਾਧੀ ਅਤੇ ਖਰੀਦੀ ਕੋਈ ਵੀ ਚੀਜ਼ ਲਾਹੇਵੰਦੀ ਨਹੀਂ ਹੁੰਦੀ।

ਸਮੱਸਿਆਵਾਂ ਬਾਰੇ ਸਾਡੇ ਫੈਸਲੇ ਕਿਤਨੇ ਕੁ ਠੀਕ ਹੋਣਗੇ, ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੂੰ ਅਸੀਂ ਵਿਚਾਰਿਆ ਕਿਤਨੇ ਕੁ ਖੁੱਲ੍ਹੇ ਮਨ ਨਾਲ ਹੈ।

ਅਸੀਂ ਸਵੇਰੇ ਵਕਤ ਸਿਰ ਉਠਾਂਗੇ ਕਿ ਨਹੀਂ, ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਅਸੀਂ ਰਾਤ ਨੂੰ ਵਕਤ ਸਿਰ ਸੁੱਤੇ ਸਾਂ ਕਿ ਨਹੀਂ।

ਅਸੀਂ ਉਨ੍ਹਾਂ ਪੈਸਿਆਂ ਨੂੰ ਹੀ ਠੀਕ ਢੰਗ ਨਾਲ ਖਰਚਦੇ ਹਾਂ, ਜਿਹੜੇ ਅਸੀਂ ਮਿਹਨਤ ਕਰਕੇ ਆਪ ਕਮਾਏ ਹੋਣ।

ਕੋਈ ਚੀਜ਼ ਇਸ ਕਰਕੇ ਨਹੀਂ ਖਰੀਦਣੀ ਚਾਹੀਦੀ ਕਿ ਉਹ ਸਸਤੀ ਹੈ, ਨਾ ਹੀ ਕੋਈ ਚੀਜ਼ ਇਸ ਕਰਕੇ ਖਾ ਲੈਣੀ ਚਾਹੀਦੀ ਹੈ ਕਿ ਉਹ ਖ਼ਰਾਬ ਹੋ ਜਾਵੇਗੀ।

ਜੋ ਕੁਝ ਵੀ ਖਿੜੇ ਮਨ ਨਾਲ, ਦੂਜਿਆਂ ਦਾ ਧਿਆਨ ਰੱਖ ਕੇ, ਚੰਗੀ ਭਾਵਨਾ ਨਾਲ ਕੀਤਾ ਜਾਵੇ, ਉਹ ਗਲਤ ਨਹੀਂ ਹੁੰਦਾ। ਇਸੇ ਨੂੰ ਹੀ ਸੰਜਮ ਕਹਿੰਦੇ ਹਨ।

ਕਹਿੰਦੇ ਹਨ ਕਿ ਸੰਜਮੀ ਅਤੇ ਬਹਾਦਰ ਵਿਅਕਤੀ ਡਿੱਗ ਭਾਵੇਂ ਪਵੇ ਪਰ ਉਹ ਕਦੇ ਵੀ, ਕਿਸੇ ਸਾਹਮਣੇ ਝੁਕੇਗਾ ਨਹੀਂ।

ਅਜਿਹਾ ਵਿਅਕਤੀ ਕੇਵਲ ਵਧੇਰੇ ਬਹਾਦਰ ਬੰਦੇ ਸਾਹਮਣੇ ਹੀ ਝੁਕੇਗਾ।

ਜੀਵਨ ਵਿੱਚ ਬੜੀਆਂ ਮੁਸ਼ਕਿਲਾਂ ਅਤੇ ਮੁਸੀਬਤਾਂ ਹਨ ਪਰ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਸਾਡੇ ਕੋਲ ਆਸ ਅਤੇ ਹਿੰਮਤ ਦੀਆਂ ਨਿਆਮਤਾਂ ਵੀ ਹਨ।

ਕਿਹਾ ਜਾਂਦਾ ਹੈ ਕਿ ਮਦਦ ਕਰਨ ਵਾਲੇ ਨੂੰ ਚਾਹੀਦਾ ਹੈ ਕਿ ਉਹ ਕਦੀ ਜਿਤਲਾਵੇ ਨਾ ਅਤੇ ਮਦਦ ਲੈਣ ਵਾਲੇ ਨੂੰ ਚਾਹੀਦਾ ਹੈ ਕਿ ਉਹ ਕਦੀ ਭੁੱਲੇ ਨਾ।

ਮਦਦ ਘੱਟ ਤੋਂ ਘੱਟ ਲੈਣੀ ਚਾਹੀਦੀ ਹੈ ਪਰ ਕਿਸੇ ਲੋੜਵੰਦ ਦੀ ਮਦਦ ਕਰਨ ਦਾ ਕੋਈ ਵੀ ਅਵਸਰ ਗੁਆਉਣਾ ਨਹੀਂ ਚਾਹੀਦਾ।

ਬੇਨੇਮੀ ਉਦਾਰਤਾ ਅਤੇ ਅੰਸੰਜਮੀ ਮਦਦ ਸੁਆਰਦੀ ਘੱਟ ਹੈ ਅਤੇ ਵਿਗਾੜ ਵਧੇਰੇ ਉਪਜਾਉਂਦੀ ਹੈ।

ਖਰਚਣ-ਵਰਤਣ ਵਿੱਚ ਸੰਜਮ ਦੀ ਸਭ ਤੋਂ ਵਧੇਰੇ ਲੋੜ ਹੁੰਦੀ ਹੈ।

ਚੀਜ਼ਾਂ-ਵਸਤਾਂ ਖਰੀਦਣੀਆਂ ਸੌਖੀਆਂ ਹੁੰਦੀਆਂ ਹਨ ਪਰ ਉਨ੍ਹਾਂ ਤੋਂ ਛੁਟਕਾਰਾ ਪਾਉਣਾ ਔਖਾ ਹੁੰਦਾ ਹੈ ਅਤੇ ਹੌਲੀ-ਹੌਲੀ ਘਰ ਕਬਾੜਖਾਨੇ ਬਣ ਜਾਂਦੇ ਹਨ।

ਕਈ ਲੋਕ ਸਜਾਵਟ ਦੇ ਅਰਥ ਇਹ ਲੈਂਦੇ ਹਨ ਕਿ ਸੋਹਣੀਆਂ ਅਤੇ ਮਹਿੰਗੀਆਂ ਚੀਜ਼ਾਂ ਲਿਆ ਕੇ ਘਰ ਵਿੱਚ ਸਜਾਈਆਂ ਜਾਣ ਪਰ ਸਜਾਵਟ ਦੇ ਅਸਲ ਅਰਥ ਇਹ ਹਨ ਕਿ ਫਾਲਤੂ ਚੀਜ਼ਾਂ ਨੂੰ ਹੂੰਝ ਕੇ ਬਹਾਰ ਸੁੱਟ ਦਿੱਤਾ ਜਾਵੇ।

ਸਭ ਤੋਂ ਸੋਹਣੀ ਸਜਾਵਟ ਕਿਤਾਬਾਂ ਹੁੰਦੀਆਂ ਹਨ।

ਜਿਵੇਂ ਬੱਦਲ ਅਸਮਾਨ ਦੀ ਕਲਪਨਾ ਹੁੰਦੇ ਹਨ, ਉਵੇਂ ਹੀ ਕਿਤਾਬਾਂ ਮਾਨਵਜਾਤੀ ਦੇ ਸਾਕਾਰ ਹੋਏ ਸੁਪਨੇ ਹੁੰਦੀਆਂ ਹਨ।

ਅਸੀਂ ਉਦੋਂ ਤੱਕ ਕਿਸੇ ਤੋਂ ਕੁਝ ਸਿੱਖ ਹੀ ਨਹੀਂ ਸਕਦੇ, ਜਦੋਂ ਤੱਕ ਸਾਡੇ ਮਨ ਵਿੱਚ ਉਸ ਪ੍ਰਤੀ ਸਤਿਕਾਰ ਨਹੀਂ ਉਪਜਦਾ।

ਕਿਸੇ ਲਈ ਸਤਿਕਾਰ, ਆਪਣੀ ਸੋਚ ਨੂੰ ਸੰਜਮ ਵਿੱਚ ਰੱਖਣ ਦਾ ਸਲੀਕਾ, ਹੁਨਰ ਅਤੇ ਵਰਤਾਰਾ ਹੁੰਦਾ ਹੈ।

ਜੇ ਸਤਿਕਾਰ, ਧੰਨਵਾਦ ਅਤੇ ਸੰਜਮ ਦਾ ਕੋਈ ਹੋਰ ਆਧਾਰ ਨਹੀਂ ਦਿਸਦਾ ਤਾਂ ਵਿਅਕਤੀ ਦੀ ਉਮਰ ਦਾ ਧਿਆਨ ਕਰ ਲੈਣਾ ਚਾਹੀਦਾ ਹੈ।

ਸਤਿਕਾਰ, ਸੰਜਮ ਅਤੇ ਧੰਨਵਾਦ ਦੀ ਭਾਵਨਾ ਨਾਲ ਅਨੇਕਾਂ ਘਰਾਂ ਦੇ ਬੰਦ ਬੂਹੇ, ਤੁਹਾਡੇ ਲਈ ਖੁੱਲ੍ਹ ਜਾਣਗੇ।

ਸੰਜਮ ਕੋਈ ਹਥਿਆਰ ਨਹੀਂ, ਇਹ ਸਭ ਹਮਲਿਆਂ ਅਤੇ ਹਥਿਆਰਾਂ ਨੂੰ ਬਰਦਾਸ਼ਤ ਕਰਨ ਵਾਲੀ ਢਾਲ ਹੁੰਦੀ ਹੈ।

ਰਿਸ਼ਵਤ

ਮਨੁੱਖ ਵੱਧੀਆਂ ਹੋਈ ਕੀਮਤਾਂ ਤੋਂ ਨਿਰਾਸ਼ ਨਹੀਂ ਹੁੰਦਾ, ਨਿੱਤ ਵੱਧ ਰਹੀਆਂ ਕੀਮਤਾਂ ਤੋਂ ਪਰੇਸ਼ਾਨ ਹੁੰਦਾ ਹੈ।

ਜਦੋਂ ਕਿਸੇ ਸਮਾਜ ਵਿੱਚ ਵਸਤਾਂ ਦੀਆਂ ਕੀਮਤਾਂ ਤੇਜ਼ੀ ਨਾਲ ਵੱਧਦੀਆਂ ਹਨ ਤਾਂ ਉਸੇ ਅਨੁਪਾਤ ਵਿੱਚ ਉਸ ਸਮਾਜ ਵਿੱਚ ਸਭ ਪ੍ਰਕਾਰ ਦੀ ਟੁੱਟ-ਭੱਜ ਦੀ ਕਿਰਿਆ ਤੇਜ਼ ਹੋ ਜਾਂਦੀ ਹੈ।

ਕੀਮਤਾਂ ਵਿਚਲੀ ਤੇਜ਼ੀ ਸਾਡੇ ਵਰਤਾਰੇ ਵਿੱਚ ਕਾਹਲ, ਚਿੜਚਿੜੇਪਣ, ਗੁੱਸੇ ਅਤੇ ਘਬਰਾਹਟ ਵਿੱਚ ਪ੍ਰਗਟ ਹੁੰਦੀ ਹੈ।

ਜਦੋਂ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਹੋਣ ਤਾਂ ਵੱਡਿਆਂ ਪ੍ਰਤੀ ਸਤਿਕਾਰ, ਦੂਜਿਆਂ ਪ੍ਰਤੀ ਹਮਦਰਦੀ ਅਤੇ ਸਰਬੱਤ ਦੇ ਭਲੇ ਦੀ ਬਿਰਤੀ ਦੀ ਥਾਂ ਵੱਡੇ-ਵਡੇਰਿਆਂ ਪ੍ਰਤੀ ਅਪਮਾਨ, ਦੂਜਿਆਂ ਪ੍ਰਤੀ ਵਿਰੋਧ ਅਤੇ ਹਰ ਕਿਸੇ ਨਾਲ ਸਾੜੇ ਦੇ ਨਾਲ ਨਾਲ ਸੁਆਰਥ ਦੀ ਰੁਚੀ ਪ੍ਰਧਾਨ ਹੋ ਜਾਂਦੀ ਹੈ।

ਉਦਾਹਰਣ ਵਜੋਂ ਵੱਧਦੀਆਂ ਕੀਮਤਾਂ ਦੇ ਵਾਤਾਵਰਣ ਵਿੱਚ ਬੱਚਿਆਂ ਦੀ ਮਾਰਕੁਟਾਈ ਵੱਧ ਜਾਂਦੀ ਹੈ ਅਤੇ ਪਤੀ-ਪਤਨੀ ਵਿਚਕਾਰ ਝਗੜੇ ਉਤਪੰਨ ਹੋ ਜਾਂਦੇ ਹਨ, ਕਤਲ ਵਧੇਰੇ ਹੋਣ ਲੱਗ ਪੈਂਦੇ ਹਨ, ਝੂਠ ਵਧੇਰੇ ਬੋਲਿਆ ਜਾਂਦਾ ਹੈ, ਬਹਾਨੇ ਵਧੇਰੇ ਲਾਏ ਜਾਂਦੇ ਹਨ ਅਤੇ ਮਿਹਨਤ ਕੀਤੇ ਬਿਨਾਂ ਹੀ ਰਾਤੋ-ਰਾਤ ਅਮੀਰ ਹੋਣ ਦੀ ਬਿਰਤੀ ਉਤਪੰਨ ਹੁੰਦੀ ਹੈ।

ਜਦੋਂ ਕੀਮਤਾਂ ਸਥਿਰ ਹੁੰਦੀਆਂ ਸਨ, ਉਦੋਂ ਹੀ ਟਾਹਲੀ ਅਤੇ ਅੰਬ ਆਦਿ ਦੇ ਬੂਟੇ ਲਾਏ ਜਾਂਦੇ ਸਨ, ਕਿਉਂਕਿ ਇਹ ਬੂਟੇ ਉਸੇ ਸਮਾਜ ਵਿੱਚ ਲਾਏ ਜਾ ਸਕਦੇ ਹਨ, ਜਿਥੇ ਸਬਰ ਹੋਵੇ, ਸੰਜਮ ਹੋਵੇ ਅਤੇ ਸੰਤੋਖ ਹੋਵੇ। ਵੱਧਦੀਆਂ ਕੀਮਤਾਂ ਦੇ ਯੁੱਗ ਵਿੱਚ ਤਾਂ ਸਫ਼ੈਦੇ ਦੇ ਰੁੱਖ ਹੀ ਲਾਏ ਜਾ ਸਕਦੇ ਹਨ। ਕੀਮਤਾਂ ਦੇ ਵਾਧੇ ਨਾਲ ਸਾਡੇ ਵਿੱਚ ਪਰੰਪਰਾ ਅਤੇ ਈਮਾਨਦਾਰੀ ਪ੍ਰਤੀ ਸਤਿਕਾਰ ਦੀ ਭਾਵਨਾ ਹੀ ਮਰ ਜਾਂਦੀ ਹੈ।

ਵੱਧਦੀਆਂ ਕੀਮਤਾਂ ਦੇ ਯੁੱਗ ਵਿੱਚ ਈਮਾਨਦਾਰੀ ਦੀ ਆਮਦਨ ਨਾਲ ਗੁਜ਼ਾਰਾ ਕਰਨਾ ਔਖਾ ਹੁੰਦਾ ਜਾਂਦਾ ਹੈ ਅਤੇ ਇਹ ਸਥਿਤੀ ਸਮੁੱਚੇ ਮਨੁੱਖੀ ਵਰਤਾਰੇ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਸ ਮੁਸ਼ਕਿਲ ਵਿਚੋਂ ਨਿਕਲਣ ਲਈ ਮਨੁੱਖ ਆਪਣੀ ਆਮਦਨ ਵਧਾਉਣ ਦੇ ਨਵੇਂ-ਨਵੇਂ ਰਾਹ ਲੱਭਦਾ ਹੈ।

ਅਜਿਹੀ ਸਥਿਤੀ ਵਿੱਚ ਹੀ ਰਿਸ਼ਵਤ ਇੱਕ ਸੌਖਾ ਹੱਲ ਪ੍ਰਤੀਤ ਹੋਣ ਲੱਗ ਪੈਂਦੀ ਹੈ ਪਰ ਰਿਸ਼ਵਤ ਲੈਣ ਵਾਲੇ ਨਾਲ ਜੋ ਕੁਝ ਬੀਤਦੀ ਅਤੇ ਵਾਪਰਦੀ ਹੈ, ਉਹੀ ਪ੍ਰਗਟਾਉਣਾ ਇਸ ਲੇਖ ਦਾ ਵਿਸ਼ਾ ਹੈ।

ਦੇਰੀ, ਰਿਸ਼ਵਤ ਦਾ ਪ੍ਰਮੁੱਖ ਸੋਮਾ ਅਤੇ ਕਾਰਨ ਹੁੰਦਾ ਹੈ।

ਰਿਸ਼ਵਤ, ਦਫ਼ਤਰੀ ਕਿਰਿਆ ਵਿੱਚ ਕੰਮ ਨੂੰ ਝੱਟਪਟ ਨਿਪਟਾਉਣ ਅਰਥਾਤ ਦੇਰੀ ਨਾ ਕਰਨ ਦੀ ਫੀਸ ਹੁੰਦੀ ਹੈ। ਜਿਥੇ ਕੰਮ ਵਿੱਚ ਦੇਰੀ ਨਹੀਂ ਕੀਤੀ ਜਾ ਸਕਦੀ, ਉਥੇ ਰਿਸ਼ਵਤ ਦੀ ਸੰਭਾਵਨਾ ਨਹੀਂ ਹੁੰਦੀ।

ਵੱਧਦੀਆਂ ਕੀਮਤਾਂ ਨਾਲ ਮਨੁੱਖੀ ਵਰਤਾਰੇ ਵਿੱਚ ਕਾਹਲ ਉਪਜਦੀ ਹੈ, ਇਹ ਕਾਹਲ ਦੇਰੀ ਨੂੰ ਬਰਦਾਸ਼ਤ ਨਹੀਂ ਕਰਦੀ ਅਤੇ ਰਿਸ਼ਵਤ, ਦੇਰੀ ਖ਼ਤਮ ਕਰਨ ਦਾ ਇਵਜ਼ਾਨਾ ਹੋ ਨਿਬੜਦੀ ਹੈ।

ਨਜ਼ਰਾਨਾ, ਇਵਜ਼ਾਨਾ, ਜੁਰਮਾਨਾ ਅਤੇ ਹਰਜਾਨਾ ਦਫ਼ਤਰੀ ਕੰਮ ਦੇ ਚਾਰ ਪ੍ਰਮੁੱਖ ਸੰਕਲਪ ਹਨ। ਰਿਸ਼ਵਤ ਦਾ ਸੰਕਲਪ, ਇਨ੍ਹਾਂ ਦੇ ਆਲੇ ਦੁਆਲੇ ਘੁੰਮਦਾ ਹੈ।

ਜਦੋਂ ਕੰਮ ਕਰਨ ਵਾਲੇ ਨੂੰ ਕੰਮ ਵਿੱਚ ਦੇਰੀ ਨਾਲ ਲਾਭ ਹੋਣ ਲੱਗ ਜਾਵੇ ਤਾਂ ਉਸ ਦੀ ਸਾਰੀ ਸੋਚ ਦੇਰੀ ਕਰਨ ਦੇ ਨਵੇਂ-ਨਵੇਂ ਢੰਗ ਲੱਭਣ ਉਤੇ ਲੱਗ ਜਾਂਦੀ ਹੈ ਅਤੇ ਇੱਕ ਸਥਿਤੀ ਅਜਿਹੀ ਆ ਜਾਂਦੀ ਹੈ, ਜਦੋਂ ਆਪਣੇ-ਆਪ ਕੁਝ ਵੀ ਨਹੀਂ ਹੁੰਦਾ ਅਤੇ ਹਰ ਜਗ੍ਹਾ ਕੰਮ ਕਰਵਾਉਣ ਲਈ ਜਾਂ ਮਿੰਨਤ ਕਰਨੀ ਪੈਂਦੀ ਹੈ ਜਾਂ ਰਿਸ਼ਵਤ ਦੇਣੀ ਪੈਂਦੀ ਹੈ ਜਾਂ ਭਵਿੱਖ ਵਿੱਚ ਕਿਸੇ ਲਾਭ ਦਾ ਵਾਅਦਾ ਕਰਨਾ ਪੈਂਦਾ ਹੈ।

ਰਿਸ਼ਵਤ ਦੇ ਅਰਥ ਕੇਵਲ ਪੈਸੇ ਦੀ ਰਿਸ਼ਵਤ ਤੋਂ ਨਹੀਂ ਹਨ।

ਇਹ ਅਜਿਹਾ ਬਾਜ਼ਾਰ ਹੈ, ਜਿਥੇ ਸਰੀਰ ਤੋਂ ਲੈ ਕੇ ਆਤਮਾ ਤੱਕ, ਸਭ ਕੁਝ ਮੰਗਿਆ ਜਾ ਸਕਦਾ ਹੈ ਅਤੇ ਸਭ ਕੁਝ ਦੇਣਾ ਪੈਂਦਾ ਹੈ।

ਰਿਸ਼ਵਤ ਲੈਣ ਵਾਲਾ ਆਪਣਾ ਜੀਵਨ ਢੰਗ ਬਦਲਣ ਲਈ ਮਜ਼ਬੂਰ ਹੁੰਦਾ ਹੈ। ਜਨਮਾਂ-ਜਨਮਾਂਤਰਾਂ ਦੀ ਭੁੱਖ ਅਤੇ ਨੰਗ ਦੀ ਸਿਰਜੀ ਗਰੀਬੀ, ਵਧੀਆ ਅਤੇ ਕੀਮਤੀ ਆਹਾਰਾਂ ਅਤੇ ਵਸਤਰਾਂ ਲਈ ਭੁੱਖ ਵਿੱਚ ਪ੍ਰਗਟ ਹੁੰਦੀ ਹੈ। ਅਜਿਹਾ ਵਿਅਕਤੀ ਦੋ ਜਾਂ ਇਸ ਤੋਂ ਵਧੇਰੇ ਧਰਾਤਲਾਂ 'ਤੇ ਜਿਊਣ ਲੱਗ ਪੈਂਦਾ ਹੈ।

ਰਿਸ਼ਵਤ ਦੀ ਆਮਦਨ ਸੌਖੀ ਆਮਦਨ ਹੁੰਦੀ ਹੈ। ਜਿਵੇਂ ਸੌਖੀਆਂ ਜਿੱਤਾਂ ਹੰਢਣਸਾਰ ਨਹੀਂ ਹੁੰਦੀਆਂ, ਇਹ ਆਮਦਨ ਵੀ ਹੰਢਣਸਾਰ ਨਹੀਂ ਹੁੰਦੀ, ਸੋ ਅਜਿਹੀ ਆਮਦਨ ਸੁਆਦੀ ਪਰ ਸਰੀਰ ਲਈ ਨੁਕਸਾਨਦੇਹ ਭੋਜਨਾਂ ਉੱਤੇ ਖਰਚ ਹੁੰਦੀ ਹੈ। ਅਜਿਹਾ ਮਨੁੱਖ ਹਰ ਚੀਜ਼ ਨੂੰ ਉਸ ਦੇ ਮਾਇਕ ਮੁੱਲ ਦੀ ਦ੍ਰਿਸ਼ਟੀ ਤੋਂ ਵੇਖਣ ਲੱਗ ਪੈਂਦਾ ਹੈ। ਜਾਂ ਉਹ ਦੂਜਿਆਂ ਦੇ ਘਰਾਂ ਵਿੱਚ ਪਈਆਂ ਵਸਤਾਂ ਦੀ ਕੀਮਤ ਪੁੱਛਦਾ ਰਹੇਗਾ ਜਾਂ ਆਪਣੇ ਘਰ ਦੀਆਂ ਵਸਤਾਂ ਦੀ ਕੀਮਤ ਦੱਸਦਾ ਰਹੇਗਾ।

ਅਜਿਹੇ ਵਿਅਕਤੀ ਦਾ ਵਿਆਹ ਉਸ ਦੀ ਅਸਲ ਤਨਖਾਹ ਦੇ ਅਨੁਪਾਤ ਵਿੱਚ ਹੋਇਆ ਹੁੰਦਾ ਹੈ, ਸੋ ਰਿਸ਼ਵਤ ਦੀ ਆਮਦਨ ਵੱਧਣ ਨਾਲ, ਅਜਿਹੇ ਵਿਅਕਤੀ ਨੂੰ ਆਪਣੀ ਪਤਨੀ ਮੂਰਖ, ਬੁੱਢੀ ਅਤੇ ਕੋਝੀ ਪ੍ਰਤੀਤ ਹੋਣ ਲੱਗ ਪੈਂਦੀ ਹੈ।

ਰਿਸ਼ਵਤਖੋਰ ਵਿਅਕਤੀ ਆਪਣੇ ਘਰ ਅਤੇ ਪਤਨੀ ਨਾਲ ਪ੍ਰਸੰਨ ਅਤੇ ਸੰਤੁਸ਼ਟ ਨਹੀਂ ਰਹਿੰਦਾ, ਸੋ ਉਹ ਘਰੋਂ-ਬਾਹਰ ਨਖਰੇ ਅਤੇ ਨਾਜ਼ ਦੀ ਭਾਲ ਵਿੱਚ ਨਿਕਲਦਾ ਹੈ ਅਤੇ ਉਹ ਹਰ ਚੀਜ਼ ਪ੍ਰਾਪਤ ਕਰਨੀ ਚਾਹੁੰਦਾ ਹੈ ਜੋ ਖਰੀਦੀ ਜਾ ਸਕਦੀ ਹੋਵੇ।

ਰਿਸ਼ਵਤ ਲੈਣ ਵਾਲੇ ਵਿਅਕਤੀ ਨੂੰ ਧਿਆਨ ਨਾਲ ਵੇਖੋ, ਕੁਝ ਚਿਰ ਵੇਖਦੇ ਰਹਿਣ ਮਗਰੋਂ ਤੁਹਾਨੂੰ ਇੰਜ ਪ੍ਰਤੀਤ ਹੋਵੇਗਾ, ਜਿਵੇਂ ਉਸ ਵਿੱਚ ਇੱਕ ਹੋਰ ਬੰਦਾ ਫਸਿਆ ਹੋਇਆ ਹੈ ਅਤੇ ਉਹ ਬਾਹਰ ਨਿਕਲਣ ਲਈ ਜ਼ੋਰ ਲਾ ਰਿਹਾ ਹੈ।

ਰਿਸ਼ਵਤ ਲੈਣ ਵਾਲੇ ਵਿਅਕਤੀ ਦਾ ਉਦੇਸ਼ ਆਪਣੇ ਅਫ਼ਸਰ ਵਾਂਗ ਰਹਿਣ ਦਾ ਹੁੰਦਾ ਹੈ ਪਰ ਉਹ ਅਫ਼ਸਰ ਹੁੰਦਾ ਤਾਂ ਹੈ ਨਹੀਂ, ਇਸ ਲਈ ਉਹ ਆਪਣੇ ਅਫ਼ਸਰ ਵਾਲੇ ਕੋਈ ਗੁਣ ਤਾਂ ਗ੍ਰਹਿਣ ਕਰ ਨਹੀਂ ਸਕਦਾ, ਉਸ ਦੇ ਔਗੁਣ ਗ੍ਰਹਿਣ ਕਰ ਲੈਂਦਾ ਹੈ।

ਜੂਆ ਖੇਡਣਾ ਅਤੇ (ਅਨੇਕਾਂ ਰੂਪਾਂ ਵਿੱਚ) ਹੋਛਾਪਣ ਵਿਖਾਉਣਾ ਰਿਸ਼ਵਤਖੋਰ ਬੰਦੇ ਦਾ ਸੁਭਾਅ ਬਣ ਜਾਂਦਾ ਹੈ।

ਜੂਆ, ਲੋਭ ਦਾ ਪੁੱਤਰ ਅਤੇ ਫ਼ਜ਼ੂਲਖਰਚੀ ਦਾ ਪਿਓ ਹੁੰਦਾ ਹੈ।

ਕਹਿੰਦੇ ਹਨ ਦੋ ਅਵਸਥਾਵਾਂ ਵਿੱਚ ਜੂਆ ਨਹੀਂ ਖੇਡਣਾ ਚਾਹੀਦਾ: ਇੱਕ ਜਦੋਂ ਜੂਆ ਖੇਡਣ ਦੀ ਹੈਸੀਅਤ ਨਾ ਹੋਵੇ ਅਤੇ ਦੂਜੀ ਜਦੋਂ ਹੈਸੀਅਤ ਹੋਵੇ।

ਜੂਏ ਵਾਂਗ ਹੀ ਰਿਸ਼ਵਤ ਦੇ ਮੁੱਢਲੇ ਦਿਹਾੜੇ ਬੜੇ ਮਨ ਲੁਭਾਉਣੇ ਹੁੰਦੇ ਹਨ ਪਰ ਅੰਤ ਬੜਾ ਦੁੱਖਦਾਈ ਹੁੰਦਾ ਹੈ।

ਰਿਸ਼ਵਤ ਨਾਲ ਬਣੀ ਜਾਇਦਾਦ ਅਮਨਸ਼ਾਤੀ ਨਾਲ ਵੰਡੀ ਹੀ ਨਹੀਂ ਜਾ ਸਕਦੀ। ਰਿਸ਼ਵਤਖੋਰ ਦੀ ਸੰਤਾਨ ਨੂੰ ਮਿਹਨਤ ਕਰਨ ਦੀ ਆਦਤ ਨਹੀਂ ਹੁੰਦੀ, ਸੋ ਅਜਿਹੀ ਸੰਤਾਨ ਆਪਣੇ ਸ਼ਾਹਜਹਾਨੀ ਪਿਓ ਲਈ, ਔਰੰਗਜ਼ੇਬ ਵਾਂਗ ਹੋ ਨਿਬੜਦੀ ਹੈ।

ਰਿਸ਼ਵਤ ਲੈਣ ਵਾਲੇ ਵਿਅਕਤੀ ਦਾ ਚਰਿੱਤਰ ਸੁੰਗੜਦਾ ਜਾਂਦਾ ਹੈ ਅਤੇ ਲਾਲਚ ਅਤੇ ਸੁਆਰਥ ਵੱਧਦਾ ਜਾਂਦਾ ਹੈ।

ਅਜਿਹਾ ਵਿਅਕਤੀ ਆਪਣੇ ਰਿਸ਼ਤੇਦਾਰਾਂ ਨੂੰ ਨਫ਼ਰਤ ਕਰਦਾ ਹੈ ਅਰਥਾਤ ਉਹ ਹਰ ਉਸ ਵਿਅਕਤੀ ਨੂੰ ਨਫ਼ਰਤ ਕਰਦਾ ਹੈ, ਜਿਹੜਾ ਉਸ ਦੇ ਪਿਛੋਕੜ ਨੂੰ ਜਾਣਦਾ ਹੈ। ਅਜਿਹੇ ਵਿਅਕਤੀ ਨਾਲ ਗੱਲਬਾਤ ਕਰਕੇ, ਤੁਹਾਡੀ ਇੱਛਾ ਹੋਵੇਗੀ ਕਿ ਕਿਸੇ ਕੁੱਤੇ ਨੂੰ ਥਪਕੀ ਦੇਈਏ, ਕਿਸੇ ਬਾਂਦਰ ਨਾਲ ਮੁਸਕਰਾਈਏ, ਕਿਸੇ ਗਊ, ਮੱਝ ਅੱਗੇ ਸਤਿਕਾਰ ਨਾਲ ਸਿਰ ਨਿਵਾਈਏ।

ਰਿਸ਼ਵਤ ਲੈਣ ਵਾਲੇ ਕੋਲ ਚਾਰ ਵਸਤਾਂ ਉਸ ਦੇ ਅੰਦਾਜ਼ੇ ਨਾਲੋਂ ਜ਼ਿਆਦਾ ਹੁੰਦੀਆਂ ਹਨ: ਗੁਨਾਹ, ਬਦਹਜ਼ਮੀ, ਬਦਨਾਮੀ ਅਤੇ ਦੁਸ਼ਮਣ।

ਰਿਸ਼ਵਤ ਲੈਣ ਵਾਲਾ ਵਿਅਕਤੀ ਅਸੰਤੁਸ਼ਟ ਹੁੰਦਾ ਹੈ ਅਤੇ ਅਸੰਤੁਸ਼ਟਤਾ ਵਿਚੋਂ ਉਪਜੀ ਉਦਾਸੀ ਨੂੰ ਉਹ ਸ਼ਰਾਬ ਵਿੱਚ ਡੋਬਦਾ ਹੈ, ਜੂਏ ਵਿੱਚ ਭੁੱਲਦਾ ਹੈ, ਗੁਪਤ ਖ਼ਾਤੇ ਖੋਲ੍ਹਦਾ ਹੈ ਅਤੇ ਨਜਾਇਜ਼ ਰਿਸ਼ਤੇ ਉਸਾਰਦਾ ਹੈ।

ਅਜਿਹਾ ਵਿਅਕਤੀ ਆਪਣੇ ਆਲੇ-ਦੁਆਲੇ ਨਾਲ ਇਕਸੁਰ ਨਹੀਂ ਰਹਿੰਦਾ, ਉਸ ਨੂੰ ਇਕੱਲਤਾ ਦਾ ਦੁਖਾਂਤ ਭੋਗਣਾ ਪੈਂਦਾ ਹੈ।

ਲੋਭੀ ਹੋਣ ਕਾਰਨ, ਉਹ ਸਦਾ ਹੀ ਬੇਸ਼ਰਮ ਹੁੰਦਾ ਹੈ ਅਤੇ ਇਕੱਲਾ ਹੀ ਭਟਕਦਾ ਹੈ, ਕਿਉਂਕਿ ਉਹ ਕਿਸੇ ਵੀ ਹੰਢਣਸਾਰ ਰਿਸ਼ਤੇ ਦੇ ਯੋਗ ਨਹੀਂ ਹੁੰਦਾ।

ਰਿਸ਼ਵਤ ਲੈਣ ਵਾਲਾ ਵਿਅਕਤੀ ਆਪਣੀ ਸੰਤਾਨ ਤੋਂ ਰੱਜ ਕੇ ਦੁਖੀ ਹੁੰਦਾ ਹੈ, ਕਿਉਂਕਿ ਉਸ ਦੀ ਸ਼ਿਕਾਇਤ ਹੁੰਦੀ ਹੈ ਕਿ ਉਹ ਜਿਹੜੀਆਂ ਕੁਰਬਾਨੀਆਂ ਕਰ ਰਿਹਾ ਹੈ, ਉਨ੍ਹਾਂ ਦਾ ਯੋਗ ਮੁੱਲ ਨਹੀਂ ਪਾਇਆ ਜਾ ਰਿਹਾ।

ਰਿਸ਼ਵਤਖੋਰ ਦੀ ਸੰਤਾਨ, ਖਾਣ-ਹੰਢਾਉਣ ਅਤੇ ਆਪਸ ਵਿੱਚ ਲੜਨ ਅਰਥਾਤ ਇੱਕ-ਦੂਜੇ ਨੂੰ ਅੰਦਰਖਾਤੇ ਲੁੱਟਣ ਦਾ ਕਾਰਜ ਕਰਦੀ ਹੈ। ਇਹੀ ਕਾਰਨ ਹੈ ਕਿ ਰਿਸ਼ਵਤ ਲੈਣ ਵਾਲੇ ਪ੍ਰਤੀ ਕਿਸੇ ਵੀ ਪਰਿਵਾਰਕ ਜੀਅ ਦੀ ਭਾਵਕ ਸਾਂਝ ਨਹੀਂ ਹੁੰਦੀ, ਡਰ ਜ਼ਰੂਰ ਹੁੰਦਾ ਹੈ ਕਿ ਕਿਧਰੇ ਖਰਚਾ ਨਾ ਬੰਦ ਕਰ ਦੇਵੇ।

ਰਿਸ਼ਵਤ ਲੈਣ ਵਾਲਾ ਵਿਅਕਤੀ ਅੰਦਰੋਂ ਆਪਣੀ ਅਸਲੀਅਤ ਭਲੀ-ਭਾਂਤ ਜਾਣਦਾ ਹੁੰਦਾ ਹੈ, ਇਸ ਲਈ ਉਹ ਕੇਵਲ ਰਿਸ਼ਵਤਖੋਰਾਂ ਦੀ ਸੰਗਤ ਵਿੱਚ ਹੀ ਸੌਖਾ ਮਹਿਸੂਸ ਕਰਦਾ ਹੈ।

ਰਿਸ਼ਵਤ ਲੈਣ ਵਾਲੇ ਦੀ ਦੁਨੀਆਂ ਦਿਨੋ-ਦਿਨ ਸੁੰਗੜਦੀ ਜਾਂਦੀ ਹੈ।

ਅਜਿਹੇ ਵਿਅਕਤੀ ਦੇ ਹਾਸੇ ਅਤੇ ਅਫ਼ਸੋਸ ਵਿੱਚ ਕੋਈ ਡੂੰਘਾਈ ਨਹੀਂ ਹੁੰਦੀ। ਸਿਪਾਹੀ, ਪਟਵਾਰੀ ਅਤੇ ਵੇਸਵਾ ਆਦਿ ਵਾਂਗ ਰਿਸ਼ਵਤਖੋਰ ਕਿਸੇ ਦਾ ਨਹੀਂ ਹੁੰਦਾ, ਉਹ ਕੇਵਲ ਆਪਣੇ ਆਪ ਨੂੰ ਪਛਾਣਦਾ ਹੈ ਅਤੇ ਸਾਰੀ ਦੁਨੀਆਂ, ਉਸ ਨੂੰ ਉਸ ਦੀ 'ਮਿਹਨਤ' ਨਾਲ ਕਮਾਈ ਆਮਦਨ ਹਥਿਆਉਣ ਵਾਲੀ ਭੀੜ ਪ੍ਰਤੀਤ ਹੁੰਦੀ ਹੈ।

ਇਸ ਸੋਚ ਨਾਲ ਉਸ ਵਿੱਚ ਸ਼ੱਕੀ ਬਿਰਤੀ ਬਲਵਾਨ ਹੁੰਦੀ ਹੈ ਅਤੇ ਉਹ ਇਹ ਵੀ ਸੋਚਣ ਲੱਗ ਪੈਂਦਾ ਹੈ ਕਿ ਉਸ ਦੇ ਘਰ ਦੇ ਜੀਅ ਉਸ ਨੂੰ ਮਾਰਨਾ ਚਾਹੁੰਦੇ ਹਨ।

ਇਹ ਸੋਚ, ਉਸ ਵਿੱਚ ਅਨੇਕਾਂ ਬੀਮਾਰੀਆਂ ਉਪਜਾਉਂਦੀ ਹੈ।

ਜਦੋਂ ਵੀ ਕੋਈ ਹਾਦਸਾ ਵਾਪਰਦਾ ਹੈ ਤਾਂ ਰਿਸ਼ਵਤ ਲੈਣ ਵਾਲਾ ਇਸ ਨੂੰ ਆਪਣੇ ਪਾਪਾਂ ਦੀ ਸਜ਼ਾ ਸਮਝਣ ਲੱਗ ਪੈਂਦਾ ਹੈ

ਰਿਸ਼ਵਤ ਲੈਣ ਵਾਲੇ ਵਿੱਚ ਕਈ ਨਵੀਆਂ ਆਦਤਾਂ ਜਨਮ ਲੈਂਦੀਆਂ ਹਨ।

ਉਹ ਕੱਪੜੇ ਲੋੜ ਨਾਲੋਂ ਵਧੇਰੇ ਪਾਉਂਦਾ ਹੈ, ਈਮਾਨਦਾਰੀ ਨਾਲ ਜੀਣ ਵਾਲੇ ਲੋਕਾਂ ਦੀਆਂ ਸਿਫ਼ਤਾਂ ਕਰਦਾ ਹੈ ਪਰ ਅੰਦਰੋਂ ਉਨ੍ਹਾਂ ਤੇ ਹੱਸਦਾ ਹੈ।

ਅਜਿਹਾ ਵਿਅਕਤੀ ਲੋੜ ਨਾਲੋਂ ਵਧੇਰੇ ਬੋਲਦਾ ਹੈ ਤਾਂ ਕਿ ਕਿਧਰੇ ਦੂਜੀ ਧਿਰ ਕੁਝ ਅਜਿਹਾ ਨਾ ਕਹਿ ਦੇਵੇ, ਜਿਸ ਨਾਲ ਉਸ ਦੀ ਅਸਲੀਅਤ ਪ੍ਰਗਟ ਹੋ ਜਾਵੇ।

ਉਹ ਵੱਧ ਤੋਂ ਵੱਧ ਥਾਂਵਾਂ ਉਤੇ ਹਾਜ਼ਰ ਰਹਿਣ ਦਾ ਯਤਨ ਕਰੇਗਾ ਤਾਂ ਜੋ ਜਾਣ ਸਕੇ ਕਿ ਲੋਕ ਉਸ ਬਾਰੇ ਕੀ ਸੋਚਦੇ ਹਨ। ਜਦੋਂ ਕਿਧਰੇ ਰਿਸ਼ਵਤ ਦੇਣੀ ਪਵੇ, ਉਥੇ ਉਹ ਈਮਾਨਦਾਰੀ ਦੀ ਪ੍ਰਸ਼ੰਸਾ ਕਰੇਗਾ।

ਰਿਸ਼ਵਤਖੋਰ ਵਿਅਕਤੀ ਕੋਲ ਉਸ ਦੀ ਮਾਂ ਭਾਵੇਂ ਰਹਿ ਲਵੇ, ਉਸ ਦਾ ਪਿਤਾ ਕਦੇ ਨਹੀਂ ਟਿਕੇਗਾ।

ਸੇਵਾ-ਮੁਕਤ ਹੋਣਾ ਰਿਸ਼ਵਤ ਲੈਣ ਵਾਲੇ ਵਿਅਕਤੀ ਲਈ ਸਭ ਤੋਂ ਵਧੇਰੇ ਡਰਾਉਣਾ ਖਿਆਲ ਹੁੰਦਾ ਹੈ, ਉਂਜ ਉਹ ਆਪ ਪਕੜੇ ਜਾਣ ਦੇ ਡਰ ਕਾਰਨ, ਆਪਣੀ ਮਰਜ਼ੀ ਨਾਲ ਸੇਵਾ-ਮੁਕਤ ਹੋਣ ਬਾਰੇ ਸੋਚਦਾ ਰਹਿੰਦਾ ਹੈ।

ਅਜਿਹੇ ਵਿਅਕਤੀ ਦੀ ਆਦਤ ਹੁੰਦੀ ਹੈ ਕਿ ਜਦੋਂ ਵੀ ਉਹ ਕਿਸੇ ਸੁਰੱਖਿਅਤ ਥਾਂ ਉਤੇ ਇਕੱਲਾ ਹੋਵੇਗਾ ਤਾਂ ਹਿਸਾਬ-ਕਿਤਾਬ ਹੀ ਲਾਉਂਦਾ ਰਹੇਗਾ।

ਜੇ ਉਸ ਕੋਲ ਇੱਕ ਹਜ਼ਾਰ ਰੁਪਏ ਹੋਣ ਤਾਂ ਉਹ ਸੋਚੇਗਾ ਕਿ ਇੱਕ ਲੱਖ ਬਣਾਉਣ ਲਈ ਕੇਵਲ ਨੜਿਨਵੇਂ ਹਜ਼ਾਰ ਹੀ ਹੋਰ ਚਾਹੀਦੇ ਹਨ।

ਬੇਸਬਰੀ ਅਤੇ ਕਾਹਲ ਕਾਰਨ ਉਹ ਰਿਸ਼ਵਤ ਦਾ ਆਪਣਾ ਰੇਟ ਵਧਾਉਂਦਾ ਹੈ, ਵਿਚੋਲਿਆਂ ਨੂੰ ਖਾਰਜ ਕਰਦਾ ਅਤੇ ਪੈਸੇ ਦੀ ਸ਼ਕਤੀ ਨਾਲ, ਹਰ ਮੁਸ਼ਕਿਲ ਪਾਰ ਕਰਨ ਦਾ ਨਿਰਣਾ ਕਰਦਾ ਹੈ।

ਅਜਿਹੇ ਵਿਅਕਤੀ ਦੀ ਨਿਰੰਤਰ ਸੋਚ ਹੁੰਦੀ ਹੈ ਕਿ ਵੱਡੇ ਰਿਸ਼ਵਤਖੋਰਾਂ ਦੀ ਢਾਣੀ ਵਿੱਚ ਕਿਵੇਂ ਪ੍ਰਵੇਸ਼ ਕੀਤਾ ਜਾਵੇ।

ਰਿਸ਼ਵਤ ਲੈਣ ਵਾਲਾ ਵਿਅਕਤੀ ਨਿਰੰਤਰ ਰੁਝਿਆ ਰਹਿੰਦਾ ਹੈ, ਉਸ ਕੋਲ ਕਮਾਉਣ ਦਾ ਸਮਾਂ ਤਾਂ ਹੁੰਦਾ ਹੈ ਪਰ ਖਰਚਣ ਦੀ ਵਿਹਲ ਨਹੀਂ ਹੁੰਦੀ। ਉਹ ਚੀਜ਼ਾਂ ਦੂਜਿਆਂ ਦੇ ਨਾਂ 'ਤੇ ਖਰੀਦਦਾ ਹੈ, ਆਪਣੇ ਅਮੀਰ ਰਿਸ਼ਤੇਦਾਰਾਂ ਦੇ ਹਵਾਲੇ ਦਿੰਦਾ ਹੈ ਅਰਥਾਤ ਉਹ ਇੱਕ ਵੱਖਰੀ ਪਰ ਝੂਠੀ ਦੁਨੀਆਂ ਉਸਾਰ ਲੈਂਦਾ ਹੈ ਅਤੇ ਇਹ ਸਾਬਤ ਕਰਨ ਲਈ ਸਾਰਾ ਤਾਣ ਲਾ ਦਿੰਦਾ ਹੈ ਕਿ ਉਸ ਦੀ ਕਮਾਈ ਲਹੂ ਪਸੀਨੇ ਦੀ ਕਮਾਈ ਹੈ। ਕਈ ਵਾਰ ਅਜਿਹਾ ਵਿਅਕਤੀ ਕੋਈ ਹੋਰ ਕੰਮ ਧੰਦਾ ਵੀ ਸ਼ੁਰੂ ਕਰ ਲੈਂਦਾ ਹੈ, ਜਿਸ ਨੂੰ ਬਹਾਨੇ ਵਜੋਂ ਵਰਤ ਕੇ, ਉਹ ਰਿਸ਼ਵਤ ਦੀ ਕਮਾਈ ਲੁਕਾਉਂਦਾ ਹੈ।

ਰਿਸ਼ਵਤ ਲੈਣ ਵਾਲਾ ਵਿਅਕਤੀ ਇਹ ਫ਼ਲਸਫ਼ਾ ਉਸਾਰਦਾ ਹੈ ਕਿ ਪੈਸੇ ਨਾਲ ਸਾਰੇ ਕੰਮ ਕਰਵਾਏ ਜਾ ਸਕਦੇ ਹਨ, ਅਸਲੀਅਤ ਵਿੱਚ ਉਹ ਆਪ ਪੈਸੇ ਲਈ ਸਭ ਕੁਝ ਕਰਨ ਲਈ ਤਿਆਰ ਹੁੰਦਾ ਹੈ।

ਉਸ ਨੂੰ ਸੰਤਾਨ ਅਜਿਹੀ ਮਿਲਦੀ ਹੈ ਜਿਹੜੀ ਉਸ ਦੀ ਮੌਤ ਉਡੀਕਦੀ ਹੈ ਪਰ ਜਿਊਂਦੇ ਜੀਅ ਰਿਸ਼ਵਤਖੋਰ ਪੈਸੇ ਉਤੇ ਕੁੰਡਲੀ ਮਾਰ ਕੇ ਬੈਠਦਾ ਹੈ।

ਅਜਿਹੇ ਵਿਅਕਤੀ ਨਾਲ ਦੁਖਾਂਤ ਇਹ ਵਾਪਰਦਾ ਹੈ ਕਿ ਉਸ ਨੂੰ ਜ਼ਿੰਦਗੀ ਦਾ ਕੋਈ ਉਸਾਰੂ ਪੱਖ ਦਿਖਾਈ ਹੀ ਨਹੀਂ ਦਿੰਦਾ, ਸਾਰਾ ਸੰਸਾਰ ਹੀ ਉਸ ਲਈ ਭ੍ਰਿਸ਼ਟ ਗਿਆ ਅਤੇ ਗਰਕ ਰਿਹਾ ਪ੍ਰਤੀਤ ਹੁੰਦਾ ਹੈ।

ਜਿਉਂ-ਜਿਉਂ ਰਿਸ਼ਵਤਖੋਰ ਕੋਲ ਪੈਸੇ ਵੱਧਦੇ ਜਾਂਦੇ ਹਨ, ਉਹ ਤਿਉਂ-ਤਿਉਂ ਅੰਦਰੋਂ ਗਰੀਬ ਹੁੰਦਾ ਜਾਂਦਾ ਹੈ।

ਰਿਸ਼ਵਤ ਦਾ ਸਭਿਆਚਾਰ ਇਸ ਹੱਦ ਤੱਕ ਪਸਰ ਗਿਆ ਹੈ ਕਿ ਹੁਣ ਬਹੁਤੇ ਲੋਕਾਂ ਨੂੰ ਰਿਸ਼ਵਤ ਲੈਣ ਲੱਗਿਆਂ, ਉਨ੍ਹਾਂ ਦੀ ਆਤਮਾ ਕੋਸਦੀ ਨਹੀਂ।

ਅਸਲ ਵਿੱਚ ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਉਨ੍ਹਾਂ ਵਿਚਲੀ ਚੰਗੇ-ਮਾੜੇ ਦਾ ਅਹਿਸਾਸ ਕਰਵਾਉਣ ਵਾਲੀ ਆਤਮਾ ਮਰ ਚੁੱਕੀ ਹੁੰਦੀ ਹੈ।

ਰਿਸ਼ਵਤਖੋਰ ਨੂੰ ਪੁਸਤਕਾਂ ਚੰਗੀਆਂ ਨਹੀਂ ਲੱਗਦੀਆਂ।

ਉਹ ਚੰਗੇ ਲੋਕਾਂ ਦੀ ਸੰਗਤ ਨਹੀਂ ਮਾਣ ਸਕਦਾ।

ਕੀ ਇਹ ਛੋਟੀਆਂ ਸਜ਼ਾਵਾਂ ਹਨ?

ਰਿਸ਼ਵਤ ਲੈਣ ਵਾਲੇ ਮਨੁੱਖ ਦੀ ਸਥਿਤੀ ਉਸ ਵਿਅਕਤੀ ਵਾਲੀ ਹੋ ਜਾਂਦੀ ਹੈ, ਜਿਹੜਾ ਬਹੁਤ ਵੱਡੇ ਮਹੱਲ ਵਿੱਚ ਇਕੱਲਾ ਰਹਿ ਰਿਹਾ ਹੋਵੇ, ਜਿਹੜਾ ਚੌੜੀ ਸੜਕ ਉਤੇ ਇਕੱਲਾ ਭਟਕ ਰਿਹਾ ਹੋਵੇ, ਜਿਹੜਾ ਮਰ ਚੁੱਕਾ ਹੋਵੇ ਪਰ ਜਿਸ ਦਾ ਸੰਸਕਾਰ ਨਾ ਹੋ ਰਿਹਾ ਹੋਵੇ।

ਜਦੋਂ ਸਾਲ ਪੰਜਾਹਵਾਂ ਚੜ੍ਹਦਾ ਹੈ !

ਜਦੋਂ ਕਿਸੇ ਦੀ ਉਮਰ ਪੰਜਾਹ ਸਾਲ ਦੇ ਨੇੜੇ-ਤੇੜੇ ਹੋਵੇ ਤਾਂ ਹਰ ਇਕ ਸੋਹਣੀ ਕੁੜੀ ਵਿਚੋਂ ਆਪਣੀ ਨੂੰਹ ਅਤੇ ਹਰ ਇੱਕ ਹੋਣਹਾਰ ਮੁੰਡੇ ਵਿਚੋਂ ਆਪਣਾ ਜਵਾਈ ਦਿਖਾਈ ਦੇਣ ਲੱਗ ਪੈਂਦਾ ਹੈ।

ਇਸ ਉਮਰ ਦਾ ਵਿਅਕਤੀ ਸਭ ਪਾਸਿਆਂ ਤੋਂ ਤਬਲੇ ਵਾਂਗ ਕੱਸਿਆ ਹੁੰਦਾ ਹੈ।

ਉਹ ਸਥਿਤੀ ਦਾ ਇਸ ਹੱਦ ਤੱਕ ਗੁਲਾਮ ਹੋ ਜਾਂਦਾ ਹੈ ਕਿ ਆਪਣੀ ਇੱਛਾ ਨਾਲ ਉਹ ਕੁਝ ਵੀ ਨਹੀਂ ਕਰ ਸਕਦਾ।

ਇਸ ਉਮਰ ਦਾ ਸਭ ਤੋਂ ਵੱਡਾ ਸੰਕਟ ਇਹ ਹੁੰਦਾ ਹੈ ਕਿ ਸੰਤਾਨ ਉਸ ਨੂੰ ਸਿਆਣਾ ਮੰਨਣ ਤੋਂ ਇਨਕਾਰ ਕਰਨ ਲੱਗ ਪੈਂਦੀ ਹੈ ਅਤੇ ਹਰ ਬੱਚਾ ਆਪਣਾ ਰਾਹ ਆਪ ਚੁਣਨਾ ਚਾਹੁੰਦਾ ਹੈ। ਪੰਜਾਹ ਸਾਲ ਦੀ ਉਮਰ ਦਾ ਵਿਅਕਤੀ ਨਵੀਂ ਪੀੜ੍ਹੀ ਦੇ ਨੁਕਸ ਕੱਢਦਾ ਹੈ ਪਰ ਅਸਲ ਵਿੱਚ ਉਹ ਆਪਣੀ ਘੱਟ ਗਈ ਸਰੀਰਕ ਸ਼ਕਤੀ ਦਾ ਹੀ ਰੋਣਾ ਰੋ ਰਿਹਾ ਹੁੰਦਾ ਹੈ। ਬੱਚੇ ਸੋਚਣ ਲੱਗ ਪੈਂਦੇ ਹਨ ਕਿ ਉਨ੍ਹਾਂ ਦੇ ਮਾਪੇ ਉਤਨੇ ਸਿਆਣੇ ਨਹੀਂ, ਜਿਤਨੇ ਹੋਣੇ ਚਾਹੀਦੇ ਹਨ ਪਰ ਮਾਪੇ ਜਾਣਦੇ ਹਨ ਕਿ ਉਨ੍ਹਾਂ ਦੀ ਸੰਤਾਨ ਸਭ ਯਤਨਾਂ ਦੇ ਬਾਵਜੂਦ ਸਿਆਣੀ ਨਹੀਂ ਬਣਾਈ ਜਾ ਸਕੀ। ਇਸ ਉਮਰ ਵਿੱਚ ਹੀ ਗਿਆਨ ਹੁੰਦਾ ਹੈ ਕਿ ਬੱਚਿਆਂ ਦੀ ਸੋਚ, ਮਾਪਿਆਂ ਦੀ ਸੋਚ ਨਾਲੋਂ ਕਿਤਨੀ ਵੱਖਰੀ ਹੈ।

ਜਦੋਂ ਕੋਈ ਵਿਅਕਤੀ ਪੰਜਾਹ ਸਾਲ ਦੀ ਉਮਰ ਵਿੱਚ ਪਹੁੰਚਦਾ ਹੈ ਤਾਂ ਉਸ ਨੂੰ ਜੀਵਨ ਵਿੱਚ ਆਪਣੇ ਸਫਲ ਜਾਂ ਅਸਫਲ ਹੋਣ ਦਾ ਗਿਆਨ ਹੋ ਚੁੱਕਾ ਹੁੰਦਾ ਹੈ। ਉਸ ਨੂੰ ਇਹ ਵੀ ਪਤਾ ਲੱਗ ਚੁੱਕਾ ਹੁੰਦਾ ਹੈ ਕਿ ਹੁਣ ਉਸ ਨੂੰ ਖੁਸ਼ੀ ਦੇ ਮੌਕੇ ਪ੍ਰਾਪਤ ਨਹੀਂ ਹੋਣਗੇ, ਕੇਵਲ ਸਮੱਸਿਆਵਾਂ ਦਾ ਹੀ ਸਾਹਮਣਾ ਕਰਨਾ ਪਵੇਗਾ।

ਬਾਹਰੋਂ ਭਾਵੇਂ ਕੋਈ ਕੁਝ ਕਹੀ ਜਾਵੇ, ਅੰਦਰਖਾਤੇ ਮਨੁੱਖ ਨੂੰ ਆਪਣੀ ਢਲਦੀ ਸ਼ਕਤੀ ਦਾ ਗਿਆਨ ਹੋ ਚੁੱਕਾ ਹੁੰਦਾ ਹੈ।

ਇਹੀ ਕਾਰਨ ਹੈ ਕਿ ਇਸ ਉਮਰ ਵਿੱਚ ਵਿਅਕਤੀ ਸ਼ੀਸ਼ੇ ਦੇ ਨੇੜੇ ਹੋ ਕੇ ਆਪਣਾ ਮੂੰਹ ਦੇਖਣ ਦੀ ਥਾਂ, ਦੂਰੋਂ ਹੀ ਦੇਖ ਕੇ ਸੰਤੁਸ਼ਟ ਹੋ ਜਾਂਦਾ ਹੈ।

ਇਸ ਉਮਰ ਤੱਕ ਕਿਸੇ ਨਾ ਕਿਸੇ ਬੀਮਾਰੀ ਨੇ ਸਿਰ ਚੁੱਕ ਲਿਆ ਹੁੰਦਾ ਹੈ ਅਤੇ ਖੁਰਾਕ ਅਤੇ ਦਵਾਈਆਂ ਦੀ ਅਨੁਪਾਤ ਹਰ ਬੀਤਦੇ ਵਰ੍ਹੇ ਨਾਲ ਬਦਲਦੀ ਜਾਂਦੀ ਹੈ।

ਪੰਜਾਹ ਸਾਲ ਤੱਕ ਦੀਆਂ ਬਹੁਤੀਆਂ ਬੀਮਾਰੀਆਂ ਲਾਗ ਦੀਆਂ ਬੀਮਾਰੀਆਂ ਹੁੰਦੀਆਂ ਹਨ, ਜਿਹੜੀਆਂ ਦਵਾਈ ਲਏ ਬਿਨਾਂ ਵੀ ਆਰਾਮ ਕਰਨ ਨਾਲ ਠੀਕ ਹੋ ਜਾਂਦੀਆਂ ਹਨ ਪਰ ਇਸ ਉਮਰ ਤੋਂ ਮਗਰੋਂ ਦੀਆਂ ਬੀਮਾਰੀਆਂ ਸਰੀਰਕ-ਪ੍ਰਬੰਧ ਦੀਆਂ ਬੀਮਾਰੀਆਂ ਹੁੰਦੀਆਂ ਹਨ, ਜਿਨ੍ਹਾਂ ਨੇ ਠੀਕ ਨਹੀਂ ਹੋਣਾ ਹੁੰਦਾ, ਬਾਕੀ ਦੇ ਜੀਵਨ ਵਿੱਚ ਇਨ੍ਹਾਂ ਬੀਮਾਰੀਆਂ ਨੇ ਨਾਲ ਨਿਭਣਾ ਹੁੰਦਾ ਹੈ।

ਇਹ ਉਹ ਉਮਰ ਹੁੰਦੀ ਹੈ ਜਦੋਂ ਵਿਅਕਤੀ ਸੁਪਨਈ ਅੱਖਾਂ ਨਾਲ ਆਪਣੇ ਅਤੀਤ ਬਾਰੇ ਸੋਚਦਾ ਹੈ ਅਤੇ ਦੂਰ ਲੰਘ ਗਈ ਜਵਾਨੀ ਦੀਆਂ ਆਪਣੀਆਂ ਪ੍ਰਾਪਤੀਆਂ ਨੂੰ ਯਾਦ ਕਰਕੇ, ਉਨ੍ਹਾਂ ਪੁਰਸ਼ਾਂ ਅਤੇ ਇਸਤਰੀਆਂ ਨੂੰ ਯਾਦ ਕਰਦਾ ਹੈ, ਜਿਨ੍ਹਾਂ ਨਾਲ ਉਸ ਨੇ ਚੁੰਮਣਾਂ, ਵਾਅਦਿਆਂ ਅਤੇ ਆਦਰਸ਼ਾਂ ਦਾ ਆਦਾਨ-ਪ੍ਰਦਾਨ ਕੀਤਾ ਸੀ ਅਤੇ ਜਿਨ੍ਹਾਂ ਨਾਲ ਵਿਆਹ ਹੁੰਦਾ ਹੁੰਦਾ ਰਹਿ ਗਿਆ ਸੀ।

ਇਨ੍ਹਾਂ ਸਾਲਾਂ ਵਿੱਚ ਪਤੀ-ਪ੍ਰਤਨੀ ਦਾ ਰਿਸ਼ਤਾ ਨਵੇਂ ਦੌਰ ਵਿੱਚ ਦਾਖਲ ਹੁੰਦਾ ਹੈ। ਮਨੁੱਖ ਦਿਨਾਂ, ਮਹੀਨਿਆਂ, ਸਾਲਾਂ ਦੇ ਨਾਲ ਨਾਲ ਦਹਾਕਿਆਂ ਵਿੱਚ ਵੀ ਜਿਊਂਦਾ ਹੈ। ਪੰਜਵੇਂ ਦਹਾਕੇ ਦੇ ਅੰਤ ਵਿੱਚ ਸਰੀਰਕ ਸਬੰਧਾਂ ਵਿੱਚ ਨਿੱਘ ਘੱਟ ਗਿਆ ਹੁੰਦਾ ਹੈ ਅਤੇ ਦੋਵੇਂ ਧਿਰਾਂ, ਘਟੀ ਹੋਈ ਸਰੀਰਕ ਸ਼ਕਤੀ ਪਰ ਸੁਧਰੀ ਹੋਈ ਤਕਨੀਕ ਅਤੇ ਨਿਪੁੰਨਤਾ ਨਾਲ, ਆਪਸੀ ਰਿਸ਼ਤੇ ਨੂੰ ਨਵੇਂ ਅਰਥ ਦੇਣ ਲੱਗ ਪੈਂਦੀਆਂ ਹਨ।

ਪੰਜਾਹ ਸਾਲ ਦੀ ਉਮਰ ਵਿੱਚ ਹਰ ਮਨੁੱਖ ਅਤੀਤਮੁੱਖੀ ਹੋ ਜਾਂਦਾ ਹੈ ਅਤੇ ਅਚੇਤ ਪੱਧਰ 'ਤੇ ਉਹ ਆਪਣੇ ਗੁਜ਼ਰੇ ਜ਼ਮਾਨੇ ਨੂੰ ਆਪਣੀ ਨਵੀਂ ਸਥਿਤੀ ਨਾਲ ਮਾਪਦਾ-ਤੋਲਦਾ ਹੈ। ਸਰੀਰ ਵਿੱਚ ਨਵੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਬਦਲਣ ਦੀ ਸ਼ਕਤੀ ਦੇ ਘੱਟ ਜਾਣ ਕਾਰਨ, ਇਸ ਉਮਰ ਵਿੱਚ ਹਰ ਤਬਦੀਲੀ ਦੁੱਖ ਦਿੰਦੀ ਹੈ।

ਸੰਸਾਰ ਦੇ ਕਈ ਰੰਗ-ਤਮਾਸ਼ੇ ਦੇਖਣ ਉਪਰੰਤ ਇਸ ਉਮਰ ਵਿੱਚ ਮਨੁੱਖ ਸਾਦਗੀ ਵੱਲ ਮੁੜਦਾ ਹੈ ਅਤੇ ਉਸ ਵਿੱਚ ਨਵੀਆਂ ਫੈਸ਼ਨਦਾਰ ਚੀਜ਼ਾਂ ਦੀ ਥਾਂ ਹੰਢਣਸਾਰ ਵਸਤੂਆਂ ਖਰੀਦਣ ਦੀ ਪ੍ਰਵਿਰਤੀ ਬਲਵਾਨ ਹੁੰਦੀ ਹੈ।

ਇਸ ਉਮਰ ਤੱਕ ਜੇ ਆਪਣਾ ਮਕਾਨ ਨਹੀਂ ਉਸਾਰਿਆ ਗਿਆ ਤਾਂ ਇਹ ਸਮੱਸਿਆ ਮਨੁੱਖ ਨੂੰ ਦਿਨ-ਰਾਤ ਚਿੰਮੜੀ ਰਹਿੰਦੀ ਹੈ।

ਜਦੋਂ ਮਨੁੱਖ ਕੋਲ ਗਿਣਨ ਲਈ ਕੁਝ ਨਾ ਹੋਵੇ ਤਾਂ ਉਹ ਆਪਣੀ ਉਮਰ ਦੇ ਸਾਲ ਗਿਣਨ ਲੱਗ ਪੈਂਦਾ ਹੈ। ਜਿਉਂ-ਜਿਉਂ ਮਨੁੱਖ ਵਿੱਚ ਕੁਝ ਕਰਨ ਦੀ ਸ਼ਕਤੀ ਘਟਦੀ ਜਾਂਦੀ ਹੈ, ਉਹ ਹਰ ਸਮੱਸਿਆਂ ਦੀਆਂ ਬਰੀਕੀਆਂ ਵਿੱਚ ਪੈਣ ਲੱਗ ਜਾਂਦਾ ਹੈ।

ਉਹ ਆਪਣੇ ਆਪ ਨੂੰ ਸਮਝਾਉਂਦਾ ਹੈ ਕਿ ਆਪਣੇ ਆਪ ਨੂੰ ਹੋਰ ਧੋਖਾ ਦੇਣ ਦੀ ਲੋੜ ਨਹੀਂ, ਜਵਾਨੀ ਗੁਜ਼ਰ ਗਈ ਹੈ, ਬਹਾਰ ਲੰਘ ਗਈ ਹੈ।

ਪੰਜਾਹਾਂ ਦੀ ਉਮਰ ਵਿੱਚ ਮਨੁੱਖ ਆਰਾਮ ਕਰਨਾ ਚਾਹੁੰਦਾ ਹੈ ਪਰ ਇਸ ਉਮਰ ਵਿੱਚ ਆਰਾਮ ਵਰਜਿਤ ਹੁੰਦਾ ਹੈ।

ਬਹੁਤੇ ਲੋਕ ਪੰਜਾਹ ਸਾਲਾਂ ਦੇ ਹੋ ਜਾਂਦੇ ਹਨ ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਪੰਜਾਹ ਸਾਲਾਂ ਦਾ ਕਿਵੇਂ ਹੋਇਆ ਜਾਵੇ, ਇਸੇ ਕਰਕੇ ਲਗਭਗ ਹਰ ਵਿਅਕਤੀ ਨੂੰ ਗਿਲਾ ਹੁੰਦਾ ਹੈ ਕਿ ਉਹ ਵਕਤ ਨਾਲੋਂ ਪਹਿਲਾਂ ਹੀ ਪੰਜਾਹਾਂ ਦਾ ਹੋ ਗਿਆ ਹੈ। ਹਰ ਕੋਈ ਲੰਮੀ ਉਮਰ ਭੋਗਣੀ ਚਾਹੁੰਦਾ ਹੈ ਪਰ ਕੋਈ ਵੀ ਬੁੱਢਾ ਨਹੀਂ ਹੋਣਾ ਚਾਹੁੰਦਾ।

ਜਵਾਨੀ ਵਿੱਚ ਮਨੁੱਖ ਪਿਆਰ ਦਾ ਭੁੱਖਾ ਹੁੰਦਾ ਹੈ, ਜਦੋਂ ਕਿ ਪੰਜਾਹਾਂ ਦੇ ਨੇੜੇ ਅੱਪੜ ਕੇ ਉਹ ਸਤਿਕਾਰ ਦੀ ਮੰਗ ਕਰਦਾ ਹੈ। ਜਿਹੜੇ ਆਪਣੇ ਵਾਲ ਰੰਗਦੇ ਹਨ, ਉਨ੍ਹਾਂ ਦੀ ਗੱਲਬਾਤ ਵਿੱਚ ਭੋਗਵਿਲਾਸ ਦੀ ਸ਼ਬਦਾਵਲੀ ਵੱਧ ਜਾਂਦੀ ਹੈ। ਇਸ ਉਮਰ ਵਿੱਚ ਪਤਾ ਲਗ ਜਾਂਦਾ ਹੈ ਕਿ ਜ਼ਿੰਦਗੀ ਦੇ ਬਹੁਤੇ ਡਰ ਨਿਰਮੂਲ ਸਨ ਪਰ ਇਹ ਵੀ ਪਤਾ ਲੱਗ ਗਿਆ ਹੁੰਦਾ ਹੈ ਕਿ ਬਹੁਤੀਆਂ ਆਸਾਂ ਵੀ ਝੂਠੀਆਂ ਸਾਬਤ ਹੋਈਆਂ ਹਨ।

ਲਗਭਗ ਹਰ ਇੱਕ ਵਿਅਕਤੀ ਜੀਵਨ ਵਿੱਚ ਕਿਸੇ ਇੱਕ ਖੇਤਰ ਵਿੱਚ ਜਾਂਦਾ ਜਾਂਦਾ, ਕਿਸੇ ਦੂਜੇ ਖੇਤਰ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਪਰ ਇਸ ਉਮਰ ਵਿੱਚ ਮਨੁੱਖ ਸਾਰੀਆਂ ਤਬਦੀਲੀਆਂ ਨੂੰ ਕਿਸਮਤ ਦੇ ਗੇੜ ਮੰਨ ਕੇ ਸੰਤੁਸ਼ਟ ਹੁੰਦਾ ਹੈ।

ਨੌਕਰੀ ਵਿੱਚ ਲੱਗੇ ਵਿਅਕਤੀ ਆਪਣੀ ਨੌਕਰੀ ਦੇ ਖ਼ਤਮ ਹੋਣ ਬਾਰੇ ਸੋਚਣ ਲੱਗ ਪੈਂਦੇ ਹਨ। ਪਹਿਲੇ ਕਿਸੇ ਵੀ ਸਮੇਂ ਨਾਲੋਂ ਇਸ ਉਮਰ ਵਿੱਚ ਵਿਅਕਤੀ ਨੂੰ ਬੜੀ ਸ਼ਿੱਦਤ ਨਾਲ ਗਿਆਨ ਹੁੰਦਾ ਹੈ ਕਿ ਮੌਤ ਬੜੀ ਵੱਡੀ ਸੱਚਾਈ ਹੈ। ਜੇ ਮਾਪੇ ਜਿਉਂਦੇ ਹਨ ਤਾਂ ਉਨ੍ਹਾਂ ਦੇ ਅਕਾਲ ਚਲਾਣੇ ਬਾਰੇ ਵਿਚਾਰ ਜ਼ਰੂਰ ਆਉਣ ਲੱਗ ਪੈਂਦੇ ਹਨ। ਇਕੱਲੇ ਰਹਿਣ ਵਾਲੇ ਵਿਅਕਤੀ ਇਸ ਉਮਰ ਵਿੱਚ ਬਹੁਤ ਉਦਾਸ ਹੁੰਦੇ ਹਨ।

ਇਹ ਉਹ ਉਮਰ ਹੁੰਦੀ ਹੈ ਜਦੋਂ ਜਨਮ ਦਿਨ ਮਨਾਉਣਾ ਖੁਸ਼ੀ ਨਹੀਂ ਦਿੰਦਾ, ਦੁੱਖੀ ਕਰਦਾ ਹੈ। ਇਸ ਉਮਰ ਦਾ ਵਿਅਕਤੀ ਕਿਸੇ ਨੂੰ ਵੀ ਇਸ ਯੋਗ ਨਹੀਂ ਸਮਝਦਾ ਕਿ ਉਸ ਨਾਲ ਲੜਿਆ ਜਾਵੇ, ਕਿਉਂਕਿ ਇਸ ਉਮਰ ਵਿੱਚ ਮਨੁੱਖ ਦੀ ਸੋਚ ਖਲਜਗਣਾਂ ਅਤੇ ਵੈਰ-ਵਿਰੋਧਾਂ ਤੋਂ ਬਚਣਾ ਚਾਹੁੰਦੀ ਹੈ।

ਇਸ ਉਮਰ ਵਿੱਚ ਵਿਅਕਤੀ ਬਜਾਜਾਂ ਅਤੇ ਲਲਾਰੀਆਂ ਕੋਲ ਜਾਣ ਦੀ ਥਾਂ ਐਨਕਸਾਜ਼ਾਂ ਅਤੇ ਦੰਦਸਾਜ਼ਾਂ ਕੋਲ ਵਧੇਰੇ ਜਾਂਦਾ ਹੈ।

ਜਵਾਨੀ ਵਿੱਚ ਮਨੁੱਖ ਨੂੰ ਖੁਸ਼ੀ ਖਾਣ-ਪੀਣ ਅਤੇ ਭੋਗ-ਵਿਲਾਸ ਵਿੱਚੋਂ ਮਿਲਦੀ ਹੈ ਪਰ ਪੰਜਾਹਾਂ ਦੇ ਨੇੜੇ ਅੱਪੜ ਕੇ ਮਨੁੱਖ ਦੀ ਖੁਸ਼ੀ ਦਾ ਆਧਾਰ ਉਸ ਵੱਲੋਂ ਉਸਾਰੀ ਜਾਇਦਾਦ ਅਤੇ ਜੋੜਿਆ ਹੋਇਆ ਧਨ ਹੋ ਜਾਂਦੀ ਹੈ।

ਜਵਾਨ ਜਲਦੀ ਹੀ ਨਾਰਾਜ਼ ਹੋ ਜਾਂਦੇ ਹਨ ਅਤੇ ਜਲਦੀ ਹੀ ਨਾਰਾਜ਼ਗੀ ਭੁੱਲ ਜਾਂਦੇ ਹਨ ਪਰ ਪੰਜਾਹਾਂ ਦੇ ਨੇੜੇ ਗੰਢਾਂ ਪੀਡੀਆਂ ਪੈ ਚੁੱਕੀਆਂ ਹੁੰਦੀਆਂ ਹਨ। ਹਰ ਕੋਈ ਆਪਣੀਆਂ ਹੀ ਸਮੱਸਿਆਵਾਂ ਵਿੱਚ ਇਸ ਹੱਦ ਤੱਕ ਉਲਝਿਆ ਹੁੰਦਾ ਹੈ ਕਿ ਉਸ ਕੋਲ ਆਪਣੇ ਭੈਣ-ਭਰਾਵਾਂ ਦੀ ਮੱਦਦ ਕਰਨ ਦੀ ਸਮਰੱਥਾ ਅਤੇ ਸਮਾਂ ਨਹੀਂ ਹੁੰਦੇ। ਇਸ ਉਮਰ ਵਿੱਚ ਸਰੀਰਕ ਬਲ ਵਾਲੇ ਕੰਮ ਆਪਣੀ ਸੰਤਾਨ ਤੋਂ ਲਏ ਜਾਂਦੇ ਹਨ।

ਇਸ ਵੇਲੇ ਵਿਅਕਤੀ ਆਪਣੀ ਜਵਾਨੀ ਬਾਰੇ ਸੋਚਦਾ ਹੈ: ਕਾਸ਼ ਜੇ ਉਸ ਵੇਲੇ ਅਕਲ ਹੁੰਦੀ। ਇਸੇ ਉਮਰ ਬਾਰੇ ਕਿਹਾ ਜਾਂਦਾ ਹੈ ਕਿ ਅੱਖਾਂ ਵਿੱਚ ਸੁਪਨੇ ਹੁੰਦੇ ਹਨ ਪਰ ਜੋੜਾਂ ਵਿੱਚ ਦਰਦ ਵੱਧ ਗਿਆ ਹੁੰਦਾ ਹੈ।

ਜਿਤਨੀ ਸ਼ਿੱਦਤ ਨਾਲ ਗੋਡਿਆਂ ਦਾ ਦਰਦ ਸਾਨੂੰ ਆਪਣੇ ਬੁੱਢੇ ਹੋਣ ਦਾ ਗਿਆਨ ਦਿੰਦਾ ਹੈ, ਸਰੀਰ ਦੀ ਹੋਰ ਕੋਈ ਤਕਲੀਫ਼ ਨਹੀਂ ਦਿੰਦੀ।

ਪੰਜਾਹ ਦੇ ਨੇੜੇ ਆਪਣੀ ਮਰ ਗਈ ਸੰਤਾਨ ਨੂੰ ਬਹੁਤ ਯਾਦ ਕੀਤਾ ਜਾਂਦਾ ਹੈ, ਕਿਉਂਕਿ ਇਸ ਵੇਲੇ ਉਸ ਮਰੇ ਬੱਚੇ ਦੇ ਹਾਣ ਦੇ ਵਿਅਕਤੀਆਂ ਦੇ ਵਿਆਹ ਹੋ ਰਹੇ ਹੁੰਦੇ ਹਨ ਅਤੇ ਉਹ ਪ੍ਰਵਾਨ ਚੜ੍ਹ ਰਹੇ ਹੁੰਦੇ ਹਨ।

ਜਿਨ੍ਹਾਂ ਦੇ ਕੇਵਲ ਧੀਆਂ ਹੁੰਦੀਆਂ ਹਨ, ਉਹ ਇਸ ਉਮਰ ਵਿੱਚ ਹਾਰੇ ਹੋਏ ਵਿਅਕਤੀਆਂ ਵਾਂਗ ਵਿਚਰਦੇ ਹਨ, ਉਹੀ ਜਾਣਦੇ ਹਨ ਕਿ ਭਵਿਖ ਦੀ ਚਿੰਤਾ ਸਬੰਧੀ ਉਨ੍ਹਾਂ ਨਾਲ ਕੀ ਬੀਤ ਰਹੀ ਹੁੰਦੀ ਹੈ।

ਇਸ ਉਮਰ ਵਿੱਚ ਮੂਰਖਾਂ ਤੋਂ ਸਿਵਾਏ ਸਾਰੇ ਗੰਭੀਰ ਹੋ ਜਾਂਦੇ ਹਨ।

ਪੰਜਾਹਾਂ ਦੇ ਨੇੜੇ ਮਨੁੱਖ ਗੱਲਾਂ ਕਰਨ ਦੀ ਥਾਂ ਕਹਾਣੀਆਂ ਸੁਣਾਉਣ ਲੱਗ ਪੈਂਦਾ ਹੈ। ਜਵਾਨੀ ਵਿੱਚ ਮਨੁੱਖ ਸੋਚਦਾ ਹੈ: ਮੈਂ ਕੀ ਨਹੀਂ ? ਪੰਜਾਹਾਂ ਵਿੱਚ ਉਹ ਸੋਚਦਾ ਹੈ: ਮੈਂ ਕੀ ਹਾਂ ? ਮੈਂ ਤਾਂ ਕੁਝ ਵੀ ਨਹੀਂ!

ਇਸ ਉਮਰ ਵਿੱਚ ਗੱਲਾਂ ਕਰਨ ਦੀ ਆਦਤ ਵੱਧ ਜਾਂਦੀ ਹੈ।

ਇਸ ਉਮਰ ਦੇ ਵਿਅਕਤੀ ਨੂੰ ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਕੋਈ ਉਸ ਦੇ ਲੰਮੇ ਜੀਵਨ-ਅਨੁਭਵ ਤੋਂ ਲਾਭ ਉਠਾਉਣ ਲਈ ਤਿਆਰ ਨਹੀਂ।

ਇਸ ਉਮਰ ਵਿੱਚ ਦੂਜਿਆਂ ਦਾ ਧਿਆਨ ਖਿੱਚਣ ਦੀ ਲਾਲਸਾ ਘੱਟ ਜਾਂਦੀ ਹੈ ਅਤੇ ਵਧੇਰੇ ਤਸੱਲੀ ਆਪਣੇ ਕੰਮ ਵਿੱਚੋਂ ਮਿਲਣ ਲੱਗ ਪੈਂਦੀ ਹੈ।

ਇਸ ਉਮਰ ਵਿੱਚ ਪਹਿਰਾਵਾ ਵੀ ਬਦਲ ਜਾਂਦਾ ਹੈ ਅਤੇ ਹਰ ਇਕ ਵਿਅਕਤੀ ਦੇ ਖਾਣ-ਪੀਣ ਬਾਰੇ ਵੀ ਕੁਝ ਨਵੇਂ ਅਸੂਲ ਬਣ ਚੁੱਕੇ ਹੁੰਦੇ ਹਨ।

ਇਸ ਉਮਰ ਦੇ ਵਿਅਕਤੀ ਵਧੇਰੇ ਇਤਰਾਜ਼ ਕਰਦੇ ਹਨ, ਦੇਰ ਨਾਲ ਫੈਸਲਾ ਕਰਦੇ ਹਨ, ਨਵੀਂ ਚੀਜ਼ ਨੂੰ ਸੌਖਿਆਂ ਸਵੀਕਾਰ ਨਹੀਂ ਕਰਦੇ ਅਤੇ ਕੋਈ ਕੰਮ ਗਲਤ ਹੋਣ 'ਤੇ ਝੱਟ ਪਛਤਾਉਣ ਲੱਗ ਪੈਂਦੇ ਹਨ।

ਕਹਿੰਦੇ ਹਨ ਕਿ ਇਸ ਉਮਰ ਵਿੱਚ ਜਵਾਨੀ ਦੇ ਬੀਤ ਜਾਣ ਕਾਰਨ, ਹਿੰਮਤ ਵਾਂਗ ਕਿਸੇ ਨੂੰ ਭਰਮਾਉਣ ਦੀ ਸ਼ਕਤੀ ਵੀ ਘੱਟ ਜਾਂਦੀ ਹੈ, ਸੋ ਉਹ ਕੰਮ ਬਿਲਕੁਲ ਨਹੀਂ ਕਰਨੇ ਚਾਹੀਦੇ, ਜਿਨ੍ਹਾਂ ਨੂੰ ਕਰਕੇ ਸ਼ਰਮਸਾਰ ਹੋਣਾ ਪਵੇ।

ਜੇ ਜਵਾਨ ਵਿਅਕਤੀ ਕੁਝ ਭੁੱਲ ਜਾਵੇ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਇਸ ਦਾ ਧਿਆਨ ਕਿਧਰੇ ਹੋਰ ਸੀ ਪਰ ਜਦੋਂ ਪੰਜਾਹ ਸਾਲਾਂ ਦਾ ਵਿਅਕਤੀ ਕੁਝ ਭੁੱਲ ਜਾਵੇ ਤਾਂ ਕਿਹਾ ਜਾਂਦਾ ਹੈ ਕਿ ਬੁੱਢਾ ਹੋ ਰਿਹਾ ਹੈ।

ਇਸ ਉਮਰ ਦਾ ਵਿਅਕਤੀ ਦੂਜਿਆਂ ਦੇ ਰਿਟਾਇਰ ਹੋਣ 'ਤੇ ਖ਼ੁਸ਼ ਹੁੰਦਾ ਹੈ ਪਰ ਆਪਣੀ ਰਿਟਾਇਰਮੈਂਟ ਬਾਰੇ ਸੋਚ ਕੇ ਦੁੱਖੀ ਹੁੰਦਾ ਹੈ।

ਕਈ ਵਿਅਕਤੀ ਇਸ ਹੱਦ ਤੱਕ ਨਿਕੰਮੇ ਹੁੰਦੇ ਹਨ ਕਿ ਉਨ੍ਹਾਂ ਕੋਲ ਆਪਣੇ ਬਾਰੇ ਦੱਸਣ ਲਈ ਸਿਵਾਏ ਆਪਣੀ ਉਮਰ ਦੇ ਹੋਰ ਕੁਝ ਨਹੀਂ ਹੁੰਦਾ।

ਪੰਜਾਹ ਸਾਲਾਂ ਦਾ ਤਜਰਬੇਕਾਰ ਵਿਅਕਤੀ ਆਪਣੇ ਸਾਥੀਆਂ ਦੇ ਸਤਿਕਾਰ ਦਾ ਪਾਤਰ ਹੁੰਦਾ ਹੈ ਪਰ ਪੰਜਾਹ ਸਾਲਾਂ ਦਾ ਨਿਕੰਮਾ ਬੰਦਾ, ਦੂਜਿਆਂ ਦੇ ਹਾਸੇ-ਮਖੌਲ ਦਾ ਕਾਰਨ ਬਣਦਾ ਹੈ।

ਜਿਨ੍ਹਾਂ ਨੇ ਜਵਾਨੀ ਵਿੱਚ ਮਿਹਨਤ ਕੀਤੀ ਹੁੰਦੀ ਹੈ, ਉਹ ਪੰਜਾਹ ਸਾਲ ਦੀ ਉਮਰ ਵਿੱਚ ਆਪਣੀ ਪ੍ਰਾਪਤੀ ਦੀ ਸਿਖਰ 'ਤੇ ਜਾਂ ਉਸ ਦੇ ਨੇੜੇ ਪਹੁੰਚ ਚੁੱਕੇ ਹੁੰਦੇ ਹਨ।

ਪੰਜਾਹ ਸਾਲ ਦੀ ਉਮਰ ਵਿੱਚ ਪਹੁੰਚ ਕੇ ਪਤੀ ਅਤੇ ਪਤਨੀ, ਪੁਰਸ਼ ਅਤੇ ਇਸਤਰੀ, ਸਾਲਾਂ ਬਾਰੇ ਸੋਚਦੇ ਹਨ, ਦਹਾਕਿਆਂ-ਸਦੀਆਂ ਬਾਰੇ ਨਹੀਂ।

ਪੁਰਸ਼ ਅਤੇ ਇਸਤਰੀ ਵਿੱਚ ਇੱਕ ਦੂਜੇ ਵਾਸਤੇ ਪ੍ਰੇਮੀਆਂ ਵਾਂਗ ਵਿਚਰਨ ਦੀ ਸਮਰੱਥਾ ਨਹੀਂ ਰਹਿੰਦੀ, ਸੋ ਉਹ ਅਜਨਬੀਆਂ ਨੂੰ ਭਰਾ ਜੀ ਜਾਂ ਭੈਣ ਜੀ, ਬੇਟਾ ਜਾਂ ਬੇਟੀ ਕਹਿੰਦੇ ਹਨ।

ਇਸ ਉਮਰ ਵਿੱਚ ਸਭ ਤੋਂ ਵਧੇਰੇ ਦੁੱਖੀ ਉਹ ਹੁੰਦੇ ਹਨ, ਜਿਹੜੇ ਅਜੇ ਵੀ ਜਵਾਨ ਪ੍ਰਤੀਤ ਹੋਣਾ ਚਾਹੁੰਦੇ ਹਨ।

ਅਜਿਹੇ ਵਿਅਕਤੀ ਆਪਣੇ ਆਪ ਨਾਲ ਲੁਕਣਮੀਚੀ ਖੇਡਦੇ ਹਨ।

ਪੰਜਾਹ ਸਾਲ ਦੀ ਉਮਰ ਅੱਕਣ-ਥੱਕਣ, ਪਛਤਾਉਣ ਜਾਂ ਝੂਰਨ ਜਾਂ ਬੁੱਢੇ ਹੋਣ ਦਾ ਸਮਾਂ ਨਹੀਂ, ਸਿਆਣੇ ਹੋਣ ਦਾ ਵੇਲਾ ਹੁੰਦੀ ਹੈ।

ਪ੍ਰਸੰਨ ਲੰਮੀ ਉਮਰ

ਜੀਵਨ ਦੀ ਇੱਕ ਸਦੀ ਪੂਰੀ ਕਰਨ ਦੀ ਅਭਿਲਾਸ਼ਾ ਰੱਖਣ ਵਾਲੇ ਨੱਬੇ ਸਾਲ ਦੇ ਇੱਕ ਵਿਅਕਤੀ ਨੇ ਜਦੋਂ ਡਾਕਟਰ ਨੂੰ ਆਪਣੇ ਸੱਜੇ ਗੋਡੇ ਵਿੱਚ ਦਰਦ ਦੀ ਸ਼ਿਕਾਇਤ ਕੀਤੀ ਤਾਂ ਡਾਕਟਰ ਨੇ ਕਿਹਾ, "ਤੁਹਾਡਾ ਇਹ ਗੋਡਾ ਨੱਬੇ ਵਰ੍ਹੇ ਦਾ ਹੋ ਗਿਆ ਹੈ, ਇਸ ਨੇ ਦਰਦ ਤਾਂ ਕਰਨੀ ਹੀ ਹੋਈ।" ਉਸ ਦੀ ਇਹ ਗੱਲ ਸੁਣ ਕੇ ਬਜ਼ੁਰਗ ਨੇ ਕਿਹਾ, "ਮੇਰਾ ਖੱਬਾ ਗੋਡਾ ਵੀ ਤਾਂ ਨੱਬੇ ਵਰ੍ਹੇ ਪੁਰਾਣਾ ਹੈ, ਇਹ ਕਿਉਂ ਠੀਕ ਹੈ?" ਮਰੀਜ਼ ਦੇ ਇਸ ਵਾਕ ਨੇ ਅਮਰੀਕੀ ਡਾਕਟਰਾਂ ਅਤੇ ਵਿਗਿਆਨੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਅਤੇ ਪਿਛਲੇ ਕੁਝ ਦਹਾਕਿਆਂ ਦੀ ਖੋਜ ਨੇ ਪ੍ਰਸੰਨ ਲੰਮੀ ਉਮਰ ਦੀਆਂ ਸੰਭਾਵਨਾਵਾਂ ਉਜਾਗਰ ਕਰ ਦਿੱਤੀਆਂ ਹਨ।

ਸਾਡੇ ਦੇਸ਼ ਵਿੱਚ ਵਿਅਕਤੀ ਜਦੋਂ ਉਮਰ ਦੇ ਸੱਠਵੇਂ ਸਾਲ ਵਿੱਚ ਪਹੁੰਚਦਾ ਹੈ ਤਾਂ ਉਸ ਨੂੰ ਇੱਕ ਵਾਧੂ ਜਿਹੀ ਚੀਜ਼ ਸਮਝਿਆ ਜਾਣ ਲੱਗ ਪੈਂਦਾ ਹੈ।

ਅਜਿਹੇ ਵਿਅਕਤੀ ਦੇ ਲੰਮੇ ਜੀਵਨ-ਅਨੁਭਵ ਤੋਂ ਲਾਭ ਉਠਾਉਣ ਦੀ ਥਾਂ ਨਵੀਂ ਪੀੜ੍ਹੀ ਅਜਿਹੇ ਵਿਅਕਤੀ ਨੂੰ ਨਸੀਹਤਾਂ ਦੇਣ ਲੱਗ ਪੈਂਦੀ ਹੈ।

ਸਾਡੇ ਦੇਸ਼ ਵਿੱਚ ਬੁਢਾਪੇ ਨੂੰ ਬੀਮਾਰੀ, ਸਨਕੀਪੁਣੇ, ਚਿੜਚਿੜੇਪਣ ਅਤੇ ਮੌਤ ਨਾਲ ਜੋੜ ਦਿੱਤਾ ਗਿਆ ਹੈ। ਵੱਡੀ ਉਮਰ ਦੇ ਲੋਕਾਂ ਦੀ ਬਹੁਗਿਣਤੀ ਆਪ ਹੀ ਮੈਦਾਨ ਛੱਡ ਜਾਂਦੀ ਹੈ ਅਤੇ ਮੰਜਾ ਮੱਲ ਬੈਠਦੀ ਹੈ।

ਇਸ ਸਥਿਤੀ ਦਾ ਇੱਕ ਮੁੱਖ ਕਾਰਨ ਇਹ ਹੁੰਦਾ ਹੈ ਕਿ ਇਸ ਉਮਰ ਵਿੱਚ ਅਨੇਕਾਂ ਆਰਥਿਕ ਸਮੱਸਿਆਵਾਂ ਮਨੁੱਖ ਨੂੰ ਘੇਰ ਲੈਂਦੀਆਂ ਹਨ।

ਜਿਨ੍ਹਾਂ ਲੋਕਾਂ ਵਿੱਚ ਆਪਣੇ ਜੀਵਨ ਨੂੰ ਵਿਉਂਤਣ ਦਾ ਗੁਣ ਹੈ, ਉਹ ਇੱਕ ਸਦੀ ਤੱਕ ਪ੍ਰਸੰਨ ਜੀਵਨ ਜਿਊਂ ਸਕਦੇ ਹਨ।

ਪਹਿਲਾਂ ਟੱਬਰ ਵੱਡੇ ਹੋਣ ਕਾਰਨ ਆਪਣੇ ਸਾਰੇ ਬੱਚਿਆਂ ਦਾ ਵਿਆਹ ਕਰਨ ਤੋਂ ਪਹਿਲਾਂ ਹੀ ਮਾਪੇ ਸੰਸਾਰ ਤੋਂ ਚਲੇ ਜਾਂਦੇ ਸਨ ਪਰ ਪਰਿਵਾਰ ਛੋਟੇ ਹੋਣ ਨਾਲ ਹੁਣ ਸਾਰੇ ਬੱਚਿਆਂ ਦੇ ਵਿਆਹ ਕਰਨ ਉਪਰੰਤ ਵੀ ਮਾਪੇ, ਔਸਤ ਵੀਹ ਵਰ੍ਹੇ ਜਿਊਂਦੇ ਰਹਿੰਦੇ ਹਨ ਅਤੇ ਜਿਨ੍ਹਾਂ ਨੂੰ ਆਪਣੇ ਮਕਾਨ ਦੀ ਸਹੂਲਤ ਅਤੇ ਆਰਥਿਕ ਸੁਰੱਖਿਆ ਮਿਲੀ ਹੁੰਦੀ ਹੈ ਉਹ ਹੋਰ ਵੀ ਵਧੇਰੇ ਚਿਰ ਜਿਊਂਦੇ ਰਹਿੰਦੇ ਹਨ।

ਸਰਕਾਰੀ ਨੌਕਰੀ ਵਿੱਚ ਪੈਨਸ਼ਨ ਅਤੇ ਬੈਂਕਾਂ ਅਤੇ ਡਾਕਖਾਨਿਆਂ ਆਦਿ ਵਿੱਚ ਬੱਚਤ ਸਕੀਮਾਂ ਅਤੇ ਬੀਮੇ ਨੇ ਹਰ ਵਿਅਕਤੀ ਦੀ ਔਸਤ ਉਮਰ ਨੂੰ ਲੰਮਾ ਕਰਨ ਦਾ ਮਹੱਤਵਪੂਰਨ ਰੋਲ ਨਿਭਾਇਆ ਹੈ।

ਹੁਣ ਸੱਤਰ ਤੋਂ ਅੱਸੀ ਸਾਲ ਦੀ ਉਮਰ ਦੇ ਵਿਅਕਤੀ ਤੁਹਾਨੂੰ ਆਮ ਦਿਖਾਈ ਦੇਣਗੇ। ਅਨੇਕਾਂ ਵਿਅਕਤੀ ਅਜਿਹੇ ਹਨ, ਜਿਨ੍ਹਾਂ ਨੇ ਉਨਾ ਚਿਰ ਨੌਕਰੀ ਨਹੀਂ ਕੀਤੀ ਹੁੰਦੀ, ਜਿਨਾ ਚਿਰ ਉਹ ਪੈਨਸ਼ਨ ਲੈਂਦੇ ਰਹੇ ਹੁੰਦੇ ਹਨ।

ਆਲੇ-ਦੁਆਲੇ ਝਾਤ ਮਾਰ ਕੇ ਵੇਖੋ, ਅਨੇਕਾਂ ਅਜਿਹੇ ਵਿਅਕਤੀ ਮਿਲ ਜਾਣਗੇ ਜਿਹੜੇ ਆਪਣੀ ਉਮਰ ਦੇ ਅੱਠਵੇਂ ਦਹਾਕੇ ਵਿੱਚ ਵੀ ਜਵਾਨਾਂ ਵਾਂਗ ਕੰਮ ਕਰਦੇ ਹਨ ਅਤੇ ਤੰਦਰੁਸਤ ਹਨ।

ਅਜਿਹੇ ਲੋਕਾਂ ਦੀ ਗਿਣਤੀ ਨਿਰੰਤਰ ਵੱਧ ਰਹੀ ਹੈ।

ਪ੍ਰਸੰਨ ਲੰਮੀ ਉਮਰ ਜਿਊਣ ਲਈ ਸਭ ਤੋਂ ਪਹਿਲੀ ਲੋੜ ਜੀਵਨ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਬਣਾਈ ਰੱਖਣ ਦੀ ਹੈ। ਰੋਕਣ-ਟੋਕਣ ਵਾਲੇ ਮਾਪਿਆਂ ਨੂੰ ਸੰਤਾਨ ਪਸੰਦ ਨਹੀਂ ਕਰਦੀ ਪਰ ਉਤਸ਼ਾਹ ਦੇਣ ਵਾਲੇ ਮਾਪਿਆਂ ਨੂੰ ਆਪਣੇ ਤਾਂ ਕੀ, ਗਵਾਂਢੀ ਵੀ ਪਸੰਦ ਕਰਦੇ ਹਨ।

ਜਿਹੜੇ ਸਾਧਾਰਨ ਵਿਅਕਤੀਆਂ ਵਾਂਗ ਜਿਊਣਾ ਚਾਹੁੰਦੇ ਹਨ, ਉਹ ਨਾ ਕੇਵਲ ਤੰਦਰੁਸਤ ਰਹਿੰਦੇ ਹਨ, ਸਗੋਂ ਸਮੁੱਚੇ ਸਮਾਜ ਦੇ ਵਾਤਾਵਰਣ ਨੂੰ ਵੀ ਸੁਖਾਵਾਂ ਬਣਾਉਂਦੇ ਰਹਿੰਦੇ ਹਨ। ਜ਼ੋਰ ਲੰਮੀ ਉਮਰ ਜਿਊਣ ਉਤੇ ਨਹੀਂ, ਪ੍ਰਸੰਨ ਉਮਰ ਜਿਊਣ ਉਤੇ ਹੋਣਾ ਚਾਹੀਦਾ ਹੈ।

ਵੇਖਿਆ ਗਿਆ ਹੈ ਕਿ ਉਸਾਰੂ ਦ੍ਰਿਸ਼ਟੀਕੋਣ ਹੀ ਅਨੇਕਾਂ ਸਮੱਸਿਆਵਾਂ ਨੂੰ ਸੁਲਝਾ ਦਿੰਦਾ ਹੈ। ਜਿਹੜੇ ਜੀਵਨ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਉਸਾਰਦੇ ਹਨ, ਉਨ੍ਹਾਂ ਨੂੰ ਸਰੀਰਕ ਤਕਲੀਫ਼ਾਂ ਘੱਟ ਹੁੰਦੀਆਂ ਹਨ ਅਤੇ ਭਾਵਨਾਤਮਕ ਸੰਤੁਸ਼ਟੀ ਵਧੇਰੇ ਹੁੰਦੀ ਹੈ।

ਦੂਜਿਆਂ ਦਾ ਧਿਆਨ ਖਿੱਚਣ ਦੀ ਥਾਂ, ਦੂਜਿਆਂ ਵੱਲ ਧਿਆਨ ਦੇ ਕੇ ਵਧੇਰੇ ਤਸੱਲੀ ਹੁੰਦੀ ਹੈ। ਪ੍ਰਾਪਤ ਕਰਨ ਦੀ ਥਾਂ ਜੋ ਆਨੰਦ ਦੇਣ ਵਿੱਚ ਹੁੰਦਾ ਹੈ, ਉਹ ਬਹੁਤ ਘੱਟ ਲੋਕ ਜਾਣਦੇ ਹਨ।

ਵੱਡੀ ਉਮਰ ਦੇ ਲੋਕ ਚਲਦੇ-ਫਿਰਦੇ ਇਤਿਹਾਸ ਹੁੰਦੇ ਹਨ, ਉਨ੍ਹਾਂ ਦੀ ਜਾਣਕਾਰੀ ਤੋਂ ਨਵੀਂ ਪੀੜ੍ਹੀ ਨੂੰ ਲਾਭ ਉਠਾਉਣਾ ਚਾਹੀਦਾ ਹੈ ਪਰ ਪੁਰਾਣੀ ਪੀੜ੍ਹੀ ਨੂੰ ਆਪਣੀ ਗੱਲ ਜ਼ਰੂਰ ਕਹਿਣ ਦੀ ਜ਼ਿੱਦ ਨਹੀਂ ਕਰਨੀ ਚਾਹੀਦੀ।,

ਜੇ ਵਡੇਰੀ ਉਮਰ ਵਿੱਚ ਚੁੱਪ ਰਹਿਣ ਦਾ ਹੁਨਰ ਆ ਜਾਵੇ ਤਾਂ ਸਭਨੀ ਥਾਂਈਂ ਸਹਿਜੇ ਹੀ ਪ੍ਰਵਾਨਗੀ ਮਿਲ ਸਕਦੀ ਹੈ।

ਇਕ ਗੱਲ ਸਪੱਸ਼ਟ ਰੂਪ ਵਿੱਚ ਸਮਝ ਲੈਣੀ ਚਾਹੀਦੀ ਹੈ ਕਿ ਬੁਢਾਪਾ ਹਰ ਹਾਲਤ ਵਿੱਚ ਆਉਣਾ ਹੈ। ਸਾਰੀ ਗੱਲ ਦਾ ਨਿਬੇੜਾ ਇਸ ਗੱਲ 'ਤੇ ਹੋ ਜਾਂਦਾ ਹੈ ਕਿ ਤੁਸੀਂ ਇਸ ਨੂੰ ਕਿੰਨੇ ਖਿੜੇ-ਮੱਥੇ ਸਵੀਕਾਰ ਕਰਦੇ ਹੋ।

ਉਮਰ ਦਾ ਬੁਢਾਪੇ ਨਾਲ ਕੋਈ ਬਹੁਤਾ ਸਬੰਧ ਨਹੀਂ।

ਕਈ ਤੀਹ ਸਾਲ ਦੀ ਉਮਰ ਵਿੱਚ ਹੀ ਬੁੱਢੇ ਹੋ ਜਾਂਦੇ ਹਨ ਅਤੇ ਕਈ ਅੱਸੀ ਸਾਲ ਦੀ ਉਮਰ ਵਿੱਚ ਵੀ ਭੱਖਦੇ ਕੋਲਿਆਂ ਵਾਂਗ ਸੋਹਣੇ ਹੁੰਦੇ ਹਨ। ਬਹੁਤੀ ਮੁਸ਼ਕਿਲ ਉਨ੍ਹਾਂ ਨੂੰ ਹੁੰਦੀ ਹੈ ਜਿਹੜੇ ਜੀਵਨ ਵਿੱਚ ਭਗੌੜੇ ਬਣੇ ਰਹਿੰਦੇ ਹਨ।

ਬੀਮਾਰੀਆਂ ਹਰ ਕਿਸੇ ਨੂੰ ਹੁੰਦੀਆਂ ਹਨ ਪਰ ਕਈ ਵਿਅਕਤੀ ਹਰ ਵੇਲੇ ਆਪਣੀਆਂ ਬੀਮਾਰੀਆਂ ਦੇ ਕਿੱਸੇ ਸੁਣਾਉਂਦੇ ਰਹਿੰਦੇ ਹਨ। ਇਕ ਗੱਲ ਸਪੱਸ਼ਟ ਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਕਿਸੇ ਨੂੰ ਵੀ ਸਾਡੀਆਂ ਬੀਮਾਰੀਆਂ ਵਿੱਚ ਦਿਲਚਸਪੀ ਨਹੀਂ ਹੁੰਦੀ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਵਡੇਰੀ ਉਮਰ ਵਿੱਚ ਬੀਮਾਰੀਆਂ ਬਰਦਾਸ਼ਤ ਕਰਨ ਦੀ ਅਥਾਹ ਸਮਰੱਥਾ ਹੁੰਦੀ ਹੈ।

ਬੀਮਾਰੀਆਂ ਦੇ ਇਲਾਜ ਸੰਭਵ ਹੁੰਦੇ ਹਨ ਪਰ ਮਰਨ ਦੇ ਡਰ ਕਾਰਨ, ਬਹੁਤੇ ਬਜ਼ੁਰਗ ਇਲਾਜ ਜਾਂ ਉਪਰੇਸ਼ਨ ਨਹੀਂ ਕਰਵਾਉਂਦੇ।

ਅਸੀਂ ਕਿਤਨਾ ਚਿਰ ਜੀਵਾਂਗੇ ਅਤੇ ਕਿਹੋ ਜਿਹਾ ਜੀਵਾਂਗੇ, ਇਹ ਅਕਸਰ ਆਪਣੇ ਵਡੇਰਿਆਂ ਤੋਂ ਜਾਣਿਆ ਜਾ ਸਕਦਾ ਹੈ।

ਕਈ ਟੱਬਰਾਂ ਵਿੱਚ ਔਸਤ ਉਮਰ ਬੜੀ ਲੰਮੀ ਹੁੰਦੀ ਹੈ ਅਤੇ ਆਮ ਕਰਕੇ ਸੰਤਾਨ ਆਪਣੇ ਵਡੇਰਿਆਂ ਤੋਂ ਲੰਮੇਰੀ ਉਮਰ ਜਿਊਂਦੀ ਰਹਿੰਦੀ ਹੈ।

ਸੰਤਾਨ ਨੂੰ ਬਹੁਤੀਆਂ ਬੀਮਾਰੀਆਂ ਵੀ ਉਹੀ ਲਗਦੀਆਂ ਹਨ, ਜਿਹੜੀਆਂ ਵਡੇਰਿਆਂ ਨੂੰ ਲੱਗਦੀਆਂ ਰਹੀਆਂ ਹੋਣ ਪਰ ਡਾਕਟਰੀ ਸਹਿਯੋਗ ਨਾਲ ਹੁਣ ਲੱਗਭਗ ਸਾਰੀਆਂ ਬੀਮਾਰੀਆਂ ਮੁਕਾਈਆਂ ਭਾਵੇਂ ਨਾ ਜਾ ਸਕਦੀਆਂ ਹੋਣ ਪਰ ਕਾਬੂ ਜ਼ਰੂਰ ਕੀਤੀਆਂ ਜਾ ਸਕਦੀਆਂ ਹਨ।

ਨਿੱਜੀ ਆਦਤਾਂ, ਘਰ ਦਾ ਵਾਤਾਵਰਣ, ਖੁੱਲ੍ਹਾ ਪੌਣ-ਪਾਣੀ, ਜੀਵਨ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਆਦਿ ਪੱਖ ਸਾਡੀ ਉਮਰ ਨੂੰ ਨਿਰਧਾਰਤ ਕਰਦੇ ਹਨ।

ਨਸ਼ੇ ਕਰਨ ਵਾਲਾ ਵਿਅਕਤੀ ਆਪਣੀ ਮੌਤ ਆਪ ਸਹੇੜਦਾ ਹੈ।

ਬੁਢਾਪੇ ਨਾਲ ਜੋੜੀਆਂ ਜਾਂਦੀਆਂ ਅਨੇਕਾਂ ਸਮੱਸਿਆਵਾਂ ਬੇਬੁਨਿਆਦ ਹੁੰਦੀਆਂ ਹਨ। ਬਹੁਤੇ ਲੋਕਾਂ ਨੂੰ ਆਪਣੀ ਦਿਮਾਗੀ ਸ਼ਕਤੀ ਦੇ ਘੱਟ ਜਾਣ ਦੀ ਸ਼ਿਕਾਇਤ ਹੁੰਦੀ ਹੈ। ਅਸਲ ਵਿੱਚ ਸਮੱਸਿਆ, ਚਿੰਤਾ ਜਾਂ ਤਕਲੀਫ਼ ਕੋਈ ਹੋਰ ਹੁੰਦੀ ਹੈ ਅਤੇ ਸ਼ਿਕਾਇਤ ਦਿਮਾਗ ਸਬੰਧੀ ਕੀਤੀ ਜਾਂਦੀ ਹੈ।

ਜਵਾਨ ਅਤੇ ਬੁੱਢੇ ਦੋਵੇਂ ਭੁਲੱਕੜ ਹੁੰਦੇ ਹਨ ਪਰ ਕਿਸੇ ਗੱਲ ਦੇ ਭੁੱਲ ਜਾਣ ਦੀ ਚਿੰਤਾ ਬੁੱਢਿਆਂ ਨੂੰ ਵਧੇਰੇ ਹੁੰਦੀ ਹੈ।

ਅਜੇ ਤੱਕ ਕੋਈ ਬਜ਼ੁਰਗ ਇਹ ਨਹੀਂ ਭੁੱਲਿਆ ਕਿ ਉਸ ਨੇ ਕਿਸੇ ਤੋਂ ਕਿੰਨੇ ਪੈਸੇ ਲੈਣੇ ਹਨ।

ਰੁਝੇਵੇਂ ਘੱਟਣ ਨਾਲ ਯਾਦ ਰੱਖਣਯੋਗ ਗੱਲਾਂ ਵੀ ਘਟ ਜਾਂਦੀਆਂ ਹਨ।

ਬੇਲੋੜੀਆਂ ਅਤੇ ਭੁੱਲਣਯੋਗ ਗੱਲਾਂ ਹੀ ਭੁੱਲਦੀਆਂ ਹਨ, ਕੰਮ ਦੀ ਗੱਲ ਕਿਸੇ ਨੂੰ ਅਜੇ ਤੱਕ ਨਹੀਂ ਭੁੱਲੀ।

ਬੁਢਾਪੇ ਵਿੱਚ ਵਧੇਰੇ ਦਵਾਈਆਂ ਲੈਣ ਦੀ ਰੁਚੀ ਇੱਕ ਹੋਰ ਸਮੱਸਿਆ ਹੈ। ਲੋਕ ਪੰਜ ਤੋਂ ਦਸ ਵੱਖ-ਵੱਖ ਦਵਾਈਆਂ ਲੈਣ ਦੇ ਆਦੀ ਹਨ ਅਤੇ ਆਪਣਾ ਸਾਰਾ ਸਮਾਂ ਇਨ੍ਹਾਂ ਦਵਾਈਆਂ ਦੀਆਂ ਉਪਜਾਈਆਂ ਸਮੱਸਿਆਵਾਂ ਵਿੱਚ ਉਲਝੇ ਰਹਿੰਦੇ ਹਨ।

ਬਹੁਤੀਆਂ ਦਿਮਾਗੀ ਪ੍ਰੇਸ਼ਾਨੀਆਂ ਦਵਾਈਆਂ ਦੀ ਵਧੇਰੇ ਵਰਤੋਂ ਦਾ ਨਤੀਜਾ ਵੀ ਹੁੰਦੀਆਂ ਹਨ। ਬੁਢਾਪੇ ਵਿੱਚ ਨੀਂਦਰ ਘਟ ਜਾਂਦੀ ਹੈ, ਜਿਸ ਕਾਰਨ ਨੀਂਦਰ ਦੀਆਂ ਦਵਾਈਆਂ-ਗੋਲੀਆਂ ਲੈਣ ਦੀ ਜ਼ਿੱਦ ਕੀਤੀ ਜਾਂਦੀ ਹੈ।

ਕਈ ਆਪਣੇ ਆਪ ਨੂੰ ਮਹੱਤਵਪੂਰਨ ਵਿਅਕਤੀ ਦੱਸਣ ਲਈ, ਖਾਣੇ ਦੇ ਮੇਜ਼ ਜਾਂ ਆਪਣੇ ਸਿਰਹਾਣੇ ਦਵਾਈਆਂ ਸਜਾ ਕੇ ਰੱਖਦੇ ਹਨ।

ਬੁਢਾਪੇ ਦੀ ਸਭ ਤੋਂ ਵੱਡੀ ਸਮੱਸਿਆ ਆਪਣੇ ਫ਼ਾਲਤੂ ਪ੍ਰਤੀਤ ਹੋਣ ਵਿਚੋਂ ਉੱਪਜੀ ਮਾਯੂਸੀ ਅਤੇ ਉਦਾਸੀ ਹੁੰਦੀ ਹੈ।

ਕੇਵਲ ਫ਼ਾਲਤੂ ਵਿਅਕਤੀਆਂ ਨੂੰ ਹੀ ਇਹ ਸਮੱਸਿਆ ਹੁੰਦੀ ਹੈ। ਜਿਹੜੇ ਕਿਸੇ ਨਾ ਕਿਸੇ ਕਾਰਜ ਵਿੱਚ ਰੁੱਝੇ ਰਹਿੰਦੇ ਹਨ, ਉਨ੍ਹਾਂ ਨੂੰ ਇਹ ਸਮੱਸਿਆ ਨਹੀਂ ਹੁੰਦੀ।

ਵਧੇਰੇ ਦਵਾਈਆਂ ਵੀ ਸਾਨੂੰ ਉਦਾਸ ਕਰਦੀਆਂ ਹਨ।

ਸੰਗੀ-ਸਾਥੀਆਂ ਦੀ ਮੌਤ, ਸੰਤਾਨ ਦੀ ਕੋਈ ਸਮੱਸਿਆ, ਪਤੀ ਜਾਂ ਪਤਨੀ ਦਾ ਵਿਛੋੜਾ, ਲੰਮੀ ਬੀਮਾਰੀ ਆਦਿ ਉਦਾਸੀ ਦੇ ਕੁਝ ਹੋਰ ਕਾਰਨ ਹਨ।

ਭੁੱਖ ਨਾ ਲੱਗਣੀ, ਨੀਂਦਰ ਨਾ ਆਉਣੀ, ਫ਼ਾਲਤੂ ਪ੍ਰਤੀਤ ਹੋਣਾ, ਜੀਵਨ ਵਿੱਚ ਅਸਫਲ ਹੋਣ ਦੀ ਦੋਸ਼-ਭਾਵਨਾ, ਸਿਰ ਦੁੱਖਣਾ, ਦਿਲ ਰਾਜ਼ੀ ਨਾ ਹੋਣਾ ਆਦਿ ਸ਼ਿਕਾਇਤਾਂ ਨੂੰ ਜਵਾਨ ਪੀੜ੍ਹੀ ਆਪਣੇ ਮਾਪਿਆਂ ਵਿੱਚ, ਬੁਢਾਪੇ ਦੀਆਂ ਅਲਾਮਤਾਂ ਸਮਝ ਕੇ, ਨਜ਼ਰ-ਅੰਦਾਜ਼ ਕਰ ਦਿੰਦੀ ਹੈ ਪਰ ਇਨ੍ਹਾਂ ਸਭ ਗੱਲਾਂ ਦਾ ਇਲਾਜ ਸੰਭਵ ਹੁੰਦਾ ਹੈ।

ਹਲਕੀ-ਫੁਲਕੀ ਕਸਰਤ ਜਾਂ ਲੰਮੀ ਸੈਰ ਹਰ ਬੀਮਾਰੀ ਦਾ ਇਲਾਜ ਹੁੰਦੀ ਹੈ। ਕੋਈ ਵਿਅਕਤੀ ਜਿਤਨਾ ਵਧੇਰੇ ਟੁਰਦਾ ਹੈ, ਉਹ ਉਤਨਾ ਹੀ ਵਧੇਰੇ ਜਿਊਂਦਾ ਹੈ।

ਬੁਢਾਪੇ ਵਿੱਚ ਪਤੀ-ਪਤਨੀ ਦੋਹਾਂ ਦੇ ਇਕੱਠਿਆਂ ਸੈਰ ਕਰਨ ਦੇ ਮੁਕਾਬਲੇ ਹੋਰ ਵਧੇਰੇ ਸੋਹਣਾ ਦ੍ਰਿਸ਼ ਕੋਈ ਹੋ ਹੀ ਨਹੀਂ ਸਕਦਾ। ਜਵਾਨੀ ਵਿੱਚ ਸੈਰ ਨਾਲ ਕੇਵਲ ਦਸ ਪ੍ਰਤੀਸ਼ਤ ਵਧੇਰੇ ਸ਼ਕਤੀ ਮਿਲਦੀ ਹੈ, ਜਦੋਂ ਕਿ ਬੁਢਾਪੇ ਵਿੱਚ ਇਹ ਸ਼ਕਤੀ ਪੰਜਾਹ ਪ੍ਰਤੀਸ਼ਤ ਨਾਲੋਂ ਵੀ ਵਧੇਰੇ ਹੋ ਜਾਂਦੀ ਹੈ।

ਸੈਰ ਕਰਨ ਨਾਲ ਜੀਵਨ ਲਈ ਉਤਸ਼ਾਹ ਉੱਪਜਦਾ ਹੈ।

ਵੱਡੀ ਉਮਰ ਵਿੱਚ ਸਾਡੇ ਸਰੀਰ ਵਿੱਚ ਕੰਮ ਕਰਨ ਦੀ ਰਫ਼ਤਾਰ ਹੌਲੀ ਹੋ ਜਾਂਦੀ ਹੈ। ਰੋਟੀ ਹੌਲੀ ਹਜ਼ਮ ਹੁੰਦੀ ਹੈ, ਜ਼ਖ਼ਮ ਹੌਲੀ ਠੀਕ ਹੁੰਦੇ ਹਨ, ਥਕਾਵਟ ਹੌਲੀ-ਹੌਲੀ ਜਾਂਦੀ ਹੈ, ਨੀਂਦਰ ਘੱਟ ਅਤੇ ਥੋੜ੍ਹੀ ਆਉਂਦੀ ਹੈ, ਦਵਾਈ ਹੌਲੀ ਅਸਰ ਕਰਦੀ ਹੈ, ਕਾਮ-ਸੰਭੋਗ ਦੀ ਇੱਛਾ ਹੌਲੀ ਜਾਗਦੀ ਹੈ।

ਇਨ੍ਹਾਂ ਤੱਥਾਂ ਨੂੰ ਸਮਝਣ ਅਤੇ ਖਿੜੇ-ਮੱਥੇ ਸਵੀਕਾਰ ਕਰਨ ਦੀ ਲੋੜ ਹੈ।

ਵੀਹ ਅਤੇ ਸੱਠ ਸਾਲ ਦੀ ਉਮਰ ਦੇ ਦੋਵੇਂ ਵਿਅਕਤੀਆਂ ਦੀ ਦੌੜਨ ਤੋਂ ਪਹਿਲਾਂ ਧੜਕਣ ਇੱਕੋ ਜਿਹੀ ਹੋਵੇਗੀ, ਦੌੜਨ ਉਪਰੰਤ ਵੀ ਇੱਕੋ ਹੋਵੇਗੀ ਪਰ ਸੱਠ ਸਾਲ ਦੇ ਵਿਅਕਤੀ ਦਾ ਸਾਹ ਮੁੜ ਟਿਕਣ ਵਿੱਚ ਵਧੇਰੇ ਦੇਰ ਲੱਗੇਗੀ।

ਕੁਝ ਹੋਰ ਤੱਥ ਜਾਣਨ ਦੀ ਵੀ ਲੋੜ ਹੈ।

ਬੀਮਾਰੀਆਂ ਨਾਲ ਲੜਨ ਦੀ ਸਾਡੇ ਸਰੀਰ ਦੀ ਸ਼ਕਤੀ ਲਗਭਗ ਤੀਹ ਸਾਲ ਦੀ ਉਮਰ ਤੋਂ ਘਟਣੀ ਸ਼ੁਰੂ ਹੋ ਜਾਂਦੀ ਹੈ। ਸਾਡੇ ਸਰੀਰ ਦੀ ਪਾਚਨ-ਸ਼ਕਤੀ ਪੰਝੀ ਵਰ੍ਹੇ ਦੀ ਉਮਰ ਉਪਰੰਤ ਕਮਜ਼ੋਰ ਪੈਣ ਲੱਗ ਪੈਂਦੀ ਹੈ, ਇਸੇ ਕਰ ਕੇ ਵੱਧਦੀ ਉਮਰ ਨਾਲ ਖੁਰਾਕ ਘੱਟ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ, ਕਿਉਂਕਿ ਸਰੀਰ ਨੂੰ ਖੁਰਾਕ ਦੀ ਲੋੜ ਘੱਟ ਜਾਂਦੀ ਹੈ। ਗੁਰਦੇ ਦੀ ਸ਼ਕਤੀ ਘੱਟ ਜਾਂਦੀ ਹੈ, ਸੋ ਖਾਧੀਆਂ ਦਵਾਈਆਂ ਅਤੇ ਪੀਤੀ ਸ਼ਰਾਬ ਗੁਰਦੇ ਵਿੱਚ ਵਧੇਰੇ ਚਿਰ ਰਹਿੰਦੀਆਂ ਹਨ, ਜਿਹੜੀਆਂ ਸਮੱਸਿਆਵਾਂ ਉਪਜਾਉਂਦੀਆਂ ਹਨ।

ਤੀਹ-ਚਾਲੀ ਵਰ੍ਹੇ ਦੀ ਉਮਰ ਉਪਰੰਤ ਫੇਫੜਿਆਂ ਦੀ, ਹਵਾ ਅੰਦਰ ਖਿੱਚਣ ਦੀ, ਸ਼ਕਤੀ ਘੱਟਣ ਲੱਗ ਜਾਂਦੀ ਹੈ, ਖ਼ੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ, ਚਮੜੀ ਖੁਸ਼ਕ ਹੋ ਜਾਂਦੀ ਹੈ, ਅੱਖਾਂ ਕਮਜ਼ੋਰ ਹੋ ਜਾਂਦੀਆਂ ਹਨ।

ਇਸ ਦੇ ਇਹ ਅਰਥ ਨਹੀਂ ਕਿ ਇਹ ਸਭ ਯੰਤਰ ਕੰਮ ਕਰਨਾ ਛੱਡ ਦਿੰਦੇ ਹਨ, ਸਗੋਂ ਇਹ ਜਾਣਨ ਦੀ ਲੋੜ ਹੈ ਕਿ ਇਨ੍ਹਾਂ ਦੀ ਰਫ਼ਤਾਰ ਘੱਟ ਜਾਂਦੀ ਹੈ।

ਇਹ ਆਮ ਗੱਲ ਹੈ ਕਿ ਅੱਸੀ ਸਾਲ ਦੇ ਵਿਅਕਤੀ ਦਾ ਦਿਲ, ਤੀਹ ਸਾਲ ਦੇ ਵਿਅਕਤੀ ਦੇ ਦਿਲ ਦੇ ਮੁਕਾਬਲੇ ਭਾਵੇਂ ਹੌਲੀ ਕੰਮ ਕਰਦਾ ਹੈ, ਪਰ ਇਹ ਪੂਰੀ ਨਿਪੁੰਨਤਾ ਅਤੇ ਪੂਰੀ ਯੋਗਤਾ ਨਾਲ ਕੰਮ ਕਰਦਾ ਹੈ।

ਬੁਢਾਪੇ ਵਿੱਚ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ, ਸੋ ਹੁਝਕਿਆਂ ਤੋਂ ਬੱਚਣ ਦੀ ਲੋੜ ਹੁੰਦੀ ਹੈ। ਨੱਕ ਦੀ ਸੁੰਘਣ ਸ਼ਕਤੀ ਦੇ ਘਟਣ ਨਾਲ ਭੋਜਨ ਦਾ ਸੁਆਦ ਘੱਟ ਜਾਂਦਾ ਹੈ। ਸੁਆਦ ਦੇ ਘਟਣ ਕਰਕੇ ਅਸੀਂ ਭੁੱਖ ਨਾ ਲੱਗਣ ਦੀ ਸ਼ਿਕਾਇਤ ਕਰਦੇ ਹਾਂ। ਬਹੁਤ ਹੌਲੀ ਆਵਾਜ਼ਾਂ ਸੁਣਨੀਆਂ ਘੱਟ ਜਾਂਦੀਆਂ ਹਨ ਅਤੇ ਦਿਮਾਗ, ਮਿਲਣ ਵਾਲੀ ਸੂਚਨਾ ਦੇ ਅਰਥ ਜਾਣਨ ਪ੍ਰਤੀ ਅਵੇਸਲਾ ਹੋਣ ਲੱਗ ਪੈਂਦਾ ਹੈ। ਨਜ਼ਰ ਕਮਜ਼ੋਰ ਹੋ ਜਾਂਦੀ ਹੈ ਅਤੇ ਕਿਸੇ ਨਾ ਕਿਸੇ ਪ੍ਰਕਾਰ ਦਾ ਮੋਤੀਆ ਉੱਤਰ ਆਉਂਦਾ ਹੈ।

ਐਨਕਾਂ ਤਾਂ ਹੁਣ ਹਰ ਕਿਸੇ ਨੂੰ ਚਾਲ੍ਹੀਆਂ ਦੇ ਨੇੜੇ-ਤੇੜੇ ਲੱਗਣੀਆਂ ਲਗਭਗ ਨਿਸ਼ਚਿਤ ਗੱਲ ਹੋ ਗਈ ਹੈ।

ਅੱਸੀ ਸਾਲ ਦੀ ਉਮਰ ਵਿੱਚ, ਵੀਹ ਸਾਲ ਦੀ ਉਮਰ ਦੇ ਮੁਕਾਬਲੇ, ਕੇਵਲ ਛੇਵਾਂ ਹਿੱਸਾ ਰੌਸ਼ਨੀ ਵਿਖਾਈ ਦਿੰਦੀ ਹੈ।

ਇਵੇਂ ਹੀ ਚਮੜੀ ਸੁੰਗੜ ਜਾਂਦੀ ਹੈ, ਉਸ ਦੀ ਲਚਕ ਘੱਟ ਜਾਂਦੀ ਹੈ।

ਸ਼ਰਾਬ, ਸਿਗਰਟਾਂ ਅਤੇ ਧੁੱਪ ਸਰੀਰਕ ਸ਼ਕਤੀਆਂ ਦੇ ਘਟਣ ਦੀ ਇਸ ਪ੍ਰਕ੍ਰਿਆ ਨੂੰ ਹੋਰ ਤੇਜ਼ ਕਰਦੀਆਂ ਹਨ। ਸਾਰਾ ਸਰੀਰ ਹੀ ਸੁੰਗੜ ਜਾਂਦਾ ਹੈ।

ਚਰਬੀ ਦੇ ਘਟਣ ਨਾਲ ਸਰੀਰ ਨੂੰ ਸਰਦੀਆਂ ਵਿੱਚ ਨਿੱਘਾ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ, ਇਹੀ ਕਾਰਨ ਹੈ ਕਿ ਬੁਢਾਪੇ ਵਿੱਚ ਸਰਦੀਆਂ ਔਖੀਆਂ ਹੁੰਦੀਆਂ ਹਨ ਅਤੇ ਬਜ਼ੁਰਗਾਂ ਦੀਆਂ ਬਹੁਤੀਆਂ ਮੌਤਾਂ ਵੀ ਸਰਦੀਆਂ ਵਿੱਚ ਹੁੰਦੀਆਂ ਹਨ।

ਚਮੜੀ ਵਿੱਚ ਗਰਮੀਆਂ ਦੀ ਧੁੱਪ ਸਹਾਰਨ ਦੀ ਸ਼ਕਤੀ ਵੀ ਘੱਟ ਜਾਂਦੀ ਹੈ, ਇਸੇ ਲਈ ਚਮੜੀ ਦੇ ਰੋਗ ਵਧੇਰੇ ਗਰਮੀਆਂ ਵਿੱਚ ਲੱਗਦੇ ਹਨ।

ਬੁਢਾਪੇ ਵਿੱਚ ਬਚਪਨ ਵਾਂਗ ਨੀਂਦਰ ਨਹੀਂ ਆ ਸਕਦੀ।

ਪੈਂਹਠ ਸਾਲ ਦੀ ਉਮਰ ਵਿੱਚ ਲਗਭਗ ਛੇ ਘੰਟੇ ਨੀਂਦਰ ਆਉਂਦੀ ਹੈ।

ਜੇ ਦਿਨੇ ਸੌਂ ਲਿਆ ਜਾਵੇ ਤਾਂ ਸੁਭਾਵਿਕ ਹੀ ਰਾਤ ਦੀ ਨੀਂਦਰ ਘੱਟ ਜਾਂਦੀ ਹੈ।

ਕਈ ਸ਼ਿਕਾਇਤੀ ਸੁਭਾਅ ਵਾਲੇ ਬੁਜ਼ਰਗ, ਜਵਾਨੀ ਵੇਲੇ ਦੀ ਨੀਂਦਰ ਯਾਦ ਕਰਕੇ ਉਨੀਂਦਰੇਪਣ ਦੀ ਸ਼ਿਕਾਇਤ ਕਰਦੇ ਹਨ।

ਉਮਰ ਦੇ ਵੱਧਣ ਨਾਲ ਦਿਮਾਗ ਦੀ ਸ਼ਕਤੀ ਭਾਵੇਂ ਘੱਟ ਜਾਂਦੀ ਹੈ ਪਰ ਦਿਮਾਗ ਦੀ ਯੋਗਤਾ ਨਹੀਂ ਘੱਟਦੀ।

ਉਪਰੋਕਤ ਸਾਰੇ ਤੱਥ ਜਾਣ ਕੇ ਆਪਣੇ ਜੀਵਨ ਨੂੰ ਸਹੀ ਸੇਧ ਵਿੱਚ ਵਿਉਂਤਿਆ ਜਾ ਸਕਦਾ ਹੈ। ਵੀਹ ਸਾਲ ਦਾ ਵਿਅਕਤੀ, ਵੀਹ ਸਾਲ ਦੀ ਸ਼ਿੱਦਤ ਨਾਲ ਜਿਊਂਦਾ ਹੈ ਜਦੋਂ ਕਿ ਅੱਸੀ ਸਾਲ ਦਾ ਵਿਅਕਤੀ ਅੱਸੀ ਸਾਲ ਦੀ ਥਕਾਵਟ, ਸੂਝ-ਬੂਝ, ਤਜਰਬੇ ਅਤੇ ਸ਼ਿੱਦਤ ਨਾਲ ਜਿਊਂਦਾ ਹੈ।

ਦੇਸ਼ ਦੀ ਆਬਾਦੀ ਵਿੱਚ ਬਜ਼ੁਰਗਾਂ ਦੀ ਗਿਣਤੀ ਵੱਧਣ ਨਾਲ ਅਤੇ ਪ੍ਰਸੰਨ ਲੰਮੀ ਉਮਰ ਜਿਊਣ ਦੀ ਅਭਿਲਾਸ਼ਾ ਕਾਰਨ, ਸਾਡੇ ਵਿੱਚ ਆਪਣੇ ਵਡੇਰਿਆਂ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਤਬਦੀਲੀ ਆਉਣੀ ਸੁਭਾਵਕ ਹੈ।

ਪ੍ਰਸੰਨ ਲੰਮੀ ਉਮਰ ਜਿਊਣ ਲਈ ਜ਼ਰੂਰੀ ਹੈ ਕਿ ਉਮਰ ਦੇ ਵੱਧਣ ਨਾਲ ਅਸੀਂ ਵਧੇਰੇ ਤੁਰਨ ਦੀ ਆਦਤ ਪਾਈਏ, ਦਵਾਈਆਂ ਤੋਂ ਸੰਕੋਚ ਕਰੀਏ, ਧੁੱਪ ਤੋਂ ਬਚੀਏ, ਆਪਣੇ ਗੁਰਦੇ ਨੂੰ ਸ਼ਰਾਬ ਤੋਂ ਮੁਕਤ ਰੱਖੀਏ, ਕਿਸੇ ਨਾ ਕਿਸੇ ਪੱਖੋਂ ਉਪਯੋਗੀ ਬਣੇ ਰਹੀਏ ਅਤੇ ਜੀਵਨ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਅਪਣਾਈਏ।

ਵੱਧਦੀ ਉਮਰ ਨੂੰ ਬੀਮਾਰੀਆਂ ਨਾਲ ਜੋੜਨ ਦੀ ਥਾਂ, ਸੰਤੁਸ਼ਟਤਾ ਅਤੇ ਸਿਆਣਪ ਨਾਲ ਜੋੜਨ ਦੀ ਲੋੜ ਹੈ।

ਤੁਸੀਂ ਆਪਣੇ ਆਲੇ-ਦੁਆਲੇ ਵੇਖੋ, ਬੁਢਾਪੇ ਦੇ ਅਰਥ ਬਦਲ ਰਹੇ ਹਨ। ਅਨੇਕਾਂ ਕੰਮ ਅਜਿਹੇ ਹਨ, ਜਿਹੜੇ ਬੁਢਾਪੇ ਵਿਚ ਹੀ ਕੀਤੇ ਜਾ ਸਕਦੇ ਹਨ, ਕਈ ਸ਼ੌਕ ਅਜਿਹੇ ਹਨ, ਜਿਨ੍ਹਾਂ ਨੂੰ ਪੂਰਾ ਕਰਨ ਦਾ ਪਹਿਲਾਂ ਸਮਾਂ ਨਹੀਂ ਮਿਲਿਆ ਹੁੰਦਾ।

ਸਿਆਣੇ ਬੰਦੇ, ਦੇਰ ਨਾਲ ਬੁੱਢੇ ਹੁੰਦੇ ਹਨ।

ਸਫ਼ਲ ਵਿਅਕਤੀ ਬੁਢਾਪੇ ਵਿੱਚ ਵੀ ਲਾਭਕਾਰੀ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ।

ਕਈ ਬੁੱਢੇ, ਆਪਣੇ ਬੁੱਢੇ ਹੋਣ ਤੋਂ ਪਹਿਲਾਂ ਹੀ ਬੁੱਢੇ ਪ੍ਰਤੀਤ ਹੋਣਾ ਚਾਹੁੰਦੇ ਹਨ। ਅਜਿਹੇ ਲੋਕ ਗੋਡੇ ਫੜ੍ਹ ਕੇ ਉਠਣਗੇ, ਹੌਲੀ ਬੈਠਣਗੇ, ਬਸ-ਗੱਡੀ ਵਿੱਚ ਸਹਾਰੇ ਨਾਲ ਚੜ੍ਹਨਗੇ, ਫਾਸਲਾ ਲਾ ਕੇ ਬੈਠਣਗੇ ਅਤੇ ਧੱਕੇ-ਧੱਕੇ ਟੁਰਨਗੇ।

ਤੁਹਾਡਾ ਬੁਢਾਪਾ ਕਿਹੋ ਜਿਹਾ ਹੋਵੇਗਾ, ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਬੁਢਾਪੇ ਸਬੰਧੀ ਤੁਹਾਡਾ ਦ੍ਰਿਸ਼ਟੀਕੋਣ ਕਿਹੋ ਜਿਹਾ ਹੈ।

ਇਹ ਤੁਹਾਡੀ ਸਮੁੱਚੀ ਜੀਵਨ-ਵਿਉਂਤ 'ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਬੁਢਾਪਾ ਸਰਾਪ ਹੋਵੇਗਾ ਕਿ ਵਰਦਾਨ।

ਹੁਣ ਤੁਹਾਡੇ ਸਮੇਤ, ਹਰ ਇੱਕ ਵਿਅਕਤੀ ਪ੍ਰਸੰਨ ਲੰਮੀ ਉੱਮਰ ਦਾ ਭੇਤ ਜਾਣ ਸਕਦਾ ਹੈ ਅਤੇ ਪੂਰੀ ਇੱਕ ਸਦੀ, ਜੀਵਨ ਨੂੰ ਮਾਣ ਸਕਦਾ ਹੈ।

ਮਾਂ, ਗੁਲਮੋਹਰ ਦੀ ਛਾਂ

ਜਿਵੇਂ ਮਾਂ ਦੇ ਪਿਆਰ ਅਤੇ ਮਾਂ ਦੇ ਦੁੱਧ ਦਾ ਕੋਈ ਬਦਲ ਨਹੀਂ, ਇਵੇਂ ਹੀ ਸੰਸਾਰ ਵਿਚ ਮਾਂ ਦਾ ਕੋਈ ਬਦਲ ਨਹੀਂ ਹੁੰਦਾ।

ਸੰਸਾਰ ਵਿੱਚ ਸੰਤਾਪ, ਹਿੰਸਾ, ਝਗੜੇ, ਦੁੱਖ ਅਤੇ ਚਿੰਤਾਵਾਂ ਵੱਧਣ ਦਾ ਇੱਕ ਕਾਰਨ ਇਹ ਵੀ ਹੈ ਕਿ ਅਸੀਂ ਮਾਂਵਾਂ ਵਿਸਾਰ ਦਿੱਤੀਆਂ ਹਨ ਜਾਂ ਮਾਂਵਾਂ ਨੇ ਮਾਂਵਾਂ ਵਾਲਾ ਰੋਲ ਅਦਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਮਾਂ ਦੀ ਅਸ਼ੀਰਵਾਦ ਨਾਲ ਦੁਨੀਆਂ ਦੀ ਹਰ ਲੜਾਈ ਲੜੀ ਜਾ ਸਕਦੀ ਹੈ ਪਰ ਮਾਂ ਦੀ ਅਸੀਸ ਬਿਨਾਂ ਜਿੱਤੀਆਂ ਜੰਗਾਂ ਵੀ ਹਾਰ ਵਿੱਚ ਬਦਲ ਜਾਂਦੀਆਂ ਹਨ।

ਸਿਕੰਦਰ ਦੇ ਮਨ ਵਿੱਚ ਦੁਨੀਆਂ ਨੂੰ ਜਿੱਤਣ ਦਾ ਸੰਕਲਪ, ਉਸ ਦੀ ਮਾਂ ਨੇ ਹੀ ਉਪਜਾਇਆ ਸੀ। ਸ਼ਿਵਾ ਜੀ ਮਰਹੱਟਾ ਆਪਣੀ ਮਾਂ ਦੇ ਇਰਾਦਿਆਂ ਦਾ ਹੀ ਸਾਕਾਰ ਰੂਪ ਸੀ। ਗੁਰੂ ਗੋਬਿੰਦ ਸਿੰਘ ਪਿੱਛੇ ਖਲੋਤੀ ਉਨ੍ਹਾਂ ਦੀ ਮਾਂ ਦਾ, ਅਸੀਸ ਦਿੰਦਾ ਨੂਰਾਨੀ ਚਿਹਰਾ, ਵੇਖਣ ਦੀ ਚਾਹਵਾਨ ਅੱਖ ਨੂੰ ਅਵੱਸ਼ ਦਿਖਾਈ ਦੇ ਜਾਵੇਗਾ।

ਜਿਨ੍ਹਾਂ ਕੌਮਾਂ ਨੇ ਆਪਣੀ ਮਾਂ ਦਾ ਸਤਿਕਾਰ ਕਰਨਾ ਨਹੀਂ ਸਿਖਿਆ, ਉਨ੍ਹਾਂ ਨੂੰ ਸੱਭਿਅਕ ਅਖਵਾਉਣ ਦਾ ਕੋਈ ਹੱਕ ਨਹੀਂ ਹੁੰਦਾ।

ਇਸਤਰੀ ਜਾਤੀ ਦੀ ਹਰ ਖੇਤਰ ਵਿੱਚ ਦੁਰਗਤੀ ਹੋਈ ਹੈ ਪਰ ਕੇਵਲ ਮਾਂ ਵਜੋਂ ਉਸ ਦਾ ਕੁਝ ਸਤਿਕਾਰ ਹੋਇਆ ਹੈ।

ਕਈ ਸੁਆਲ ਅਜਿਹੇ ਹੁੰਦੇ ਹਨ, ਜਿਹੜੇ ਆਪਣੀ ਮਾਂ ਤੋਂ ਹੀ ਪੁੱਛੇ ਜਾ ਸਕਦੇ ਹਨ, ਕਈ ਆਦਤਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਕੇਵਲ ਮਾਂ ਸਿਖਾ ਸਕਦੀ ਹੈ, ਕਈ ਜਜ਼ਬੇ ਅਜਿਹੇ ਹੁੰਦੇ ਹਨ, ਜਿਹੜੇ ਕੇਵਲ ਮਾਂ ਜਗਾ ਸਕਦੀ ਹੈ, ਕਈ ਆਦਰਸ਼ ਅਜਿਹੇ ਹੁੰਦੇ ਹਨ, ਜਿਹੜੇ ਕੇਵਲ ਮਾਂ ਉਸਾਰ ਸਕਦੀ ਹੈ, ਕਈ ਦ੍ਰਿਸ਼ ਅਜਿਹੇ ਹਨ, ਜਿਨ੍ਹਾਂ ਨੂੰ ਵੇਖਣ ਲਈ ਇੱਕ ਆਪਣੀ ਅਤੇ ਇੱਕ ਮਾਂ ਦੀ ਅੱਖ ਦੀ ਲੋੜ ਹੁੰਦੀ ਹੈ।

ਕਲਪਨਾ ਦੇ ਕਈ ਖੇਤਰ ਅਜਿਹੇ ਹਨ, ਜਿਨ੍ਹਾਂ ਵਿੱਚ ਮਾਂ ਦੀ ਉਂਗਲ ਫੜ ਕੇ ਹੀ ਦਾਖਲ ਹੋਇਆ ਜਾ ਸਕਦਾ ਹੈ।

ਮਾਂ ਦੇ ਪਿਆਰ ਤੋਂ, ਬਿਨਾਂ ਅਨੁਭਵ ਦੇ ਕਈ ਖੇਤਰ ਸੁੰਨੇ ਰਹਿ ਜਾਂਦੇ ਹਨ, ਮਾਂ ਬਿਨਾਂ ਮਨੁੱਖ, ਇਨਸਾਨ ਬਣਨੋਂ ਰਹਿ ਜਾਂਦਾ ਹੈ।

ਸੰਗੀਤਕਾਰ ਦੇ ਮਨ ਉਤੇ, ਸੰਗੀਤ ਦੀ ਮੁੱਢਲੀ ਛਾਪ, ਉਸ ਦੇ ਗਰਭ ਅਵਸਥਾ ਵਿੱਚ ਵਿਚਰਦਿਆਂ, ਮਾਂ ਦੇ ਦਿਲ ਦੀ ਸੰਗੀਤਕ ਧੜਕਣ ਨਾਲ ਲਗਦੀ ਹੈ।

ਇਸੇ ਕਰਕੇ ਕਹਿੰਦੇ ਹਨ ਕਿ ਜਿਹੜਾ ਆਪਣੀ ਮਾਂ ਦੇ ਸਤਿਕਾਰ ਵਿੱਚ ਸੀਸ ਆਸਣ ਨਹੀਂ ਕਰ ਸਕਦਾ, ਉਹ ਨਾ ਸੰਗੀਤਕਾਰ ਬਣ ਸਕਦਾ ਹੈ, ਨਾ ਚਿੱਤਰਕਾਰ, ਨਾ ਸਾਹਿਤਕਾਰ ਅਤੇ ਨਾ ਹੀ ਮੂਰਤੀਕਾਰ।

ਸੰਸਾਰ ਵਿੱਚ ਸੁਹਜ ਦੇ ਸੰਕਲਪ ਨੂੰ ਉਸਾਰਨ ਵਾਲੀ ਕਲਾਕਾਰ ਮਾਂ ਹੁੰਦੀ ਹੈ।

ਮਾਂ ਕਿੰਨੀ ਵੀ ਸਾਧਾਰਣ ਇਸਤਰੀ ਹੋਵੇ, ਉਸ ਦਾ ਦਰਜਾ ਵੱਡੇ ਤੋਂ ਵੱਡੇ ਕਲਾਕਾਰ ਨਾਲੋਂ ਉਚੇਰਾ ਹੁੰਦਾ ਹੈ, ਕਿਉਂਕਿ ਉਹ ਕਲਾ ਦੇ ਸਭ ਤੋਂ ਅਦਭੁਤ ਨਮੂਨੇ ਅਤੇ ਹਰੇਕ ਕਲਾ ਦੇ ਸਿਰਜਕ, ਮਨੁੱਖ ਨੂੰ ਸਿਰਜਦੀ ਹੈ।

ਜਿਹੜੇ ਮਾਂ ਦਾ ਸਤਿਕਾਰ ਕਰਨਾ ਨਹੀਂ ਜਾਣਦੇ, ਉਹ ਜੀਵਨ ਭਰ ਕਬਾੜੀ ਬਾਜ਼ਾਰ ਵਿੱਚ ਹੀ ਘੁੰਮਦੇ ਰਹਿਣਗੇ, ਕਲਾ-ਭਵਨਾਂ ਦਾ ਰਾਹ ਉਨ੍ਹਾਂ ਨੂੰ ਕਦੀ ਨਹੀਂ ਲੱਭੇਗਾ।

ਹਰ ਕਲਾਕਾਰ ਦੀ ਮੁੱਢਲੀ ਪ੍ਰੇਰਨਾ ਉਸ ਦੀ ਮਾਂ ਹੁੰਦੀ ਹੈ।

ਕਹਿੰਦੇ ਹਨ, ਰੱਬ ਹਰ ਥਾਂ ਹਾਜ਼ਰ ਨਹੀਂ ਸੀ ਹੋ ਸਕਦਾ, ਸੋ ਉਸ ਨੇ ਮਾਂਵਾਂ ਬਣਾਈਆਂ। ਕਿਹਾ ਜਾਂਦਾ ਹੈ ਕਿ ਜਦੋਂ ਤੱਕ ਮਾਂਵਾਂ ਰਹਿਣਗੀਆਂ, ਮਨੁੱਖ ਦਾ ਰੱਬ ਵਿੱਚ ਵਿਸ਼ਵਾਸ ਬਣਿਆ ਰਹੇਗਾ।

ਹਰ ਇਸਤਰੀ ਮਾਂ ਬਣ ਕੇ ਇਸ ਤੱਥ ਨੂੰ ਪੁਨਰ-ਸਥਾਪਿਤ ਕਰਦੀ ਹੈ ਕਿ ਰੱਬ ਅਜੇ ਮਨੁੱਖ ਤੋਂ ਬੇਜ਼ਾਰ ਨਹੀਂ ਹੋਇਆ। ਇਵੇਂ ਹੀ ਕਿਹਾ ਜਾਂਦਾ ਹੈ ਕਿ ਚੰਗੇ ਇਨਸਾਨ ਦੀ ਅੰਤਲੀ ਮਾਨਤਾ ਮਾਂ ਤੋਂ ਮਿਲਦੀ ਹੈ।

ਜਦੋਂ ਅਸੀਂ ਕਿਸੇ ਮਹਾਨ ਵਿਅਕਤੀ ਦੀ ਪ੍ਰਸ਼ੰਸਾ ਕਰਦੇ ਹਾਂ ਤਾਂ ਭੁੱਲ ਜਾਂਦੇ ਹਾਂ ਕਿ ਇੰਨਾ ਮਹਾਨ ਪੁੱਤਰ ਇੱਕ ਮਹਾਨ ਮਾਂ ਨੇ ਹੀ ਪਾਲਿਆ ਹੋਵੇਗਾ।

ਪੁਰਸ਼ ਇੱਕ ਪਲ ਦੇ ਸੰਪਰਕ ਨਾਲ ਪਿਓ ਅਖਵਾਉਣ ਲੱਗ ਪੈਂਦਾ ਹੈ, ਜਦੋਂ ਕਿ ਮਾਂ ਨੂੰ ਮਾਂ ਅਖਵਾਉਣ ਲਈ ਲੰਮੀ ਸਾਧਨਾ ਕਰਨੀ ਪੈਂਦੀ ਹੈ।

ਕਹਿੰਦੇ ਹਨ ਕਿ ਸਾਰਾ ਵਿਗਿਆਨ, ਮਾਂ ਦੀ ਜਨਮ ਦੇਣ ਦੀ ਸ਼ਕਤੀ ਸਾਹਮਣੇ, ਪੁਰਸ਼ ਵੱਲੋਂ ਆਪਣੇ ਹੀਣੇਪਣ ਨੂੰ ਛੁਪਾਉਣ ਦਾ ਯਤਨ ਹੁੰਦਾ ਹੈ।

ਕੋਈ ਵੀ ਵਿਅਕਤੀ ਆਪਣੀ ਮਾਂ ਸਾਹਮਣੇ ਡੀਂਗ ਨਹੀਂ ਮਾਰ ਸਕਦਾ।

ਜਿਥੇ ਮਾਂ ਨਹੀਂ ਹੁੰਦੀ, ਉਹ ਥਾਂ ਘਰ ਨਹੀਂ ਅਖਵਾਉਂਦਾ।

ਜਦੋਂ ਮਾਂ ਘਰ ਹੋਵੇ, ਕੋਈ ਫਿਕਰ ਕਰਨ ਦੀ ਲੋੜ ਨਹੀਂ ਪੈਂਦੀ।

ਇੱਕ ਚੀਨੀ ਕਹਾਵਤ ਹੈ ਕਿ ਜਿਥੇ ਪਿਤਾ ਦਾ ਫ਼ਰਜ਼ ਪਿਤਾ ਨਿਭਾਵੇ, ਜਿਥੇ ਪੁੱਤਰ ਦਾ ਕਾਰਜ ਪੁੱਤਰ ਕਰੇ, ਜਿਥੇ ਮਾਂ, ਮਾਂ ਵਾਂਗ ਵਿਚਰੇ, ਉਸ ਘਰ ਦੀਆਂ ਨੀਹਾਂ ਮਜ਼ਬੂਤ ਹਨ ਅਤੇ ਜਦੋਂ ਘਰਾਂ ਦੀਆਂ ਨੀਹਾਂ ਮਜ਼ਬੂਤ ਹੋਣ ਤਾਂ ਉਸ ਦੇਸ਼ ਦੀਆਂ ਨੀਹਾਂ, ਸਾਰੇ ਭੂਚਾਲ ਬਰਦਾਸ਼ਤ ਕਰ ਲੈਣਗੀਆਂ।

ਜਦੋਂ ਸਾਂਝੇ ਘਰ ਟੁੱਟ ਰਹੇ ਹੋਣ ਉਸ ਸਮੇਂ ਦੇਸ਼ ਕਿਵੇਂ ਮਜ਼ਬੂਤ ਰਹਿ ਸਕੇਗਾ ?

ਕੋਈ ਵੀ ਅੰਦੋਲਨ, ਜਦੋਜਹਿਦ, ਸੰਘਰਸ਼ ਜਾਂ ਬਗਾਵਤ ਉਸੇ ਅਨੁਪਾਤ ਵਿੱਚ ਸਫਲ ਹੋਵੇਗੀ, ਜਿੰਨੀ ਮਾਂਵਾਂ ਵੱਲੋਂ ਉਸ ਨੂੰ ਪ੍ਰਵਾਨਗੀ ਮਿਲੇਗੀ।

ਜਦੋਂ ਕਿਸੇ ਅੰਦੋਲਨ ਵਿੱਚ ਮਾਂਵਾਂ ਆਪਣੇ ਪੁੱਤਰਾਂ ਨੂੰ ਚੁੰਮ-ਚੁੰਮ ਕੇ ਟੋਰਨ ਲੱਗ ਪੈਣ, ਉਸ ਅੰਦੋਲਨ ਨੂੰ ਸਰਕਾਰਾਂ ਤਾਂ ਕੀ, ਰੱਬ ਵੀ ਅਸਫਲ ਨਹੀਂ ਕਰ ਸਕਦਾ।

ਸੋ ਹਰ ਲੜਾਈ ਵਿੱਚ ਲੜਨ, ਮਰਨ ਅਤੇ ਜਰਨ ਦਾ ਅਸਲ ਕਾਰਜ ਮਾਂਵਾਂ ਕਰਦੀਆਂ ਹਨ।

ਹਰ ਯੁੱਧ, ਮੁਹਿੰਮ ਅਤੇ ਜਦੋਜਹਿਦ ਵਿੱਚ ਫੈਸਲਾਕੁਨ ਰੋਲ, ਉਸ ਕੌਮ ਦੇ ਪੁੱਤਰਾਂ ਨੇ ਨਿਭਾਉਣਾ ਹੁੰਦਾ ਹੈ ਅਤੇ ਜਦੋਂ ਕਿਸੇ ਅੰਦੋਲਨ ਨਾਲ ਮਾਂਵਾਂ ਇੱਕ-ਸੁਰ ਹੋਈਆਂ ਹੋਣ; ਕੁਰਬਾਨੀਆਂ ਦੇਣ ਲਈ ਪੁੱਤਰ, ਮੀਂਹ ਦੀਆਂ ਕਣੀਆਂ ਵਾਂਗ ਉਤਰਦੇ ਰਹਿਣਗੇ।

ਸੰਘਰਸ਼ ਦੇ ਖੇਤਰ ਵਿੱਚ, ਜੂਝ ਰਹੇ ਸਪੂਤ ਦੀ ਮੌਤ ਨਾਲ, ਕੋਈ ਗੋਦ ਤਾਂ ਖਾਲੀ ਹੋ ਸਕਦੀ ਹੈ ਪਰ ਅਜਿਹੀ ਕੌਮ ਦੀ ਕੁੱਖ ਕਦੇ ਬਾਂਝ ਨਹੀਂ ਹੁੰਦੀ।

ਮਾਂਵਾਂ ਹੋਰ ਪੁੱਤਰ ਜੰਮਦੀਆਂ ਰਹਿਣਗੀਆਂ ਅਤੇ ਪੁੱਤਰ, ਮਾਂਵਾਂ ਦੇ ਦੁੱਧ ਦੀ ਲਾਜ ਪਾਲਦੇ, ਆਜ਼ਾਦੀ ਦੇ ਬੈਂਕ ਤੋਂ ਆਪਣੀਆਂ ਜਾਨਾਂ ਦੇ ਚੈਕ ਕੈਸ਼ ਕਰਵਾਉਂਦੇ ਰਹਿਣਗੇ।

ਕਿਸੇ ਵੀ ਸੰਘਰਸ਼ ਦੀ ਸਫਲਤਾ ਲਈ ਇਹ ਜ਼ਰੂਰੀ ਹੈ ਕਿ ਉਸ ਪ੍ਰਤੀ ਮਾਂਵਾਂ ਦਾ ਸਹਿਯੋਗ ਪ੍ਰਾਪਤ ਕੀਤਾ ਜਾਵੇ।

ਜਿਸ ਸੰਘਰਸ਼ ਵਿੱਚ ਇਸ ਤੱਥ ਨੂੰ ਵਿਸਾਰ ਦਿੱਤਾ ਜਾਂਦਾ ਹੈ, ਉਹ ਅੰਦੋਲਨ ਭਾਰੀ ਕੁਰਬਾਨੀਆਂ ਦੇ ਬਾਜਵੂਦ ਕਿਸੇ ਸਿਰੇ ਨਹੀਂ ਲੱਗਦਾ।

ਨਿਸ਼ਚੇ ਹੀ ਹਰ ਲੜਾਈ ਲੜਨ ਦਾ ਅਸਲ ਕਾਰਜ, ਮਾਂਵਾਂ ਕਰਦੀਆਂ ਹਨ।

ਮਾਂ ਇੱਕ ਅਜਿਹਾ ਰੱਬ ਹੁੰਦੀ ਹੈ, ਜਿਸ ਦੀ ਹਸਤੀ ਪ੍ਰਤੀ ਕੋਈ ਵੀ ਨਾਸਤਿਕ ਨਹੀਂ ਹੁੰਦਾ। ਪੁੱਤਰਾਂ ਲਈ ਸਭ ਤੋਂ ਵੱਧ ਪੂਜਣਯੋਗ ਮਾਂ ਹੁੰਦੀ ਹੈ। ਪੁੱਤਰਾਂ ਨੂੰ ਚਾਹੀਦਾ ਹੈ ਕਿ ਆਪਣੀ ਮਾਂ ਦੀ ਸੇਵਾ ਤਨ, ਮਨ ਅਤੇ ਧਨ ਨਾਲ ਕਰਨ, ਕਿਸੇ ਵੀ ਕਾਰਨ ਉਸ ਦਾ ਅਪਮਾਨ ਨਾ ਕਰਨ ਅਤੇ ਨਾ ਹੀ ਅਪਮਾਨ ਸਹਿਣ ਕਰਨ।

ਜਿਹੜੇ ਘਰ ਸਭ ਕੁਝ ਹੋਣ ਦੇ ਬਾਵਜੂਦ ਨਰਕ ਦੇ ਨਮੂਨੇ ਬਣੇ ਹੋਏ ਹਨ, ਉਥੇ ਸਾਰੀ ਦੁਰਦਸ਼ਾ ਦਾ ਕਾਰਨ, ਪਰਿਵਾਰ ਦੇ ਜੀਆਂ ਵਲੋਂ, ਮਾਂ ਪ੍ਰਤੀ ਅਣਗਹਿਲੀ ਜਾਂ ਅਪਮਾਨ ਦੀ ਭਾਵਨਾ ਹੁੰਦੀ ਹੈ।

ਜਦੋਂ ਮਾਂ, ਮਾਂ ਵਾਲਾ ਰੋਲ ਅਦਾ ਕਰਨ ਤੋਂ ਇਨਕਾਰੀ ਹੋ ਜਾਵੇ ਤਾਂ ਘਰ ਤਾਂ ਕੀ ਬਾਦਸ਼ਾਹੀਆਂ ਵੀ ਗਰਕ ਜਾਂਦੀਆਂ ਹਨ।

ਜਿਹੜੇ ਆਪਣੀ ਮਾਂ ਨਾਲ ਰੁੱਸੇ ਹੋਏ ਹਨ, ਉਨ੍ਹਾਂ ਨੂੰ ਕਿਸੇ ਬਹਾਨੇ ਜਾਂ ਮੌਕੇ ਦੀ ਉਡੀਕ ਨਹੀਂ ਕਰਨੀ ਚਾਹੀਦੀ, ਉਨ੍ਹਾਂ ਨੂੰ ਆਪਣੀ ਰੇਗਿਸਤਾਨ ਬਣੀ ਹੋਈ ਜ਼ਿੰਦਗੀ ਵਿੱਚ ਗੁਲਮੋਹਰ ਦੀ ਛਾਂ ਪ੍ਰਾਪਤ ਕਰਨ ਲਈ, ਮਾਂ ਦੇ ਦਿਲ ਦੇ ਖਿੜੇ ਬੂਹੇ, ਸੁਲੱਖਣੇ ਕਰਨੇ ਚਾਹੀਦੇ ਹਨ।

ਜਿਹੜੇ ਮਾਂ ਕੋਲ ਮੁੜਦਿਆਂ ਬੇਇਜ਼ਤੀ ਅਨੁਭਵ ਕਰਦੇ ਹਨ, ਉਹ ਕਿੱਧਰੇ ਵੀ ਇੱਜ਼ਤਦਾਰ ਵਿਅਕਤੀ ਨਹੀਂ ਬਣਦੇ।

ਮਾਂ ਭਾਵੇਂ ਪਿਆਰ ਪੁੱਤਰ ਨੂੰ ਵਧੇਰੇ ਕਰਦੀ ਹੈ ਪਰ ਉਹ ਪੁੱਤਰ ਦੇ ਮੁਕਾਬਲੇ ਧੀ ਨੂੰ ਆਪਣਾ ਭਾਗ ਵਧੇਰੇ ਮੰਨਦੀ ਹੈ ਅਤੇ ਆਪਣੀ ਧੀ ਵਿਚਲੀ ਘਾਟ ਨੂੰ ਉਹ ਆਪਣੇ ਲਈ ਵਧੇਰੇ ਸ਼ਰਮ ਦੀ ਗੱਲ ਸਮਝਦੀ ਹੈ।

ਮਾਂ ਆਪਣੇ ਬੱਚੇ ਨੂੰ ਆਪਣੇ ਪਿਆਰ ਨਾਲ, ਦੁਨੀਆਂ ਦਾ ਸਭ ਤੋਂ ਚੰਗਾ ਅਤੇ ਪ੍ਰਸੰਨ ਇਨਸਾਨ ਬਣਾਉਣਾ ਚਾਹੁੰਦੀ ਹੈ।

ਕਿਉਂਕਿ ਉਹ ਕਦੀ ਵੀ ਸੰਤਾਨ ਦਾ ਬੁਰਾ ਨਹੀਂ ਸੋਚਦੀ, ਇਸ ਲਈ ਉਸ ਦੇ ਇਰਾਦਿਆਂ ਦੀ ਕਦਰ ਕਰਨ ਦਾ ਹੁਨਰ ਸਿੱਖਣਾ ਚਾਹੀਦਾ ਹੈ।

ਮਾਂਵਾਂ ਆਪਣੀ ਛਾਤੀ ਦੇ ਨਿੱਘ ਨਾਲ, ਆਪਣੀ ਲੋਰੀ ਦੇ ਸੰਗੀਤ ਨਾਲ, ਆਪਣੀਆਂ ਕਹਾਣੀਆਂ ਦੀ ਕਲਪਨਾ ਨਾਲ, ਰਸੋਈ ਦੇ ਆਪਣੇ ਹੁਨਰ ਨਾਲ ਨਿੱਘੇ, ਸੁੱਖੀ, ਸਿਆਣੇ ਅਤੇ ਤੰਦਰੁਰਤ ਮਨੁੱਖ ਬਣਾਉਣ ਵਿੱਚ ਰੁੱਝੀਆਂ ਰਹਿੰਦੀਆਂ ਹਨ।

ਬੰਦਾ ਮੂਰਖ ਬਣਦਾ ਹੀ ਉਦੋਂ ਹੈ ਜਦੋਂ ਉਹ ਮਾਂ ਤੋਂ ਪਰ੍ਹੇ ਚਲਾ ਜਾਵੇ।

ਜਿਹੜੀਆਂ ਮਾਂਵਾਂ ਸਾਰਾ ਕੰਮ ਆਪ ਕਰਨ ਦੀ ਜ਼ਿੰਮੇਵਾਰੀ ਲੈ ਕੇ, ਆਪਣੀਆਂ ਧੀਆਂ ਨੂੰ ਕੁਝ ਸਿਖਾਉਣ ਦੀ ਥਾਂ ਵਿਹਲਾ ਰੱਖਦੀਆਂ ਹਨ ਅਤੇ ਆਪਣੇ ਪੁੱਤਰਾਂ ਨੂੰ ਲਾਡਾਂ ਨਾਲ ਵਿਗਾੜਦੀਆਂ ਹਨ, ਉਹ ਨਹੀਂ ਜਾਣਦੀਆਂ ਕਿ ਉਹ ਉਨ੍ਹਾਂ ਦਾ ਕਿੰਨਾ ਨੁਕਸਾਨ ਕਰ ਰਹੀਆਂ ਹੁੰਦੀਆਂ ਹਨ।

ਕਹਿੰਦੇ ਹਨ ਦੁਨੀਆਂ ਦਾ ਸਭ ਤੋਂ ਚੰਗਾ ਸਕੂਲ ਮਾਂ ਦਾ ਗੋਡਾ ਹੁੰਦਾ ਹੈ, ਜਿਸ ਨਾਲ ਲੱਗ ਕੇ ਅਗਲੀ ਪੀੜ੍ਹੀ, ਜੀਵਨ ਦੇ ਪਹਿਲੇ ਸਬਕ ਪੜ੍ਹਦੀ ਹੈ।

ਡਿੱਗੇ ਹੋਏ ਬਾਲ ਨੂੰ, ਸਭ ਤੋਂ ਪਹਿਲਾਂ ਉਸ ਦੀ ਮਾਂ ਹੀ ਚੁੱਕਦੀ ਹੈ।

ਮਤਰੇਈ ਮਾਂ ਦੇ ਮੁਕਾਬਲੇ ਵਿੱਚ, ਆਪਣੀ ਮਾਂ ਬੱਚੇ ਨੂੰ ਵਧੇਰੇ ਕੁੱਟਦੀ ਹੈ ਪਰ ਉਸ ਦੀ ਮਾਰ ਵਿੱਚ, ਉਦੇਸ਼ ਸਜ਼ਾ ਦੇਣਾ ਨਹੀਂ, ਬੱਚੇ ਨੂੰ ਸੁਧਾਰਨਾ ਹੁੰਦਾ ਹੈ।

ਮਾਂ ਦਾ ਸੰਕਲਪ ਜਿੰਨਾ ਮਿੱਠਾ ਹੈ, ਮਤਰੇਈ ਮਾਂ ਦਾ ਸੰਕਲਪ ਉੱਤਨਾ ਹੀ ਕੌੜਾ ਹੈ। ਕਹਿੰਦੇ ਹਨ ਆਪਣੀ ਮਾਂ ਨੂੰ ਇੱਕ ਉਹ ਬੋਲੀ ਆਉਂਦੀ ਹੁੰਦੀ ਹੈ, ਜਿਹੜੀ ਦੁਨੀਆਂ ਦੀ ਕੋਈ ਹੋਰ ਔਰਤ ਨਹੀਂ ਜਾਣਦੀ ਹੁੰਦੀ ਅਤੇ ਇਹ ਬੋਲੀ ਉਸ ਦੇ ਕੇਵਲ ਆਪਣੇ ਬੱਚੇ ਹੀ ਸਮਝਦੇ ਹੁੰਦੇ ਹਨ।

ਨਿਰਸੰਦੇਹ ਮਾੜੇ ਪ੍ਰਭਾਵਾਂ ਕਾਰਨ ਅਜੋਕੀਆਂ ਇਸਤਰੀਆਂ ਦੇ ਵਿਹਾਰ ਵਿੱਚ ਨਿਰੰਤਰ ਗਿਰਾਵਟ ਆ ਰਹੀ ਹੈ।

ਜਿਹੋ ਜਿਹੀ ਮੇਰੀ ਪੜਦਾਦੀ ਸੀ, ਉਹੋ ਜਿਹੀ ਮੇਰੀ ਦਾਦੀ ਨਹੀਂ ਸੀ ਅਤੇ ਜਿਹੋ ਜਿਹੀ ਮੇਰੀ ਦਾਦੀ ਸੀ, ਉਹੋ ਜਿਹੀ ਮੇਰੀ ਮਾਂ ਨਹੀਂ ਹੈ।

ਕਿਸੇ ਨੇ ਪੁੱਛਿਆ ਕਿਹੋ ਜਿਹੀ ਲੜਕੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਹੋ? ਉੱਤਰ ਮਿਲਿਆ, "ਜਿਹੋ ਜਿਹੀ ਸੋਹਣੀ, ਸਿਆਣੀ ਅਤੇ ਸੁੱਘੜ ਲੜਕੀ ਨੇ ਮੇਰੇ ਪਿਤਾ ਨਾਲ ਵਿਆਹ ਕਰਵਾਇਆ ਸੀ।"

ਸੰਸਾਰ ਦਾ ਸਭ ਤੋਂ ਵੱਧ ਧਿਆਨ ਮੰਗਣ ਵਾਲਾ ਕੰਮ ਮਾਂ ਦਾ ਹੈ।

ਮਾਂ ਬਣਨ ਉਪਰੰਤ ਇਸਤਰੀ ਆਰਾਮ ਕਰਨਾ ਭੁੱਲ ਜਾਂਦੀ ਹੈ।

ਚੁਪਚੁਪੀਤੇ ਬੇਆਰਾਮੀ ਨੂੰ ਸਹਿਣ, ਬਿਨਾਂ ਮੰਗੇ ਕੁਰਬਾਨੀ ਦੇਣ ਅਤੇ ਆਪਣੇ ਫਰਜ਼ ਨੂੰ ਪਾਲਣ ਦੀ ਪ੍ਰੇਰਨਾ ਮਾਂ ਤੋਂ ਹੀ ਮਿਲਦੀ ਹੈ।

ਕਿਸੇ ਮਹਾਨ ਵਿਅਕਤੀ ਨੂੰ ਕਦੀ ਵੀ ਧਿਆਨ ਨਾਲ ਵੇਖਣਾ, ਉਹ ਇੱਕ ਮਾਂ ਵਾਂਗ ਵਿਚਰ ਰਿਹਾ ਹੋਵੇਗਾ।

ਜੇ ਤੁਹਾਡੇ ਵਿੱਚ ਮਾਂ ਵਾਂਗ ਵਿਚਰਣ ਦਾ ਹੁਨਰ ਹੈ ਤਾਂ ਸੰਸਾਰ ਦੇ ਸਭ ਘਰਾਂ ਦੇ ਬੂਹੇ ਤੁਹਾਡੇ ਲਈ ਖੁੱਲ੍ਹੇ ਹਨ।

ਉਹ ਧੀਆਂ ਕੀ ਕਰਦੀਆਂ ਹੋਣਗੀਆਂ, ਜਿਨ੍ਹਾਂ ਦੀ ਸਹਾਇਤਾ ਲਈ ਇਸ ਸੰਸਾਰ ਵਿਚ ਮਾਂਵਾਂ ਨਹੀਂ ਹਨ ?

ਜਿਨ੍ਹਾਂ ਇਸਤਰੀਆਂ ਲਈ ਮਾਂ ਹੋਣਾ ਇੱਕ ਆਨੰਦ ਭਰਿਆ ਭੇਤ ਨਹੀਂ ਰਿਹਾ, ਜਿਨ੍ਹਾਂ ਕੁਆਰੀਆਂ ਦੇ ਦਿਲ ਵਿੱਚ ਮਾਂ ਬਣਨ ਦੀ ਤਾਂਘ ਨਹੀਂ, ਜਿਸ ਪਤਨੀ ਦੀ ਅੱਖ ਵਿੱਚ ਮਾਂ ਬਣਨ ਦਾ ਸੁਪਨਾ ਨਹੀਂ ਅਤੇ ਜਿਸ ਸੰਤਾਨਹੀਣ ਇਸਤਰੀ ਨੂੰ ਆਪਣੇ ਮਾਂ ਨਾ ਬਣ ਸਕਣ ਦਾ ਵਿਗੋਚਾ ਨਹੀਂ, ਉਹ ਇਸਤਰੀਆਂ ਨਾ ਪਿਆਰ ਕਰਨ ਯੋਗ ਹਨ ਅਤੇ ਨਾ ਹੀ ਉਹ ਕਿਸੇ ਨੂੰ ਪਿਆਰ ਕਰ ਸਕਦੀਆਂ ਹਨ।

ਮਹਾਨ ਵਿਅਕਤੀ ਆਪਣੀਆਂ ਵੱਡੀਆਂ ਪ੍ਰਾਪਤੀਆਂ ਦਾ ਮਾਣ ਆਪਣੀ ਮਾਂ ਨੂੰ ਦਿੰਦੇ ਹਨ ਜਦੋਂ ਕਿ ਨਿਕੰਮੇ, ਕਮੀਨੇ ਅਤੇ ਨੀਚ ਬੰਦੇ ਹੀ ਆਪਣੀਆਂ ਮਾਂਵਾਂ ਦੇ ਯੋਗਦਾਨ ਤੋਂ ਇਨਕਾਰੀ ਹੁੰਦੇ ਹਨ।

ਜੀਵਨ ਵਿਚ ਮਾਂ ਦਾ ਰੋਲ ਉਹੀ ਹੈ ਜੋ ਰਾਤ ਦਾ ਹੁੰਦਾ ਹੈ।

ਅਸੀਂ ਰਾਤ ਦੇ ਮਹੱਤਵ ਨੂੰ ਨਹੀਂ ਜਾਣਦੇ, ਕਿਉਂਕਿ ਰਾਤ ਅਸੀਂ ਸੌਂ ਕੇ ਗੁਜ਼ਾਰ ਦਿੰਦੇ ਹਾਂ ਪਰ ਜਿਸ ਰਾਤ ਸੌਂਈਏਂ ਨਾ, ਅਗਲੇ ਦਿਨ ਸਾਡਾ ਜੋ ਹਾਲ ਹੁੰਦਾ ਹੈ, ਉਹੀ ਮਾਂ ਤੋਂ ਵਿਰਵੇ ਵਿਅਕਤੀਆਂ ਦੀ ਹੋਣੀ ਹੁੰਦੀ ਹੈ।

ਮਾਂ ਉਹ ਹੁੰਦੀ ਹੈ, ਜਿਸ ਉੱਤੇ ਅਸੀਂ ਨਿਸ਼ਚਿੰਤ ਹੋ ਕੇ ਨਿਰਭਰ ਹੋ ਸਕੀਏ, ਜਦੋਂ ਕਿ ਮਾਂ ਸਾਰੀ ਉਮਰ ਸਾਨੂੰ ਆਜ਼ਾਦ ਕਰਨ ਦੇ ਉਪਰਾਲੇ ਸੋਚਦੀ ਰਹਿੰਦੀ ਹੈ।

ਮਾਂ ਹਮੇਸ਼ਾ ਹੀ ਆਪਣੀ ਸੰਤਾਨ ਵਿੱਚ ਸੁਧਾਰ ਵੇਖਣਾ ਚਾਹੁੰਦੀ ਹੈ, ਇਸੇ ਕਰਕੇ ਕਹਿੰਦੇ ਹਨ ਕਿ ਕੁਰਬਾਨੀ, ਤਿਆਗ, ਉਡੀਕ, ਸੰਜਮ, ਸਹਿਣਸ਼ੀਲਤਾ ਆਦਿ ਜਿਹੇ ਸ਼ਖ਼ਸੀਅਤ ਜਾਂ ਚਰਿੱਤਰ ਦਾ ਨਿਰਮਾਣ ਕਰਨ ਵਾਲੇ ਸੰਕਲਪ ਮਾਂ ਦੇ ਸੰਦਰਭ ਵਿੱਚ ਹੀ ਵਿਚਾਰੇ ਅਤੇ ਸਮਝੇ ਜਾ ਸਕਦੇ ਹਨ।

ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ, ਉਹ ਬਣਨਾ ਹੁੰਦੀ ਹੈ, ਜੋ ਸਾਡੀ ਮਾਂ ਸਾਨੂੰ ਬਣਾਉਣਾ ਚਾਹੁੰਦੀ ਸੀ।

ਪੀੜ ਉੱਤੇ ਹੱਸ ਸਕਣ ਦਾ ਹੁਨਰ ਮਾਂ ਤੋਂ ਹੀ ਸਿੱਖਿਆ ਜਾ ਸਕਦਾ ਹੈ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਜਿਸ ਨਜ਼ਰ ਨਾਲ ਸਾਨੂੰ ਮਾਂ ਵੇਖਦੀ ਹੈ, ਉਸ ਨਜ਼ਰ ਨਾਲ ਸਾਨੂੰ ਕੋਈ ਵੀ ਨਹੀਂ ਵੇਖੇਗਾ।

ਪ੍ਰੇਮਿਕਾ, ਪੁਰਸ਼ ਵਿੱਚ ਸੁੰਦਰਤਾ ਦੀ ਪਛਾਣ ਜਗਾਉਂਦੀ ਹੈ ਜਦੋਂ ਕਿ ਮਾਂ ਕੋਮਲਤਾ ਦਾ ਗੁਣ ਵੀ ਉਪਜਾਉਂਦੀ ਹੈ।

ਬੱਚੇ ਦੀ ਪਹਿਲੀ ਮੁਸਕਰਾਹਟ ਆਪਣੀ ਮਾਂ ਦੀ ਪਹਿਚਾਣ ਵਿਚੋਂ ਉਪਜੇ ਧੰਨਵਾਦ ਦਾ ਆਗਾਜ਼ ਹੋਇਆ ਕਰਦੀ ਹੈ।

ਕਿਸੇ ਵੀ ਧੀ ਦਾ ਅਸਲੀ ਦਾਜ, ਉਸ ਦੀ ਮਾਂ ਦੀ ਦਿੱਤੀ ਜੀਵਨ-ਸਿਖਲਾਈ ਹੋਇਆ ਕਰਦਾ ਹੈ।

ਹਰ ਧੀ ਨੇ ਅੰਤ ਨੂੰ ਆਪਣੀ ਮਾਂ ਵਰਗਾ ਬਣਨਾ ਹੁੰਦਾ ਹੈ, ਇਸੇ ਕਰਕੇ ਕਹਿੰਦੇ ਹਨ ਕਿ ਵਿਆਹ ਲਈ ਕਿਧਰੇ ਵੀ ਰਿਸ਼ਤਾ ਕਰਨ ਲੱਗਿਆਂ ਵਧੇਰੇ ਧਿਆਨ ਧੀ ਦੀ ਬਜਾਇ, ਮਾਂ ਵੱਲ ਦੇਣਾ ਚਾਹੀਦਾ ਹੈ।

ਪਿਤਾ ਦੀ ਗੈਰਹਾਜ਼ਰੀ ਵਿੱਚ ਘਰ ਖਾਲੀ ਲੱਗਦਾ ਹੈ ਪਰ ਮਾਂ ਦੀ ਗੈਰਹਾਜ਼ਰੀ ਵਿੱਚ ਘਰ ਉਲਟਿਆ-ਪੁਲਟਿਆ ਅਤੇ ਬੇਰੌਣਕਾ ਲੱਗਦਾ ਹੈ।

ਮਾਂ ਸਾਨੂੰ ਸਿਖਾਉਂਦੀ ਹੈ ਬੋਲਣਾ ਕਿਵੇਂ ਹੈ, ਜਦੋਂ ਕਿ ਪਿਤਾ ਸਾਨੂੰ ਸਿਖਾਉਂਦਾ ਹੈ ਕਿ ਚੁੱਪ ਕਿਵੇਂ ਰਹਿਣਾ ਹੈ।

ਪਿਤਾ ਦਾ ਪਿਆਰ ਅਕਸਰ ਉਸ ਦੇ ਮਰਨ ਤੱਕ ਹੀ ਨਾਲ ਚੱਲਦਾ ਹੈ ਪਰ ਮਾਂ ਦੀ ਸੂਰਤ ਉਸ ਦੇ ਮਰਨ ਉਪਰੰਤ ਵੀ ਕਦੀ ਭੁਲਦੀ ਹੀ ਨਹੀਂ।

ਜਿਨ੍ਹਾਂ ਬੱਚਿਆਂ ਨੂੰ ਮਾਂ ਜੀਵਨ-ਜਾਚ ਨਹੀਂ ਸਿਖਾਉਂਦੀ, ਉਨ੍ਹਾਂ ਨੂੰ ਬੜੇ ਮਹਿੰਗੇ ਭਾਅ, ਦੁਨੀਆਂ ਸਿਖਾਉਂਦੀ ਹੈ।

ਕਈ ਦਿਨ ਮਾਂਵਾਂ ਵਰਗੇ ਹੁੰਦੇ ਹਨ ਅਤੇ ਕਈ ਮਤਰੇਈਆਂ ਮਾਂਵਾਂ ਜਿਹੇ।

ਵਿਅਕਤੀ ਸਭ ਤੋਂ ਵੱਧ ਪਿਆਰ ਆਪਣੀ ਪ੍ਰੇਮਿਕਾ ਨੂੰ ਕਰਦਾ ਹੈ, ਸਭ ਤੋਂ ਚੰਗਾ ਪਿਆਰ ਆਪਣੀ ਪਤਨੀ ਨੂੰ ਅਤੇ ਸਭ ਤੋਂ ਲੰਮਾ ਪਿਆਰ ਆਪਣੀ ਮਾਂ ਨੂੰ ਕਰਦਾ ਹੈ।

ਕੇਵਲ ਮਾਂ ਹੀ ਹੈ ਜਿਸ ਦੀਆਂ ਨਜ਼ਰਾਂ ਵਿੱਚ ਆਪਣੀ ਅਪੰਗ ਸੰਤਾਨ ਵੀ ਰਾਜਕੁਮਾਰਾਂ ਵਾਲਾ ਪਿਆਰ ਪਾਉਂਦੀ ਹੈ।

ਅਜੋਕੇ ਯੁੱਗ ਵਿੱਚ ਮਾਂ ਦੀ ਦੁਰਗੱਤ ਹੋ ਰਹੀ ਹੈ।

ਸੰਤਾਨ ਰੁੱਸਣ ਅਤੇ ਵੱਖ ਹੋਣ ਦੇ ਬਹਾਨੇ ਲੱਭ ਰਹੀ ਹੈ।

ਘਰ ਉਜੜ ਰਹੇ ਹਨ, ਮਾਂਵਾਂ ਰੁਲ ਰਹੀਆਂ ਹਨ।

ਗੁਲਮੋਹਰ ਦੀ ਛਾਂ ਦੀ ਥਾਂ ਰੇਗਿਸਤਾਨ ਦੀ ਲੂਅ ਵਗ ਰਹੀ ਹੈ।

ਮਾਂ ਨੇ ਸਦਾ ਨਹੀਂ ਰਹਿਣਾ।

ਦਿਨ ਛਿੱਪਣ ਤੋਂ ਪਹਿਲਾਂ ਆਪਣੀ ਮਾਂ ਦੇ ਵਿਗੜੇ ਹੋਏ ਨਸੀਬਾਂ ਨੂੰ ਸੰਵਾਰੋ, ਉਸ ਦੇ ਵਿਹੜੇ ਦੀ ਰੌਣਕ ਬਣੋ, ਉਸ ਦੀਆਂ ਅਸੀਸਾਂ ਨਾਲ ਆਪਣੀ ਝੋਲੀ ਭਰ ਲਵੋ, ਉਸ ਦੇ ਗੁਆਚੇ ਹਾਸਿਆਂ ਨੂੰ ਲੱਭ ਲਿਆਓ ਅਤੇ ਉਸ ਦੇ ਠੰਡੇ ਦਿਨਾਂ ਦੀ ਧੁੱਪ ਬਣੋ।

ਡਰ, ਭੈਅ ਅਤੇ ਸਹਿਮ

ਮਨੁੱਖੀ ਮਨ ਅਤੇ ਸੋਚ ਉੱਤੇ ਜਿਤਨਾ ਡੂੰਘਾ ਅਤੇ ਵਿਸ਼ਾਲ ਪ੍ਰਭਾਵ ਡਰ ਦਾ ਹੁੰਦਾ ਹੈ, ਹੋਰ ਕਿਸੇ ਭਾਵਨਾ ਦਾ ਨਹੀਂ ਹੁੰਦਾ।

ਇੱਕ ਵਿਦਵਾਨ ਨੇ ਕਿਹਾ ਹੈ ਕਿ ਮਨੁੱਖੀ ਜੀਵਨ ਵਿਚ ਪ੍ਰੇਮ, ਨਿਰਾਸ਼ਾ, ਨੁਕਸਾਨ ਆਦਿ ਤੋਂ ਉਪਜਣ ਵਾਲੇ ਭਾਵ ਤਾਂ ਹਵਾ ਦੇ ਝੋਂਕੇ ਹਨ ਜਦੋਂ ਕਿ ਡਰ, ਭੈਅ ਅਤੇ ਸਹਿਮ ਭੂਚਾਲ ਦੀ ਨਿਆਈਂ ਹੁੰਦੇ ਹਨ।

ਇਵੇਂ ਹੀ ਬਹਾਦਰ ਉਸ ਵਿਅਕਤੀ ਨੂੰ ਨਹੀਂ ਕਹਿੰਦੇ, ਜਿਸ ਵਿੱਚ ਵਧੇਰੇ ਸ਼ਕਤੀ ਜਾਂ ਸਾਹਸ ਹੋਵੇ, ਸਗੋਂ ਬਹਾਦਰ ਉਹ ਵਿਅਕਤੀ ਹੁੰਦਾ ਹੈ, ਜਿਹੜਾ ਆਪਣੇ ਡਰ ਨੂੰ ਜਿੱਤ ਲਵੇ। ਬਹਾਦਰ ਤੋਂ ਬਹਾਦਰ ਵਿਅਕਤੀ ਵੀ ਅਚਾਨਕ ਮੌਤ ਦਾ ਸਾਹਮਣਾ ਹੋਣ ਉਤੇ ਡਗਮਗਾ ਜਾਂਦਾ ਹੈ ਪਰ ਇੱਕ ਸੱਚਾ ਬਹਾਦਰ ਵਿਅਕਤੀ ਆਪਣੇ ਡਗ-ਮਗਾਏ ਕਦਮ ਝੱਟਪਟ ਮੁੜ ਟਿਕਾ ਲੈਂਦਾ ਹੈ।

ਅਠਾਰ੍ਹਵੀਂ ਸਦੀ ਦੌਰਾਨ, ਮੀਰ ਮੰਨੂੰ ਦੇ ਜ਼ਮਾਨੇ ਵਿੱਚ, ਸਿੱਖ ਅੰਮ੍ਰਿਤ ਛਕ ਕੇ ਬਹਾਦਰ ਨਹੀਂ ਸੀ ਬਣਦੇ, ਉਦੋਂ ਅੰਮ੍ਰਿਤ ਛਕਦੇ ਹੀ ਬਹਾਦਰ ਸਨ।

ਸਰੀਰਕ ਹਾਨੀ ਦੇ ਖਤਰੇ ਵਾਲੀ ਸਥਿਤੀ ਨੂੰ ਡਰ ਕਹਿੰਦੇ ਹਨ।

ਜਦੋਂ ਇਹ ਡਰ ਲਗਾਤਾਰ ਬਣਿਆ ਰਹੇ ਤਾਂ ਇਹ ਭੈਅ ਬਣ ਜਾਂਦਾ ਹੈ।

ਡਰ ਦੀ ਸਥਿਤੀ ਵਿੱਚ ਵਿਅਕਤੀ ਸੁੰਗੜ ਜਾਂਦਾ ਹੈ ਜਦੋਂ ਕਿ ਭੈਅ ਦੀ ਹਾਲਤ ਵਿੱਚ ਉਹ ਆਪਣੀ ਕਲਪਨਾ ਨਾਲ ਅਨੇਕਾਂ ਖਤਰੇ ਉਸਾਰਦਾ ਹੈ। ਭੈਅ ਦੀ ਸਥਿਤੀ ਵਿੱਚ ਵਿਚਰਨ ਵਾਲਾ ਵਿਅਕਤੀ ਆਪਣੇ ਆਪ ਨੂੰ ਇਕੱਲਾ ਅਨੁਭਵ ਕਰਦਾ ਹੈ ਅਤੇ ਉਸ ਨੂੰ ਸਭ ਤੋਂ ਵਧੇਰੇ ਡਰ ਰਾਤ ਨੂੰ ਲੱਗਦਾ ਹੈ। ਅਜਿਹਾ ਵਿਅਕਤੀ ਸੌਂ ਨਹੀਂ ਸਕਦਾ, ਉਹ ਪਰਛਾਵਿਆਂ ਤੋਂ ਵੀ ਡਰਨ ਲੱਗ ਪੈਂਦਾ ਹੈ।

ਜਦੋਂ ਕੋਈ ਵਿਅਕਤੀ ਲਗਾਤਾਰ ਡਰ ਦੀ ਅਵਸਥਾ ਵਿੱਚ ਵਿਚਰਦਾ ਰਹੇ ਅਤੇ ਜਿਹੜੀ ਘਟਨਾ ਉਸ ਨੂੰ ਆਪਣੇ ਨਾਲ ਵਾਪਰਨ ਦਾ ਖਤਰਾ ਹੋਵੇ ਪਰ ਉਹ ਦੂਜਿਆਂ ਨਾਲ ਵਾਪਰ ਜਾਵੇ ਤਾਂ ਅਜਿਹੇ ਵਿਅਕਤੀ ਦਾ ਡਰ ਉਸ ਦੇ ਅਚੇਤ ਮਨ ਵਿੱਚ ਪਹੁੰਚ ਜਾਂਦਾ ਹੈ ਅਤੇ ਉਸ ਦਾ ਸਮੁੱਚਾ ਵਰਤਾਰਾ ਡਾਵਾਂਡੋਲ ਹੋ ਜਾਂਦਾ ਹੈ।

ਅਜਿਹਾ ਵਿਅਕਤੀ ਸਭ ਪਾਸੇ ਕਾਹਲ ਭਰੇ ਢੰਗ ਨਾਲ ਵੇਖਦਾ ਹੈ, ਹਰ ਕਿਸਮ ਦਾ ਖੜਾਕ ਉਸ ਦਾ ਧਿਆਨ ਖਿੱਚਦਾ ਹੈ ਅਤੇ ਹਰ ਅਜਨਬੀ ਵਿੱਚੋਂ ਉਸ ਨੂੰ ਆਪਣਾ

ਕਾਤਲ ਦਿਖਾਈ ਦਿੰਦਾ ਹੈ। ਅਜਿਹਾ ਵਿਅਕਤੀ ਕਿਸੇ ਥਾਂ ਵਧੇਰੇ ਚਿਰ ਟਿਕ ਕੇ ਬੈਠ ਨਹੀਂ ਸਕਦਾ। ਉਹ ਇਕੱਲਾ ਹੋਣ ਤੋਂ ਡਰਦਾ ਹੈ। ਘਰ ਦੇ ਕੁੰਡਿਆਂ, ਜੰਦਰਿਆਂ ਪ੍ਰਤੀ ਉਹ ਵਧੇਰੇ ਸੁਚੇਤ ਹੋ ਜਾਂਦਾ ਹੈ। ਆਪਣੇ ਰਿਸ਼ਤੇਦਾਰਾਂ ਨੂੰ ਉਹ ਇਜ ਮਿਲਦਾ ਹੈ, ਜਿਵੇਂ ਆਖਰੀ ਵਾਰ ਮਿਲ ਰਿਹਾ ਹੋਵੇ।

ਅਜਿਹੇ ਵਿਅਕਤੀ ਦੀ ਸੋਚ ਨੂੰ ਅਧਰੰਗ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਨਾ ਜਿਊਂਦਿਆਂ ਵਿੱਚ ਗਿਣਦਾ ਹੈ ਨਾ ਮਰਿਆਂ ਵਿੱਚ। ਅਜਿਹਾ ਵਿਅਕਤੀ ਵਧੇਰੇ ਕਲਪਨਾਸ਼ੀਲ ਹੁੰਦਾ ਹੈ, ਉਹ ਅਨੇਕਾਂ ਸਥਿਤੀਆਂ ਉਸਾਰਦਾ ਰਹਿੰਦਾ ਹੈ।

ਮਨ ਦੀ ਇਸ ਸਥਿਤੀ ਨੂੰ ਸਹਿਮ ਕਹਿੰਦੇ ਹਨ।

ਜਿਸ ਨੂੰ ਦੁੱਖ ਦਾ ਡਰ ਹੈ, ਉਸ ਨੂੰ ਡਰ ਦਾ ਦੁੱਖ ਵੀ ਹੋਵੇਗਾ।

ਦੂਜਿਆਂ ਨੂੰ ਡਰਾਉਣ ਵਾਲੇ ਆਪ ਵੀ ਡਰੇ ਰਹਿੰਦੇ ਹਨ।

ਡਰ ਨਾਲ, ਉਸਰੀ ਹੋਈ ਚੀਜ਼ ਢਾਹੀ ਤਾਂ ਜਾ ਸਕਦੀ ਹੈ ਪਰ ਡਰ ਨਾਲ, ਕੁਝ ਉਸਾਰਿਆ ਨਹੀਂ ਜਾ ਸਕਦਾ। ਡਰ ਫੈਲਾ ਕੇ ਇਨਕਲਾਬ ਨਹੀਂ ਲਿਆਂਦਾ ਜਾ ਸਕਦਾ, ਇਨਕਲਾਬ ਸਦਾ ਉਤਸ਼ਾਹ ਭਰੀ ਅਵਸਥਾ ਵਿੱਚ ਆਉਂਦੇ ਹਨ।

ਕਰੋਧ ਅਤੇ ਘਿਰਣਾ, ਨਿਆਸਰਾਪਣ ਅਤੇ ਬੇਚੈਨੀ ਡਰ ਦੇ ਸਰੋਤ ਹੁੰਦੇ ਹਨ।

ਜਦੋਂ ਆਪਣੀਆਂ ਹੀ ਸਰਕਾਰਾਂ ਮਤਰੇਈਆਂ ਹੋ ਜਾਣ ਤਾਂ ਹੀ ਅਤਿਵਾਦੀ ਲਹਿਰਾਂ ਹੋਂਦ ਵਿੱਚ ਆਉਂਦੀਆਂ ਹਨ।

ਸਥਿਤੀ ਕਿੰਨੀ ਵੀ ਚਿੰਤਾਜਨਕ, ਹਿੰਸਕ ਅਤੇ ਗੁੰਝਲਦਾਰ ਹੋ ਜਾਵੇ, ਉਹ ਗੱਲਬਾਤ ਨਾਲ ਹੀ ਸੁਲਝੇਗੀ। ਅਜੋਕੇ ਸੰਸਾਰ ਵਿੱਚ ਸ਼ਾਂਤਮਈ ਅੰਦੋਲਨ ਨਿਰਰਥਕ ਹੋ ਗਏ ਹਨ, ਇਸ ਲਈ ਸੰਸਾਰ ਦੇ ਵੱਖ ਵੱਖ ਭਾਗਾਂ ਵਿੱਚ ਆਤੰਕਵਾਦੀ, ਜੁਝਾਰਵਾਦੀ, ਅਤਿਵਾਦੀ ਅਤੇ ਖਾੜਕੂ ਲਹਿਰਾਂ ਉੱਠ ਰਹੀਆਂ ਹਨ।

ਭਾਵੇਂ ਆਤੰਕਵਾਦੀ ਲਹਿਰਾਂ ਸਫਲ ਨਾ ਹੋਣ ਪਰ ਆਤੰਕਵਾਦ ਤੋਂ ਪਹਿਲੇ ਅਤੇ ਮਗਰੋਂ ਦੀ ਸਥਿਤੀ ਇਕੋ ਜਿਹੀ ਨਹੀਂ ਹੁੰਦੀ।

ਅਜੋਕੇ ਸੰਸਾਰ ਦਾ ਦੁਖਾਂਤ ਇਹ ਹੈ ਕਿ ਜਿਤਨੀ ਤੇਜ਼ੀ ਨਾਲ ਸਮੱਸਿਆਵਾਂ ਉਪਜ ਰਹੀਆਂ ਹਨ, ਉਤਨੀ ਤੇਜ਼ੀ ਨਾਲ ਉਨ੍ਹਾਂ ਨੂੰ ਸੁਲਝਾਇਆ ਨਹੀਂ ਜਾ ਸਕਦਾ।

ਮਨੁੱਖ ਦੀਆਂ ਇੱਛਾਵਾਂ ਅਤੇ ਬਾਹਰੀ ਹਾਲਤਾਂ ਵਿੱਚ ਤਾਲਮੇਲ ਨਾ ਹੋਣ ਕਾਰਨ, ਸਮੱਸਿਆਵਾਂ ਦਾ ਉਪਜਣਾ ਸੁਭਾਵਕ ਹੁੰਦਾ ਹੈ।

ਜੇ ਕੋਈ ਸਮੱਸਿਆ ਸਮੇਂ ਸਿਰ ਹੱਲ ਨਾ ਕੀਤੀ ਜਾਵੇ ਤਾਂ ਇਹ ਗੁੰਝਲਦਾਰ ਹੋ ਕੇ ਮੁਸੀਬਤ ਬਣ ਜਾਂਦੀ ਹੈ।

ਅਸਲੀਅਤ ਇਹ ਨਹੀਂ ਕਿ ਰਾਜਨੀਤੀ ਗੰਦੀ ਹੋ ਗਈ ਹੈ, ਸਗੋਂ ਇਹ ਹੈ ਕਿ ਗੰਦੇ ਲੋਕ, ਰਾਜਨੀਤੀ ਵਿੱਚ ਵੜ ਆਏ ਹਨ।

ਸਭ ਤੋਂ ਵੱਡੀ ਆਤੰਕਵਾਦੀ-ਸ਼ਕਤੀ ਸਰਕਾਰ ਆਪ ਹੁੰਦੀ ਹੈ।

ਸਰਕਾਰਾਂ ਵੱਲੋਂ ਮਿੱਥ ਕੇ ਸਾਜ਼ਸ਼ਾਂ ਕਰਵਾਈਆਂ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਲੋਕਾਂ ਦੇ ਮਨਾਂ ਵਿੱਚ ਇਕੱਠਾ ਹੋਇਆ ਗੁੱਸਾ ਅਤੇ ਰੋਹ ਉਨ੍ਹਾਂ ਨੂੰ ਬੰਦੂਕ ਦੀ ਬੋਲੀ ਬੋਲਣ ਲਈ ਮਜਬੂਰ ਕਰਦਾ ਹੈ। ਭੈਅ ਤੋਂ ਬਿਨਾਂ ਪਾਪੀਆਂ, ਦੁਸ਼ਟਾਂ ਅਤੇ ਦੁਰਾਚਾਰੀਆਂ ਨੂੰ ਸਾਧਿਆ ਨਹੀਂ ਜਾ ਸਕਦਾ।

'ਰਾਮ ਚਰਿਤ ਮਾਨਸ' ਦੇ ਸੁੰਦਰ ਕਾਂਡ ਵਿੱਚ ਰਾਮ ਚੰਦਰ ਜੀ ਕਹਿੰਦੇ ਹਨ ਕਿ ਬਿਨਾਂ ਭੈਅ ਦੇ ਦੁਸ਼ਟ-ਜਨ ਗੱਲ ਨਹੀਂ ਕਰਦੇ। ਜਦੋਂ ਸਰਕਾਰਾਂ ਲੋਕਾਂ ਦੇ ਗੁੱਸੇ ਨੂੰ ਸਮਝਣ ਦੀ ਥਾਂ ਗੁੱਸੇ ਨੂੰ ਕੁਚਲਣ ਲੱਗ ਪੈਣ ਤਾਂ ਸਥਿਤੀ ਇਸ ਹੱਦ ਤੱਕ ਵਿਗੜ ਜਾਂਦੀ ਹੈ ਕਿ ਕੁਝ ਵੀ ਅਤੇ ਕੋਈ ਵੀ ਇਸ ਦੇ ਅਸਰ ਤੋਂ ਬੱਚ ਨਹੀਂ ਸਕਦਾ।

ਆਤੰਕਵਾਦ ਅਤੇ ਅਤਿਵਾਦ ਅਜੋਕੇ ਯੁੱਗ ਦੀ ਹੀ ਉਪਜ ਨਹੀਂ ਹਨ।

ਜਦੋਂ ਤੱਕ ਹਾਕਮ ਆਪਣੇ ਸੁੱਖਾਂ ਦੀ ਥਾਂ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੁੰਦੇ ਹਨ, ਅਨੇਕਾਂ ਗਲਤੀਆਂ ਦੇ ਬਾਵਜੂਦ, ਜਨਤਾ ਉਨ੍ਹਾਂ ਦੇ ਨਾਲ ਰਹਿੰਦੀ ਹੈ ਪਰ ਜਦੋਂ ਫਰਜ਼ ਵਿਸਰ ਜਾਣ ਅਤੇ ਸੁੱਖ ਅਤੇ ਲਾਲਚ ਪ੍ਰਧਾਨ ਹੋ ਜਾਣ ਤਾਂ ਲੋਕਾਂ ਦੇ ਸ਼ਿਕਵੇ-ਸ਼ਿਕਾਇਤਾਂ ਵੱਧਦੇ-ਵੱਧਦੇ ਦਾਵਾਨਲ ਦਾ ਰੂਪ ਧਾਰ ਲੈਂਦੇ ਹਨ।

ਹਥਿਆਰ ਪ੍ਰਾਪਤ ਹੀ ਉਹ ਕਰਨਾ ਚਾਹੁੰਦਾ ਹੈ, ਜਿਸ ਦੇ ਮਨ ਵਿੱਚ ਗੁੱਸਾ ਹੋਵੇ।

ਕਿਸੇ ਪ੍ਰਕਾਰ ਦੀ ਲਹਿਰ ਚੱਲ ਹੀ ਉਦੋਂ ਤੱਕ ਸਕਦੀ ਹੈ, ਜਦੋਂ ਤੱਕ ਉਸ ਨੂੰ ਲੋਕਾਂ ਦਾ ਸਮੱਰਥਨ ਮਿਲਦਾ ਰਹੇ।

ਸਰਕਾਰਾਂ ਦੇ ਯਤਨ ਵੀ ਉਸੇ ਅਨੁਪਾਤ ਵਿੱਚ ਸਫ਼ਲ ਹੁੰਦੇ ਹਨ, ਜਿਸ ਅਨੁਪਾਤ ਵਿੱਚ ਉਸ ਨੂੰ ਜਨਤਾ ਦਾ ਸਮੱਰਥਨ ਮਿਲੇ।

ਡਰੇ ਹੋਏ ਅਤੇ ਗੁੱਸੇ ਨਾਲ ਭਰੇ ਹੋਏ ਲੋਕ ਕੁਝ ਵੀ ਚੰਗਾ, ਮੁਲਵਾਨ ਜਾਂ ਉਸਾਰੂ ਕਰਨ ਦੀ ਸਮਰੱਥਾ ਨਹੀਂ ਰੱਖਦੇ।

ਸਰਕਾਰ ਅਤੇ ਲੋਕਾਂ ਵਿੱਚ ਵਿਸ਼ਵਾਸ ਦੀ ਘਾਟ ਕਾਰਨ ਹਿੰਸਾ ਫੈਲਦੀ ਹੈ।

ਡਰ ਦੀ ਦ੍ਰਿਸ਼ਟੀ ਨਾਲ ਵੇਖੀਆਂ ਚੀਜ਼ਾਂ ਸੋਹਣੀਆਂ ਨਹੀਂ ਲਗਦੀਆਂ।

ਡਰ ਦੀ ਅਵਸਥਾ ਵਿੱਚ ਚੀਕਾਂ ਹੀ ਉੱਪਜਦੀਆਂ ਹਨ, ਵੈਣ ਹੀ ਬੀਜੇ ਜਾਂਦੇ ਹਨ, ਰਾਗ ਅਤੇ ਗੀਤ ਨਹੀਂ ਸਿਰਜੇ ਜਾਂਦੇ।

ਡਰੇ ਹੋਏ ਵਿਅਕਤੀ ਦੇ ਗੋਡੇ ਆਪਸ ਵਿੱਚ ਭਿੜਦੇ ਹਨ, ਉਸ ਨੂੰ ਠੰਡ ਵਿੱਚ ਵੀ ਪਸੀਨਾ ਆਉਂਦਾ ਹੈ, ਉਸ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਅਤੇ ਉਸ ਦੀ ਆਵਾਜ਼ ਗਲੇ ਵਿੱਚ ਫੱਸ ਜਾਂਦੀ ਹੈ।

ਅਜਿਹਾ ਵਿਅਕਤੀ ਕਦਮ ਅੱਗੇ ਰੱਖਦਾ ਹੈ, ਜਾਂਦਾ ਪਿੱਛੇ ਹੈ।

ਕਹਿੰਦੇ ਹਨ ਡਰੇ ਹੋਏ ਬੰਦੇ ਨੂੰ ਕੁਝ ਵੀ ਧੁੰਦਲਾ ਦਿਖਾਈ ਨਹੀਂ ਦਿੰਦਾ, ਉਹ ਹਰ ਚੀਜ਼ ਅਤੇ ਹਰ ਗੱਲ ਨੂੰ ਵਧਾ-ਚੜ੍ਹਾ ਕੇ ਵੇਖਦਾ ਹੈ।

ਅਜਿਹਾ ਵਿਅਕਤੀ ਹਰ ਥਾਂ ਨੂੰ ਜੇਲ੍ਹ ਸਮਝਦਾ ਹੈ।

ਡਰੇ ਹੋਏ ਵਿਅਕਤੀ ਨੂੰ ਵੇਖ ਕੇ ਤਰਸ ਆਉਂਦਾ ਹੈ।

ਸਰਕਾਰ ਦਾ ਸਭ ਤੋਂ ਵੱਡਾ ਫਰਜ਼ ਇਨਸਾਫ਼ ਕਰਨਾ ਹੁੰਦਾ ਹੈ।

ਜਦੋਂ ਕੋਈ ਸਰਕਾਰ ਇਸ ਫਰਜ਼ ਪ੍ਰਤੀ ਬੇਮੁੱਖ ਹੋ ਜਾਂਦੀ ਹੈ ਤਾਂ ਮਜ਼ਲੂਮ ਆਪਣੀ ਯੋਗਤਾ ਅਤੇ ਸਮਰੱਥਾ ਅਨੁਸਾਰ ਆਪ ਇਨਸਾਫ਼ ਕਰਨ ਲੱਗ ਪੈਂਦੇ ਹਨ।

ਕਿਸੇ ਵਿਰੋਧੀ ਨੂੰ ਆਪ ਹੀ ਮਾਰ ਦੇਣਾ, ਪੁਰਾਣੇ ਸਮਿਆਂ ਵਿਚਲੇ ਇਨਸਾਫ਼ ਦੀ ਇੱਕ ਕਿਸਮ ਸੀ।

ਜਦੋਂ ਕੋਈ ਅੰਦੋਲਨ ਜਾਂ ਲਹਿਰ ਬੇਮੁਹਾਰ ਹੋ ਜਾਵੇ ਤਾਂ ਉਹ ਕੁਰਾਹੇ ਪੈ ਕੇ ਆਪਣੀ ਸ਼ਕਤੀ ਗੁਆ ਬੈਠਦੀ ਹੈ।

ਅੰਦੋਲਨਕਾਰੀਆਂ ਵਿੱਚ, ਹੋਰ ਕਿਸੇ ਵੀ ਤਬਕੇ ਦੇ ਮੁਕਾਬਲੇ, ਸੰਜਮ, ਸੰਕੋਚ ਅਤੇ ਜ਼ਬਤ ਦੀ ਲੋੜ ਵਧੇਰੇ ਹੁੰਦੀ ਹੈ।

ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਕੋਈ ਲਹਿਰ ਕੁਚਲੀ ਹੀ ਉਦੋਂ ਜਾਂਦੀ ਹੈ ਜਦੋਂ ਉਹ ਬੇਅਸੂਲੀ ਹੋ ਜਾਵੇ । ਜਿੰਨੇ ਚਿਰ ਤੱਕ ਅੰਦੋਲਨਕਾਰੀ ਅਸੂਲ ਦੀ ਲੜਾਈ ਲੜਦੇ ਹਨ, ਉਹ ਸਫਲਤਾ ਦੀ ਆਸ ਕਰ ਸਕਦੇ ਹਨ।

ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਪਹਿਲਾਂ ਲਹਿਰ ਕਮਜ਼ੋਰ ਹੁੰਦੀ ਹੈ, ਫਿਰ ਇਹ ਬੇਅਸੂਲੀ ਹੁੰਦੀ ਹੈ ਜਾਂ ਪਹਿਲਾਂ ਇਹ ਬੇਅਸੂਲੀ ਹੁੰਦੀ ਹੈ, ਫਿਰ ਇਹ ਲਹਿਰ ਕਮਜ਼ੋਰ ਹੁੰਦੀ ਹੈ।

ਅਸੂਲ ਦੀ ਸਰਹੱਦ ਉੱਤੇ ਲੜ ਰਹੇ ਮੁੱਠੀ ਭਰ ਲੋਕਾਂ ਨੂੰ ਮਾਰਿਆ ਤਾਂ ਜਾ ਸਕਦਾ ਹੈ ਪਰ ਉਨ੍ਹਾਂ ਦੇ ਦਿਲਾਂ ਦੀਆਂ ਧੁਰ-ਡੂੰਘਾਣਾਂ ਵਿਚ ਵਸੇ ਆਜ਼ਾਦੀ ਦੇ ਸੁਪਨੇ ਅਤੇ ਸੰਕਲਪ ਨੂੰ ਕੁੱਚਲਿਆ ਨਹੀਂ ਜਾ ਸਕਦਾ।

ਇਸੇ ਲਈ ਕਿਹਾ ਜਾਂਦਾ ਹੈ ਕਿ ਕਿਸੇ ਜਾਗੇ ਹੋਏ ਸੰਕਲਪ ਨੂੰ ਕੁੱਚਲਣ ਲਈ ਫੌਜਾਂ ਭੇਜਣੀਆਂ ਵਿਅਰਥ ਹੁੰਦੀਆਂ ਹਨ।

ਜਿਵੇਂ ਇੱਕ ਸ਼ਿਕਾਰੀ ਨੂੰ ਪੰਛੀ ਪ੍ਰਾਪਤ ਨਹੀਂ ਹੁੰਦਾ, ਪੰਛੀ ਦਾ ਸਰੀਰ ਹੀ ਪ੍ਰਾਪਤ ਹੁੰਦਾ ਹੈ, ਇਵੇਂ ਹੀ ਪੁਲੀਸ ਜਾਂ ਫੌਜ ਨੂੰ ਲਾਸ਼ ਹੀ ਮਿਲਦੀ ਹੈ, ਸੰਗਰਾਮੀਏ ਦੀ ਰੂਹ ਕਿਧਰੇ ਹੋਰ ਜਾ ਵੱਸਦੀ ਹੈ।

ਅੱਤਵਾਦੀ ਲਹਿਰਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀ ਔਸਤ ਉਮਰ ਲਗਭਗ ਸੱਤ ਵਰ੍ਹੇ ਹੁੰਦੀ ਹੈ।

ਜੇ ਇਹ ਲਹਿਰ ਅਸੂਲਾਂ ਨੂੰ ਤਿਆਗ ਦੇਵੇ ਤਾਂ ਇਹ ਜਲਦੀ ਮੁੱਕ ਜਾਂਦੀ ਹੈ।

ਆਮ ਕਰਕੇ ਇਹ ਲਹਿਰਾਂ ਕਿਸੇ ਨਾ ਕਿਸੇ ਪ੍ਰਕਾਰ ਦੇ ਲਾਲਚ ਜਾਂ ਸੁਆਰਥ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਹਰ ਲਹਿਰ ਦੇ ਆਰੰਭ ਵਿੱਚ ਵਸੀਲਿਆਂ ਦੀ ਘਾਟ ਨੂੰ ਕੁਰਬਾਨੀ ਦੇ ਜਜ਼ਬੇ ਨਾਲ ਪੂਰਿਆਂ ਕੀਤਾ ਜਾਂਦਾ ਹੈ ਪਰ ਜਦੋਂ ਵਸੀਲੇ ਵੱਧ ਜਾਣ ਤਾਂ ਲਾਲਚ ਪ੍ਰਧਾਨ ਹੋ ਜਾਂਦਾ ਹੈ। ਅਜਿਹੀ ਸਥਿਤੀ ਇਸ ਪ੍ਰਕਾਰ ਦੀ ਲਹਿਰ ਦਾ ਸਭ ਤੋਂ ਵੱਡਾ ਸੰਕਟ ਹੁੰਦੀ ਹੈ।

ਜੇ ਲਹਿਰ ਅਸੂਲ ਉੱਤੇ ਖੜੀ ਹੋਈ ਹੋਵੇ ਤਾਂ ਹੀ ਉਹ ਆਪਣੇ ਨਿਸ਼ਾਨੇ ਦੀ ਪੂਰਤੀ ਤੱਕ ਬਲਵਾਨ ਰਹੇਗੀ।

ਆਮ ਲੋਕਾਂ ਦਾ ਮਾਰਿਆ ਜਾਣਾ ਅਤੇ ਭੋਲੇ-ਭਾਲੇ ਲੋਕਾਂ ਨੂੰ ਮਾਰਨ ਲੱਗ ਜਾਣਾ, ਅਤਿਵਾਦੀ ਲਹਿਰਾਂ ਦੀ ਕਮਜ਼ੋਰੀ ਨੂੰ ਪ੍ਰਗਟ ਕਰਦਾ ਹੈ।

ਅਸੂਲ ਵਾਲਾ ਇੱਕ ਵਿਅਕਤੀ ਹੀ ਕਾਫ਼ੀ ਹੁੰਦਾ ਹੈ ਪਰ ਬੇਅਸੂਲੇ ਲੋਕਾਂ ਦੀ ਭੀੜ ਵੀ ਕੁਝ ਨਹੀਂ ਸੰਵਾਰ ਸਕਦੀ।

ਸਰਕਾਰਾਂ, ਅਜਿਹੀਆਂ ਲਹਿਰਾਂ ਨੂੰ ਆਪ ਕੁੱਚਲਣ ਲਈ ਕਈ ਹੱਥਕੰਡੇ ਵਰਤਦੀਆਂ ਹਨ ਪਰ ਜੇ ਲੋਕਾਂ ਦਾ ਅੰਦਲੋਨਕਾਰੀਆਂ ਦੇ ਅਸੂਲਾਂ ਵਿੱਚ ਵਿਸ਼ਵਾਸ ਹੋਵੇ ਤਾਂ ਉਹ ਕਿਸੇ ਭੁਲੇਖੇ ਦਾ ਸ਼ਿਕਾਰ ਨਹੀਂ ਹੁੰਦੇ।

ਡਰ, ਭੈਅ ਅਤੇ ਸਹਿਮ ਅਤਿਵਾਦੀ, ਆਤੰਕਵਾਦੀ ਜਾਂ ਗੁਰੀਲਾ ਯੁੱਧ-ਨੀਤੀ ਦੇ ਪੈਂਤੜੇ ਹਨ ਪਰ ਇਹ ਪੈਂਤੜੇ ਉਸੇ ਅਨੁਪਾਤ ਵਿੱਚ ਸਫ਼ਲ ਹੋਣਗੇ, ਜਿਸ ਅਨੁਪਾਤ ਵਿੱਚ ਇਹ ਅਨੁਸ਼ਾਸਨ ਵਿੱਚ ਰਹਿ ਕੇ ਵਰਤੇ ਜਾਣਗੇ ਪਰ ਬਹੁਤ ਲੰਮੇ ਅਰਸੇ ਤੱਕ ਇਨ੍ਹਾਂ ਦੀ ਵਰਤੋਂ ਕਰਦੇ ਰਹਿਣ ਨਾਲ ਲੋਕਾਂ ਦੇ ਮਨ ਬੁਝ ਜਾਂਦੇ ਹਨ, ਦਿਲ ਸੁੰਗੜ ਜਾਂਦੇ ਹਨ ਅਤੇ ਦਿਮਾਗ ਸੁੰਨ ਹੋ ਜਾਂਦੇ ਹਨ।

ਜੇ ਲੋਕਾਂ ਦੇ ਮਨਾਂ ਵਿੱਚ ਕਿਸੇ ਅੰਦੋਲਨ ਜਾਂ ਜਦੋਜਹਿਦ ਪ੍ਰਤੀ ਉਤਸ਼ਾਹ ਹੀ ਨਾ ਰਹੇ ਤਾਂ ਕੇਵਲ ਡਰ, ਭੈਅ ਅਤੇ ਸਹਿਮ ਨਾਲ ਕਿਸੇ ਚੰਗੀ ਅਤੇ ਹੰਢਣਸਾਰ ਪ੍ਰਾਪਤੀ ਦੀ ਆਸ ਕਰਨੀ ਵਿਅਰਥ ਸਾਬਤ ਹੁੰਦੀ ਹੈ।

ਸ਼ਰਮ ਅਤੇ ਸ਼ਰਮਾਉਣਾ

ਸ਼ਰਮ ਕੇਵਲ ਮਨੁੱਖਾਂ ਨੂੰ ਆਉਂਦੀ ਹੈ।

ਜਿਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ, ਉਹ ਨੁਮਾਇਸ਼ੀ ਜੀਵਨ ਜਿਊਂਦੇ ਹਨ।

ਸ਼ਰਮ ਸੁੰਦਰਤਾ ਦਾ ਗਹਿਣਾ ਵੀ ਹੈ ਅਤੇ ਉਸ ਦਾ ਦੀਦਾਰ ਵੀ।

ਕਹਿੰਦੇ ਹਨ ਕਿਸੇ ਦੀ ਸੁੰਦਰਤਾ ਸਾਨੂੰ ਉਤਨਾ ਪ੍ਰਭਾਵਿਤ ਨਹੀਂ ਕਰਦੀ, ਜਿਤਨੀ ਕਿਸੇ ਦੇ ਸ਼ਰਮਾਉਣ ਦੀ ਅਦਾਅ। ਪੁਰਸ਼ ਹਰ ਥਾਂ ਆਪਣਾ ਨਾਂ ਦੱਸਣ ਦੀ ਕਾਹਲ ਵਿੱਚ ਹੁੰਦਾ ਹੈ ਪਰ ਇਸਤਰੀ ਆਪਣਾ ਨਾਂ ਦੱਸਣ ਵੇਲੇ ਸ਼ਰਮਾਉਂਦੀ ਹੈ।

ਬੜੇ ਬੜੇ ਬਹਾਦਰ ਪੁਰਸ਼, ਇਸਤਰੀ ਦੇ ਸ਼ਰਮਾਉਣ ਦੇ ਸਲੀਕੇ ਅੱਗੇ ਹਥਿਆਰ ਸੁੱਟਦੇ ਵੇਖੇ ਗਏ ਹਨ।

ਜੋ ਕੁਝ ਪੁਰਸ਼ ਬਹਾਦਰੀ ਨਾਲ ਪ੍ਰਾਪਤ ਕਰਦਾ ਹੈ, ਉਹੀ ਕੁਝ ਇਸਤਰੀ ਸ਼ਰਮਾਉਣ ਨਾਲ ਸਹਿਜੇ ਹੀ ਪ੍ਰਾਪਤ ਕਰ ਲੈਂਦੀ ਹੈ।

ਘੁੰਡ ਇਸਤਰੀ ਦੀ ਸ਼ਰਮ ਦਾ ਪ੍ਰਤੀਕ ਹੈ ਅਤੇ ਘੁੰਡ ਵਿੱਚ ਹਰ ਇਸਤਰੀ ਦਾ ਚਿਹਰਾ ਸੋਹਣਾ ਲੱਗਦਾ ਹੈ।

ਇਸਤਰੀ ਆਪਣੇ ਆਪ ਨੂੰ ਛੁਪਾ ਕੇ ਪ੍ਰਗਟ ਕਰਦੀ ਹੈ।

ਜਵਾਨੀ ਵਿੱਚ ਪੁਰਸ਼ ਜਾਂ ਇਸਤਰੀ ਦੇ ਚਿਹਰੇ 'ਤੇ ਜੇ ਸ਼ਰਮ ਦੀ ਝਲਕ ਨਾ ਹੋਵੇ ਤਾਂ ਉਸ ਨੂੰ ਵਿਸ਼ਵਾਸਯੋਗ ਨਹੀਂ ਸਮਝਿਆ ਜਾਂਦਾ।

ਸਾਡੇ ਦੇਸ਼ ਵਿੱਚ ਸ਼ਰਮ ਨੂੰ ਮਨੁੱਖੀ ਸ਼ਖ਼ਸੀਅਤ ਦੇ ਇੱਕ ਮਹੱਤਵਪੂਰਨ ਗੁਣ ਵਜੋਂ ਸਵੀਕਾਰ ਕੀਤਾ ਗਿਆ ਹੈ।

ਅਸੀਂ ਕਦੀ ਸੋਚਦੇ ਹੀ ਨਹੀਂ ਕਿ ਸ਼ਰਮ ਦੀ ਭਾਵਨਾ ਸਾਡੇ ਵਿਵਹਾਰ ਨੂੰ ਕਿਤਨੀ ਡੂੰਘੀ ਅਤੇ ਵਿਸ਼ਾਲ ਪੱਧਰ ਉਤੇ ਪ੍ਰਭਾਵਿਤ ਕਰਦੀ ਹੈ।

ਅਸੀਂ ਸ਼ਰਮ ਸਬੰਧੀ ਚਰਚਾ ਕਰਨ ਤੋਂ ਹੀ ਸ਼ਰਮਾਉਂਦੇ ਹਾਂ ਅਤੇ ਕਿਸੇ ਵਿਅਕਤੀ ਦੇ ਸਾਊ, ਸ਼ਰੀਫ਼, ਈਮਾਨਦਾਰ, ਵਿਦਵਾਨ ਅਤੇ ਸਲੀਕੇ ਵਾਲਾ ਹੋਣ ਦੇ ਅਰਥ ਇਸ ਆਧਾਰ ਉੱਤੇ ਲਾਉਂਦੇ ਹਾਂ ਕਿ ਉਸ ਨੂੰ ਸ਼ਰਮ ਕਿੰਨੀ ਕੁ ਆਉਂਦੀ ਹੈ।

ਹਰ ਇੱਕ ਮਨੁੱਖ ਨੂੰ ਭੈੜੇ ਕੰਮਾਂ ਤੋਂ ਰੋਕਣ ਦੀ ਅਸਲੀ ਸ਼ਕਤੀ ਕਾਨੂੰਨਾਂ, ਥਾਣਿਆਂ ਅਤੇ ਅਦਾਲਤਾਂ ਵਿੱਚ ਨਹੀਂ, ਸ਼ਰਮ ਦੀ ਭਾਵਨਾ ਵਿੱਚ ਹੁੰਦੀ ਹੈ।

ਸ਼ਰਮ ਭੈੜੇ ਕੰਮ ਉਪਰੰਤ ਮਿਲਣ ਵਾਲੀ ਸਜ਼ਾ ਵਿੱਚ ਨਹੀਂ ਹੁੰਦੀ, ਭੈੜੇ ਕੰਮ ਕਰਨ ਵਿੱਚ ਹੀ ਹੁੰਦੀ ਹੈ। ਹਰ ਇੱਕ ਮਨੁੱਖ ਨੂੰ ਜਿਊਂਦੇ ਰਹਿਣ ਲਈ ਸਾਰੇ ਸੰਸਾਰ ਦੀ ਲੋੜ ਪੈਂਦੀ ਹੈ ਅਤੇ ਦੂਜਿਆਂ ਦੀਆਂ ਨਜ਼ਰਾਂ ਵਿੱਚ ਆਪਣੀ ਥਾਂ ਬਣਾਈ ਰੱਖਣ ਲਈ, ਮਨੁੱਖ ਆਪਣੀਆਂ ਅਣਗਿਣਤ ਇੱਛਾਵਾਂ ਨੂੰ ਕੁੱਚਲ ਦਿੰਦਾ ਹੈ।

ਸਾਡਾ ਦੂਜਿਆਂ ਨਾਲ ਰਿਸ਼ਤਾ ਉਦੋਂ ਤੱਕ ਹੀ ਰਹਿੰਦਾ ਹੈ, ਜਦੋਂ ਤੱਕ ਅਸੀਂ ਆਪਣੀ ਸ਼ਰਮ ਦੇ ਘੇਰੇ ਵਿੱਚ ਰਹਿੰਦੇ ਹਾਂ।

ਸਥਿਤੀ ਕੋਈ ਵੀ ਹੋਵੇ, ਅਸੀਂ ਸ਼ਰਮ ਭਰੇ ਵਾਤਾਵਰਣ ਵਿੱਚ ਵਿਚਰਦੇ ਹਾਂ। ਅਸੀਂ ਹਰ ਉਸ ਚੀਜ਼ ਤੋਂ ਸ਼ਰਮਾਉਂਦੇ ਹਾਂ, ਜਿਹੜੀ ਸਾਡੀ ਅਣਸੁਖਾਵੀਂ ਅਸਲੀਅਤ ਨੂੰ ਪ੍ਰਗਟ ਕਰੇ। ਅਸੀਂ ਆਪਣੇ ਆਪ ਤੋਂ ਸ਼ਰਮਾਉਂਦੇ ਹਾਂ, ਆਪਣੇ ਰਿਸ਼ਤੇਦਾਰਾਂ ਬਾਰੇ ਕੋਈ ਭੈੜੀ ਗੱਲ ਦੱਸਣ ਤੋਂ ਸ਼ਰਮਾਉਂਦੇ ਹਾਂ, ਆਪਣੀ ਤਨਖਾਹ ਜਾਂ ਆਮਦਨ ਦੱਸਣ ਵੇਲੇ ਝਿਜਕਦੇ ਹਾਂ ਅਤੇ ਅਤੀਤ ਵਿਚਲੇ ਆਪਣੇ ਜੀਵਨ ਅਨੁਭਵ ਦੇ ਅਨੇਕਾਂ ਪੱਖਾਂ ਨੂੰ ਦਸਣ ਤੋਂ ਸਾਨੂੰ ਸ਼ਰਮ ਆਉਂਦੀ ਹੈ।

ਅਸੀਂ ਸਭ ਪ੍ਰਕਾਰ ਦੇ ਨੰਗੇਜ ਤੋਂ ਸ਼ਰਮਾਉਂਦੇ ਹਾਂ, ਅਸੀਂ ਆਪਣੇ ਆਪ ਨੂੰ ਵੀ ਨੰਗੇ ਰੂਪ ਵਿੱਚ ਵੇਖ ਕੇ ਸ਼ਰਮਾਉਂਦੇ ਹਾਂ।

ਕਹਿੰਦੇ ਹਨ ਪ੍ਰੇਮਿਕਾ ਆਪਣੇ ਪ੍ਰੇਮੀ ਸਾਹਮਣੇ ਕੱਪੜੇ ਉਤਾਰਨ ਤੋਂ ਨਹੀਂ ਡਰਦੀ, ਨੰਗੇ ਹੋਣ ਤੋਂ ਡਰਦੀ ਹੈ।

ਸ਼ਰਮ ਦੀ ਭਾਵਨਾ ਪ੍ਰਗਟਾਉਣ ਦਾ ਪ੍ਰਮੁੱਖ ਵਸੀਲਾ ਸਾਡੀਆਂ ਅੱਖਾਂ ਹੁੰਦੀਆਂ ਹਨ। ਅੱਖ ਦੀ ਸ਼ਰਮ ਸਾਡੇ ਸਮੁੱਚੇ ਵਿਵਹਾਰ ਨੂੰ ਪ੍ਰਭਾਵਿਤ ਕਰਦੀ ਹੈ।

ਇਸਤਰੀ, ਪੁਰਸ਼ ਦੇ ਮੁਕਾਬਲੇ ਵਧੇਰੇ ਸ਼ਰਮਾਉਂਦੀ ਹੈ।

ਪਿਆਰ ਦੀ ਸੰਭਾਵਨਾ ਉਥੇ ਹੀ ਹੁੰਦੀ ਹੈ, ਜਿੱਥੇ ਸ਼ਰਮ ਹੋਵੇ।

ਜਿਹੜੇ ਵਿਅਕਤੀ ਆਪਣੇ ਵਿਹਾਰ ਵਿੱਚ ਬੇਸ਼ਰਮ ਹੋ ਜਾਂਦੇ ਹਨ, ਉਹ ਇਕੱਲੇ ਰਹਿ ਜਾਂਦੇ ਹਨ।

ਬੇਸ਼ਰਮ ਵਿਅਕਤੀ ਦੀ ਜਿੱਤ ਉੱਤੇ ਕਿਸੇ ਨੂੰ ਖੁਸ਼ੀ ਨਹੀਂ ਹੁੰਦੀ, ਸਗੋਂ ਅਜਿਹੇ ਵਿਅਕਤੀ ਦੀ ਮੌਤ ਉੱਤੇ ਤਸੱਲੀ ਪ੍ਰਗਟਾਈ ਜਾਂਦੀ ਹੈ।

ਬੱਚਿਆਂ ਦੇ ਭੈੜੇ ਕੰਮਾਂ ਦੀ ਸ਼ਰਮ, ਉਨ੍ਹਾਂ ਦੇ ਮਾਪਿਆਂ ਨੂੰ ਆਉਂਦੀ ਹੈ।

ਸ਼ਰਮਾਉਣ ਵਾਲੇ ਵਿਅਕਤੀ ਦੀ ਅਨੇਕਾਂ ਘਰਾਂ ਵਿੱਚ ਉਡੀਕ ਕੀਤੀ ਜਾਂਦੀ ਹੈ ਅਤੇ ਅਜਿਹੇ ਵਿਅਕਤੀ ਨਾਲ ਹਰ ਕੋਈ ਰਿਸ਼ਤਾ ਗੰਢਣਾ ਚਾਹੁੰਦਾ ਹੈ।

ਜਿੱਥੇ ਸ਼ਰਮ ਨਹੀਂ ਹੁੰਦੀ, ਉਥੇ ਕਿਸੇ ਪ੍ਰਕਾਰ ਦੇ ਅਨੁਸ਼ਾਸਨ ਜਾਂ ਸਤਿਕਾਰ ਦੀ ਆਸ ਕਰਨੀ ਵਿਅਰਥ ਹੁੰਦੀ ਹੈ।

ਜਿਥੇ ਸ਼ਰਮ ਹੋਵੇ, ਉਥੇ ਪਹਿਲਾਂ ਤਾਂ ਝਗੜੇ ਉਪਜਦੇ ਹੀ ਨਹੀਂ, ਜੇ ਉਪਜਣ ਤਾਂ ਉਹ ਸਦਭਾਵਨਾ ਨਾਲ ਨਿੱਬੜ ਜਾਂਦੇ ਹਨ।

ਕਿਹਾ ਜਾਂਦਾ ਹੈ ਕਿ ਬੇਸ਼ਰਮ ਲੋਕ ਸਾਫ-ਸੁਥਰੇ ਨਹੀਂ ਹੋ ਸਕਦੇ। ਕੋਈ ਵਿਅਕਤੀ ਬੇਸ਼ਰਮ ਉਦੋਂ ਹੁੰਦਾ ਹੈ, ਜਦੋਂ ਉਹ ਆਪਣਾ ਨਿਰਧਾਰਤ ਰੋਲ ਅਦਾ ਕਰਨ ਤੋਂ ਹੀ ਇਨਕਾਰੀ ਹੋ ਜਾਵੇ। ਬਜ਼ੁਰਗਾਂ ਨੂੰ ਨਵੀਂ ਪੀੜ੍ਹੀ 'ਤੇ ਗਿਲਾ ਹੀ ਇਸ ਗੱਲ ਦਾ ਹੈ ਕਿ ਇਸ ਵਿੱਚ ਸ਼ਰਮ ਨਹੀਂ ਰਹੀ।

ਮਾਪੇ ਆਪਣੀ ਸੰਤਾਨ ਦੇ ਹਰ ਔਗੁਣ ਨੂੰ ਮੁਆਫ਼ ਕਰ ਸਕਦੇ ਹਨ ਪਰ ਉਨ੍ਹਾਂ ਦੇ ਬੇਸ਼ਰਮ ਹੋਣ ਦਾ ਸਦਮਾ ਨਹੀਂ ਸਹਾਰ ਸਕਦੇ। ਕੋਈ ਵਿਅਕਤੀ ਬੇਸ਼ਰਮ ਉਦੋਂ ਹੁੰਦਾ ਹੈ, ਜਦੋਂ ਉਸ ਨੂੰ ਭੈੜੇ ਕੰਮਾਂ ਅਤੇ ਹਰਕਤਾਂ ਵਿੱਚੋਂ ਤਸੱਲੀ ਮਿਲਣ ਲੱਗ ਪਵੇ।

ਸ਼ਰਮ ਦੇ ਮੁੱਢਲੇ ਨੇਮ ਅਸੀਂ ਆਪਣੇ ਘਰ ਵਿੱਚ ਹੀ ਸਿੱਖਦੇ ਹਾਂ ਅਤੇ ਸ਼ਰਮ ਦਾ ਸਲੀਕਾ ਸਿਖਾਉਣ ਵਾਸਤੇ ਸਭ ਤੋਂ ਵਧੀਆ ਅਧਿਆਪਕ ਸਾਡੀ ਮਾਂ ਹੁੰਦੀ ਹੈ। ਉਹ ਅਚੇਤ ਹੀ ਸਾਡੇ ਵਿਹਾਰ ਨੂੰ ਇੱਕ ਵਿਸ਼ੇਸ਼ ਦਿਸ਼ਾ ਵਿੱਚ ਢਾਲਦੀ ਹੈ।

ਅਸੀਂ ਆਪਣਾ ਲਿਬਾਸ ਜਾਂ ਕੱਪੜੇ ਸਜ-ਸਜਾਵਟ ਲਈ ਹੀ ਨਹੀਂ, ਸ਼ਰਮ ਦੀ ਭਾਵਨਾ ਅਧੀਨ ਵੀ ਪਾਉਂਦੇ ਹਾਂ।

ਇਸੇ ਲਈ ਕਿਸੇ ਵਿਅਕਤੀ ਸਬੰਧੀ ਸਾਡੀ ਸਭ ਤੋਂ ਪਹਿਲੀ ਧਾਰਨਾ ਉਸ ਦੇ ਲਿਬਾਸ ਉਤੇ ਨਿਰਭਰ ਕਰਦੀ ਹੈ।

ਜਦੋਂ ਤੱਕ ਕੋਈ ਵਿਅਕਤੀ ਬੋਲਦਾ ਨਹੀਂ, ਅਸੀਂ ਉਸ ਸਬੰਧੀ ਅਨੁਮਾਨ, ਉਸ ਦੇ ਲਿਬਾਸ ਤੋਂ ਹੀ ਲਾਉਂਦੇ ਹਾਂ, ਉਸ ਦੇ ਬੋਲਣ 'ਤੇ ਅਸੀਂ ਉਸ ਦੇ ਸ਼ਬਦਾਂ ਨੂੰ, ਉਸ ਦੇ ਲਿਬਾਸ ਨਾਲ ਮਿਲਾ ਕੇ ਵੇਖਦੇ ਹਾਂ।

ਇਸਤਰੀ ਦਾ ਸਾਰਾ ਵਿਹਾਰ ਸ਼ਰਮ ਦੀ ਭਾਵਨਾ ਦੇ ਆਲੇ-ਦੁਆਲੇ ਘੁੰਮਦਾ ਹੈ।

ਜਦੋਂ ਕਿਸੇ ਇਸਤਰੀ ਦੇ ਗੁਣ ਕਿਸੇ ਪੁਰਸ਼ ਵਿੱਚ ਆ ਜਾਣ ਤਾਂ ਉਹ ਕਲਾਕਾਰ ਬਣ ਜਾਂਦਾ ਹੈ ਪਰ ਜਦੋਂ ਕਿਸੇ ਪੁਰਸ਼ ਦੇ ਤੌਰ-ਤਰੀਕੇ ਕਿਸੇ ਇਸਤਰੀ ਵਿੱਚ ਆ ਜਾਣ ਤਾਂ ਨਾ ਉਸ ਨੂੰ ਇਸਤਰੀਆਂ ਪਸੰਦ ਕਰਦੀਆਂ ਹਨ ਨਾ ਹੀ ਪੁਰਸ਼।

ਹਰ ਇੱਕ ਮਨੁੱਖ ਇੱਕੋ ਵੇਲੇ ਅਨੇਕਾਂ ਥਾਂਵਾਂ ਅਤੇ ਵਿਅਕਤੀਆਂ ਵਿੱਚ ਵਿਚਰਦਾ ਹੈ। ਸਾਡਾ ਆਪਣਾ ਵਿਹਾਰ ਤਾਂ ਸ਼ਰਮ ਦੀ ਭਾਵਨਾ ਦੇ ਅਧੀਨ ਹੁੰਦਾ ਹੀ ਹੈ, ਅਸੀਂ ਇਹ ਵੀ ਧਿਆਨ ਰੱਖਦੇ ਹਾਂ ਕਿ ਸਾਡੇ ਨਾਲ ਸਬੰਧਤ ਕੋਈ ਵਿਅਕਤੀ ਵੀ ਕੁਝ ਅਜਿਹਾ ਨਾ ਕਰੇ, ਜਿਸ ਨਾਲ ਸਾਨੂੰ ਸ਼ਰਮਸਾਰ ਹੋਣਾ ਪਵੇ।

ਇੱਕ ਅਨੁਭਵੀ ਵਿਅਕਤੀ ਨੇ ਕਿਹਾ ਸੀ 'ਧੋਖਾ ਤਾਂ ਮੈਨੂੰ ਮੇਰੇ ਦੋਸਤ ਨੇ ਦਿੱਤਾ ਹੈ ਪਰ ਸ਼ਰਮ ਮੈਨੂੰ ਆ ਰਹੀ ਹੈ'।

ਕਹਿੰਦੇ ਹਨ ਕਿ ਸਭ ਤੋਂ ਵਧੇਰੇ ਅਸੀਂ ਆਪਣੀ ਗਰੀਬੀ ਤੋਂ ਸ਼ਰਮਸਾਰ ਹੁੰਦੇ ਹਾਂ।

ਇਹ ਵੀ ਕਿਹਾ ਜਾਂਦਾ ਹੈ ਕਿ ਸ਼ਰਮਾਉਣ ਵਾਲਾ ਵਿਅਕਤੀ ਅਜੋਕੀ ਰਾਜਨੀਤੀ ਵਿੱਚ ਪ੍ਰਵੇਸ਼ ਨਹੀਂ ਕਰ ਸਕਦਾ।

ਅਸੀਂ ਆਪਣੇ ਆਲੇ-ਦੁਆਲੇ ਵਿੱਚ ਅਕਸਰ ਆਪਣੇ ਜਾਣੂਆਂ-ਪਛਾਣੂਆਂ ਦੇ ਬੇਸ਼ਰਮੀ ਭਰੇ ਵਿਹਾਰ ਨਾਲ ਸ਼ਰਮਸਾਰ ਹੁੰਦੇ ਰਹਿੰਦੇ ਹਾਂ।

ਕਹਿੰਦੇ ਹਨ ਕਿ ਸ਼ਰਮ, ਮਨੁੱਖ ਦਾ ਸਭ ਤੋਂ ਸੋਹਣਾ ਗਹਿਣਾ ਹੈ ਪਰ ਨਿਰਸੰਦੇਹ ਇਸ ਗਹਿਣੇ ਨੂੰ ਪਹਿਨਣ ਦਾ ਰਿਵਾਜ ਘਟਦਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਹਰ ਇੱਕ ਵਿਅਕਤੀ ਸਨਕੀ ਬਣ ਗਿਆ ਹੈ ਅਤੇ ਅਸੀਂ ਰਾਤ ਨੂੰ ਸੌਣ ਵੇਲੇ ਆਪਣੇ ਦਿਨ ਭਰ ਦੇ ਵਿਹਾਰ 'ਤੇ ਝਾਤੀ ਮਾਰਨ ਤੋਂ ਸ਼ਰਮਾਉਂਦੇ ਹਾਂ।

ਅਣਕਮਾਈ ਆਮਦਨ, ਝੱਟਪਟ ਅਮੀਰ ਹੋਣ ਦੀ ਲਾਲਸਾ, ਵੱਡੇ ਪ੍ਰਤੀਤ ਹੋਣ ਦੀ ਇੱਛਾ, ਦੂਜਿਆਂ ਨੂੰ ਪਿੱਛੇ ਛੱਡ ਜਾਣ ਦੀ ਕਾਹਲ, ਮਿਹਨਤ ਵਿੱਚ ਘਟਦਾ ਵਿਸ਼ਵਾਸ ਅਤੇ ਧਰਮ ਦੇ ਅਸਲ ਅਸੂਲਾਂ ਪ੍ਰਤੀ ਬੇਮੁਖਤਾ ਸਾਨੂੰ ਬੇਸ਼ਰਮ ਬਣਾ ਰਹੀ ਹੈ।

ਹੁਣ ਅਸੀਂ ਇਕੱਲੇ ਵਿਚਰਨ ਤੋਂ ਡਰਨ ਲੱਗ ਪਏ ਹਾਂ, ਕਿਉਂਕਿ ਇਕੱਲੇ ਵਿਚਰਦਿਆਂ ਸਾਨੂੰ ਸਾਡਾ ਆਪਾ ਹੀ ਸ਼ਰਮਸਾਰ ਕਰਨ ਲੱਗ ਪੈਂਦਾ ਹੈ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਬਹੁਤੇ ਮਨੁੱਖ ਆਪਣੇ ਬਾਰੇ ਜੋ ਕੁਝ ਕਹਿੰਦੇ ਹਨ, ਅਸਲੀਅਤ ਉਸ ਤੋਂ ਬਿਲਕੁਲ ਉਲਟ ਹੁੰਦੀ ਹੈ।

ਸ਼ਰਮ ਸਬੰਧੀ ਖੁੱਲ੍ਹ ਕੇ ਚਰਚਾ ਨਾ ਕਰਨ ਦਾ ਇੱਕ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਸ਼ਰਮ ਨੂੰ ਅਸੀਂ ਕਿਸੇ ਘਾਟ, ਊਣਤਾਈ ਜਾਂ ਕੁਕਰਮ ਨਾਲ ਜੋੜ ਲਿਆ ਹੈ।

ਜਦੋਂ ਸ਼ਰਮ ਮੁੱਕ ਜਾਵੇ ਤਾਂ ਸਭ ਤੋਂ ਭੈੜੀ ਲੜਾਈ ਪਤੀ ਅਤੇ ਪਤਨੀ ਵਿਚਕਾਰ ਹੁੰਦੀ ਹੈ, ਦੂਜੀ ਪ੍ਰਕਾਰ ਦੀ ਭੈੜੀ ਲੜਾਈ ਗਵਾਂਢੀਆਂ ਵਿਚਕਾਰ ਹੁੰਦੀ ਹੈ ਅਤੇ ਤੀਜੀ ਪ੍ਰਕਾਰ ਦੀ ਦੁਖਦਾਈ ਲੜਾਈ ਆਪਣੇ ਰੋਜ਼ਗਾਰ ਵਾਲੀ ਥਾਂ ਆਪਣੇ ਸਹਿਕਰਮੀਆਂ ਨਾਲ ਹੁੰਦੀ ਹੈ। ਇਹ ਲੜਾਈਆਂ ਹੁੰਦੀਆਂ ਹੀ ਤਾਂ ਹਨ ਜਦੋ ਆਪਸੀ ਸ਼ਰਮ ਨਾ ਰਹੇ।

ਇਨ੍ਹਾਂ ਲੜਾਈਆਂ ਵਿਚੋਂ ਕਿਸੇ ਵਿੱਚ ਵੀ ਉਲਝਿਆ ਵਿਅਕਤੀ ਨਾ ਕੇਵਲ ਮੁੱਲਵਾਨ ਅਤੇ ਮਾਣ ਕਰਨਯੋਗ ਪ੍ਰਾਪਤੀਆਂ ਤੋਂ ਕੋਰਾ ਰਹਿ ਜਾਂਦਾ ਹੈ, ਉਹ ਹਰ ਸਮੇਂ ਬਦਲਾ ਲੈਣ ਦੀ ਭਾਵਨਾ ਨਾਲ ਵੀ ਧੁੱਖਦਾ ਰਹਿੰਦਾ ਹੈ।

ਕਹਿੰਦੇ ਹਨ ਜੇ ਕਿਸੇ ਤੋਂ ਸ਼ਰਮਾਉਣ ਦਾ ਹੋਰ ਕੋਈ ਆਧਾਰ ਨਾ ਮਿਲੇ ਤਾਂ ਦੂਜੀ ਧਿਰ ਦੀ ਉਮਰ ਦਾ ਲਿਹਾਜ਼ ਕਰ ਲੈਣਾ ਚਾਹੀਦਾ ਹੈ।

ਬੇਸ਼ਰਮ ਵਿਅਕਤੀ ਗੁਸਤਾਖ਼ ਅਤੇ ਹਿੰਸਕ ਹੀ ਹੋ ਸਕਦਾ ਹੈ।

ਅਜਿਹਾ ਵਿਅਕਤੀ ਗੜਬੜ ਤਾਂ ਮਚਾ ਸਕਦਾ ਹੈ ਪਰ ਜੱਦੋ-ਜਹਿਦ ਕਰ ਕੇ ਇਨਕਲਾਬ ਨਹੀਂ ਲਿਆ ਸਕਦਾ।

ਗੁੱਸਾ ਚੜ੍ਹਦਾ ਹੀ ਉਦੋਂ ਹੈ ਜਦੋਂ ਅਸੀਂ ਸ਼ਰਮ ਨੂੰ ਤਿਲਾਂਜਲੀ ਦੇ ਦੇਈਏ।

ਦੁੱਖ, ਸਮੇਂ ਦੇ ਬੀਤਣ ਨਾਲ ਭੁੱਲ ਜਾਂਦਾ ਹੈ, ਕਿਸੇ ਦਾ ਵਿਛੋੜਾ ਰੋ ਕੇ ਸਹਿਣ ਕਰਨਯੋਗ ਹੋ ਜਾਂਦਾ ਹੈ ਪਰ ਸ਼ਰਮਸਾਰ ਹੋਣ ਦੀ ਅਵੱਸਥਾ ਵਿੱਚ ਕੋਈ ਵੀ ਢੰਗ-ਤਰੀਕਾ ਸਥਿਤੀ ਸੁਧਾਰਨ ਲਈ ਕਾਰਗਰ ਨਹੀਂ ਹੁੰਦਾ।

ਅਜਿਹੀ ਅਵਸੱਥਾ ਵਿੱਚ ਅਸੀਂ ਆਪਣਾ ਸਿਰ ਝੁਕਾ ਲੈਂਦੇ ਹਾਂ, ਕਿਸੇ ਨਾਲ ਅੱਖਾਂ ਨਹੀਂ ਮਿਲਾਉਂਦੇ, ਕਿਸੇ ਦਾ ਨੇੜੇ ਆਉਣਾ ਵੀ ਪਸੰਦ ਨਹੀਂ ਕਰਦੇ, ਸਾਡਾ ਚਿਹਰਾ ਕਰੂਪ

ਹੋ ਜਾਂਦਾ ਹੈ, ਅਸੀਂ ਆਪਣੀਆਂ ਨਜ਼ਰਾਂ ਵਿੱਚ ਆਪ ਹੀ ਡਿੱਗ ਪੈਂਦੇ ਹਾਂ। ਇਸ ਅਵੱਸਥਾ ਵਿੱਚ ਅਸੀਂ ਜੋ ਕੁਝ ਵੀ ਕਰਾਂਗੇ, ਉਹ ਨੁਕਸਾਨ ਵਿੱਚ ਵਾਧਾ ਹੀ ਕਰੇਗਾ।

ਜਦੋਂ ਕੋਈ ਵਿਅਕਤੀ ਬੇਸ਼ਰਮ ਹੋ ਕੇ ਸਾਡੇ ਉੱਤੇ ਝੂਠਾ ਦੋਸ਼ ਲਾਉਂਦਾ ਹੈ, ਉਸ ਸਮੇਂ ਸਾਡੇ ਵਿਚਲੀ ਸ਼ਰਮ ਦੀ ਭਾਵਨਾ, ਭਾਰੀ ਸੰਕਟ ਦਾ ਸਾਹਮਣਾ ਕਰਦੀ ਹੈ।

ਸ਼ਰਮਾਉਣ ਦੀ ਆਦਤ ਸਾਨੂੰ ਆਪਣੇ ਜੀਵਨ ਦੇ ਦੂਜੇ ਵਰ੍ਹੇ ਵਿੱਚ ਹੀ ਪੈ ਜਾਂਦੀ ਹੈ ਅਤੇ ਇਹ ਸਾਰਾ ਜੀਵਨ ਸਾਡੇ ਨਾਲ ਨਿਭਦੀ ਹੈ।

ਕਈ ਵਾਰੀ ਆਪਣੇ ਖ਼ਾਨਦਾਨ ਦੀ, ਕਿਸੇ ਪਹਿਲਾਂ ਹੋਈ ਪੀੜ੍ਹੀ ਦੇ, ਕਿਸੇ ਇੱਕ ਵਿਅਕਤੀ ਦੀ ਕਿਸੇ ਇੱਕ ਕਰਤੂਤ ਨਾਲ, ਆਉਣ ਵਾਲੀਆਂ ਕਈ ਪੀੜ੍ਹੀਆਂ ਨੂੰ ਨਿਰੰਤਰ ਸ਼ਰਮਸਾਰ ਹੋਣਾ ਪੈਂਦਾ ਹੈ।

ਜਿਹੜੇ ਲੋਕ ਖੁੱਲ ਕੇ ਹੱਸ ਨਹੀਂ ਸਕਦੇ, ਉਹ ਅਨੇਕਾਂ ਅਜਿਹੇ ਕੰਮ ਕਰਨਗੇ ਜਿਨ੍ਹਾਂ ਪ੍ਰਤੀ ਉਨ੍ਹਾਂ ਨੂੰ ਸ਼ਰਮਸਾਰ ਹੋਣਾ ਪਵੇਗਾ।

ਸਾਨੂੰ ਆਪਣੀ ਸੰਤਾਨ ਦੀਆਂ ਗਲਤੀਆਂ ਨੂੰ ਮੁਆਫ਼ ਕਰਨ ਦਾ ਹੁਨਰ ਆਉਣਾ ਚਾਹੀਦਾ ਹੈ ਤਾਂ ਹੀ ਅਸੀਂ ਉਨ੍ਹਾਂ ਵਿੱਚ ਸ਼ਰਮ ਦੀ ਭਾਵਨਾ ਉਜਾਗਰ ਕਰ ਸਕਾਂਗੇ।

ਜੇ ਅਸੀਂ ਉਨ੍ਹਾਂ ਨੂੰ ਮੁਆਫ਼ ਨਹੀਂ ਕਰਾਂਗੇ ਤਾਂ ਉਹ ਬੇਰਹਿਮ ਬਣ ਜਾਣਗੇ ਅਤੇ ਕਦੀ ਕਿਸੇ ਨੂੰ ਮੁਆਫ਼ ਨਹੀਂ ਕਰਨਗੇ।

ਸਾਨੂੰ ਸਭ ਤੋਂ ਵਧੇਰੇ ਗੁੱਸਾ ਉਸ ਵਿਅਕਤੀ ਉੱਤੇ ਆਉਂਦਾ ਹੈ, ਜਿਸ ਨੇ ਗਲਤੀ ਕੀਤੀ ਹੋਵੇ ਪਰ ਜਿਸ ਨੂੰ ਸ਼ਰਮ ਨਾ ਆ ਰਹੀ ਹੋਵੇ।

ਜਿਹੜਾ ਆਪਣੀ ਗਲਤੀ ਉਪਰੰਤ ਸ਼ਰਮਸਾਰ ਹੁੰਦਾ ਹੈ, ਉਹ ਸਾਡਾ ਸਤਿਕਾਰ ਅਤੇ ਪਿਆਰ ਦੋਵੇਂ ਜਿੱਤ ਲੈਂਦਾ ਹੈ।

ਵਿਹਲੜ

ਸੰਸਾਰ ਵਿੱਚ ਜੇ ਕਿਸੇ ਕੰਮ ਨੂੰ ਟਾਲਣ ਜਾਂ ਮੁਲਤਵੀ ਕਰਨ ਦਾ ਕੋਈ ਬਹਾਨਾ ਹੋ ਸਕਦਾ ਹੈ ਤਾਂ ਵਿਹਲੜ ਉਸ ਨੂੰ ਨਿਸ਼ਚੇ ਹੀ ਲੱਭ ਲੈਣਗੇ।

ਵਿਹਲੜ ਇੱਕ ਖਲੋਤੀ ਹੋਈ ਘੜੀ ਵਾਂਗ ਜਾਂ ਰੁਕੇ ਹੋਏ ਪਾਣੀ ਵਾਂਗ ਹੁੰਦੇ ਹਨ। ਆਲੇ ਦੁਆਲੇ ਸਭ ਕੁਝ ਬਦਲਦਾ ਜਾਂਦਾ ਹੈ ਪਰ ਵਿਹਲੜ ਅਡੋਲ ਟਿਕੇ ਰਹਿੰਦੇ ਹਨ।

ਕਹਿੰਦੇ ਹਨ ਸਭ ਤੋਂ ਡਰਾਉਣੀ ਚੀਜ਼ ਭੂਤ-ਪ੍ਰੇਤ ਨਹੀਂ ਹੁੰਦੇ ਸਗੋਂ ਨਿਕੰਮਾ ਵਿਅਕਤੀ ਹੁੰਦਾ ਹੈ।

ਵਿਹਲੜ ਵਿਅਕਤੀ ਦਾ ਸਾਡੇ ਸਮਾਜ ਵਿੱਚ ਉਹੀ ਰੋਲ ਹੁੰਦਾ ਹੈ ਜੋ ਕਿਸੇ ਫਸਲ ਵਿੱਚ ਘਾਹ-ਪੱਤੇ ਜਾਂ ਮੋਥਰੇ ਦਾ ਹੁੰਦਾ ਹੈ। ਮੋਥਰਾ ਧਰਤੀ ਵਿਚੋਂ ਖੁਰਾਕ ਬੜੀ ਤੇਜ਼ੀ ਨਾਲ ਖਿੱਚਦਾ ਹੈ ਅਤੇ ਅਸਲ ਫਸਲ ਨੂੰ ਕਮਜ਼ੋਰ ਕਰ ਦਿੰਦਾ ਹੈ।

ਵਿਹਲੜ ਸਾਡੇ ਸਮਾਜ ਦੇ ਖੇਤ ਵਿੱਚ ਮੋਥਰਾ ਹਨ।

ਧਰਮ ਨੇ ਦਾਨ ਅਤੇ ਸ਼ਰਾਧ ਅਤੇ ਭੰਡਾਰੇ ਅਤੇ ਡੇਰੇ ਅਤੇ ਮੱਠਾਂ ਦੀ ਪ੍ਰਥਾ ਰਾਹੀਂ ਸਾਡੇ ਦੇਸ਼ ਵਿੱਚ ਵਿਹਲੜਾਂ ਦਾ ਇੱਕ ਵਰਗ ਹੀ ਪੈਦਾ ਕਰ ਦਿੱਤਾ ਹੈ।

ਅਜਿਹੇ ਲੋਕਾਂ ਕੋਲ ਜੋ ਕੁਝ ਵੀ ਪਹੁੰਚਦਾ ਹੈ, ਉਹ ਝੱਟਪਟ ਖਾਧਾ-ਪੀਤਾ ਜਾਂਦਾ ਹੈ। ਮੰਗਤਾ ਵਿਹਲੜਾਂ ਦੀ ਪ੍ਰਮੁੱਖ ਉਦਾਹਰਣ ਹੁੰਦਾ ਹੈ। ਮੰਗਤੇ ਦਾ ਸਮਾਜ ਨੂੰ ਯੋਗਦਾਨ ਕੀ ਹੁੰਦਾ ਹੈ ? ਮੰਗਤਾ ਨਿਰੰਤਰ ਭੁੱਖ ਦਾ ਪ੍ਰਤੀਕ ਹੈ।

ਮੰਗਤਾ ਇੱਕ ਅਜਿਹੀ ਭੁੱਖ ਹੈ, ਜਿਹੜੀ ਰੱਜਦੀ ਹੀ ਨਹੀਂ। ਉਸ ਦੇ ਚਿਹਰੇ ਉੱਤੇ ਇੱਕ ਨਿਰੰਤਰ ਪ੍ਰਭਾਵ ਹੁੰਦਾ ਹੈ 'ਹੋਰ ਲਿਆਓ, ਹੋਰ ਲਿਆਓ'।

ਸਾਡੇ ਦੇਸ਼ ਵਿੱਚ ਧਰਮਾਂ ਨੇ ਲੱਖਾਂ ਹੀ ਪਵਿੱਤਰ ਵਿਹਲੜ ਪੈਦਾ ਕੀਤੇ ਹੋਏ ਹਨ।

ਅਨੁਮਾਨ ਲਾਇਆ ਗਿਆ ਹੈ ਕਿ ਹਰ ਦਸ ਕਾਮਿਆਂ ਪਿਛੇ ਇੱਕ ਵਿਹਲੜ ਵਿਅਕਤੀ ਧਰਤੀ ਉੱਤੇ ਬੋਝ ਬਣਿਆ ਹੋਇਆ ਹੈ।

ਸਾਡਾ ਸੱਭਿਆਚਾਰ ਵਿਹਲੜਾਂ ਦਾ ਸਭਿਆਚਾਰ ਹੈ।

ਘਿਸੀ-ਪਿਟੀ ਪਰੰਪਰਾ ਨੂੰ ਪਾਲ ਕੇ ਅਸੀਂ ਬੜੇ ਖੁਸ਼ ਹੁੰਦੇ ਹਾਂ। ਮਾਲਾ ਜਪਣੀ, ਬਰਸੀਆਂ ਮਨਾਉਣੀਆਂ, ਹਰ ਨਿੱਕੇ-ਮੋਟੇ ਨੇਤਾ ਦੇ ਮਰਨ ਉੱਤੇ ਛੁੱਟੀ ਕਰਨੀ, ਆਪਣੇ ਜਨਮ ਦਿਨ ਮਨਾਉਣੇ ਆਦਿ ਕੁਝ ਅਜਿਹੇ ਕਾਰਜ ਹਨ, ਜਿਨ੍ਹਾਂ ਵਿੱਚ ਰੁੱਝ ਕੇ ਅਸੀਂ ਬੜੇ ਖੁਸ਼ ਹੁੰਦੇ ਹਾਂ।

ਅਸਲੀਅਤ ਇਹ ਹੈ ਕਿ ਅਸੀਂ ਉਨ੍ਹਾਂ ਕੰਮਾਂ ਵਿੱਚ ਆਪਣੇ ਆਪ ਨੂੰ ਰਿਝਾਉਣ ਲੱਗ ਪਏ ਹਾਂ ਜਿਨ੍ਹਾਂ ਵਿੱਚ ਕੋਈ ਮੁਲਾਂਕਣ ਸੰਭਵ ਨਾ ਹੋਵੇ।

ਮੈਚ ਵੇਖਣੇ, ਫਿਲਮਾਂ ਵੇਖਣੀਆਂ, ਅਖ਼ਬਾਰ ਪੜ੍ਹਨੀ, ਚਾਹ ਪੀਣੀ, ਪਾਨ ਖਾਣਾ, ਸਿਗਰਟ ਪੀਣੀ ਆਦਿ ਨਾਲ ਅਸੀਂ ਆਪਣੇ ਆਪ ਦੇ ਰੁੱਝੇ ਹੋਣ ਦਾ ਭਰਮ ਉਪਜਾਉਂਦੇ ਹਾਂ ਪਰ ਅਸਲੀਅਤ ਇਹ ਹੈ ਕਿ ਅਸੀਂ ਕਰ ਕੁਝ ਵੀ ਨਹੀਂ ਰਹੇ ਹੁੰਦੇ।

ਦੇਸ਼ ਦਾ ਕੋਈ ਨੇਤਾ ਮਰ ਜਾਵੇ ਅਤੇ ਸੋਗ ਲਈ ਛੁੱਟੀ ਹੋ ਜਾਵੇ ਤਾਂ ਸਾਰੀ ਕੌਮ ਦੇ ਚਿਹਰੇ ਖਿੜ ਜਾਂਦੇ ਹਨ ਅਤੇ ਸਿਨੇਮਿਆਂ ਵਿੱਚ ਭੀੜਾਂ ਵੱਧ ਜਾਂਦੀਆਂ ਹਨ।

ਕੰਮ ਵਾਲੀ ਥਾਂ 'ਤੇ ਛੁੱਟੀ ਤੋਂ ਪਹਿਲੇ ਹੀ ਛੁੱਟੀ ਦਾ ਟਾਈਮ ਹੋ ਜਾਂਦਾ ਹੈ।

ਸਾਡੇ ਦੇਸ਼ ਵਿੱਚ ਕਿਸੇ ਚੀਜ਼ ਦਾ ਮਹੱਤਵ ਇਸ ਗੱਲ ਤੋਂ ਮਾਪਿਆ ਜਾਂਦਾ ਹੈ ਕਿ ਉਸ ਦਿਨ ਛੁੱਟੀ ਹੈ ਕਿ ਨਹੀਂ। ਜਿਸ ਦਿਨ ਕੰਮ ਤੋਂ ਬਚ ਜਾਈਏ, ਉਸ ਦਿਨ ਸਾਰੇ ਸਮਝਦੇ ਹਨ, ਜਿਵੇਂ ਅੱਜ ਜੀਵਨ ਸਫਲਾ ਹੋ ਗਿਆ ਹੈ।

ਅਸੀਂ ਕੁਝ ਵੀ ਨਾ ਕਰਨ ਵਿੱਚ ਇਤਨੇ ਮਾਹਿਰ ਹੋ ਗਏ ਹਾਂ ਕਿ ਕਿਧਰੇ ਵੀ ਸਾਡੇ ਜਿਹੀ ਮਿਸਾਲ ਨਹੀਂ ਮਿਲਦੀ।

ਸਮੁੱਚਾ ਮਨੁੱਖੀ ਅਨੁਭਵ ਅਸਲ ਵਿੱਚ ਉਪਜੀਵਕਾ ਕਮਾਉਣ ਦੇ ਅਮਲ ਵਿਚੋਂ ਪ੍ਰਾਪਤ ਹੁੰਦਾ ਹੈ। ਜਿਨਾ ਵੱਧ ਕੰਮ ਕੀਤਾ ਜਾਵੇਗਾ, ਉਤਨਾ ਵੱਧ ਗਿਆਨ ਅਤੇ ਅਨੁਭਵ ਪ੍ਰਾਪਤ ਹੋਵੇਗਾ।

ਚੀਨੀ ਅਖਾਣ ਹੈ: ਜਿਤਨਾ ਕਿਸੇ ਕੋਲ ਵਧੇਰੇ ਕੰਮ ਹੋਵੇਗਾ, ਉਤਨਾ ਹੀ ਉਸ ਵਲੋਂ ਵਧੇਰੇ ਕੰਮ ਕੀਤਾ ਜਾ ਸਕੇਗਾ।

ਜਿਤਨਾ ਵਧੇਰੇ ਕਰੋਗੇ, ਉਤਨੀ ਹੀ ਵਧੇਰੇ ਕੰਮ ਕਰਨ ਦੀ ਸਮਰੱਥਾ ਵਧੇਗੀ।

ਕਈ ਵਿਅਕਤੀ ਬੜੇ ਮਾਣ ਨਾਲ ਕਹਿੰਦੇ ਹਨ ਕਿ ਇਤਨਾ ਧਨ ਕਮਾ ਲਿਆ ਹੈ ਕਿ ਭਾਵੇਂ ਸੱਤ ਪੁਸ਼ਤਾਂ ਵਿਹਲੀਆਂ ਬਹਿ ਕੇ ਖਾਂਦੀਆਂ ਰਹਿਣ।

ਇਹ ਵਰਦਾਨ ਅਸਲ ਵਿੱਚ ਸਰਾਪ ਹੈ।

ਉਹ ਲੋਕ ਕਿਤਨੇ ਅਭਾਗੇ ਅਤੇ ਮਾਨਸਿਕ ਪੱਖੋਂ ਕੰਗਾਲ ਹੋਣਗੇ, ਜਿਨ੍ਹਾਂ ਨੂੰ ਕੰਮ ਕਰਨ ਤੋਂ ਬਿਨਾਂ ਭੋਜਨ ਖਾਣਾ ਪੈਂਦਾ ਹੋਵੇਗਾ। ਸਾਡੇ ਦੇਸ਼ ਵਿੱਚ ਵਿਹਲੇ ਬਹਿ ਕੇ ਖਾਣਾ, ਜ਼ਿੰਦਗੀ ਦਾ ਉੱਚਤਮ ਆਦਰਸ਼ ਪ੍ਰਤੀਤ ਹੁੰਦਾ ਹੈ।

ਇਹੀ ਕਾਰਨ ਹੈ ਕਿ ਕਈ ਖਾਨਦਾਨ ਗੰਭੀਰ ਲਾਪ੍ਰਵਾਹੀ ਨਾਲ ਕੁਝ ਕਰਨ ਦੀ ਨਿਰੰਤਰ ਉਡੀਕ ਵਿੱਚ ਜੀਵਨ ਗੁਜ਼ਾਰ ਰਹੇ ਹਨ ।

ਸੱਚ ਤਾਂ ਇਹ ਹੈ ਕਿ ਜਿਨ੍ਹਾਂ ਨੂੰ ਕਮਾਉਣ ਦੀ ਲੋੜ ਨਹੀਂ, ਉਹ ਨਿਰੰਤਰ ਰੁੱਝੇ ਹੋਏ ਹਨ ਅਤੇ ਜਿਨ੍ਹਾਂ ਨੂੰ ਇੱਕ ਮਿੰਟ ਵੀ ਕੰਮ ਤੋਂ ਬਿਨਾਂ ਨਹੀਂ ਰਹਿਣਾ ਚਾਹੀਦਾ, ਉਹ ਬੜੀ ਮਿਹਨਤ ਨਾਲ ਆਪਣੇ ਸਰੀਰ ਦੀ ਚਰਬੀ ਵਧਾ ਕੇ ਡਾਕਟਰਾਂ ਅਤੇ ਹਸਪਤਾਲਾਂ ਦੀ ਆਮਦਨ ਵਿੱਚ ਵਾਧਾ ਕਰ ਰਹੇ ਹਨ।

ਵਿਹਲੜ ਹੋਣ ਦਾ ਦੋਸ਼ ਸਮੁੱਚੀ ਕਾਇਨਾਤ ਵਿੱਚ ਕੇਵਲ ਮਨੁੱਖ ਦੇ ਸਿਰ ਹੀ ਲੱਗਦਾ ਹੈ। ਚੰਨ, ਤਾਰੇ, ਸੂਰਜ, ਦਰਿਆ, ਜੰਗਲ, ਪਸ਼ੂ-ਪੰਛੀ, ਜੀਵ-ਜੰਤੂ ਆਦਿ ਸਾਰੇ ਨਿਰੰਤਰ ਕਾਰਜ ਵਿੱਚ ਰੁੱਝੇ ਹੋਏ ਹਨ।

ਕੰਮ ਦੀ ਅਣਹੋਂਦ ਆਰਾਮ ਜਾਂ ਮੌਜ ਨਹੀਂ ਅਖਵਾਉਂਦੀ।

ਆਰਾਮ ਤਾਂ ਹੀ ਚੰਗਾ ਲੱਗਦਾ ਹੈ ਜੇ ਉਸ ਦੀ ਮਿਆਦ ਹੋਵੇ।

ਵਿਹਲੜ ਦਿਮਾਗ ਵਿਭਚਾਰ ਫੈਲਾਉਂਦੇ ਹਨ।

ਕਿਸੇ ਵਿਅਕਤੀ ਦੀ ਪੁਰਾਣੀ ਤਸਵੀਰ ਨੂੰ ਵੇਖੋ, ਉਸ ਵਿੱਚਲਾ ਵਿਅਕਤੀ ਕੁਝ ਕਰਦੇ ਹੋਣ ਦਾ ਪ੍ਰਭਾਵ ਦੇਣਾ ਚਾਹੁੰਦਾ ਸੀ। ਅਜੋਕੀਆਂ ਤਸਵੀਰਾਂ ਵਿੱਚ ਫਿਲਮੀ ਅਦਾਕਾਰਾਂ ਵਾਂਗ ਟੇਢੀਆਂ ਅੱਖਾਂ ਨਾਲ ਵੇਖਿਆ ਜਾਂਦਾ ਹੈ।

ਅੱਜ ਕੱਲ੍ਹ ਧਾੜਾਂ ਦੀਆਂ ਧਾੜਾਂ ਆਪਣੇ ਬੁੱਲ੍ਹਾਂ, ਅੱਖਾਂ ਅਤੇ ਨੱਕ ਦੀਆਂ ਤਸਵੀਰਾਂ ਉਤਰਵਾ ਰਹੀਆਂ ਹਨ। ਅਜੋਕੇ ਚਿਹਰਿਆਂ ਉਤੇ ਮਨ ਵਿਚਲੀ ਰੌਸ਼ਨੀ ਦੀ ਚਮਕ ਨਹੀਂ, ਅਗਿਆਨਤਾ ਦੀ ਧੁਆਂਖੀ ਹੋਈ ਬਨਾਵਟੀ ਲਿਸ਼ਕ ਹੈ।

ਕੰਮ ਉਪਰੰਤ ਵਿਹਲ ਨੇ ਸਾਡੇ ਵਿੱਚ ਵਿਭਿੰਨ ਕਲਾਵਾਂ ਨੂੰ ਜਨਮ ਦਿੱਤਾ ਹੈ ਪਰ ਵਿਹਲੜਪੁਣਾ ਕਿਸੇ ਪ੍ਰਕਾਰ ਦੇ ਉਸਾਰੂ ਅਨੁਭਵ ਨੂੰ ਨਹੀਂ ਸਿਰਜ ਸਕਦਾ।

ਵਿਹਲ ਨੂੰ ਉਪਯੋਗੀ ਉਦੇਸ਼ ਲਈ ਵਰਤਣਾ ਮਨੁੱਖੀ ਸੱਭਿਅਤਾ ਦਾ ਅੰਤਲਾ ਉਦੇਸ਼ ਹੈ ਪਰ ਵਿਹਲੜਪੁਣਾ ਸਾਡੇ ਸਮਾਜ ਅਤੇ ਸਾਡੀ ਆਰਥਿਕਤਾ ਅਤੇ ਸਾਡੀ ਸਮੁੱਚੀ ਜੀਵਨ-ਜਾਚ ਨੂੰ ਘੁਣ ਵਾਂਗ ਖਾ ਰਿਹਾ ਹੈ।

ਹਰ ਹੀਲੇ ਕੰਮ ਨੂੰ ਟਾਲਿਆ ਜਾ ਰਿਹਾ ਹੈ, ਹਰ ਥਾਂ ਜ਼ਿੰਮੇਵਾਰੀ ਤੋਂ ਬਚਿਆ ਜਾ ਰਿਹਾ ਹੈ, ਫੈਸਲਾ ਕਰਨ ਦਾ ਬੋਝ ਦੂਜਿਆਂ ਉਤੇ ਪਾਇਆ ਜਾ ਰਿਹਾ ਹੈ, ਇਤਰਾਜ਼ ਲਾਏ ਜਾ ਰਹੇ ਹਨ ਅਤੇ ਨੁਕਸ ਕਢੇ ਜਾ ਰਹੇ ਹਨ।

ਪਹਿਲਾਂ ਸਮੱਸਿਆ ਨੂੰ ਉਲਝਾਇਆ ਜਾਂਦਾ ਹੈ, ਫਿਰ ਕਿਹਾ ਜਾਂਦਾ ਹੈ ਕਿ ਸਾਰੀਆਂ ਧਿਰਾਂ ਨੂੰ ਪ੍ਰਵਾਨ ਕੋਈ ਹੱਲ ਨਹੀਂ ਲੱਭ ਰਿਹਾ।

ਸਾਰਾ ਦੇਸ਼ ਦਿਮਾਗੀ-ਕਬਜ਼ੀ ਦੀ ਬੀਮਾਰੀ ਨਾਲ ਬੀਮਾਰ ਹੋਇਆ ਪਿਆ ਹੈ। ਮਾਨਸਿਕ ਅਧਰੰਗ ਪਸਰ ਰਿਹਾ ਹੈ ਪਰ ਫਿਰ ਵੀ ਹਰ ਕੋਈ ਅਮਰ ਹੋਣਾ ਲੋਚਦਾ ਹੈ।

ਵਿਹਲੜਾਂ ਲਈ ਸਭ ਕੁਝ ਮੁਸ਼ਕਿਲ ਪ੍ਰਤੀਤ ਹੁੰਦਾ ਹੈ।

ਕੋਈ ਵੀ ਵਿਅਕਤੀ ਵਿਹਲਾ ਰਹਿ ਕੇ ਸੰਸਾਰ ਵਿੱਚ ਪ੍ਰਸਿੱਧ ਨਹੀਂ ਹੋਇਆ।

ਉਦਾਸੀ ਦਾ ਸਭ ਤੋਂ ਵੱਡਾ ਕਾਰਨ ਵਿਹਲੜਪੁਣਾ ਹੈ।

ਅਸੀਂ ਬੀਮਾਰ ਵੀ ਤਾਂ ਹੁੰਦੇ ਹਾਂ, ਕਿਉਂਕਿ ਅਸੀਂ ਵਿਹਲੇ ਹੁੰਦੇ ਹਾਂ।

ਕੰਮ ਕਰਦੇ ਵਿਅਕਤੀ ਬੀਮਾਰ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਕੋਲ ਬੀਮਾਰ ਹੋਣ ਲਈ ਸਮਾਂ ਹੀ ਨਹੀਂ ਹੁੰਦਾ।

ਜਿਵੇਂ ਬੀਮਾਰ ਵਿਅਕਤੀ ਦੀ ਕਲਪਨਾ ਉਸਾਰੂ ਨਹੀਂ ਹੁੰਦੀ, ਉਵੇਂ ਹੀ ਵਿਹਲੜਾਂ ਦੀ ਬੋਲਚਾਲ ਵਿੱਚ ਫਿਹਿੰਦੀ ਕਲਾ ਦੀ ਪ੍ਰਧਾਨਤਾ ਕਾਰਨ, ਕਿਸੇ ਨਾ ਕਿਸੇ ਦੀ ਪੱਗ ਲਹਿ ਰਹੀ ਹੁੰਦੀ ਹੈ।

ਵਿਹਲੜ ਗੱਲਾਂ ਨਹੀਂ ਕਰਦੇ, ਚੁਗਲੀਆਂ ਕਰਦੇ ਹਨ।

ਅਰਬੀ ਅਖਾਣ ਹੈ ਕਿ ਵਿਹਲੜ ਹੀ ਸਫਲ ਜੋਤਸ਼ੀ ਬਣਦੇ ਹਨ।

ਵਿਹਲੜਪੁਣਾ ਮਨ ਦੀ ਇੱਕ ਅਵਸਥਾ ਹੈ। ਜਿਵੇਂ ਬੇਮੁਹਾਰ ਘੋੜਾ ਆਪਣੀ ਸਵਾਰੀ ਨਾਲੋਂ ਵਧੇਰੇ ਆਪਣੇ ਲਈ ਮੁਸੀਬਤਾਂ ਖੜ੍ਹੀਆਂ ਕਰਦਾ ਹੈ, ਉਵੇਂ ਹੀ ਸੰਜਮ-ਮੁਕਤ ਦਿਮਾਗ ਪ੍ਰਛਾਵਿਆਂ ਤੋਂ ਡਰਦਾ ਰਹਿੰਦਾ ਹੈ।

ਵਿਹਲੜਪੁਣਾ ਹੌਲੀ-ਹੌਲੀ ਸਮੁੱਚੀ ਕੌਮ ਨੂੰ ਹੀ ਉਤਸ਼ਾਹ-ਹੀਣ ਕਰਕੇ ਉਸ ਦਾ ਮਨੋਬਲ ਮਾਰ ਦਿੰਦਾ ਹੈ।

ਕੰਮ ਵਿੱਚ ਰੁੱਝੀ ਕੌਮ, ਨਿਰੰਤਰ ਸੰਘਰਸ਼ ਵਿੱਚ ਪਏ ਸਮੁੰਦਰਾਂ ਵਾਂਗ ਹੁੰਦੀ ਹੈ, ਜਦੋਂ ਕਿ ਵਿਹਲੜ ਕੌਮ ਦੂਰ ਤੱਕ ਫੈਲੇ ਮਾਰੂਥਲਾਂ ਦੀ ਨਿਆਈਂ ਹੁੰਦੀ ਹੈ।

ਥਕਾਵਟ ਦਾ ਆਪਣਾ ਆਨੰਦ ਹੁੰਦਾ ਹੈ ਪਰ ਵਿਹਲੜਾਂ ਦੀ ਥਕਾਵਟ ਕੁਝ ਵੀ ਨਾ ਕਰਨ ਵਿੱਚੋਂ ਉਪਜਦੀ ਹੈ।

ਆਰਾਮ ਕਰਦੇ ਹੀ ਉਹ ਹਨ, ਜਿਹੜੇ ਕੰਮ ਕਰਦੇ ਹਨ।

ਵਿਹਲੜ ਦੇ ਜੀਵਨ ਦੀ ਰਫ਼ਤਾਰ ਇਤਨੀ ਹੌਲੀ ਹੁੰਦੀ ਹੈ ਕਿ ਜਲਦੀ ਹੀ ਗਰੀਬੀ ਉਸ ਨਾਲ ਆ ਮਿਲਦੀ ਹੈ।

ਸੱਚੇ ਅਰਥਾਂ ਵਿੱਚ ਅਮੀਰ ਵਿਹਲੜ ਨਹੀਂ ਹੋ ਸਕਦਾ ਅਤੇ ਵਿਹਲੜ ਅਮੀਰ ਨਹੀਂ ਹੋ ਸਕਦਾ।

ਵਿਹਲੜਪੁਣਾ ਕਮਜ਼ੋਰ ਦਿਮਾਗਾਂ ਦਾ ਵਾਸਣਾ ਹੁੰਦਾ ਹੈ ਅਤੇ ਮੂਰਖਾਂ ਲਈ ਨਿਰੰਤਰ ਮਨਪ੍ਰਚਾਵਾ। ਵਿਹਲੜ ਦੀਆਂ, ਦਿਮਾਗ ਵਾਂਗ ਬਹੁਤ ਸਾਰੀਆਂ ਚੀਜ਼ਾਂ, ਘੱਟ ਵਰਤੋਂ ਕਾਰਨ ਜ਼ੰਗਾਲੀਆਂ ਜਾਣ ਕਰ ਕੇ, ਵਰਤੋਂ ਵਿੱਚ ਲਿਆਉਣੀਆਂ ਔਖੀਆਂ ਹੋ ਜਾਂਦੀਆਂ ਹਨ।

ਕਹਿੰਦੇ ਹਨ ਜਿਸ ਨੂੰ ਵੀਹ ਸਾਲ ਦੀ ਉਮਰ ਤੱਕ ਕੰਮ ਕਰਨ ਦੀ ਆਦਤ ਨਹੀਂ ਪਈ, ਉਸ ਨੂੰ ਇਹ ਆਦਤ ਕਦੇ ਵੀ ਨਹੀਂ ਪਾਈ ਜਾ ਸਕਦੀ।

ਤੁਸੀਂ ਅੱਗੋਂ ਕਿਤਨੀ ਮਿਹਨਤ ਕਰੋਗੇ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅੱਜ ਤੱਕ ਤੁਸੀਂ ਮਿਹਨਤ ਕੀਤੀ ਕਿੰਨੀ ਹੈ।

ਤੁਹਾਡੀਆਂ ਅਗਲੀਆਂ ਪ੍ਰਾਪਤੀਆਂ, ਪਹਿਲੀਆਂ ਪ੍ਰਾਪਤੀਆਂ ਦੇ ਅਨੁਪਾਤ ਵਿੱਚ ਹੀ ਹੋਣਗੀਆਂ। ਹਰ ਕੋਈ ਆਪਣੀ ਸਮਰੱਥਾ ਅਤੇ ਯੋਗਤਾ ਅਨੁਸਾਰ ਹੀ ਸਫਲ ਹੁੰਦਾ ਹੈ ਪਰ ਬਹੁਤ ਘੱਟ ਲੋਕ ਇਸ ਗੱਲ ਨੂੰ ਪਹਿਚਾਣਦੇ ਹਨ।

ਕੁਦਰਤ ਦੇ ਅਸੂਲਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਕੁਦਰਤ ਵਿੱਚ ਹਰ ਚੀਜ਼ ਜਾਂ ਵਿਕਾਸ ਕਰ ਰਹੀ ਹੈ ਜਾਂ ਨਿੱਘਰ ਰਹੀ ਹੈ।

ਕਹਿੰਦੇ ਹਨ ਕਿ ਕਿਸੇ ਅਦਾਰੇ ਜਾਂ ਦਫ਼ਤਰ ਜਾਂ ਪ੍ਰਾਂਤ ਜਾਂ ਦੇਸ਼ ਦੇ ਔਸਤ ਵਿਅਕਤੀ ਤੋਂ ਤੁਸੀਂ ਸਮੁੱਚੇ ਅਦਾਰੇ ਜਾਂ ਦਫ਼ਤਰ ਜਾਂ ਪ੍ਰਾਂਤ ਜਾਂ ਦੇਸ਼ ਦੀ ਸਮੁੱਚੀ ਯੋਗਤਾ ਅਤੇ ਸ਼ਖ਼ਸੀਅਤ ਦਾ ਅਨੁਮਾਨ ਲਾ ਸਕਦੇ ਹੋ।

ਜਿਹੜੇ ਕੁਝ ਵੀ ਨਹੀਂ ਕਰਦੇ, ਉਹ ਕੁਝ ਵੀ ਨਹੀਂ ਬਣਦੇ।

ਈਮਾਨਦਾਰੀ, ਸੱਚਾਈ, ਵਫ਼ਾਦਾਰੀ ਆਦਿ ਦੇ ਸੰਕਲਪ ਕੰਮ ਕਰਨ ਵਾਲੇ ਵਿਅਕਤੀਆਂ ਨਾਲ ਜੁੜੇ ਹੋਏ ਹਨ।

ਕੰਮ ਦਾ ਕੋਈ ਬਦਲ ਨਹੀਂ ਹੁੰਦਾ। ਕੰਮ ਕੀਤਿਆਂ ਹੀ ਕੰਮ ਹੋਣਗੇ। ਅੰਤਲੇ ਤੌਰ 'ਤੇ ਸਾਡੀ ਸ਼ਖ਼ਸੀਅਤ ਦਾ ਨਿਬੇੜਾ ਸਾਡੇ ਕੰਮਾਂ ਦੇ ਆਧਾਰ 'ਤੇ ਹੀ ਹੋਵੇਗਾ।

ਕਿਸੇ ਕੰਮ ਵਿੱਚ ਰੁੱਝੇ ਅਤੇ ਥੱਕੇ ਹੋਏ ਵਿਅਕਤੀ ਵੱਲ ਵੇਖੋ, ਉਹ ਬੜਾ ਸਾਊ, ਭੋਲਾ, ਪਿਆਰਾ ਅਤੇ ਸੋਹਣਾ ਪ੍ਰਤੀਤ ਹੋਵੇਗਾ।

ਕੰਮ ਕਰਨ ਵਾਲੇ ਹੀ ਕਿਸੇ ਦੇ ਕੰਮ ਆ ਸਕਦੇ ਹਨ।

ਕੇਵਲ ਰੁੱਝੇ ਹੋਏ ਵਿਅਕਤੀ ਹੀ ਸਾਡੀ ਮਦਦ ਕਰ ਸਕਦੇ ਹਨ।

ਜਿੱਥੇ ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਕੰਮ ਉਤੇ ਕੇਂਦਰਿਤ ਹੋ ਜਾਣ, ਉੱਥੇ ਕਾਮਾ, ਕਲਾਕਾਰ ਬਣ ਜਾਂਦਾ ਹੈ।

ਪਸ਼ੂ

ਮਨੁੱਖ ਕੋਲ ਕੁਝ ਵੀ ਅਜਿਹਾ ਨਹੀਂ, ਜਿਹੜਾ ਪਸ਼ੂਆਂ ਜਾਂ ਜਾਨਵਰਾਂ ਲਈ ਲਾਹੇਵੰਦ ਹੋਵੇ ਪਰ ਜਾਨਵਰਾਂ ਕੋਲ ਬਹੁਤ ਕੁਝ ਹੈ, ਜੋ ਮਨੁੱਖ ਲਈ ਸਿੱਖਣਯੋਗ ਹੈ।

ਜਾਨਵਰ ਕਿਸੇ ਦੇ ਮਰਨ ਉੱਤੇ ਜਾਇਦਾਦ ਹੜੱਪਣ ਲਈ ਮੁਕੱਦਮੇ ਨਹੀਂ ਕਰਦੇ। ਜਾਨਵਰ ਚੁਗਲੀ ਨਹੀਂ ਕਰਦੇ। ਜਾਨਵਰ ਝੂਠੇ ਗਿਆਨ ਦਾ ਵਿਖਾਵਾ ਨਹੀਂ ਕਰਦੇ। ਜਾਨਵਰ ਚੋਣਾਂ ਨਹੀਂ ਲੜਦੇ। ਜਾਨਵਰ ਰਿਸ਼ਵਤਾਂ ਨਹੀਂ ਲੈਂਦੇ। ਜਾਨਵਰ ਆਪਣੀ ਨਸਲ ਦਾ ਘਾਤ ਨਹੀਂ ਕਰਦੇ। ਜਾਨਵਰ ਝੂਠ ਨਹੀਂ ਬੋਲਦੇ।

ਜਾਨਵਰ ਕਿਸੇ ਦੀ ਚਾਪਲੂਸੀ ਜਾਂ ਖੁਸ਼ਾਮਦ ਨਹੀਂ ਕਰਦੇ।

ਕਿਸੇ ਨੇ ਸੱਪ ਨੂੰ ਪੁੱਛਿਆ: ਹੇ ਸੱਪ! ਤੂੰ ਕੱਟਣਾ ਕਿਵੇਂ ਸਿੱਖ ਲਿਆ, ਤੂੰ ਤਾਂ ਕਦੀ ਮਨੁੱਖਾਂ ਵਿੱਚ ਰਿਹਾ ਨਹੀਂ ?

ਇੱਕ ਚਿੱਤਰ ਹੈ, ਜਿਸ ਵਿੱਚ ਮਨੁੱਖ ਦੀ ਅਨੇਕ ਪ੍ਰਕਾਰ ਦੀ ਕਰੂਪਤਾ ਪੇਸ਼ ਕੀਤੀ ਗਈ ਹੈ ਅਤੇ ਇੱਕ ਖੋਤਾ ਮਨੁੱਖ ਨੂੰ ਵੇਖ ਰਿਹਾ ਹੈ। ਥੱਲੇ ਲਿਖਿਆ ਹੈ, "ਇੱਕ ਖੋਤੇ ਦੀਆਂ ਨਜ਼ਰਾਂ ਵਿੱਚ ਮਨੁੱਖ।"

ਮਨੁੱਖ ਨੇ ਆਪਣੇ ਆਪ ਨੂੰ ਉਚਿਆਉਣ ਲਈ ਪਹਿਲਾਂ ਆਪਣੇ ਵਰਗਾ ਰੱਬ ਸਿਰਜਿਆ ਅਤੇ ਫਿਰ ਇਹ ਪ੍ਰਚਾਰ ਕੀਤਾ ਕਿ ਮਨੁੱਖ ਵਿੱਚ ਰੱਬ ਵੱਸਦਾ ਹੈ।

ਮਨੁੱਖ ਨੇ ਆਪਣੇ ਆਪ ਨੂੰ ਜਾਨਵਰਾਂ ਤੋਂ ਵੱਖਰਿਆਉਣ ਅਤੇ ਉਚਿਆਉਣ ਲਈ ਹਰ ਹੀਲਾ ਵਰਤਿਆ ਹੈ ਪਰ ਨਤੀਜਾ ਇਹ ਹੋਇਆ ਕਿ ਮਨੁੱਖ ਜਾਨਵਰ ਬਣ ਗਿਆ ਹੈ ਅਤੇ ਜਾਨਵਰ ਇਨਸਾਨੀ ਗੁਣਾਂ ਦੇ ਧਾਰਨੀ ਹੋ ਗਏ ਹਨ।

ਮਨੁੱਖੀ ਇਤਿਹਾਸ ਵਿੱਚ ਉਹ ਪਲ ਬੜੇ ਦੁੱਖਦਾਈ ਸਨ ਜਦੋਂ ਵਿਗਿਆਨ ਨੇ ਇਹ ਸਾਬਤ ਕੀਤਾ ਕਿ ਧਰਤੀ ਬ੍ਰਹਿਮੰਡ ਦਾ ਧੁਰਾ ਨਹੀਂ ਸਗੋਂ ਇਹ ਤਾਂ ਵਿਸ਼ਾਲ ਬ੍ਰਹਿਮੰਡ ਵਿੱਚ ਇੱਕ ਕਿਣਕਾ ਮਾਤਰ ਹੀ ਹੈ ਅਤੇ ਜਦੋਂ ਇਹ ਸਾਬਤ ਕੀਤਾ ਕਿ ਮਨੁੱਖ ਦੇਵਤਾ ਨਹੀਂ ਸਗੋਂ ਇਹ ਤਾਂ ਜਾਨਵਰਾਂ ਵਿਚੋਂ ਹੀ ਵਿਕਸਿਤ ਹੋਇਆ ਹੈ। ਮਨੁੱਖ ਦੀ ਸਮੱਸਿਆ ਇਹ ਹੈ ਕਿ ਜਾਨਵਰ ਹੋਣ ਦੇ ਬਾਵਜੂਦ ਇਹ ਆਪਣੇ ਆਪ ਨੂੰ ਜਾਨਵਰ ਨਹੀਂ ਸਮਝਦਾ।

ਅਨੁਭਵੀ ਵਿਅਕਤੀਆਂ ਨੇ ਪਸ਼ੂ-ਜਗਤ ਨੂੰ ਮਨੁੱਖੀ-ਜਗਤ ਤੋਂ ਉਚੇਰਾ ਅਤੇ ਵਧੇਰੇ ਸਾਰਥਕ ਸਿੱਧ ਕੀਤਾ ਹੈ। ਪ੍ਰੋ: ਪੂਰਨ ਸਿੰਘ ਮੁੜ ਮੁੜ ਪਸ਼ੂ ਥੀਣ ਨੂੰ ਲੋਚਦਾ ਹੈ। ਵਿਟਮੇਨ ਪਸ਼ੂਆਂ ਨੂੰ ਨਿਹਾਰ ਕੇ ਵਿਸਮਾਦ ਵਿੱਚ ਆਉਂਦਾ ਹੈ।

ਇਤਿਹਾਸ ਵਿੱਚ ਵੀ ਦੋਸਤਾਂ ਦੇ ਮੁਕਾਬਲੇ ਕੁੱਤਿਆਂ, ਊਠਾਂ, ਹਾਥੀਆਂ, ਅਤੇ ਘੋੜਿਆਂ ਦੀ ਵਫ਼ਦਾਰੀ ਦੀਆਂ ਮਿਸਾਲਾਂ ਵਧੇਰੇ ਹਨ।

ਮਨੁੱਖ ਨੂੰ ਭੁਲੇਖਾ ਹੈ ਕਿ ਉਸ ਦਾ ਪਸ਼ੂ-ਜਗਤ ਨਾਲੋਂ ਨਾਤਾ ਟੁੱਟ ਗਿਆ ਹੈ।

ਅਜੇ ਵੀ ਮਨੁੱਖ ਦੀ ਬਹਾਦਰੀ ਲਈ ਸ਼ੇਰ ਦਾ ਨਾਂ ਇੱਕ ਆਧਾਰ ਵਜੋਂ ਵਰਤਿਆ ਜਾਂਦਾ ਹੈ। ਕਿਸੇ ਦੀਆਂ ਹਰਨੋਟੀਆਂ ਅੱਖਾਂ, ਮੋਰਨੀ ਵਰਗੀ ਚਾਲ, ਕੋਇਲ ਵਰਗੀ ਆਵਾਜ਼, ਗਊ ਵਰਗਾ ਸੁਭਾਅ, ਸ਼ੀਹਣੀ ਵਰਗੀ ਤਾਕਤ ਆਦਿ ਦੀ ਗੱਲ ਅਸੀਂ ਸਹਿਜੇ ਹੀ ਕਰ ਜਾਂਦੇ ਹਾਂ।

ਮਨੁੱਖ ਦੇ ਹਰ ਚੰਗੇ-ਮਾੜੇ ਕਰਮ ਦਾ ਲੇਖਾ-ਜੋਖਾ ਅਸੀਂ ਜਾਨਵਰਾਂ ਦੇ ਵਿਹਾਰ ਦੇ ਸੰਦਰਭ ਵਿੱਚ ਹੀ ਕਰਦੇ ਹਾਂ।

ਕੋਈ ਘੋੜੇ ਵਾਂਗ ਕੰਮ ਕਰਦਾ ਹੈ, ਕਿਸੇ ਦਾ ਦਿਮਾਗ਼ ਖੋਤੇ ਵਰਗਾ ਹੁੰਦਾ ਹੈ, ਕਿਸੇ ਦੀ ਨਜ਼ਰ ਕਾਂ ਵਰਗੀ ਹੁੰਦੀ ਹੈ, ਕੋਈ ਲੂੰਬੜ ਵਾਂਗ ਸੋਚਦਾ ਹੈ, ਹਾਥੀ ਵਾਂਗ ਚਲਦਾ ਹੈ, ਸ਼ੇਰ ਵਾਂਗ ਗਰਜਦਾ ਹੈ। ਇਵੇਂ ਹੀ ਸ਼ੇਰ ਦੀ ਮੁੱਛ ਨੂੰ ਹੱਥ ਲਾਉਣਾ ਸੌਖਾ ਨਹੀਂ ਹੁੰਦਾ, ਅੱਥਰੇ ਘੋੜੇ ਦੀ ਸਵਾਰੀ ਕਰਨੀ ਕਠਿਨ ਹੈ, ਕਈ ਖੱਚਰ ਵਾਂਗ ਅੜਦੇ ਹਨ, ਊਠ ਵਾਂਗ ਟੁਰਦੇ ਹਨ, ਬੱਚੇ ਚਿੜੀਆਂ ਵਾਂਗ ਚੀਂ-ਚੀਂ ਕਰਦੇ ਹਨ, ਕਈ ਤੋਤੇ ਵਾਂਗ ਰੱਟਦੇ ਹਨ, ਮੱਝ ਵਾਂਗ ਅੜਿੰਗਦੇ ਹਨ ਤੇ ਕਈ ਮੇਲੇ ਵਿੱਚ ਗੁਆਚੀ ਗਾਂ ਵਾਂਗ ਬੇਮੁਹਾਰ ਘੁੰਮਦੇ ਹਨ ਅਤੇ ਕਈ ਸਰਕਾਰੀ ਸਾਨ੍ਹਾਂ ਵਾਂਗ ਵਿਚਰਦੇ ਹਨ।

ਸ਼ੇਰ, ਝੋਟਿਆਂ ਦੇ ਮਗਰ ਪੈਂਦੇ ਹਨ, ਤਿੱਤਲੀਆਂ ਮਗਰ ਨਹੀਂ।

ਕਈ ਸ਼ੇਰਾਂ ਵਿੱਚ ਭੇਡਾਂ ਹੁੰਦੇ ਹਨ, ਕਈ ਭੇਡਾਂ ਵਿੱਚ ਸ਼ੇਰ ਹਨ।

ਨਿਰਸੰਦੇਹ ਬਹੁਤੇ ਲੋਕ ਕੁੱਤਿਆਂ ਦਾ ਜੀਵਨ ਜੀ ਰਹੇ ਹਨ, ਭੇਡਾਂ ਦੀ ਚਾਲ ਚਲ ਰਹੇ ਹਨ, ਕੀੜਿਆਂ ਵਾਂਗ ਮਰ ਰਹੇ ਹਨ, ਬਲਦਾਂ ਵਾਂਗ ਬੜ੍ਹਕ ਰਹੇ ਹਨ, ਗਧਿਆਂ ਵਾਂਗ ਲਿਟ ਰਹੇ ਹਨ।

ਸਾਰੀਆਂ ਬੀਮਾਰੀਆਂ ਸੱਭਿਅਤਾ ਦੀ ਦੇਣ ਹਨ।

ਉਹੀ ਜਾਨਵਰ ਬੀਮਾਰ ਹੁੰਦੇ ਹਨ, ਜਿਨ੍ਹਾਂ ਨੂੰ ਮਨੁੱਖ ਪਾਲਦਾ ਹੈ।

ਕੈਦਾਂ ਮਨੁੱਖ ਨੇ ਸਿਰਜੀਆਂ ਹਨ, ਖੁੱਲ੍ਹਾਂ ਪੰਛੀਆਂ ਅਤੇ ਜਾਨਵਰਾਂ ਦਾ ਜਗਤ ਹਨ। ਮਨੁੱਖ ਨੇ ਆਪਣੇ ਵਿਨਾਸ਼ ਦੇ ਸਾਰੇ ਸਾਧਨ ਸਿਰਜ ਲਏ ਹਨ। ਉਸ ਨੇ ਪਸ਼ੂ- ਜਗਤ ਲਈ ਵੀ ਅਨੇਕਾਂ ਖਤਰੇ ਉਸਾਰ ਦਿੱਤੇ ਹਨ।

ਅਜੋਕੇ ਮਨੁੱਖ ਨੂੰ ਪਸ਼ੂਆਂ ਤੋਂ ਕਿਸੇ ਪ੍ਰਕਾਰ ਦਾ ਕੋਈ ਖਤਰਾ ਨਹੀਂ ਪਰ ਪਸ਼ੂਆਂ ਨੂੰ ਮਨੁੱਖ ਤੋਂ ਖਤਰੇ ਹੀ ਖਤਰੇ ਹਨ।

ਜਿਹੜੇ ਲੋਕ ਘਰਾਂ ਵਿੱਚ ਜਾਨਵਰ ਪਾਲਦੇ ਹਨ, ਉਹ ਭਲੀ ਭਾਂਤ ਜਾਣਦੇ ਹਨ ਕਿ ਪਸ਼ੂ ਕਿੰਨੇ ਸੁਹਿਰਦ ਬਿਰਤੀ ਵਾਲੇ ਹੁੰਦੇ ਹਨ। ਇਸ ਸੁਆਰਥਾਂ ਭਰੇ ਸੰਸਾਰ ਵਿੱਚ ਜੇ ਕੋਈ ਨਿਰਸੁਆਰਥ ਹੈ ਤਾਂ ਉਹ ਪਸ਼ੂ ਹੀ ਹਨ।

ਜਾਨਵਰਾਂ ਨੂੰ ਵਫ਼ਦਾਰੀ ਅਤੇ ਮਨੁੱਖ ਨੂੰ ਬੇਵਫ਼ਾਈ ਸਿਖਾਉਣ ਦੀ ਲੋੜ ਨਹੀਂ ਪੈਂਦੀ। ਜੇ ਇਸ ਸੰਸਾਰ ਵਿੱਚ ਕੋਈ ਪੱਕਾ ਦੋਸਤ ਹੈ ਤਾਂ ਉਹ ਕੁੱਤਾ ਹੀ ਹੈ, ਜੇ ਕੋਈ ਵਫ਼ਾਦਾਰ ਹੈ ਤਾਂ ਉਹ ਘੋੜਾ ਹੀ ਹੈ, ਜਿਸ ਕਿਸੇ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ, ਉਹ ਕੋਈ ਪਸ਼ੂ ਹੀ ਹੈ।

ਜਿਹੜੇ ਲੋਕ ਘਰਾਂ ਵਿੱਚ ਜਾਨਵਰ ਪਾਲਦੇ ਹਨ, ਉਨ੍ਹਾਂ ਦੀ ਇੱਕ ਵਿਸ਼ੇਸ਼ ਮਾਨਸਿਕ ਸਥਿਤੀ ਹੁੰਦੀ ਹੈ। ਘਰ ਵਿੱਚ ਕਈ ਜੀਅ ਰਹਿੰਦੇ ਹਨ ਪਰ ਕੁੱਤੇ ਜਿਹਾ ਪਾਲਤੂ ਜਾਨਵਰ ਜਾਂ ਗਊ ਜਾਂ ਮੱਝ ਜਾਂ ਬਲਦ ਜਾਂ ਘੋੜਾ ਜਾਂ ਘੋੜੀ ਅਸਲ ਵਿੱਚ ਕਿਸੇ ਇੱਕ ਜੀਅ ਦਾ ਚਹੇਤਾ ਹੁੰਦਾ ਹੈ। ਬਾਕੀ ਸਾਰੇ ਭਾਵੇਂ ਉਸ ਜਾਨਵਾਰ ਨਾਲ ਵਧੀਕੀ ਕਰਨ ਪਰ ਇਹ ਵਿਅਕਤੀ ਵਧੀਕੀ ਕਰਨੀ ਤਾਂ ਇੱਕ ਪਾਸੇ ਰਹੀ, ਉਸ ਨਾਲ ਵਧੀਕੀ ਹੁੰਦੀ ਵੀ ਬਰਦਾਸ਼ਤ ਨਹੀਂ ਕਰ ਸਕਦਾ।

ਜੇ ਤੁਸੀਂ ਧਿਆਨ ਨਾਲ ਵੇਖੋ ਤਾਂ ਅਜਿਹੇ ਪਸ਼ੂ ਦਾ ਸੁਭਾਅ ਇਕ ਵਿਸ਼ੇਸ਼ ਵਿਅਕਤੀ ਦੇ ਸੁਭਾਅ ਨਾਲ ਮਿਲਦਾ-ਜੁਲਦਾਂ ਹੁੰਦਾ ਹੈ। ਅਜਿਹਾ ਵਿਅਕਤੀ ਮਨੁੱਖਾਂ ਦੇ ਮੁਕਾਬਲੇ ਆਪਣੇ ਚਹੇਤੇ ਪਸ਼ੂ ਨਾਲ ਵਧੇਰੇ ਖੁਸ਼ ਹੁੰਦਾ ਹੈ। ਘਰ ਦੇ ਬਾਕੀ ਸਾਰੇ ਜੀਅ ਮਹਿਮਾਨਾਂ ਦੀ ਸੇਵਾ ਵਿੱਚ ਰੁਝੇ ਹੁੰਦੇ ਹਨ ਪਰ ਇਹ ਜੀਅ ਆਪਣੇ ਪਸ਼ੂ ਵੱਲ ਧਿਆਨ ਦੇ ਰਿਹਾ ਹੁੰਦਾ ਹੈ। ਆਮ ਕਰਕੇ ਅਜਿਹੇ ਵਿਅਕਤੀ ਸਾਊ ਸੁਭਾਅ ਦੇ ਹੁੰਦੇ ਹਨ, ਉਨ੍ਹਾਂ ਦੀ ਸੋਚ ਪਸ਼ੂ ਵਾਂਗ ਹੀ ਗੁੰਝਲ-ਰਹਿਤ ਹੁੰਦੀ ਹੈ। ਜੇ ਉਹ ਕਿਸੇ ਦੂਜੇ ਮਨੁੱਖ ਨੂੰ ਪਸੰਦ ਕਰਨਗੇ ਵੀ ਤਾਂ ਆਪਣੇ ਕੁੱਤੇ ਜਾਂ ਗਊ ਜਾਂ ਘੋੜੀ ਤੇ ਸੰਦਰਭ ਵਿੱਚ ਹੀ ਕਰਨਗੇ।

ਅਜਿਹੇ ਵਿਅਕਤੀ ਨਿਰਸੰਦੇਹ ਇਕਹਿਰੀ ਤਬੀਅਤ ਅਤੇ ਨਿਰਛੱਲ ਵਰਤਾਰੇ ਵਾਲੇ ਹੁੰਦੇ ਹਨ, ਅਰਥਾਤ ਆਪਣੇ ਕੁੱਤੇ ਜਾਂ ਗਊ ਵਾਂਗ ਹੀ ਭੋਲੇ ਹੁੰਦੇ ਹਨ।

ਅਜਿਹੇ ਵਿਅਕਤੀ ਆਪਣੇ ਕੁੱਤੇ ਨਾਲ ਬਿੱਲਕੁਲ ਇਕ-ਸੁਰ ਹੁੰਦੇ ਹਨ।

ਲੋਕ ਬੜੇ ਗੁੰਝਲਦਾਰ, ਵਲਾਵੇਂਦਾਰ, ਛਲੀਏ ਅਤੇ ਕਪਟੀ ਹੁੰਦੇ ਹਨ, ਜਦੋਂ ਕਿ ਜਾਨਵਰਾਂ ਦੇ ਪ੍ਰਤਿਕਰਮ ਸਾਦੇ, ਸਪੱਸ਼ਟ, ਸਿੱਧੇ ਅਤੇ ਸੁਹਿਰਦ ਹੁੰਦੇ ਹਨ।

ਭਾਵਕ ਪੱਧਰ ਉੱਤੇ ਵੀ ਜਾਨਵਰ ਭਰੋਸੇਯੋਗ ਹੁੰਦੇ ਹਨ।

ਬਹੁਤੇ ਮਨੁੱਖ ਅਸਲ ਵਿੱਚ ਆਪਣੇ ਆਪ ਨੂੰ ਹੀ ਪਿਆਰ ਕਰਦੇ ਹਨ।

ਜਾਨਵਰ ਪਿਆਰ ਪ੍ਰਾਪਤ ਕਰਕੇ ਖੁਸ਼ ਹੁੰਦੇ ਹਨ।

ਕੁੱਤਾ ਧੰਨਵਾਦ ਕਰਦਾ ਹੈ ਪਰ ਆਪਣੀ ਪੂਛ ਨਾਲ ।

ਕਈ ਲੋਕਾਂ ਵਿੱਚ ਵਹਿਸ਼ੀਅਤ ਹੁੰਦੀ ਹੈ, ਜਿਹੜੀ ਉਹ ਜਾਨਵਰਾਂ ਰਾਹੀਂ ਪ੍ਰਗਟ ਕਰਦੇ ਹਨ। ਇੱਥੇ ਵੀ ਪਸ਼ੂ, ਮਨੁੱਖਾਂ ਲਈ ਸਹਿਯੋਗੀ ਹੁੰਦੇ ਹਨ।

ਮਨੁੱਖ ਨੇ ਆਪਣੇ ਆਪ ਨੂੰ ਸਰਬਗਿਆਤਾ ਮਿੱਥ ਕੇ ਇਹ ਭਰਮ ਉਪਜਾਇਆ ਹੈ ਕਿ ਸਾਰੀ ਪ੍ਰਕ੍ਰਿਤੀ ਉਸ ਦੀ ਸੇਵਾ ਲਈ ਹੈ।

ਮਨੁੱਖ, ਜਾਨਵਰਾਂ ਨੂੰ ਇਸ ਕਰਕੇ ਮਾਰ ਕੇ ਖਾ ਜਾਂਦਾ ਹੈ, ਕਿਉਂਕਿ ਉਸ ਦਾ ਵਿਚਾਰ ਹੈ ਕਿ ਉਨ੍ਹਾਂ 'ਚ ਆਤਮਾ ਨਹੀਂ ਹੁੰਦੀ।

ਸ਼ੇਰ ਨੂੰ ਮਾਰ ਕੇ ਮਨੁੱਖ ਆਪਣੇ ਆਪ ਨੂੰ ਸ਼ੇਰ ਦੇ ਬਰਾਬਰ ਬਹਾਦਰ ਅਤੇ ਬਲਵਾਨ ਦੱਸਣ ਦਾ ਉਪਰਾਲਾ ਕਰਦਾ ਹੈ।

ਕਈ ਮਨੁੱਖ, ਖ਼ੂਨੀ ਤੋਂ ਖ਼ੂਨੀ ਜਾਨਵਰਾਂ ਨਾਲੋਂ ਵੀ ਵਧਰੇ ਖ਼ੂੰਖਾਰ ਹੁੰਦੇ ਹਨ।

ਹਿਟਲਰ ਵੈਸ਼ਨੂੰ ਸੀ ਪਰ ਉਸ ਨੇ ਲੱਖਾਂ ਯਹੂਦੀ ਇਵੇਂ ਝਟਕਾਏ, ਜਿਵੇਂ ਵਿਆਹਾਂ ਦੇ ਮੌਸਮ ਵਿੱਚ ਮੁਰਗੇ ਵੱਢੇ ਜਾਂਦੇ ਹਨ।

ਹਰ ਮਨੁੱਖ ਦੇ ਕਿਸੇ ਵੀ ਵੇਲੇ ਦੇ ਸੁਭਾਅ ਜਾਂ ਵਰਤਾਰੇ ਨੂੰ, ਕਿਸੇ ਨਾ ਕਿਸੇ ਜਾਨਵਰ ਦੇ ਵਰਤਾਰੇ ਨਾਲ ਪ੍ਰਗਟਾਇਆ ਜਾ ਸਕਦਾ ਹੈ।

ਕਈ ਘੋੜਿਆਂ ਵਾਂਗ ਕੰਮ ਕਰਦੇ ਹਨ ਪਰ ਕੁੱਤਿਆਂ ਵਾਂਗ ਲੜਦੇ ਹਨ।

ਕਈ ਮਨੁੱਖੀ ਜਾਮੇ ਵਿੱਚ ਸੱਪ ਹੁੰਦੇ ਹਨ।

ਇਵੇਂ ਜਾਨਵਰ, ਮਨੁੱਖੀ ਸੁਭਾਓ ਦੀਆਂ ਅਨੇਕਾਂ ਪਰਤਾਂ ਪ੍ਰਗਟਾਉਂਦੇ ਹਨ।

ਜ਼ਿੰਦਗੀ ਵਿੱਚ, ਬਹੁਤ ਥੋੜ੍ਹੇ ਪਲਾਂ ਵਿੱਚ ਹੀ ਮਨੁੱਖ, ਮਨੁੱਖ ਹੁੰਦਾ ਹੈ ਬਾਕੀ ਸਾਰੀ ਜ਼ਿੰਦਗੀ, ਉਹ ਪਸ਼ੂ ਹੀ ਹੁੰਦਾ ਹੈ।

ਪੰਚਤੰਤਰ ਦੀਆਂ ਕਹਾਣੀਆਂ, ਇਸ ਨੁਕਤੇ ਨੂੰ ਸਪੱਸ਼ਟ ਕਰਦੀਆਂ ਹਨ।

ਬੱਚਿਆਂ ਨੂੰ ਜਾਨਵਰਾਂ ਦੀਆਂ ਕਹਾਣੀਆਂ ਇਸ ਕਰਕੇ ਚੰਗੀਆਂ ਲੱਗਦੀਆਂ ਹਨ ਕਿਉਂਕਿ ਜਾਨਵਰਾਂ ਦੇ ਵਰਤਾਰੇ ਵਿੱਚ ਗੁੰਝਲਾਂ ਨਹੀਂ ਹੁੰਦੀਆਂ।

ਬੱਚਿਆਂ ਦਾ ਵਰਤਾਰਾ ਨਿਰੋਲ ਪਸ਼ੂਆਂ ਵਾਲਾ ਸਿੱਧਾ-ਸਾਦਾ ਹੁੰਦਾ ਹੈ।

ਜੇ ਮਨੁੱਖ, ਜਾਨਵਰਾਂ ਨਾਲ ਹੁੰਦੇ ਦੁਰਵਿਹਾਰ ਨੂੰ, ਧਿਆਨ ਨਾਲ ਵੇਖੇ ਤਾਂ ਉਸ ਨੂੰ ਆਪਣੇ ਸਾਰੇ ਦੁੱਖ ਭੁੱਲ ਜਾਣਗੇ।

ਮੁਕੱਦਮੇਬਾਜ਼ੀ

ਪੁਰਾਣੇ ਸਮਿਆਂ ਵਿੱਚ ਜਦੋਂ ਅਦਾਲਤਾਂ ਨਹੀਂ ਹੁੰਦੀਆਂ ਸਨ ਤਾਂ ਲੋਕ ਆਪਣੀ ਹਿੰਮਤ ਅਤੇ ਸਮਰੱਥਾ ਅਨੁਸਾਰ ਆਪਣੇ ਨਾਲ ਹੋਈ ਵਧੀਕੀ ਦਾ ਇਲਾਜ ਆਪ ਹੀ ਕਰ ਲਿਆ ਕਰਦੇ ਸਨ। ਇਸ ਸਮਾਜ ਬਾਰੇ ਹੀ ਕਿਹਾ ਜਾਂਦਾ ਸੀ ਕਿ ਉਦੋਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਂਦਾ ਸੀ।

ਜਿਉਂ-ਜਿਉਂ ਆਪਸੀ ਸੁਰੱਖਿਆ ਦੇ ਉਦੇਸ਼ ਨਾਲ ਮਨੁੱਖ ਕਬੀਲਿਆਂ, ਕੌਮਾਂ, ਦੇਸ਼ਾਂ ਦਾ ਰੂਪ ਧਾਰਣ ਕਰਦਾ ਰਿਹਾ ਹੈ, ਤਿਉਂ-ਤਿਉਂ ਉਸ ਨੇ ਆਪਣੀਆਂ ਸਮਾਜਿਕ ਸਮੱਸਿਆਵਾਂ ਦੇ ਸਰਵ-ਪ੍ਰਵਾਨਿਤ ਹੱਲ ਵੀ ਲੱਭਣੇ ਜਾਰੀ ਰਖੇ ਹਨ।

ਉਦਾਹਰਣ ਵਜੋਂ ਜਦੋਂ ਤਕੜੇ, ਧੀਆਂ ਚੁੱਕ ਕੇ ਲੈ ਜਾਂਦੇ ਸਨ ਤਾਂ ਇਸ ਸਮੱਸਿਆ ਦਾ ਹੱਲ ਵਿਆਹ ਦੀ ਪ੍ਰਥਾ ਵਿੱਚ ਸਾਹਮਣੇ ਆਇਆ, ਜਿਹੜਾ ਅਸਲ ਵਿੱਚ ਕਿਸੇ ਦੀ ਧੀ ਕੱਢ ਲਿਆਉਣ ਦਾ ਹੀ ਸਨਮਾਨਿਤ ਰੂਪ ਹੁੰਦਾ ਹੈ।

ਹਰ ਸਮਾਜ ਵਿੱਚ ਝਗੜੇ ਸੁਭਾਵਿਕ ਹਨ।

ਜਿਥੇ ਸਮਾਜ ਨਿਰਧਾਰਤ ਲੀਹਾਂ ਉੱਤੇ ਉਸਰਿਆ ਹੋਵੇ, ਉਥੇ ਭੈੜੇ ਕੰਮ ਕਰਨ ਵਾਲੇ ਵਿਅਕਤੀ ਪ੍ਰਤੀ ਸਮਾਜ ਦੀ ਅਪ੍ਰਵਾਨਗੀ ਦੂਜੇ ਵਿਅਕਤੀਆਂ ਨੂੰ ਉਸ ਪਗਡੰਡੀ 'ਤੇ ਤੁਰਨ ਤੋਂ ਰੋਕਣ ਦਾ ਰੋਲ ਅਦਾ ਕਰਦੀ ਹੈ ਪਰ ਜਿੱਥੇ ਅਜੇ ਸਮਾਜ ਪੁਰਾਣੀਆਂ ਲੀਹਾਂ ਉਤੇ ਹੀ ਚੱਲ ਰਿਹਾ ਹੋਵੇ, ਉੱਥੇ ਮੁਜਰਿਮ ਪ੍ਰਤਿ ਸਮਾਜ ਦਾ ਵਿਵਹਾਰ ਵੀ ਪੁਰਾਤਨ ਕਿਸਮ ਦਾ ਹੋਵੇਗਾ, ਉਥੇ ਅਜੇ ਵੀ ਲੋਕ ਆਪਣੇ ਨਾਲ ਹੋਈਆਂ ਵਧੀਕੀਆਂ ਦਾ ਆਪੇ ਹੀ ਨਿਪਟਾਰਾ ਕਰ ਲੈਂਦੇ ਹਨ।

ਇਹੀ ਕਾਰਨ ਹੈ ਕਿ ਅਜਿਹੇ ਸਮਾਜਾਂ ਵਿੱਚ ਕਤਲ, ਮਾਰ-ਧਾੜ, ਖੋਹ-ਖਿੱਚ ਆਦਿ ਵਰਤਾਰੇ ਜੀਵਨ ਦਾ ਇੱਕ ਭਾਗ ਹਨ।

ਜਿਉਂ-ਜਿਉਂ ਸਮਾਜ ਨੇ ਤਰੱਕੀ ਕੀਤੀ ਹੈ, ਤਿਉਂ-ਤਿਉਂ ਉਨ੍ਹਾਂ ਨੇਮਾਂ ਦਾ ਨਿਰਮਾਣ ਹੋਇਆ ਹੈ, ਜਿਨ੍ਹਾਂ ਅਨੁਸਾਰ ਝਗੜੇ ਦੀਆਂ ਦੋਵੇਂ ਧਿਰਾਂ ਆਪਸ ਵਿੱਚ ਹੀ ਨਜਿੱਠਣ ਦੀ ਥਾਂ ਕਿਸੇ ਤੀਜੀ ਧਿਰ ਦੀ ਸਾਲਸੀ ਪ੍ਰਵਾਨ ਕਰਦੀਆਂ ਹਨ।

ਪਹਿਲਾਂ ਅਜਿਹੀ ਸਥਿਤੀ ਵਿੱਚ ਬਹੁਤੇ ਝਗੜਿਆਂ ਦਾ ਨਿਪਟਾਰਾ ਸੌਂਹ ਖਾ ਕੇ ਕਰ ਲਿਆ ਜਾਂਦਾ ਸੀ।

ਉਸ ਸਮੇਂ ਸੌਂਹ ਦੇ ਅਰਥ ਇਹ ਸਨ ਕਿ ਦੋਵੇਂ ਧਿਰਾਂ ਕਿਸੇ ਦੈਵੀ ਸ਼ਕਤੀ (ਤੀਜੀ ਧਿਰ) ਸਾਹਮਣੇ ਹੋ ਕੇ ਫੈਸਲਾ ਕਰਦੀਆਂ ਸਨ ਪਰ ਜਦੋਂ ਇੱਕ ਹੀ ਥਾਂ ਉੱਤੇ ਕਈ ਧਰਮਾਂ, ਜਾਤੀਆਂ ਆਦਿ ਦੇ ਲੋਕ ਰਹਿਣ ਲੱਗ ਪਏ ਤਾਂ ਸੌਂਹ ਦਾ ਮਹੱਤਵ ਘੱਟਦਾ ਗਿਆ ਹੈ ਅਤੇ ਅੱਜ ਕੱਲ੍ਹ ਇਹ ਪਿਰਤ ਕੇਵਲ ਰਵਾਇਤ ਬਣ ਕੇ ਰਹਿ ਗਈ ਹੈ।

ਨਾਸਤਕ ਲਈ ਸੌਂਹ ਦੇ ਕੋਈ ਅਰਥ ਨਹੀਂ ਹੁੰਦੇ।

ਸ਼ੁਰੂ-ਸ਼ੁਰੂ ਵਿੱਚ ਹਰ ਜੁਰਮ ਦਾ ਮੁਆਵਜ਼ਾ ਨਿਰਧਾਰਤ ਸੀ ਜਿਹੜਾ ਮੁਜਰਿਮ ਆਪੇ ਤਾਰ ਦਿੰਦਾ ਸੀ ਪਰ ਜਦੋਂ ਇਹ ਕੁਝ ਕਰਨਾ-ਕਰਾਉਣਾ ਕਠਿਨ ਹੋ ਗਿਆ ਤਾਂ ਸੁਭਾਵਿਕ ਹੀ ਅਦਾਲਤ, ਪੁਲਿਸ, ਥਾਣੇ, ਜੇਲ੍ਹ ਆਦਿ ਦਾ ਨਿਰਮਾਣ ਹੋਇਆ, ਜਿਨ੍ਹਾਂ ਨੂੰ ਦੂਹਰਾ ਰੋਲ ਅਦਾ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਅਰਥਾਤ ਮੁਜਰਿਮ ਨੂੰ ਫੜਨਾ ਅਤੇ ਸਜ਼ਾ ਦੇਣੀ ਅਤੇ ਮਜ਼ਲੂਮ ਨੂੰ ਉਸ ਦਾ ਹੱਕ ਅਰਥਾਤ ਇਨਸਾਫ਼ ਦਿਵਾਉਣਾ।

ਇਵੇਂ ਅਦਾਲਤਾਂ, ਅਮਨ ਸਥਾਪਤੀ ਅਤੇ ਸਮਾਜਿਕ ਵਰਤਾਰੇ ਵਿੱਚ ਸੰਤੁਲਨ ਕਾਇਮ ਕਰਨ ਦੀਆਂ ਜ਼ਿੰਮੇਵਾਰ ਸੰਸਥਾਵਾਂ ਬਣੀਆਂ ।

ਲੋਕਾਂ ਨੂੰ ਅਮਨ-ਕਾਨੂੰਨ ਦੇ ਮਹੱਤਵ ਨੂੰ ਜਾਣਨ ਵਿੱਚ ਬੜੀ ਦੇਰ ਲੱਗੀ ਹੈ।

ਅਜੇ ਵੀ ਜੇ ਸੌ ਵਿਚੋਂ ਨੜਿਨਵੇਂ ਵਿਅਕਤੀ ਚੋਰੀ ਨਹੀਂ ਕਰਦੇ ਤਾਂ ਅਸਲ ਕਾਰਨ ਇਹ ਨਹੀਂ ਕਿ ਉਨ੍ਹਾਂ ਨੇ ਦੂਜਿਆਂ ਦੇ ਜਾਨ-ਮਾਲ ਦੀ ਕਦਰ ਕਰਨੀ ਸਿੱਖ ਲਈ ਹੈ, ਸਗੋਂ ਇਹ ਹੈ ਕਿ ਉਹ ਪੁਲਿਸ, ਅਦਾਲਤ, ਜੇਲ੍ਹ ਆਦਿ ਦੇ ਡਰ ਤੋਂ ਆਪਣੀਆਂ ਇੱਛਾਵਾਂ ਨੂੰ ਅਮਲੀ ਰੂਪ ਨਹੀਂ ਦਿੰਦੇ।

ਕਹਿੰਦੇ ਹਨ ਕਿ ਪੁਰਾਤਨ ਇਰਾਨ ਵਿੱਚ ਰਾਜੇ ਦੀ ਮੌਤ ਉਪਰੰਤ ਪੰਜ ਦਿਨ ਖੁੱਲ੍ਹੀ ਲੁੱਟ-ਮਾਰ ਕਰਨ ਦਾ ਰਿਵਾਜ ਸੀ ਤਾਂ ਕਿ ਸਾਰੇ ਲੋਕਾਂ ਨੂੰ ਰਾਜੇ ਦੀ ਅਹਿਮੀਅਤ ਅਤੇ ਕਾਨੂੰਨ ਦੀ ਲੋੜ ਦਾ ਪਤਾ ਲੱਗ ਜਾਵੇ।

ਕੁਝ ਸਾਲ ਪਹਿਲਾਂ ਜਦੋਂ ਨਿਊਯਾਰਕ ਵਿੱਚ ਇੱਕ ਸ਼ਾਮ ਨੂੰ ਬਿਜਲੀ ਫੇਲ੍ਹ ਹੋ ਗਈ ਤਾਂ ਹਨੇਰੇ ਕਾਰਨ ਸਾਰੇ ਲੋਕ ਚੋਰ ਬਣ ਕੇ ਚੀਜ਼ਾਂ ਚੁੱਕਣ ਲੱਗ ਪਏ ਸਨ।

ਮੁਕੱਦਮੇਬਾਜ਼ੀ ਇੱਕ ਦੰਗਲ ਹੈ, ਜਿਸ ਵਿੱਚ ਦੋਵੇਂ ਧਿਰਾਂ ਆਪਣੇ ਆਪਣੇ ਪਹਿਲਵਾਨਾਂ (ਵਕੀਲਾਂ) ਨੂੰ ਲੜਾਉਂਦੀਆਂ ਹਨ। ਇਸ ਦੰਗਲ ਵਿੱਚ ਸਰੀਰ ਦੀ ਥਾਂ ਦਿਮਾਗ ਭਿੜਦੇ ਹਨ, ਲਾਠੀ-ਮੁੱਕੇ ਦੀ ਥਾਂ ਦਲੀਲਾਂ ਲੜਦੀਆਂ ਹਨ ਅਤੇ ਜੱਜ ਦੋਵੇਂ ਧਿਰਾਂ ਵਿਚਕਾਰ ਰੈਫਰੀ ਦਾ ਰੋਲ ਅਦਾ ਕਰਦਾ ਹੈ।

ਹਰ ਖੇਤਰ ਵਿੱਚ ਸਾਡਾ ਹਰ ਪ੍ਰਕਾਰ ਦਾ ਕੰਮ ਕਰਨ ਲਈ ਪੇਸ਼ਾਵਰ ਵਿਅਕਤੀ ਪੈਦਾ ਹੋ ਗਏ ਹਨ। ਹੁਣ ਬੱਚਿਆਂ ਨੂੰ ਪੜ੍ਹਾਉਣਾ-ਲਿਖਾਉਣਾ ਅਸੀਂ ਆਪ ਨਹੀਂ, ਸਕੂਲਾਂ ਵਿੱਚ ਅਧਿਆਪਕ ਕਰਦੇ ਹਨ। ਹੁਣ ਦੇਸ਼ ਦੀ ਰਾਖੀ ਅਸੀਂ ਨਹੀਂ ਕਰਦੇ, ਫੌਜੀ ਕਰਦੇ ਹਨ। ਪੂਜਾ-ਪਾਠ ਅਸੀਂ ਨਹੀਂ, ਪੁਜਾਰੀ, ਗ੍ਰੰਥੀ ਜਾਂ ਪਾਦਰੀ ਕਰਦੇ ਹਨ।

ਇਵੇਂ ਹੀ ਵਕੀਲ ਪੇਸ਼ਾਵਰ ਬਲਵਾਨ ਹਨ ਅਤੇ ਅਦਾਲਤਾਂ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਬਣਾਏ ਇੱਕ ਪ੍ਰਕਾਰ ਦੇ ਅਖਾੜੇ ਹਨ। ਜਿਹੜਾ ਮਰਜ਼ੀ ਫੀਸ ਦੇ ਰੂਪ ਵਿੱਚ ਚੰਦਾ ਦੇ ਕੇ ਆਪਣੀ ਬੱਲੇ-ਬੱਲੇ ਅਤੇ ਦੂਜੇ ਦੀ ਥੂ-ਕਾਟਾ ਕਰਵਾ ਸਕਦਾ ਹੈ।

ਦੋਵੇਂ ਧਿਰਾਂ ਆਪਣੀ ਆਪਣੀ ਸਮਰੱਥਾ ਅਨੁਸਾਰ ਦੂਰੋਂ-ਦੂਰੋਂ ਪ੍ਰਸਿੱਧ ਭਲਵਾਨ ਲਿਆ ਕੇ ਲੜਾਉਂਦੀਆਂ ਹਨ, ਜਿਨ੍ਹਾਂ ਦੇ ਅੱਗੋਂ ਚੇਲੇ, ਉਨ੍ਹਾਂ ਦੀ ਸੇਵਾ-ਮਾਲਸ਼ ਕਰਨ ਲਈ ਤਿਆਰ ਰਹਿੰਦੇ ਹਨ।

ਦੰਗਲ ਵਾਂਗ ਹੀ ਪੈਂਤੜੇ ਬਦਲੇ ਜਾਂਦੇ ਹਨ, ਦਾਓ-ਪੇਚ ਖੇਡੇ ਜਾਂਦੇ ਹਨ। ਦੋਵੇਂ ਧਿਰਾਂ ਇੱਕ ਦੂਜੀ ਦੀਆਂ ਕਮਜ਼ੋਰੀਆਂ ਦਾ ਲਾਭ ਉਠਾਉਣ ਦਾ ਯਤਨ ਕਰਦੀਆਂ ਹਨ। ਦੋਵੇਂ ਧਿਰਾਂ ਜੱਜ ਦਾ ਦਿਲ-ਦਿਮਾਗ ਜਿੱਤਣ ਦਾ ਉਪਰਾਲਾ ਕਰਦੀਆਂ ਹਨ ਅਤੇ ਅੰਤ ਨੂੰ ਜੱਜ ਇੱਕ ਧਿਰ ਦੇ ਗਲੇ ਵਿਚ ਆਪਣੇ ਫੈਸਲੇ ਦੀ ਜੈ-ਮਾਲਾ ਪਾ ਦਿੰਦਾ ਹੈ।

ਮੁਕੱਦਮੇਬਾਜ਼ੀ ਵਿੱਚ ਮੁਜਰਿਮ ਦੀ ਜੁਰਮ ਪ੍ਰਤਿ ਅਸਲ ਮਰਜ਼ੀ, ਉਦੇਸ਼, ਨੀਅਤ, ਵਾਤਾਵਰਣ, ਵਿਅਕਤਿੱਤਵ, ਪਰੇਰਨਾ, ਵਰਤਾਰਾ, ਵਜ੍ਹਾ ਆਦਿ ਸਭ ਦਾ ਲੇਖਾ-ਜੋਖਾ ਕੀਤਾ ਜਾਂਦਾ ਹੈ ਅਰਥਾਤ ਜੱਜ ਫੈਸਲਾ ਕਰਨ ਤੋਂ ਪਹਿਲਾਂ ਘਟਨਾਵਾਂ ਦੇ ਪਿੱਛੇ ਛੁਪੇ ਅਸਲ ਕਾਰਨਾਂ ਨੂੰ ਜਾਣਨਾ ਚਾਹੁੰਦਾ ਹੈ।

ਦੂਜੇ ਪਾਸੇ ਜੱਜ ਦਾ ਆਪਣਾ ਹਾਜ਼ਮਾ, ਉਸ ਦੀ ਮਾਨਸਿਕ ਸਥਿਤੀ, ਉਸ ਦਾ ਮੁਜਰਿਮ ਅਤੇ ਗਵਾਹਾਂ ਪ੍ਰਤਿ ਦ੍ਰਿਸ਼ਟੀਕੋਣ, ਉਨ੍ਹਾਂ ਦੇ ਹਾਵਭਾਵ, ਵਰਤਾਰਾ, ਤੌਰ-ਤਰੀਕਾ ਆਦਿ ਨਿਰਨੇ ਤੱਕ ਪਹੁੰਚਣ ਵਿੱਚ ਸਹਾਈ ਹੁੰਦੇ ਹਨ।

ਜੇਕਰ ਕਿਸੇ ਕਾਰਨ ਜੱਜ ਦੇ ਮਨ ਵਿੱਚ ਅਸ਼ਾਂਤੀ ਹੋਵੇ ਤਾਂ ਉਹ ਕਈ ਮਹੱਤਵਪੂਰਨ ਤੱਥਾਂ ਨੂੰ ਨਜ਼ਰਅੰਦਾਜ਼ ਕਰ ਸਕਦਾ ਹੈ।

ਜੱਜ ਸਾਹਮਣੇ ਪੇਸ਼ ਕੀਤੇ ਤੱਥਾਂ ਦਾ ਪ੍ਰਭਾਵ ਜੱਜ ਦੀ ਆਪਣੀ ਸਥਿਤੀ ਅਨੁਸਾਰ ਹੀ ਉਸ ਉਤੇ ਪਵੇਗਾ। ਇੱਕ ਜੱਜ ਦੀ ਆਪਣੀ ਧੀ ਦੇ ਤਲਾਕ ਦਾ ਮੁਕਦਮਾ ਚਲ ਰਿਹਾ ਹੋਵੇ ਤਾਂ ਉਸ ਦਾ ਉਸ ਸਾਹਮਣੇ ਪੇਸ਼ ਕਿਸੇ ਹੋਰ ਦੇ ਤਲਾਕ ਦੇ ਮੁਕੱਦਮੇ ਉੱਤੇ ਅਸਰ ਪੈਣਾ ਸੁਭਾਵਿਕ ਹੈ।

ਜੱਜ ਦੀ ਮਾਨਸਿਕ ਸਥਿਤੀ ਉਤੇ ਨਿਰਭਰ ਕਰਦਾ ਹੈ ਕਿ ਉਹ ਅਪਰਾਧ ਪ੍ਰਤੀ ਅਪਨਾਏ ਆਪਣੇ ਰੁੱਖ ਅਨੁਸਾਰ ਦੋਸ਼ੀ ਨੂੰ ਛੱਡ ਦੇਵੇ ਜਾਂ ਅੰਦਰ ਕਰ ਦੇਵੇ।

ਜੱਜ ਵੀ ਇਨਸਾਨ ਹਨ, ਉਹ ਵੀ ਪਰਿਸਥਿਤੀਆਂ ਤੋਂ ਪ੍ਰਭਾਵਿਤ ਹੁੰਦੇ ਹਨ।

ਸਾਰੀਆਂ ਸਬੰਧਿਤ ਧਿਰਾਂ ਦਾ ਵਰਤਾਰਾ ਮਨੋਵਿਗਿਆਨਕ ਹੁੰਦਾ ਹੈ।

ਕਈ ਲੋਕ ਆਪਣੀਆਂ ਨਿੱਜੀ-ਰੜਕਾਂ ਕੱਢਣ ਲਈ ਅਤੇ ਦੂਜਿਆਂ ਨੂੰ ਤੰਗ ਕਰਨ ਦੀ ਨੀਅਤ ਨਾਲ ਵੀ ਮੁਕੱਦਮੇ ਕਰਨ ਲੱਗ ਪਏ ਹਨ।

ਮੁਕੱਦਮੇਬਾਜ਼ੀ ਇੱਕ ਮਹਿੰਗੀ ਅਯਾਸ਼ੀ ਬਣਦੀ ਜਾ ਰਹੀ ਹੈ।

ਵਕੀਲ ਜਾਣ-ਬੁੱਝ ਕੇ ਆਮ ਲੋਕਾਂ ਨੂੰ ਕਾਨੂੰਨ ਦੀ ਅਸਲੀਅਤ ਨਹੀਂ ਦੱਸਣਾ ਚਾਹੁੰਦੇ ਅਤੇ ਉਹ ਅਕਸਰ ਆਪਣੀ ਵਰਦੀ ਰਾਹੀਂ, ਗੁੰਝਲਦਾਰ ਤਕਨੀਕੀ ਬੋਲੀ ਅਤੇ ਸ਼ਬਦਾਵਲੀ ਰਾਹੀਂ ਅਤੇ ਗੁੰਝਲਦਾਰ ਜ਼ਾਬਤੇ ਰਾਹੀਂ ਆਮ ਲੋਕਾਂ ਦੀ ਕਾਨੂੰਨ ਪ੍ਰਤੀ ਅਗਿਆਨਤਾ ਦਾ ਭਰਪੂਰ ਲਾਭ ਉਠਾਉਂਦੇ ਹਨ।

ਵਕੀਲਾਂ ਦੇ ਰੂਪ ਵਿੱਚ ਇੱਕ ਅਜਿਹੀ ਜਮਾਤ ਪੈਦਾ ਹੋ ਗਈ ਹੈ, ਜਿਹੜੀ ਆਪਣੇ ਸੁਆਰਥਾਂ ਕਾਰਨ ਆਮ ਲੋਕਾਂ ਦੀ ਕਾਨੂੰਨ ਪ੍ਰਤਿ ਅਗਿਆਨਤਾ ਨੂੰ ਘਟਾਉਣ ਦੀ ਥਾਂ ਵਧਾਉਣ ਵਿੱਚ ਦਿਲਚਸਪੀ ਲੈ ਰਹੀ ਹੈ।

ਇਹ ਸਭ ਕੁਝ ਕੇਵਲ ਵਕਾਲਤ ਦੇ ਧੰਦੇ ਵਿੱਚ ਹੀ ਨਹੀਂ, ਹਰ ਪ੍ਰਕਾਰ ਦੇ ਦੂਜੇ ਧੰਦਿਆਂ ਵਿੱਚ ਵੀ ਵਾਪਰ ਰਿਹਾ ਹੈ।

ਮੁਕੱਦਮੇ ਵਾਲੀਆਂ ਸਥਿਤੀਆਂ ਅਤੇ ਸਮਾਜਿਕ ਅਨਿਆਇ ਦੀਆਂ ਘਟਨਾਵਾਂ ਵੱਧ ਰਹੀਆਂ ਹਨ, ਜਦੋਂ ਕਿ ਲੋਕਾਂ ਦਾ ਅਦਾਲਤਾਂ ਵਿੱਚ ਵਿਸ਼ਵਾਸ ਘੱਟ ਰਿਹਾ ਹੈ।

ਇਨਸਾਫ਼ ਮਿਲਣ ਵਿੱਚ ਦੇਰੀ ਕਾਰਨ ਲੋਕ ਪ੍ਰੇਸ਼ਾਨ ਹੁੰਦੇ ਹਨ।

ਅਦਾਲਤਾਂ ਫ਼ੈਸਲੇ ਕਰਦੀਆਂ ਹਨ, ਜ਼ਰੂਰੀ ਨਹੀਂ ਕਿ ਉਹ ਇਨਸਾਫ਼ ਵੀ ਕਰਨ।

ਇਹੀ ਇੱਕ ਕਾਰਨ ਹੈ ਕਿ ਸਮਾਜ ਵਿੱਚ ਦੰਗੇ-ਫ਼ਸਾਦ ਵੱਧ ਰਹੇ ਹਨ ਅਰਥਾਤ ਪੁਰਾਤਨ ਸਮਿਆਂ ਵਾਂਗ ਲੋਕ ਆਪਣੇ ਝਗੜਿਆਂ ਦਾ ਆਪਣੀ ਹਿੰਮਤ ਅਤੇ ਸਮਰੱਥਾ ਨਾਲ ਆਪ ਹੀ ਨਿਪਟਾਰਾ ਕਰਨ ਲੱਗ ਪਏ ਹਨ।

ਨਰਕ ਅਤੇ ਸਵਰਗ

ਵੱਖ ਵੱਖ ਧਰਮਾਂ ਨੇ ਨਰਕ ਅਤੇ ਸਵਰਗ ਨੂੰ ਵੱਖ ਵੱਖ ਢੰਗਾਂ ਨਾਲ, ਵੱਖਰੇ-ਵੱਖਰੇ ਰੂਪਾਂ ਅਤੇ ਰੰਗਾਂ ਵਿਚ ਬਿਆਨ ਕੀਤਾ ਹੈ।

ਧਾਰਮਿਕ ਵਿਸ਼ਵਾਸਾਂ ਕਾਰਨ ਹਰ ਕੋਈ ਨਰਕ ਵਿਚ ਜਾਣ ਤੋਂ ਬਚਣਾ ਚਾਹੁੰਦਾ ਹੈ ਅਤੇ ਸਵਰਗ ਵਿੱਚ ਜਾਣਾ ਚਾਹੁੰਦਾ ਹੈ।

ਇਹ ਸੋਚ ਇਸ ਤੱਥ ਦਾ ਨਤੀਜਾ ਹੈ ਕਿ ਮੌਤ ਨੂੰ ਟਾਲਿਆ ਨਹੀਂ ਜਾ ਸਕਦਾ।

ਧਰਮ, ਮੌਤ ਨੂੰ ਟਾਲ ਤਾਂ ਨਹੀਂ ਸਕਿਆ ਪਰ ਇਸ ਨੇ ਮੌਤ ਦੇ ਸੰਕਲਪ ਨੂੰ ਨਰਕ ਅਤੇ ਸਵਰਗ ਨਾਲ ਜੋੜ ਦਿੱਤਾ ਹੈ।

ਸੁਭਾਵਕ ਹੀ ਨਾਸਤਕ ਵਿਅਕਤੀ ਰੱਬ ਦੀ ਹੋਂਦ ਤੋਂ ਮੁਨਕਰ ਹੋਣ ਕਾਰਨ, ਨਰਕ-ਸਵਰਗ ਤੋਂ ਵੀ ਪ੍ਰਭਾਵਿਤ ਨਹੀਂ ਹੁੰਦੇ।

ਸੱਚ ਤਾਂ ਇਹ ਹੈ ਕਿ ਨਰਕ ਅਤੇ ਸਵਰਗ ਦੀ ਮਨੁੱਖੀ ਸੋਚ ਤੋਂ ਬਾਹਰ ਕੋਈ ਹੋਂਦ ਨਹੀਂ ਹੈ। ਹਰ ਧਰਮ ਨੇ ਨਰਕ ਦੇ ਡਰਾਵੇ ਦਿੱਤੇ ਹਨ ਅਤੇ ਸਵਰਗ ਦੇ ਲਾਰੇ ਲਾਏ ਹਨ। ਧਰਮ ਦੇ ਪ੍ਰਭਾਵ ਅਧੀਨ ਲੋਕ ਸਹਿਮਿਆ ਹੋਇਆ ਜੀਵਨ ਬਤੀਤ ਕਰਦੇ ਰਹੇ ਹਨ।

ਭਾਰਤ ਵਿੱਚ ਹਜ਼ਾਰਾਂ ਸਾਲ ਤਪੱਸਿਆ ਕੀਤੀ ਜਾਂਦੀ ਰਹੀ ਹੈ ਤਾਂ ਕਿ ਮੁਕਤੀ ਪ੍ਰਾਪਤ ਕੀਤੀ ਜਾ ਸਕੇ ਪਰ ਕਿਸੇ ਨੇ ਕਿਸੇ ਨੂੰ ਨਹੀਂ ਪੁੱਛਿਆ ਕਿ 'ਭਾਈ, ਤੁਹਾਨੂੰ ਇਸ ਜੀਵਨ ਵਿੱਚ ਤਕਲੀਫ਼ ਕੀ ਹੈ?'

ਇਸ ਪੱਖ ਤੋਂ ਕਿਹਾ ਜਾ ਸਕਦਾ ਹੈ ਕਿ ਨਰਕ ਅਤੇ ਸਵਰਗ ਦੇ ਸੰਕਲਪਾਂ ਨੇ ਨਾ ਕੇਵਲ ਮਨੁੱਖੀ ਸੋਚ ਨੂੰ ਬਲਹੀਣ ਕੀਤਾ ਹੈ, ਸਗੋਂ ਮਨੁੱਖ ਨੂੰ ਆਪਣਾ ਜੀਵਨ, ਉਸਾਰੂ ਲੀਹਾਂ ਉੱਤੇ ਪਾਉਣ ਤੋਂ ਵੀ ਰੋਕਿਆ ਹੈ।

ਨਰਕ ਅਤੇ ਸਵਰਗ ਦੇ ਸੰਕਲਪ ਉਸਾਰਨ ਵਿੱਚ ਉਤਪਾਦਨ ਦੇ ਢੰਗ, ਪ੍ਰਕ੍ਰਿਤਕ ਹਾਲਤਾਂ ਅਤੇ ਭੂਗੋਲਿਕ ਸਥਿਤੀਆਂ ਨੇ ਅਹਿਮ ਰੋਲ ਅਦਾ ਕੀਤਾ ਹੈ।

ਜਿਥੇ ਗਰਮੀ ਬਹੁਤ ਪੈਂਦੀ ਹੈ, ਉਥੇ ਕਿਹਾ ਗਿਆ ਹੈ ਕਿ ਨਰਕ ਵਿੱਚ ਕਦੀ ਨਾ ਬੁੱਝਣ ਵਾਲੀ ਅੱਗ ਲੱਗੀ ਰਹਿੰਦੀ ਹੈ ਅਤੇ ਸਵਰਗ ਵਿੱਚ ਠੰਢੀਆਂ ਹਵਾਵਾਂ ਚਲਦੀਆਂ ਹਨ। ਕਿਹਾ ਗਿਆ ਹੈ ਕਿ ਨਰਕ ਵਿੱਚ ਸੜਿਹਾਂਦ ਹੀ ਸੜਿਹਾਂਦ ਹੁੰਦੀ ਹੈ ਪਰ ਸਵਰਗ ਵਿੱਚ ਸੁਗੰਧੀਆਂ ਹੀ ਸੁਗੰਧੀਆਂ ਹੁੰਦੀਆਂ ਹਨ।

ਮੁਸਲਮਾਨਾਂ, ਯਹੂਦੀਆਂ ਅਤੇ ਈਸਾਈਆਂ ਨੇ ਸਵਰਗ ਦੇ ਜਿਹੜੇ ਨਕਸ਼ੇ ਬਣਾਏ ਹਨ ਉਨ੍ਹਾਂ ਉਤੇ, ਇਨ੍ਹਾਂ ਧਰਮਾਂ ਦੇ ਜਨਮ-ਸਥਾਨਾਂ ਦੀਆਂ ਭੂਗੋਲਿਕ ਸਥਿਤੀਆਂ ਦਾ ਡੂੰਘਾ ਪ੍ਰਭਾਵ ਪਿਆ ਹੈ।

ਉਦਾਹਰਣ ਵਜੋਂ ਉਪਰੋਕਤ ਤਿੰਨੇ ਧਰਮ ਰੇਤਲੇ ਇਲਾਕਿਆਂ ਵਿੱਚ ਜਨਮੇ, ਜਿਥੇ ਮੀਂਹ ਨਹੀਂ ਪੈਂਦਾ, ਹਰਿਆਵਲ ਨਹੀਂ ਹੁੰਦੀ, ਪਹਾੜ ਨਹੀਂ ਹੁੰਦੇ, ਝਰਨੇ-ਝੀਲਾਂ ਆਦਿ ਨਹੀਂ ਹੁੰਦੀਆਂ। ਇਹ ਸਾਰੀਆਂ ਚੀਜ਼ਾਂ ਇਨ੍ਹਾਂ ਨੇ ਸਵਰਗ ਵਿੱਚ ਪਾ ਦਿੱਤੀਆਂ ਅਰਥਾਤ ਕਿਹਾ ਗਿਆ ਕਿ ਸਵਰਗ ਵਿੱਚ ਆਬਸ਼ਾਰਾਂ ਹਨ, ਝੀਲਾਂ-ਝਰਨੇ ਹਨ, ਸਦਾ-ਬਹਾਰ ਬਾਗ ਹਨ, ਰਿਮ-ਝਿਮ ਮੀਂਹ ਪੈਂਦਾ ਹੈ, ਆਦਿ ।

ਸਪਸ਼ਟ ਹੈ ਕਿ ਰੇਤਲੇ ਇਲਾਕਿਆਂ ਦੇ ਧਰਮਾਂ ਨੇ ਸਵਰਗ ਨੂੰ ਠੰਢੀਆਂ ਅਤੇ ਸੁਖਾਵੀਆਂ ਥਾਂਵਾਂ ਵਜੋਂ ਪੇਸ਼ ਕੀਤਾ ਹੈ।

ਦੂਜੇ ਪਾਸੇ ਸਦਾ ਬਰਫ਼ ਨਾਲ ਢਕੀਆਂ ਥਾਂਵਾਂ ਉੱਤੇ ਰਹਿਣ ਵਾਲੇ ਲੋਕਾਂ ਦਾ ਸਵਰਗ ਦਾ ਸੰਕਲਪ ਬਿਲਕੁਲ ਵੱਖਰਾ ਹੈ। ਠੰਡੇ ਇਲਾਕਿਆਂ ਦੇ ਲੋਕਾਂ ਲਈ ਸਵਰਗ ਅਜਿਹੀ ਥਾਂ ਹੈ, ਜਿਥੇ ਹਰ ਸਮੇਂ ਸੂਰਜ ਚਮਕਦਾ ਹੈ, ਜਿਥੇ ਗਰਮ ਪਾਣੀ ਦੇ ਚਸ਼ਮੇ ਹਨ, ਜਿੱਥੇ ਘੁੰਮਣ-ਫਿਰਨ ਦੀਆਂ ਖੁੱਲ੍ਹਾਂ ਹਨ।

ਇਵੇਂ ਹੀ ਮੁਸਲਮਾਨਾਂ ਵਿੱਚ ਪਰਦੇ ਦੀ ਰਸਮ ਕਰ ਕੇ ਔਰਤ ਦਾ ਚਿਹਰਾ ਵੇਖਣਾ ਨਸੀਬ ਨਹੀਂ ਹੁੰਦਾ, ਸੋ ਕਿਹਾ ਜਾਣ ਲੱਗ ਪਿਆ ਕਿ ਸਵਰਗ ਵਿੱਚ ਹੂਰਾਂ ਮਿਲਣਗੀਆਂ। ਕਿਉਂਕਿ ਆਮ ਕਰ ਕੇ ਮੌਤ ਬੁਢਾਪੇ ਵਿੱਚ ਆਉਂਦੀ ਹੈ, ਇਸ ਲਈ ਇਹ ਵਿਚਾਰ ਪ੍ਰਚਾਰਿਆ ਗਿਆ ਕਿ ਸਵਰਗ ਵਿੱਚ ਹਰ ਕੋਈ ਸਦਾ ਜਵਾਨੀ, ਤੰਦਰੁਸਤੀ ਅਤੇ ਸੁੰਦਰਤਾ ਦੀ ਅਵਸਥਾ ਵਿੱਚ ਵਿਚਰਦਾ ਹੈ।

ਦੂਜੇ ਪਾਸੇ ਸ਼ਰਧਾਲੂਆਂ ਨੂੰ ਡਰਾਉਣ ਲਈ ਕਿਹਾ ਗਿਆ ਕਿ ਨਰਕ ਵਿੱਚ ਹਰ ਵੇਲੇ ਰੋਣ-ਪਿੱਟਣ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਹਨ, ਕੀੜੀਆਂ-ਮਕੌੜੇ ਵੱਢ-ਵੱਢ ਖਾਂਦੇ ਹਨ, ਖਾਜ ਕਰਨ ਤੋਂ ਹੀ ਵਿਹਲ ਨਹੀਂ ਮਿਲਦੀ, ਉਥੇ ਹਰ ਕੋਈ ਬੁੱਢਾ, ਹੋਰ ਬੁੱਢਾ ਹੋਈ ਜਾਂਦਾ ਹੈ।

ਸਪੱਸ਼ਟ ਹੈ ਕਿ ਧਰਮ ਨੇ ਨਰਕ ਦੇ ਸੰਕਲਪ ਵਿੱਚ ਉਹ ਸਾਰੇ ਦੁੱਖ ਪਾ ਦਿੱਤੇ ਹਨ, ਜਿਨ੍ਹਾਂ ਦਾ ਸਾਹਮਣਾ ਸ਼ਰਧਾਲੂਆਂ ਨੂੰ ਜੀਵਨ-ਭਰ ਆਪਣੀ ਉਪਜੀਵਕਾ ਕਮਾਉਣ ਲਈ ਕਰਨਾ ਪੈਂਦਾ ਹੈ ਅਤੇ ਸਵਰਗ 'ਚ ਉਹ ਸਾਰੇ ਸੁੱਖ ਪਾ ਦਿੱਤੇ ਹਨ, ਜਿਨ੍ਹਾਂ ਲਈ ਸ਼ਰਧਾਲੂਆਂ ਦਾ ਦਿਲ ਤਾਂਘਦਾ ਰਹਿੰਦਾ ਹੈ।

ਕਿਹਾ ਜਾਂਦਾ ਹੈ ਕਿ ਨਰਕ ਵਿੱਚ ਅਸ਼ਾਂਤ ਰੂਹਾਂ ਨਿਰੰਤਰ ਭਟਕਣ ਵਿੱਚ ਪਈਆਂ, ਕੁਰਲਾਉਂਦੀਆਂ ਰਹਿੰਦੀਆਂ ਹਨ।

ਸਵਰਗ ਨੂੰ ਧਰਤੀ ਤੋਂ ਉੱਪਰ ਕਿਆਸਿਆ ਗਿਆ ਹੈ, ਜਦੋਂ ਕਿ ਨਰਕ ਨੂੰ ਧਰਤੀ ਤੋਂ ਨੀਵਾਂ। ਅਸਮਾਨ ਆਸਾਂ ਉਮੀਦਾਂ ਦਾ ਪ੍ਰਤੀਕ ਹੁੰਦਾ ਹੈ, ਜਦੋਂ ਕਿ ਖੂਹ ਨਰਕ ਦਾ

ਪ੍ਰਤੀਕ ਹੈ। ਅਸਮਾਨ ਵਿੱਚ ਚਾਨਣਾ, ਖੁੱਲ੍ਹ ਅਤੇ ਸੁਤੰਤਰਤਾ ਹੈ ਜਦੋਂ ਕਿ ਖੂਹ ਵਿੱਚ ਹਨੇਰਾ, ਸਲ੍ਹਾਬ ਅਤੇ ਤੰਗੀ ਹੁੰਦੀ ਹੈ।

ਨਰਕ ਅਤੇ ਸਵਰਗ ਦਾ ਸੰਕਲਪ, ਜਿਊਂਦਿਆਂ ਨੂੰ ਮਰਿਆਂ ਨਾਲੋਂ ਅਤੇ ਇਸ ਸੰਸਾਰ ਨੂੰ ਦੂਜੇ ਸੰਸਾਰ ਨਾਲੋਂ ਨਿਖੇੜਨ ਲਈ ਵੀ ਵਰਤਿਆ ਜਾਂਦਾ ਰਿਹਾ ਹੈ।

ਨਰਕ, ਦੰਡ ਦਾ ਪ੍ਰਤੀਕ ਹੈ, ਜਦੋਂ ਕਿ ਸਵਰਗ ਇੱਕ ਪ੍ਰਕਾਰ ਦਾ ਇਨਾਮ ਹੈ।

ਇਨ੍ਹਾਂ ਅਰਥਾਂ ਵਿੱਚ ਹੀ ਅਸੀਂ ਜੀਵਨ ਵਿੱਚ ਨਰਕ ਅਤੇ ਸਵਰਗ ਸ਼ਬਦਾਂ ਦੀ ਵਰਤੋਂ ਕਰਦੇ ਰਹਿੰਦੇ ਹਾਂ।

ਮਰਨ ਉਪਰੰਤ ਵਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ ਕੀਤੀ ਜਾਣ ਵਾਲੀ ਅਰਦਾਸ ਦਾ ਆਧਾਰ ਵੀ ਇਹ ਹੈ ਕਿ ਸੰਗਤ, ਅਰਦਾਸ ਰਾਹੀਂ ਗੁਰੂ ਮਹਾਰਾਜ ਨੂੰ ਸਿਫ਼ਾਰਸ਼ ਕਰਦੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣਾ, ਅਰਥਾਤ ਇਹ ਨਿਸ਼ਚਤ ਹੈ ਕਿ ਗੁਰੂ ਜੀ ਜ਼ਰੂਰ ਹੀ ਸਵਰਗ ਵਿੱਚ ਹਨ ਅਤੇ ਉਨ੍ਹਾਂ ਦੇ ਚਰਨਾਂ ਵਿੱਚ ਰਹਿਣ ਵਾਲਾ ਵੀ ਸਵਰਗ ਦਾ ਵਾਸੀ ਬਣ ਜਾਵੇਗਾ।

ਹਰ ਇੱਕ ਧਰਮ ਵਿੱਚ ਨਰਕ ਅਤੇ ਸਵਰਗ ਤੋਂ ਇੱਕ ਵੱਖਰਾ ਸੰਕਲਪ ਵੀ ਹੈ, ਜਿਸ ਨੂੰ ਬੈਕੁੰਠ ਕਹਿੰਦੇ ਹਨ। ਅੰਗਰੇਜ਼ੀ ਵਿੱਚ 'ਪੈਰਾਡਾਈਜ਼' ਅਤੇ 'ਹੈਵਨ' ਵਿੱਚ ਅੰਤਰ ਹੈ। ਭੈੜੀਆਂ ਰੂਹਾਂ ਨਰਕ (ਹੈੱਲ) ਵਿੱਚ ਜਾਂਦੀਆਂ ਹਨ, ਚੰਗੀਆਂ ਰੂਹਾਂ ਸਵਰਗ (ਹੈਵਨ) ਵਿੱਚ ਜਾਂਦੀਆਂ ਹਨ ਪਰ ਰੱਬ, ਬੈਕੁੰਠ (ਪੈਰਾਡਾਈਜ਼) ਵਿੱਚ ਰਹਿੰਦਾ ਹੈ।

ਬੈਕੁੰਠ ਦੀ ਸਥਿਤੀ ਨਰਕ ਅਤੇ ਸਵਰਗ ਦੇ ਵਿਚਕਾਰ ਮਿਥੀ ਗਈ ਹੈ, ਜਿਥੇ ਮਰਨ ਉਪਰੰਤ, ਵਿਅਕਤੀ ਦੇ ਕਰਮਾਂ ਦੇ ਆਧਾਰ ਉੱਤੇ, ਉਸ ਨੂੰ ਨਰਕ ਜਾਂ ਸਵਰਗ ਵਿੱਚ ਭੇਜਿਆ ਜਾਂਦਾ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਨਰਕ ਦੇ ਦਰਵਾਜ਼ੇ ਸਦਾ ਖੁੱਲ੍ਹੇ ਰਹਿੰਦੇ ਹਨ ਪਰ ਸਵਰਗ ਦਾ ਰਾਹ, ਸੂਈ ਦੇ ਨੱਕੇ ਨਾਲੋਂ ਵੀ ਤੰਗ ਹੈ।

ਜੇ ਚੰਗੇ ਕਰਮ ਕੀਤੇ ਹੋਣ ਤਾਂ ਸਵਰਗ ਦੇ ਪੁਲ ਚੌੜੇ ਹੋ ਜਾਂਦੇ ਹਨ ਅਤੇ ਪਰੀਆਂ ਸਵਾਗਤ ਲਈ ਆਉਂਦੀਆਂ ਹਨ। ਵਾਸਤਵ ਵਿਚ ਇਹ ਸਾਰਾ ਕੁਝ ਮਨੁੱਖ ਨੂੰ ਧਰਮ ਦੀ ਦ੍ਰਿਸ਼ਟੀ ਤੋਂ ਮਾੜੇ ਕੰਮ ਕਰਨ ਤੋਂ ਰੋਕਣ ਅਤੇ ਚੰਗੇ ਕੰਮ ਕਰਨ ਲਈ ਉਤਸ਼ਾਹ ਦੇਣ ਦੇ ਉਦੇਸ਼ ਨਾਲ ਕਿਹਾ ਜਾਂਦਾ ਰਿਹਾ ਹੈ।

ਹਰ ਧਰਮ ਨੇ 'ਚੰਗੇ' ਅਤੇ 'ਮਾੜੇ' ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।

ਹਿੰਦੂ ਧਰਮ ਅਨੁਸਾਰ ਕਰਮਾਂ ਦੇ ਆਧਾਰ ਉਤੇ, ਵਿਅਕਤੀ ਨੇ ਇਸ ਸੰਸਾਰ ਵਿੱਚ ਮੁੜ ਕੇ ਆਉਣਾ ਹੁੰਦਾ ਹੈ ਅਤੇ ਉਸ ਨੇ ਆਪਣੇ ਕਰਮਾਂ ਦੇ ਆਧਾਰ ਉੱਤੇ, ਇੱਕੀ ਨਰਕਾਂ ਵਿੱਚੋਂ ਕਿਸੇ ਇੱਕ ਨਰਕ ਵਿੱਚ, ਸਜ਼ਾ ਵੀ ਭੁਗਤਣੀ ਹੁੰਦੀ ਹੈ।

ਹਿੰਦੂ ਧਰਮ ਅਨੁਸਾਰ ਜਨਮਾਂ ਦਾ ਚੱਕਰ ਉਦੋਂ ਤੱਕ ਚੱਲਦਾ ਰਹੇਗਾ, ਜਦੋਂ ਤੱਕ ਆਤਮਾ ਦੀ ਮੁਕਤੀ ਨਹੀਂ ਹੋ ਜਾਂਦੀ।

ਬੁੱਧ ਧਰਮ ਵੀ ਦੁੱਖਾਂ-ਸੁੱਖਾਂ ਨੂੰ ਕਰਮਾਂ ਦਾ ਫਲ ਮੰਨਦਾ ਹੈ।

ਬੁੱਧ ਧਰਮ ਅਨੁਸਾਰ ਮਰੇ ਵਿਅਕਤੀ ਦੇ ਮੁਕੱਦਮੇ ਦੀ ਸੁਣਵਾਈ ਉਣੰਜਾ ਦਿਨ ਹੁੰਦੀ ਹੈ ਅਤੇ ਇਸ ਉਪਰੰਤ ਉਸ ਨੂੰ ਨਰਕ ਜਾਂ ਸਵਰਗ ਵਿੱਚ ਰਹਿਣ ਲਈ ਆਗਿਆ ਮਿਲ ਜਾਂਦੀ ਹੈ।

ਸਪੱਸ਼ਟ ਹੈ ਕਿ ਹਰ ਧਰਮ ਨੇ ਅਤੇ ਫਿਰਕੇ ਨੇ ਨਰਕ ਅਤੇ ਸਵਰਗ ਬਾਰੇ ਆਪਣੀ ਲੋੜ ਅਤੇ ਸਥਿਤੀ ਅਨੁਸਾਰ ਭਿੰਨ-ਭਿੰਨ ਤਰਕ ਉਸਾਰੇ ਹੋਏ ਹਨ।

ਨਰਕ ਅਤੇ ਸਵਰਗ ਦੀ ਹੋਂਦ ਮਨੁੱਖੀ ਕਲਪਨਾ ਵਿੱਚ ਹੀ ਹੈ।

ਵਿਗਿਆਨ ਦੇ ਪ੍ਰਭਾਵ ਨਾਲ ਧਰਮ ਦਾ ਪ੍ਰਭਾਵ ਘੱਟ ਰਿਹਾ ਹੈ ਅਤੇ ਮਨੁੱਖੀ ਸੋਚ ਉੱਤੇ, ਨਰਕ ਅਤੇ ਸਵਰਗ ਦੇ ਸੰਕਲਪਾਂ ਦੀ ਪਕੜ ਵੀ ਢਿੱਲੀ ਪੈ ਰਹੀ ਹੈ। ਯਥਾਰਥਵਾਦ ਜਾਂ ਪਦਾਰਥਵਾਦ ਅਨੁਸਾਰ, ਇਹ ਸੰਸਾਰ ਹੀ ਸੱਚ ਹੈ ਅਤੇ ਇਸ ਤੋਂ ਇਲਾਵਾ ਕੋਈ ਹੋਰ ਸੱਚਾਈ ਨਹੀਂ ਹੈ।

ਇਸ ਨਵੀਂ ਵਿਚਾਰਧਾਰਾ ਦਾ ਅਸਰ ਇਹ ਹੋਇਆ ਹੈ ਕਿ ਮਨੁੱਖ ਦਾ ਆਪਣੇ ਆਪ ਵਿੱਚ ਵਿਸ਼ਵਾਸ ਵਧਿਆ ਹੈ ਅਤੇ ਹੁਣ ਉਹ ਨਰਕ ਦੇ ਡਰਾਵਿਆਂ ਅਤੇ ਸਵਰਗ ਦੇ ਲਾਰਿਆਂ ਦੀ ਪਹਿਲਾਂ ਵਾਂਗ ਪ੍ਰਵਾਹ ਨਹੀਂ ਕਰਦਾ।

ਭੂਤ-ਪ੍ਰੇਤ

ਭੂਤ-ਪ੍ਰੇਤ ਮਨੁੱਖ ਦੇ ਅੰਦਰਲੇ ਡਰ ਦਾ ਬਾਹਰਮੁਖੀ ਪ੍ਰਗਟਾਵਾ ਹੁੰਦੇ ਹਨ।

ਆਤਮ-ਵਿਸ਼ਵਾਸ ਵਾਲਾ ਮਨੁੱਖ ਭੂਤਾਂ-ਪ੍ਰੇਤਾਂ ਤੋਂ ਨਹੀਂ ਡਰਦਾ।

ਉਤਪਾਦਕ-ਰਿਸ਼ਤੇ, ਪ੍ਰਕ੍ਰਿਤਕ ਸਥਿਤੀਆਂ, ਧਰਮ, ਇਤਿਹਾਸ, ਵਿਦਿਆ ਦਾ ਪੱਧਰ ਆਦਿ ਪੱਖ, ਭੂਤਾਂ-ਪ੍ਰੇਤਾਂ ਸਬੰਧੀ ਸੰਕਲਪ ਉਸਾਰਨ ਜਾਂ ਭੂਤਾਂ-ਪ੍ਰੇਤਾਂ ਤੋਂ ਮੁਕਤ ਹੋਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ।

ਜੀਵਨ ਪ੍ਰਤੀ ਦ੍ਰਿਸ਼ਟੀਕੋਣ ਅਤੇ ਉਪਜੀਵਕਾ ਦੇ ਸਾਧਨ ਸਾਡੀ ਨਿਰਾਸਤਾ ਜਾਂ ਆਤਮ-ਵਿਸ਼ਵਾਸ ਨੂੰ ਨਿਰਧਾਰਤ ਕਰਦੇ ਹਨ। ਨਿਰਾਸ ਵਿਅਕਤੀ ਦੀ ਕਮਜ਼ੋਰ ਸੋਚ ਉਂਜ ਹੀ ਭੂਤ-ਪ੍ਰੇਤ ਸਿਰਜਦੀ ਰਹਿੰਦੀ ਹੈ। ਪ੍ਰਕ੍ਰਿਤਕ ਸਥਿਤੀਆਂ ਵੀ ਭੂਤ-ਪ੍ਰੇਤ ਦੀ ਸਿਰਜਣਾ ਵਿੱਚ ਰੋਲ ਅਦਾ ਕਰਦੀਆਂ ਹਨ।

ਭੂਤ-ਪ੍ਰੇਤ ਹਨੇਰੀਆਂ ਥਾਂਵਾਂ ਅਤੇ ਕਾਲੀਆਂ ਰਾਤਾਂ ਦੇ ਵਾਸੀ ਹੁੰਦੇ ਹਨ। ਜਿਥੇ-ਜਿਥੇ ਹਨੇਰਾ ਖਤਮ ਹੋ ਰਿਹਾ ਹੈ, ਉਥੇ-ਉਥੇ ਭੂਤ-ਪ੍ਰੇਤ ਵੀ ਖਤਮ ਹੋ ਰਹੇ ਹਨ।

ਧਰਮ, ਮਨੁੱਖ ਨੂੰ ਨਰਕ ਦੇ ਡਰਾਵੇ ਦਿੰਦਾ ਅਤੇ ਉਸ ਦੀ ਸੋਚ ਨੂੰ ਕਮਜ਼ੋਰ ਕਰਦਾ ਹੈ। ਧਰਮ ਫੈਲਿਆ ਹੀ ਉਥੇ ਹੈ, ਜਿਥੇ ਲੋਕ ਸਰੀਰਕ ਅਤੇ ਸੋਚ ਦੇ ਪੱਖੋਂ ਕਮਜ਼ੋਰ ਹਨ। ਕਮਜ਼ੋਰ ਵਿਅਕਤੀ ਡਰਪੋਕ ਹੁੰਦਾ ਹੈ, ਇਸ ਕਰਕੇ ਉਹ ਵਧੇਰੇ ਧਾਰਮਿਕ ਹੁੰਦਾ ਹੈ।

ਨਾਸਤਕ ਬਣ ਹੀ ਉਹ ਸਕਦਾ ਹੈ, ਜਿਹੜਾ ਸਰੀਰਕ ਪੱਖੋਂ ਅਤੇ ਸੋਚ ਪੱਖੋਂ ਸ਼ਕਤੀਸ਼ਾਲੀ ਹੋਏ।

ਅਜਿਹਾ ਵਿਅਕਤੀ ਭੂਤ-ਪ੍ਰੇਤ ਤਾਂ ਕੀ ਉਹ ਰੱਬ ਦੀ ਵੀ ਪ੍ਰਵਾਹ ਨਹੀਂ ਕਰਦਾ।

ਜੇ ਸਾਡੇ ਇਤਿਹਾਸ ਦਾ ਆਧਾਰ ਧਰਮ ਹੈ ਤਾਂ ਸਾਡੇ ਜੀਵਨ ਵਿੱਚ ਵਹਿਮ-ਭਰਮ ਆਮ ਹੋਣਗੇ। ਭੂਤ-ਪ੍ਰੇਤ ਵਹਿਮਾਂ-ਭਰਮਾਂ ਦੀ ਉਪਜ ਹੁੰਦੇ ਹਨ।

ਅਨਪੜ੍ਹ ਵਿਅਕਤੀ ਅੰਧ-ਵਿਸ਼ਵਾਸੀ ਹੋਣ ਕਾਰਨ, ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਨੂੰ ਝੱਟ ਮੰਨ ਜਾਂਦਾ ਹੈ।

ਭੂਤ-ਪ੍ਰੇਤ ਚਿਮੜਦੇ ਹੀ ਅਨਪੜ੍ਹਾਂ ਨੂੰ ਹਨ। ਪੁਰਸ਼ਾਂ ਦੇ ਮੁਕਾਬਲੇ ਔਰਤਾਂ ਨੂੰ ਭੂਤ, ਵਧੇਰੇ ਚਿਮੜਦੇ ਹਨ।

ਸ਼ਹਿਰੀਆਂ ਦੇ ਮੁਕਾਬਲੇ ਪੇਂਡੂਆਂ ਨੂੰ, ਭੂਤਾਂ-ਪ੍ਰੇਤਾਂ 'ਤੇ ਵਧੇਰੇ ਵਿਸ਼ਵਾਸ ਹੁੰਦਾ ਹੈ।

ਮਨੁੱਖ ਦਾ ਆਪਣੇ ਆਪ ਵਿੱਚ ਵਿਸ਼ਵਾਸ ਅਜੇ ਇਸ ਹੱਦ ਤੱਕ ਨਹੀਂ ਉਸਰਿਆ ਕਿ ਉਹ ਰੱਬ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਏ।

ਅੰਧ-ਵਿਸ਼ਵਾਸਾਂ ਦੇ ਵਿਰੋਧ ਕਾਰਨ ਸਮਾਜਵਾਦੀ ਦੇਸ਼ਾਂ ਵਿੱਚ ਭੂਤ-ਪ੍ਰੇਤ ਜਾਣ ਤੋਂ ਡਰਦੇ ਹਨ ਦੂਜੇ ਪਾਸੇ ਸਰਮਾਏਦਾਰੀ ਦੇਸ਼ਾਂ ਵਿੱਚ ਕਈ ਇਮਾਰਤਾਂ ਇਸ ਲਈ ਖਾਲੀ ਪਈਆਂ ਹਨ, ਕਿਉਂਕਿ ਉਨ੍ਹਾਂ ਵਿੱਚ ਭੂਤ ਰਹਿੰਦੇ ਹਨ।

ਭੂਤ-ਪ੍ਰੇਤ ਮਨ ਦਾ ਵਹਿਮ ਹਨ, ਹਨੇਰੇ ਤੋਂ ਉਪਜਿਆ ਡਰ ਹਨ, ਇਕੱਲੇ ਹੋਣ ਦੀ ਸਥਿਤੀ ਵਿੱਚ, ਮਨੁੱਖ ਦੇ ਨਿਆਸਰੇਪਣ ਦਾ ਪ੍ਰਗਟਾਵਾ ਹਨ।

ਬੁੱਢੀ ਉਮਰ ਵਿੱਚ ਮਰਨ ਵਾਲੇ ਵਿਅਕਤੀ ਦਾ ਭੂਤ ਨਹੀਂ ਬਣਦਾ।

ਭੂਤ-ਪ੍ਰੇਤ ਬਣਦੇ ਹੀ ਅਸਾਧਾਰਨ ਅਤੇ ਅਸੰਤੁਸ਼ਟ ਮੌਤਾਂ ਤੋਂ ਹਨ।

ਜਦੋਂ ਮਨ ਵਿੱਚ ਕੋਈ ਸਹਿਮ ਬੈਠ ਜਾਏ ਤਾਂ ਇਹ ਕਈ ਰੂਪਾਂ ਵਿੱਚ ਪ੍ਰਗਟ ਹੁੰਦਾ ਹੈ ਅਤੇ ਭੂਤ-ਪ੍ਰੇਤ ਵੀ ਇਕ ਰੂਪ ਹਨ।

ਵਹਿਮਾਂ-ਭਰਮਾਂ ਵਿੱਚ ਰਹਿਣ ਵਾਲੇ ਲੋਕ ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਵਧਾ ਚੜ੍ਹਾ ਕੇ ਦੱਸਦੇ ਹਨ। ਅਜਿਹੇ ਵਿਅਕਤੀ ਕਹਿਣਗੇ ਕਿ ਭੂਤ ਦਾ ਪ੍ਰਛਾਵਾਂ ਨਹੀਂ ਹੁੰਦਾ, ਭੂਤ ਸਦਾ ਪੁੱਠਾ ਟੁਰਦਾ ਹੈ, ਇਹ ਆਪਣਾ ਸ਼ਿਕਾਰ ਲੱਭ ਹੀ ਲੈਂਦਾ ਹੈ।

ਇਹੀ ਲੋਕ ਕਹਿਣਗੇ ਕਿ ਭੂਤ ਅੱਗ ਤੋਂ ਡਰਦਾ ਹੈ ਅਰਥਾਤ ਰੋਸ਼ਨੀ ਤੋਂ ਦੌੜਦਾ ਹੈ, ਇਸੇ ਲਈ ਮੜ੍ਹੀ ਉਦੇ ਦੀਵਾ ਬਾਲਿਆ ਜਾਂਦਾ ਹੈ ਅਤੇ ਨਵ-ਜੰਮੇ ਬੱਚੇ ਦੇ ਕਮਰੇ ਵਿੱਚ ਰਾਤ ਨੂੰ ਕੋਈ ਨਾ ਕੋਈ ਰੋਸ਼ਨੀ ਰੱਖੀ ਜਾਂਦੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਪ੍ਰੇਤ ਧਾਤ ਤੋਂ ਡਰਦਾ ਹੈ, ਇਸ ਲਈ ਮੁੰਦਰੀ ਜਾਂ ਕੜਾ ਪਾਇਆ ਜਾਂਦਾ ਹੈ ਅਤੇ ਨਵ-ਜੰਮੇ ਬਾਲ ਦੇ ਬਿਸਤਰੇ ਨੇੜੇ ਕੁਹਾੜੀ ਜਾਂ ਕੋਈ ਹੋਰ ਲੋਹੇ ਦੀ ਚੀਜ਼ ਰੱਖੀ ਜਾਂਦੀ ਹੈ।

ਇਹ ਵਹਿਮ ਵੀ ਹੈ ਕਿ ਭੂਤ-ਪ੍ਰੇਤ ਗਲੇ, ਗੁੱਟ ਜਾਂ ਗਿੱਟੇ ਨੂੰ ਪਕੜਦੇ ਹਨ, ਇਸੇ ਲਈ ਬਚਾਓ ਵਾਸਤੇ ਔਰਤਾਂ ਇਨ੍ਹਾਂ ਥਾਂਵਾਂ 'ਤੇ ਗਹਿਣੇ ਪਾਉਂਦੀਆਂ ਹਨ, ਕਿਉਂਕਿ ਵਿਸ਼ਵਾਸ ਹੈ ਕਿ ਭੂਤ ਚਮਕਦਾਰ ਚੀਜ਼ਾਂ ਤੋਂ ਭੱਜਦੇ ਹਨ।

ਭਾਰਤ ਵਿੱਚ ਭੂਤ ਚਿੱਟੇ ਕੱਪੜੇ ਪਾਉਂਦੇ ਹਨ, ਜਦੋਂ ਕਿ ਯੋਰਪ ਵਿੱਚ ਕਾਲੇ।

ਭਾਰਤ ਵਿੱਚ ਚਿੱਟੇ ਕੱਪੜੇ, ਸਾਡੇ ਦੇਸ਼ ਦੇ ਪੌਣਪਾਣੀ ਅਨੁਸਾਰ ਸੁਖਾਵੇਂ ਹਨ।

ਸਾਡੇ ਭੂਤ ਵੀ ਕੱਪੜੇ ਪਾਉਣ ਵਿੱਚ ਪੌਣਪਾਣੀ ਦਾ ਖਿਆਲ ਰੱਖਦੇ ਹਨ।

ਚਿੱਟੇ ਕੱਪੜਿਆਂ ਦਾ ਇੱਕ ਕਾਰਨ ਇਹ ਹੈ ਕਿ ਅਸੀਂ ਅਚੇਤ ਹੀ ਚਿੱਟੇ ਕੱਪੜੇ ਪਾਉਣ ਵਾਲੇ ਬਾਬਿਆਂ ਤੋਂ ਡਰਦੇ ਹਾਂ। ਬੱਚੇ ਦੇ ਮਨ ਵਿੱਚ ਚਿੱਟੇ ਕੱਪੜਿਆਂ ਵਾਲੇ ਡਾਕਟਰ ਦਾ ਡਰ ਬਚਪਨ ਵਿੱਚ ਹੀ ਬਹਿ ਜਾਂਦਾ ਹੈ। ਸਾਡੇ ਦੇਸ਼ ਵਿੱਚ ਮੁਰਦੇ ਨੂੰ ਚਿੱਟੇ ਕੱਪੜੇ ਪੁਆਏ ਜਾਂਦੇ ਹਨ, ਯੋਰਪ ਵਿੱਚ ਠੰਢ ਕਾਰਨ ਗੂਹੜੇ ਜਾਂ ਕਾਲੇ ਕੱਪੜੇ ਪਾਏ ਜਾਂਦੇ ਹਨ ਅਤੇ ਉਥੇ ਭੂਤ ਵੀ ਇਹੀ ਕੱਪੜੇ ਪਹਿਨਦੇ ਹਨ।

ਉਂਜ ਕਾਲਾ ਰੰਗ ਭੇਤ, ਜਾਦੂ, ਧੋਖੇ, ਮੌਤ ਆਦਿ ਦਾ ਵੀ ਰੰਗ ਹੈ।

ਅਸੀਂ ਜਿਊਂਦਿਆਂ ਤੋਂ ਨਹੀਂ ਡਰਦੇ ਪਰ ਮੁਰਦੇ ਤੋਂ ਇਸ ਲਈ ਡਰਦੇ ਹਾਂ ਕਿ ਕਿਧਰੇ ਉੱਠ ਕੇ ਚਿਮੜ ਹੀ ਨਾ ਜਾਏ।

ਭੂਤ-ਪ੍ਰੇਤ ਅਸਲ ਵਿੱਚ ਸਾਡੇ ਮਨ ਅੰਦਰ ਬੈਠੇ ਮੌਤ ਦੇ ਡਰ ਅਤੇ ਮਰ ਜਾਣ ਦੇ ਸਹਿਮ ਵਿੱਚੋਂ ਉਪਜਦੇ ਹਨ।

ਪੰਜਾਬ ਵਿੱਚ ਭੂਤ ਪੰਜਾਬੀ ਬੋਲਦੇ ਹਨ, ਜਦੋਂ ਕਿ ਬਿਹਾਰ ਦੇ ਭੂਤ ਹਿੰਦੀ ਬੋਲਦੇ ਹਨ। ਉਪਰੋਕਤ ਚਰਚਾ ਦਾ ਉਦੇਸ਼ ਇਹ ਸਿੱਧ ਕਰਨਾ ਹੈ ਕਿ ਭੂਤ-ਪ੍ਰੇਤ ਵਿਸ਼ੇਸ਼ ਇਲਾਕੇ ਦੇ ਲੋਕਾਂ ਦੇ ਡਰ ਅਤੇ ਸਹਿਮ ਦਾ ਹੀ ਪ੍ਰਗਟਾਵਾ ਹੁੰਦੇ ਹਨ।

ਘਰ ਵਿੱਚ ਇਕੱਲੇ ਹੋਣ ਦੀ ਸੂਰਤ ਵਿੱਚ ਉਂਜ ਹੀ ਡਰ ਲੱਗਦਾ ਰਹਿੰਦਾ ਹੈ।

ਡਰ ਦਾ ਅਸਲ ਕਾਰਨ ਅਤੇ ਸਰੋਤ ਮੌਤ ਹੈ।

ਅਸੀਂ ਮੌਤ ਤੋਂ ਡਰਦੇ ਹਾਂ ਅਤੇ ਭੂਤ-ਪ੍ਰੇਤ ਮੌਤ ਨਾਲ ਸਬੰਧਤ ਹੋਣ ਕਾਰਨ ਸਾਡੇ ਲਈ ਡਰ ਦਾ ਕਾਰਨ ਬਣਦੇ ਹਨ।

ਭੂਤ-ਪ੍ਰੇਤ ਆਪਣੇ ਜਾਣੂਆਂ-ਪਛਾਣੂਆਂ ਨੂੰ ਹੀ ਮਿਲਦੇ ਹਨ।

ਕਾਤਲ ਨੂੰ ਕਤਲ ਹੋਏ ਵਿਅਕਤੀ ਦਾ ਭੂਤ ਮਿਲਦਾ ਹੈ।

ਭੂਤ ਇਸ ਵਹਿਮ ਦੀ ਉਪਜ ਹਨ ਕਿ ਜਦੋਂ ਤੱਕ ਆਤਮਾ ਨੂੰ ਮੁਕਤੀ ਨਹੀਂ ਮਿਲਦੀ, ਆਤਮਾ ਭਟਕਦੀ ਰਹਿੰਦੀ ਹੈ ਅਤੇ ਭਟਕਣ ਦੌਰਾਨ ਇਹ ਕਿਸੇ ਵੀ ਸਰੀਰ ਵਿੱਚ ਪ੍ਰਵੇਸ਼ ਕਰਕੇ ਨਿਵਾਸ ਕਰ ਸਕਦੀ ਹੈ।

ਮਰਨ ਉਪਰੰਤ ਸੰਸਕਾਰ ਦੀਆਂ ਸਾਰੀਆਂ ਰਸਮਾਂ ਆਤਮਾ ਦੀ ਮੁਕਤੀ ਜਾਂ ਗਤੀ ਦੇ ਹੀ ਉਪਰਾਲੇ ਹੁੰਦੇ ਹਨ, ਅਰਥਾਤ ਆਤਮਾ ਭੂਤ ਬਣ ਕੇ ਭਟਕਦੀ ਨਾ ਰਹੇ।

ਜਦੋਂ ਕੋਈ ਵਿਅਕਤੀ ਕਿਸੇ ਥਾਂ ਉੱਤੇ ਮਰਦਾ ਹੈ ਤਾਂ ਉਸ ਥਾਂ ਉੱਤੇ ਕੋਈ ਧਾਰਮਿਕ ਰਸਮ ਕਰ ਕੇ ਜਾਂ ਪੂਜਾ-ਪਾਠ ਕਰਕੇ ਉਸ ਥਾਂ ਜਾਂ ਭਵਨ ਨੂੰ ਭੂਤ-ਪ੍ਰੇਤ ਦੇ ਪ੍ਰਭਾਵ ਤੋਂ ਮੁਕਤ ਕਰਵਾ ਲਿਆ ਜਾਂਦਾ ਹੈ।

ਇਸੇ ਲਈ ਰਾਤ ਵੇਲੇ ਮਸਾਣਾਂ ਜਾਂ ਕਬਰਾਂ ਕੋਲੋਂ ਲੰਘਦਿਆਂ ਅਸੀਂ ਵਾਹਿਗੁਰੂ-ਵਾਹਿਗੁਰੂ ਬੋਲਣ ਲੱਗ ਜਾਂਦੇ ਹਾਂ।

ਸਾਡੇ ਸਮਾਜ ਵਿੱਚ ਔਰਤ ਦੀ ਸਥਿਤੀ ਹੀ ਕੁਝ ਅਜਿਹੀ ਹੈ ਕਿ ਪੁਰਸ਼ ਨੇ ਉਸ ਦੀ ਸੋਚ ਨੂੰ ਬਲਵਾਨ ਨਹੀਂ ਹੋਣ ਦਿੱਤਾ।

ਔਰਤ ਦੀ ਬੀਮਾਰੀ ਜਾਣੇ ਬਿਨਾਂ ਹੀ ਫਤਵਾ ਦੇ ਦਿੱਤਾ ਜਾਂਦਾ ਹੈ ਕਿ ਇਸ ਉੱਤੇ ਕਿਸੇ ਰੂਹ ਦਾ ਪ੍ਰਛਾਵਾਂ ਹੈ। ਇਹ ਪ੍ਰਛਾਵਾਂ ਕਿਸੇ ਅਸੰਤੁਸ਼ਟ ਰੂਹ ਦਾ ਹੀ ਹੁੰਦਾ ਹੈ ਅਤੇ ਡੇਰਿਆਂ ਦੇ ਚੱਕਰ ਕੱਟਣੇ ਸ਼ੁਰੂ ਹੋ ਜਾਂਦੇ ਹਨ।

ਡੇਰਿਆਂ ਵਿੱਚ ਭੂਤ ਕੱਢਣ ਦੇ ਜਿਹੜੇ ਢੰਗ ਵਰਤੇ ਜਾਂਦੇ ਹਨ, ਉਨ੍ਹਾਂ ਦਾ ਅਸਲ ਉਦੇਸ਼ ਮਰੀਜ਼ ਨੂੰ ਥਕਾਉਣਾ ਅਤੇ ਸੁਆਉਣਾ ਹੁੰਦਾ ਹੈ। ਹੌਲੀ ਹੌਲੀ ਮਰੀਜ਼ ਔਰਤ ਦਾ ਆਪਣੀ ਸਥਿਤੀ ਨਾਲ ਸਮਝੌਤਾ ਹੋ ਜਾਂਦਾ ਹੈ ਅਤੇ ਉਹ ਠੀਕ ਹੋ ਜਾਂਦੀ ਹੈ।

ਜੇ ਕਿਸੇ ਔਰਤ ਦੀ ਸੰਤਾਨ ਨਹੀਂ ਬਚਦੀ ਤਾਂ ਉਹ ਇਸ ਦੇ ਅਸਲ ਕਾਰਨ ਨੂੰ ਜਾਣੇ ਬਿਨਾਂ, ਆਪਣੀ ਅਨਪੜ੍ਹਤਾ ਕਾਰਨ ਦੋਸ਼ ਕਿਸੇ ਹੋਰ ਨੂੰ ਦੇਣ ਲੱਗ ਪੈਂਦੀ ਹੈ ਅਤੇ ਉਸ ਦਾ ਮਾਨਸਿਕ ਸੰਤੁਲਨ ਵਿਗੜਦਾ-ਵਿਗੜਦਾ ਕਾਬੂ ਤੋਂ ਬਾਹਰ ਹੋ ਜਾਂਦਾ ਹੈ। ਕਿਉਂਕਿ ਸਾਰੇ ਰਿਸ਼ਤੇਦਾਰ ਵੀ ਅਨਪੜ੍ਹ ਹੁੰਦੇ ਹਨ, ਸੋ ਉਹ ਇੱਕ-ਮੱਤ ਹੋ ਕੇ ਕਹਿੰਦੇ ਹਨ ਕਿ ਇਸ ਨੂੰ ਤਾਂ ਕਿਸੇ ਦੀ ਰੂਹ ਚਿਮੜ ਗਈ ਹੈ।

ਅਨਪੜ੍ਹਾਂ ਜਾਂ ਪੇਂਡੂਆਂ ਨੂੰ ਭੂਤ ਚਿਮੜਦੇ ਹਨ, ਜਦੋਂ ਕਿ ਸ਼ਹਿਰੀਆਂ ਜਾਂ ਪੜ੍ਹੇ ਲਿਖਿਆਂ ਦਾ ਦਿਮਾਗ ਖਰਾਬ ਹੁੰਦਾ ਹੈ।

ਕਈ ਲੋਕ ਆਪਣੇ ਵਧੇਰੇ ਗਿਆਨਵਾਨ ਹੋਣ ਦਾ ਪ੍ਰਗਟਾਵਾ ਕਰਦਿਆਂ ਅਨਪੜ੍ਹਾਂ ਨੂੰ ਆਪਣੇ ਨਾਲ ਬੀਤੀਆਂ ਭੂਤਾਂ-ਪ੍ਰੇਤਾਂ ਦੀਆਂ ਮਨਘੜਤ ਕਹਾਣੀਆਂ ਸੁਣਾਉਂਦੇ ਹਨ।

ਭੂਤ ਅਨਪੜ੍ਹਾਂ ਅਤੇ ਪਿਛਾਂਹ-ਖਿਚੂਆਂ ਅਤੇ ਅੰਧ-ਵਿਸ਼ਵਾਸੀਆਂ ਦੇ ਪਛੜੇ ਇਲਾਕਿਆਂ ਵਿੱਚ ਰਹਿੰਦੇ ਹਨ।

ਕਈ ਲੋਕ ਦੂਜਿਆਂ ਦੇ ਮਨ ਵਿੱਚ ਪਹਿਲਾਂ ਹੀ ਬੈਠੇ ਡਰ ਨੂੰ ਵਧਾਉਣ ਲਈ, ਕਈ ਸ਼ਰਾਰਤਾਂ ਵੀ ਕਰਦੇ ਹਨ।

ਵਿਗਿਆਨ ਅਤੇ ਤਕਨਾਲੋਜੀ ਦੇ ਪ੍ਰਭਾਵ ਅਧੀਨ, ਮਨੁੱਖ ਦੀ ਸੋਚ ਤਰਕਸ਼ੀਲ ਹੋ ਰਹੀ ਹੈ। ਮਨੁੱਖ, ਜ਼ਿੰਦਗੀ-ਮੌਤ ਦੇ ਭੇਤਾਂ ਨੂੰ ਸਮਝਣ ਦੇ ਸਮਰੱਥ ਹੋ ਰਿਹਾ ਹੈ।

ਮਨੁੱਖ ਇਤਨਾ ਸ਼ਕਤੀਸ਼ਾਲੀ ਹੋ ਰਿਹਾ ਹੈ ਕਿ ਹੁਣ ਭੂਤ-ਪ੍ਰੇਤ ਉਸ ਦਾ ਕੁਝ ਵੀ ਵਿਗਾੜ ਨਹੀਂ ਸਕਣਗੇ।

ਪਹਿਲਾਂ ਮਨੁੱਖ ਭੂਤਾਂ ਤੋਂ ਡਰਦਾ ਰਿਹਾ ਹੈ, ਹੁਣ ਭੂਤ ਮਨੁੱਖ ਤੋਂ ਡਰਨਗੇ।

ਵਹਿਮ-ਭਰਮ, ਸ਼ਗਨ-ਅਪਸ਼ਗਨ

ਇੱਕ ਵਾਰੀ ਮੀਂਹ ਪਵਾਉਣ ਲਈ ਇੱਕ ਵੱਡਾ ਹਵਨ-ਯੱਗ ਕੀਤਾ ਗਿਆ ਤਾਂ ਉੱਧਰ ਜਾਂਦੇ ਸ਼ਰਧਾਲੂਆਂ ਨੂੰ ਕਿਸੇ ਨੇ ਪੁੱਛਿਆ: 'ਕੀ ਤੁਹਾਨੂੰ ਵਿਸ਼ਵਾਸ ਹੈ ਕਿ ਤੁਹਾਡੇ ਹਵਨ ਨਾਲ ਮੀਂਹ ਪੈ ਜਾਏਗਾ?' ਤਾਂ ਉੱਤਰ ਮਿਲਿਆ 'ਜੀ ਹਾਂ! ਸਾਨੂੰ ਪੂਰਾ ਵਿਸ਼ਵਾਸ ਹੈ।' ਪੁੱਛਣ ਵਾਲੇ ਨੇ ਕਿਹਾ, 'ਨਹੀਂ, ਤੁਹਾਨੂੰ ਵਿਸ਼ਵਾਸ ਨਹੀਂ, ਜੇ ਹੁੰਦਾ ਤਾਂ ਤੁਸੀਂ ਵਾਪਸੀ ਲਈ ਛੱਤਰੀਆਂ ਲੈ ਕੇ ਆਉਂਦੇ।'

ਵਹਿਮ-ਭਰਮ ਇਸ ਲਈ ਜਾਰੀ ਹਨ, ਕਿਉਂਕਿ ਇਕ ਵਿਸ਼ੇਸ਼ ਵਰਗ ਇਨ੍ਹਾਂ ਨੂੰ ਸਦੀਆਂ ਤੋਂ ਪ੍ਰਚਾਰ ਕੇ ਅਗਿਆਨੀ ਲੋਕਾਂ ਨੂੰ ਕੁਰਾਹੇ ਪਾ ਕੇ ਆਪਣੀ ਧਾਰਮਿਕ ਅਤੇ ਸਮਾਜਿਕ ਪ੍ਰਭੁਤਾ ਸਥਾਪਤ ਕਰਦਾ ਆ ਰਿਹਾ ਹੈ।

ਵਹਿਮ-ਭਰਮ ਇਸ ਲਈ ਵੀ ਜਾਰੀ ਹਨ, ਕਿਉਂਕਿ ਇਨ੍ਹਾਂ ਨੂੰ ਪੂਰਾ ਕਰਨਾ ਸੌਖਾ ਹੁੰਦਾ ਹੈ ਅਤੇ ਇਵੇਂ ਸਾਧਾਰਨ ਅਤੇ ਘੱਟ ਬੁੱਧੀ ਵਾਲੇ ਲੋਕਾਂ ਨੂੰ ਆਪਣੇ ਰੁੱਝੇ ਰਹਿਣ ਦਾ ਬਹਾਨਾ ਅਤੇ ਭੁਲੇਖਾ ਪੈਂਦਾ ਹੈ ਅਰਥਾਤ ਉਹ ਸੋਚਣ ਤੋਂ ਬਚੇ ਰਹਿੰਦੇ ਹਨ।

ਮਨੋਵਿਗਿਆਨਕ ਪੱਖ ਤੋਂ ਸਾਰਾ ਪੂਜਾ-ਪਾਠ ਨਿਜੀ-ਮੁਕਤੀ ਦੇ ਉਦੇਸ਼ 'ਤੇ ਉਸਰਿਆ ਹੋਣ ਕਾਰਨ ਖ਼ੁਦਗਰਜ਼ੀ ਦਾ ਪ੍ਰਮੁੱਖ ਸਰੋਤ ਹੈ।

ਹਜ਼ਾਰਾਂ ਸਾਲ ਭਾਰਤ ਵਿੱਚ ਮੁਕਤੀ ਪ੍ਰਾਪਤੀ ਦੇ ਯਤਨ ਹੁੰਦੇ ਆ ਰਹੇ ਹਨ, ਕਿਸੇ ਨੇ ਇਨ੍ਹਾਂ ਨੂੰ ਨਹੀਂ ਪੁੱਛਿਆ ਕਿ ਜੀਵਨ ਵੱਲ ਤੁਹਾਡੀ ਪਿੱਠ ਕਿਉਂ ਹੈ?

ਮੁਕਤੀ-ਸਿਧਾਂਤ ਨੇ ਭਾਰਤੀਆਂ ਨੂੰ ਜੀਵਨ ਤੋਂ ਬੇਮੁੱਖ ਕੀਤਾ ਹੈ ਅਤੇ ਸੰਘਰਸ਼ ਅਤੇ ਪ੍ਰਾਪਤੀ ਦੇ ਰਾਹ ਤੋਂ ਵਰਜਿਆ ਹੈ।

ਸਮੁੱਚੇ ਸੰਸਕ੍ਰਿਤ ਸਾਹਿਤ ਵਿੱਚ ਆਜ਼ਾਦੀ, ਸੰਘਰਸ਼ ਆਦਿ ਦੇ ਸੰਕਲਪ ਹੀ ਨਹੀਂ ਹਨ, ਸੋ ਲੋਕਾਂ ਵਿੱਚ ਅਜਿਹੇ ਉਦੇਸ਼ਾਂ ਲਈ ਗਿਆਨ ਉਪਜਣਾ ਜਾਂ ਇੱਛਾ ਉੱਪਜਣੀ ਵੀ ਸੰਭਵ ਨਹੀਂ ਸੀ।

ਬ੍ਰਾਹਮਣਵਾਦ ਨੇ ਦੇਵਤਿਆਂ ਦੀਆਂ ਕਹਾਣੀਆਂ ਦੇ ਆਧਾਰ ਉੱਤੇ ਲੋਕਾਂ ਨੂੰ ਰੱਜ ਕੇ ਗੁਮਰਾਹ ਕੀਤਾ ਹੈ।

ਪ੍ਰਾਸ਼ਰ ਸੰਹਿਤਾ ਵਿੱਚ ਲਿਖਿਆ ਮਿਲਦਾ ਹੈ ਕਿ ਬ੍ਰਾਹਮਣ ਦੁਰਾਚਾਰੀ ਵੀ ਹੋਵੇ ਤਾਂ ਵੀ ਉਹ ਪੂਜਣਯੋਗ ਹੈ।

ਬ੍ਰਾਹਮਣਾਂ ਨੇ ਆਪਣੀਆਂ ਅੱਠ ਸੌ ਜਾਤਾਂ ਦੀ ਗਿਣਤੀ ਕੀਤੀ ਹੈ।

ਬ੍ਰਾਹਮਣਾਂ ਨੇ ਆਪਣੇ ਆਪ ਨੂੰ ਦੇਵਤਿਆਂ ਦੇ ਇਨਾ ਨੇੜੇ ਸਥਿਤ ਕਰ ਲਿਆ ਹੈ ਕਿ ਉਨ੍ਹਾਂ ਦੀ ਹਰ ਚਾਲ ਨੂੰ ਧਰਮ ਦੀ ਪ੍ਰਵਾਨਗੀ ਮਿਲਦੀ ਰਹੀ ਹੈ ।

ਸਾਡੇ ਦੇਵਤੇ ਕੀ ਕੀ ਕਰਦੇ ਹਨ ? ਪਦਮ ਪੁਰਾਣ ਵਿੱਚ ਕਥਾ ਹੈ ਕਿ ਇਕ ਵਾਰ ਬ੍ਰਹਮਾ ਆਪਣੀ ਅਤਿ ਸੁੰਦਰ ਸਪੁੱਤਰੀ ਸਰਸਵਤੀ ਉੱਤੇ ਮੋਹਿਤ ਹੋ ਗਿਆ। ਇੰਦਰ ਦੇਵਤਾ, ਗੌਤਮ ਰਿਸ਼ੀ ਦੀ ਪਤਨੀ, ਅਹਿਲਿਆ ਨਾਲ ਸੰਭੋਗ ਕਰਨ ਲਈ ਚੰਦਰਮਾ ਦੀ ਮਦਦ ਲੈਂਦਾ ਹੈ। ਇੰਦਰ ਆਪਣੀ ਪੁੱਤਰੀ ਜਯੰਤੀ ਨੂੰ ਸ਼ੁਕਰ ਦਾ ਤਪ ਭੰਗ ਕਰਨ ਦੇ ਉਦੇਸ਼ ਨਾਲ ਭਰਮਾਉਣ ਲਈ ਭੇਜਦਾ ਹੈ। ਦੁਰਵਾਸਾ ਰਿਸ਼ੀ ਤਾਂ ਹਰ ਸਮੇਂ ਸਭ ਪਾਸੇ ਸਰਾਪ ਹੀ ਸਰਾਪ ਖਿਲਾਰਦਾ ਰਿਹਾ ਹੈ।

ਬ੍ਰਾਹਮਣਵਾਦ ਨੇ ਅਗਲੇ ਜਹਾਨ ਦੇ ਲਾਰੇ, ਚੁਰਾਸੀ ਲੱਖ ਜੂਨਾਂ ਦਾ ਚੱਕਰ, ਮੁਕਤੀ ਦੀ ਇੱਛਾ, ਸ਼ਰਾਧ, ਵਰਤ ਆਦਿ ਦਾ ਅਜਿਹਾ ਚੱਕਰ ਚਲਾਇਆ ਹੈ ਕਿ ਭਾਰਤ ਵਿੱਚ ਵੈਰਾਗੀ, ਸੰਨਿਆਸੀ, ਉਦਾਸੀ, ਨਾਥ, ਜੋਗੀ ਆਦਿ ਜੀਵਨ ਤੋਂ ਦੌੜੇ ਹੋਏ ਫਿਰਕਿਆਂ ਦੀ ਭਰਮਾਰ ਹੋ ਗਈ ਹੈ।

ਅੱਜਕਲ ਦੇ ਮੰਗਤੇ, ਇਨ੍ਹਾਂ ਫਿਰਕਿਆਂ ਦੀ ਰਹਿੰਦ-ਖੂੰਹਦ ਹਨ।

ਵਰਤ ਹੀ ਲੈ ਲਵੋ, ਚਤਰ ਵਰਗ ਚਿੰਤਾਮਣਿ ਗ੍ਰੰਥ ਵਿੱਚ ਸਾਲ ਵਿੱਚ ਦੋ ਹਜ਼ਾਰ ਵਰਤਾਂ ਦਾ ਵਿਧਾਨ ਲਿਖਿਆ ਹੈ। ਯਹੂਦੀ ਅਤੇ ਮੁਸਲਮਾਨ ਵੀ ਵਰਤਾਂ ਉੱਤੇ ਜ਼ੋਰ ਦਿੰਦੇ ਹਨ। ਮਿਸ਼ਕਾਤ ਵਿੱਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਦਾ ਬਚਨ ਹੈ ਕਿ ਰਮਜ਼ਾਨ ਵਿੱਚ ਸਵਰਗ ਦੇ ਦਰਵਾਜ਼ੇ ਖੁਲ੍ਹਦੇ ਅਤੇ ਨਰਕ ਦੇ ਬੰਦ ਹੁੰਦੇ ਹਨ। ਫਤੂਅਲਗੈਬ ਵਿੱਚ ਹਰ ਮਹੀਨੇ ਦੀ ਤੇਰ੍ਹਾਂ, ਚੌਦ੍ਹਾਂ ਅਤੇ ਪੰਦ੍ਰਾਂ ਤਰੀਕ ਨੂੰ ਵਰਤ ਦਾ ਫਲ ਲਿਖਿਆ ਹੈ ਕਿ ਪਹਿਲੇ ਰੋਜ਼ੇ ਦਾ ਫਲ ਦਸ ਹਜ਼ਾਰ ਬਰਸ ਦੀ ਇਬਾਦਤ, ਦੂਸਰੇ ਦੀ ਤੀਹ ਹਜ਼ਾਰ ਸਾਲ ਦੀ ਅਤੇ ਤੀਜੇ ਦੀ ਇੱਕ ਲੱਖ ਸਾਲ ਦੀ ਇਬਾਦਤ ਦਾ ਫਲ ਮਿਲਦਾ ਹੈ ਪਰ ਕੋਈ ਨਹੀਂ ਜਾਣਦਾ ਕਿ ਫਲ ਮਿਲਦਾ ਕੀ ਹੈ ਅਤੇ ਕਦੋਂ ਮਿਲਦਾ ਹੈ ?

ਸਭ ਵਹਿਮਾਂ-ਭਰਮਾਂ ਦਾ ਮੁੱਖ ਸਰੋਤ ਧਰਮ ਹੁੰਦਾ ਹੈ।

ਸਭ ਧਰਮਾਂ ਨੇ ਮਨੁੱਖ ਨੂੰ ਡਰਾਇਆ ਹੈ। ਕਿਸੇ ਨੇ ਦੋਜ਼ਖ ਅਤੇ ਕਿਸੇ ਨੇ ਨਰਕ ਦੇ ਡਰਾਵੇ ਦਿੱਤੇ ਹਨ। ਭਾਰਤ ਵਿੱਚ ਆਵਾਗਵਣ ਦੀ ਸਮੱਸਿਆ ਹੀ ਪ੍ਰਮੁੱਖ ਬਣੀ ਰਹੀ ਹੈ। ਉੜੀਸਾ ਵਿੱਚ ਪੁਰੀ ਦੇ ਸਥਾਨ 'ਤੇ ਜਗਨਨਾਥ ਦੀ ਰੱਥ ਯਾਤਰਾ ਵਿੱਚ ਮਰਨਾ, ਗੰਗਾ ਦੇ ਕਿਨਾਰੇ ਕਿਸੇ ਵੀ ਥਾਂ ਮਰਨਾ, ਸਵਰਗ ਪ੍ਰਾਪਤੀ ਦੇ ਸਿੱਧੇ ਰਸਤੇ ਦੱਸੇ ਜਾਂਦੇ ਹਨ। ਸਭ ਧਰਮ ਇਸ ਸੰਸਾਰ ਅਤੇ ਜ਼ਿੰਦਗੀ ਤੋਂ ਬਚਣ ਦਾ ਰਾਹ ਹੀ ਦੱਸਦੇ ਹਨ, ਕੋਈ ਜਿਊਣ ਦਾ ਰਾਹ ਨਹੀਂ ਦਸਦਾ।

ਕੁਦਰਤ ਦੇ ਨੇਮ ਅਟੱਲ ਹਨ।

ਇਨ੍ਹਾਂ ਨੂੰ ਰੱਬ ਵੀ ਨਹੀਂ ਬਦਲ ਸ਼ਕਦਾ।

ਪਾਣੀ ਸਦਾ ਨੀਵੇਂ ਥਾਂ ਵਲ ਜਾਂਦਾ ਹੈ, ਇਸ ਨੇਮ ਨੂੰ ਕੋਈ ਝੁਠਲਾ ਨਹੀਂ ਸਕਦਾ।

ਧਰਤੀ ਦੀਆਂ ਅੰਦਰਲੀਆਂ ਹਾਲਤਾਂ ਕਾਰਨ ਜਿਥੇ ਕਿਧਰੇ ਵੀ ਗਰਮ ਪਾਣੀ ਦੇ ਚਸ਼ਮੇ ਮਿਲੇ ਉਸ ਨੂੰ ਝੱਟਪਟ ਕਿਸੇ ਨਾ ਕਿਸੇ ਧਰਮ ਨੇ ਆਪਣੇ ਨਾਲ ਜੋੜ ਲਿਆ। ਸਾਮੀ ਧਰਮਾਂ (ਯਹੂਦੀ, ਈਸਾਈ, ਇਸਲਾਮ) ਵਿਚ ਕਰਾਮਾਤ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ ਅਤੇ ਉਪਰੋਕਤ ਪ੍ਰਕਿਰਤਕ ਅਸੰਗਤੀਆਂ ਨੂੰ ਕਰਾਮਾਤਾਂ ਬਣਾ ਦਿੱਤਾ ਗਿਆ ਹੈ। ਜ਼ਿੰਦਗੀ ਦੀ ਹਰ ਮੁਸੀਬਤ ਨੂੰ ਦੇਵਤਿਆਂ ਦੀ ਕਰੋਪੀ ਕਰਾਰ ਦਿਤਾ ਗਿਆ ਹੈ। ਇਥੋਂ ਤਕ ਕਿ ਬਿਮਾਰੀਆਂ ਦੇ ਨਾਂ ਵੀ ਦੇਵੀਆਂ ਦੇ ਨਾਂ ਨਾਲ ਜੋੜ ਦਿਤੇ ਗਏ ਹਨ।

ਸ਼ਗਨ-ਅਪਸ਼ਗਨ ਹਰ ਪ੍ਰਕਾਰ ਦੇ ਜੀਵਨ ਦਾ ਇਕ ਅਨਿੱਖੜ ਭਾਗ ਬਣ ਗਏ ਹਨ, ਜਿਹੜੇ ਮਨੋਵਿਗਿਆਨਕ ਤੌਰ 'ਤੇ ਕੰਮਚੋਰ ਲੋਕਾਂ ਨੂੰ ਕੰਮ ਤੋਂ ਟਲਣ ਦਾ ਬਹਾਨਾ ਪ੍ਰਦਾਨ ਕਰਦੇ ਰਹੇ ਹਨ।

ਸ਼ਗਨਾਂ-ਅਪਸ਼ਗਨਾਂ ਦਾ ਗ੍ਰੰਥ 'ਸਉਣ ਸ਼ਾਸਤਰ' ਅਖਵਾਉਂਦਾ ਹੈ, ਜਿਸ ਅਨੁਸਾਰ ਟੁਰਨ ਲੱਗਿਆਂ ਕੁੱਤਾ ਕੰਨ ਫੜਕਾਏ, ਗਿਦੜੀ ਬੋਲਦੀ ਸੁਣਾਈ ਦੇਵੇ ਜਾਂ ਬਿੱਲੀ ਅੱਗੋਂ ਰਾਹ ਕੱਟ ਜਾਏ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ।

ਜੋਤਿਸ਼ ਸ਼ਾਸਤਰ ਵੀ ਵਹਿਮਾਂ ਭਰਮਾਂ ਦੇ ਫੈਲਾਉਣ ਦਾ ਸਾਧਨ ਬਣਿਆ ਹੈ।

ਬਹੁਤੇ ਵਹਿਮ ਸਮਾਜਿਕ ਹੁੰਦੇ ਹਨ ਪਰ ਕਈ ਵਿਅਕਤੀਗਤ ਵਹਿਮ ਵੀ ਹੁੰਦੇ ਹਨ।

ਇਕ ਟੱਬਰ ਵਿਚ ਪਿਛਲੇ ਕਈ ਸਾਲਾਂ 'ਚ ਸਾਰੀਆਂ ਮੌਤਾਂ ਸ਼ਨਿਚਰਵਾਰ ਵਾਲੇ ਦਿਨ ਹੀ ਹੋਈਆਂ ਤਾਂ ਉਨ੍ਹਾਂ ਨੂੰ ਵਹਿਮ ਹੋ ਗਿਆ ਕਿ ਸ਼ਨੀ ਉਨ੍ਹਾਂ ਉਤੇ ਭਾਰੂ ਹੈ। ਇਵੇਂ ਹੀ ਵੱਖ-ਵੱਖ ਪੇਸ਼ਿਆਂ ਦੇ ਵੱਖ-ਵੱਖ ਵਹਿਮ ਹਨ: ਜਿਵੇਂ ਦਰਜ਼ੀ ਦੇ ਇੰਚੀ-ਟੇਪ ਨੂੰ ਗੰਢ ਪੈ ਜਾਵੇ ਤਾਂ ਉਹ ਇਸ ਨੂੰ ਬਹੁਤੇ ਗਾਹਕਾਂ ਦੇ ਆਉਣ ਦਾ ਸ਼ਗਨ ਸਮਝਦਾ ਹੈ। ਇਵੇਂ ਹੀ ਮਲਾਹਾਂ ਦਾ ਵਹਿਮ ਹੈ ਕਿ ਜੇ ਮੀਂਹ ਸਵੇਰੇ ਸੱਤ ਵਜੇ ਤੋਂ ਪਹਿਲਾਂ ਸ਼ੁਰੂ ਹੋਵੇ ਤਾਂ ਗਿਆਰਾਂ ਵਜੇ ਤੋਂ ਪਹਿਲਾਂ ਰੁਕ ਜਾਵੇਗਾ। ਕਈ ਟੱਬਰਾਂ ਵਿਚ ਵਹਿਮ ਹੈ ਕਿ ਫਲਾਣੇ ਹਸਪਤਾਲ ਵਿਚ ਕੁੜੀਆਂ ਹੀ ਜੰਮਦੀਆਂ ਹਨ।

ਕਮਜ਼ੋਰ ਸਰੀਰ ਵਾਲੇ ਲੋਕ ਵਹਿਮਾਂ ਭਰਮਾਂ ਨੂੰ ਵਧੇਰੇ ਮੰਨਦੇ ਹਨ।

ਨਾਸਤਕ ਵਿਅਕਤੀ ਹੋ ਹੀ ਉਹ ਸਕਦਾ ਹੈ, ਜਿਹੜਾ ਸਰੀਰਕ ਅਤੇ ਮਾਨਸਿਕ ਪੱਖੋਂ ਤਕੜਾ ਹੋਵੇ।

ਵਹਿਮਾਂ-ਭਰਮਾਂ ਦੇ ਲਿਤਾੜੇ ਹੋਏ ਲੋਕ ਵਿਗਿਆਨ ਨੂੰ ਨਾਸਤਕਤਾ ਨਾਲ ਜੋੜਦੇ ਹਨ। ਕਈ ਲੋਕ ਸਮਾਜਵਾਦ ਦੇ ਇਸ ਲਈ ਵਿਰੋਧੀ ਹਨ ਕਿਉਂਕਿ ਇਹ ਧਰਮ ਅਤੇ ਇਸ ਦੇ ਉਪਜਾਏ ਵਹਿਮਾਂ-ਭਰਮਾਂ ਨੂੰ ਨਹੀਂ ਮੰਨਦਾ।

ਵਿਗਿਆਨ ਕੁਦਰਤ ਦਾ ਸਿਲਸਲੇਵਾਰ ਗਿਆਨ ਹੈ।

ਗਿਆਨ ਹੀ ਸਭ ਤੋਂ ਵੱਡੀ ਤਾਕਤ ਹੈ, ਜਿਹੜੀ ਮਨੁੱਖ ਨੂੰ ਸਰੀਰਕ ਅਤੇ ਬੌਧਿਕ ਪੱਖ ਤੋਂ ਸ਼ਕਤੀਸ਼ਾਲੀ ਬਣਾ ਕੇ ਵਹਿਮ-ਭਰਮ ਛੱਡਣ ਦੇ ਯੋਗ ਬਣਾਉਂਦੀ ਹੈ।

ਗਿਆਨ-ਵਿਗਿਆਨ ਨਾਲ ਮਨੁਖ ਵਿਚੋਂ ਕਿਸਮਤ, ਹੋਣੀ ਆਦਿ ਦਾ ਡਰ ਜਾਂਦਾ ਰਹਿੰਦਾ ਹੈ ਅਤੇ ਕੁਦਰਤ ਵਿੱਚ ਉਸ ਦੀ ਦਿਲਚਸਪੀ ਵੱਧ ਜਾਂਦੀ ਹੈ।

ਜਦੋਂ ਰੁਝੇਵੇਂ, ਕਾਰਜ ਅਤੇ ਉਦੇਸ਼ ਦਿਲਚਸਪ ਹੋ ਜਾਣਗੇ ਤਾਂ ਵਹਿਮ-ਭਰਮ ਮਨੁੱਖ ਲਈ ਨਿਰਰਥਕ ਹੋ ਜਾਣਗੇ।

ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਦੇ ਮਾਹੌਲ ਵਿੱਚ ਕਦੇ ਵੀ ਉੱਚਾ ਇਖਲਾਕ ਨਹੀਂ ਉਸਰ ਸਕਦਾ।

ਗਿਆਨ ਉਹ ਹੈ ਜਿਹੜਾ ਸਾਡੇ ਸੋਚਣ ਦੇ ਢੰਗ ਨੂੰ ਬਦਲ ਦੇਵੇ।

ਬਹੁਤੇ ਲੋਕਾਂ ਨੂੰ ਖੁਸ਼ੀ ਇਸੇ ਲਈ ਨਹੀਂ ਲੱਭਦੀ, ਕਿਉਂਕਿ ਉਹ ਨਿਜੀ-ਮੁਕਤੀ, ਨਿੱਜੀ-ਪ੍ਰਸੰਨਤਾ, ਨਿੱਜੀ-ਜਾਇਦਾਦ, ਨਿੱਜੀ-ਕਾਮਯਾਬੀ ਅਤੇ ਨਿਜੀ-ਸਵਰਗ ਦੀ ਭਾਲ ਵਿੱਚ ਭਟਕ ਰਹੇ ਹਨ।

ਜਦੋਂ ਸਭ ਕੁਝ ਸਾਂਝਾ ਹੋ ਜਾਵੇਗਾ ਤਾਂ ਵਹਿਮਾਂ-ਭਰਮਾਂ ਦੀ ਉਪਜਾਈ ਖੁਦਗਰਜ਼ੀ ਤੋਂ ਵੀ ਆਜ਼ਾਦੀ ਮਿਲ ਜਾਵੇਗੀ।

ਸ਼ਹੀਦ

ਸਾਰੇ ਸ਼ਹੀਦ ਸਰਕਾਰਾਂ ਦੀਆਂ ਨਜ਼ਰਾਂ ਵਿੱਚ ਮੁਜਰਿਮ ਹੁੰਦੇ ਹਨ।

ਸਰਕਾਰ ਬਾਗੀਆਂ ਤੋਂ ਨਹੀਂ ਡਰਦੀ, ਕਿਉਂਕਿ ਉਸ ਕੋਲ ਬਗਾਵਤ ਨੂੰ ਕੁਚਲਣ ਦੀ ਅਸੀਮ ਸ਼ਕਤੀ ਹੁੰਦੀ ਹੈ ਪਰ ਜਦੋਂ ਕੋਈ ਬਾਗ਼ੀ, ਸ਼ਹੀਦ ਹੋ ਜਾਵੇ ਅਤੇ ਲੋਕ ਉਸ ਨੂੰ ਸ਼ਹੀਦ ਸਵੀਕਾਰ ਕਰ ਲੈਣ ਤਾਂ ਸਰਕਾਰ ਦੇ ਉਸ ਨੂੰ ਬਦਨਾਮ ਕਰਨ ਦੇ ਸਾਰੇ ਯਤਨ ਕੁਚੱਜੇ ਚਾਲੇ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਕਿਸੇ ਸਿਧਾਂਤ ਵਾਸਤੇ ਮਰ ਜਾਣਾ ਕੁਰਬਾਨੀ ਦੀ ਉੱਚਤਮ ਉਦਾਹਰਣ ਹੁੰਦੀ ਹੈ।

ਸਰਕਾਰ ਕਿਸੇ ਮਾਂ ਦੀ ਗੋਦ ਨੂੰ ਖਾਲੀ ਕਰ ਸਕਦੀ ਹੈ ਪਰ ਸ਼ਹੀਦ ਤਾਂ ਕੌਮ ਦੀ ਕੁੱਖ ਵਿੱਚੋਂ ਜਨਮਦੇ ਹਨ।

ਵਿਅਕਤੀਆਂ ਵਿਰੁੱਧ ਫੌਜਾਂ ਭੇਜੀਆਂ ਜਾ ਸਕਦੀਆਂ ਹਨ ਪਰ ਸਿਧਾਂਤਾਂ ਵਿਰੁੱਧ ਫ਼ੌਜਾਂ ਭੇਜਣੀਆਂ ਵਿਅਰਥ ਹੁੰਦੀਆਂ ਹਨ।

ਗੋਲੀ ਨਾਲ ਸਰੀਰ ਮਾਰਿਆ ਜਾ ਸਕਦਾ ਹੈ, ਪਰ ਰੂਹ ਨੂੰ ਮਾਰਨ ਵਾਲੀ ਗੋਲੀ ਅਜੇ ਕਿਸੇ ਸਰਕਾਰ ਤੋਂ ਨਹੀਂ ਬਣੀ।

ਸਰਕਾਰ ਗੋਲੀਆਂ ਨਾਲ ਜਦੋਂ ਲੋਕਾਂ ਨੂੰ ਚੁੱਪ ਕਰਾਉਣ ਦੇ ਰਾਹ ਪੈ ਜਾਵੇ ਤਾਂ ਉਸ ਲਈ ਸਿੱਧੇ ਰਾਹ ਵੀ ਪੁੱਠੇ ਹੋ ਜਾਂਦੇ ਹਨ।

ਬੜੀ ਦੇਰੀ ਮਗਰੋਂ ਸਰਕਾਰ ਨੂੰ ਸਮਝ ਆਉਂਦੀ ਹੈ ਕਿ ਲੋਕਾਂ ਦੀ ਚੁੱਪ, ਵਿਰੋਧ, ਵਿਦਰੋਹ ਅਤੇ ਜੰਗ ਦਾ ਬੀਜ ਹੁੰਦੀ ਹੈ।

ਜਿਹੜਾ ਆਪਣੇ ਆਪ ਦੀ ਕੁਰਬਾਨੀ ਦੇ ਦੇਵੇ ਉਹ ਗਲਤ ਨਹੀਂ ਸਮਝਿਆ ਜਾਂਦਾ।

ਅੱਜ ਤੱਕ ਸੰਸਾਰ ਦੀ ਕਿਹੜੀ ਮਾਣਯੋਗ ਪ੍ਰਾਪਤੀ ਹੈ, ਜਿਹੜੀ ਕਿਸੇ ਪ੍ਰਕਾਰ ਦੀ ਕੁਰਬਾਨੀ ਤੋਂ ਬਿਨਾਂ ਪ੍ਰਾਪਤ ਕੀਤੀ ਗਈ ਹੈ ?

ਇਹ ਇੱਕ ਅਟੱਲ ਸਚਾਈ ਹੈ ਕਿ ਸਾਰੀਆਂ ਮਨੁੱਖੀ ਸ਼ਕਤੀਆਂ ਮੌਤ ਨੂੰ ਵੰਗਾਰਨ ਦੀ ਸ਼ਕਤੀ ਵਿੱਚੋਂ ਜਨਮਦੀਆਂ ਹਨ।

ਜਦੋਂ ਮੌਤ ਸਾਹਮਣੇ ਹੋਵੇ, ਉਸ ਸਮੇਂ ਸ਼ਹੀਦ ਦੀ ਧਾਤ ਪਰਖੀ ਜਾਂਦੀ ਹੈ।

ਸਾਧਾਰਨ ਲੋਕਾਂ ਦਾ ਮੁੱਲ, ਉਨ੍ਹਾਂ ਦੇ ਜਿਊਣ ਦੇ ਹੁਨਰ ਅਨੁਸਾਰ ਪੈਂਦਾ ਹੈ ਪਰ ਸ਼ਹੀਦ ਦੀ ਮਹਿਮਾ, ਉਸ ਦੇ ਮਰਨ-ਢੰਗ ਅਨੁਸਾਰ ਹੁੰਦੀ ਹੈ।

ਸ਼ਹੀਦੀ ਇੱਕ ਫਰਜ਼ ਹੈ, ਜਿਸ ਨੂੰ ਨਿਭਾਉਣਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਮਰਨਾ ਸਭ ਨੇ ਹੈ ਅਤੇ ਬਹੁਗਿਣਤੀ ਆਪਣੀ ਇੱਛਾ ਦੇ ਵਿਰੁੱਧ ਮਰਦੀ ਹੈ ਪਰ ਸ਼ਹੀਦ ਆਪਣੀ ਮਰਜ਼ੀ ਨਾਲ ਮਰਦਾ ਹੈ।

ਸ਼ਹੀਦੀ ਨੂੰ, ਆਪਣੀ ਮੌਤ ਨੂੰ ਵਿਉਂਤਣ ਦਾ ਹੁਨਰ ਕਿਹਾ ਗਿਆ ਹੈ।

ਸ਼ਹੀਦੀ ਕੋਈ ਘਟਨਾ ਨਹੀਂ ਹੁੰਦੀ, ਇਹ ਜੂਝਣ ਦਾ ਇੱਕ ਤਜਰਬਾ ਹੁੰਦੀ ਹੈ।

ਸ਼ਹੀਦੀ ਕਿਸੇ ਵਿਅਕਤੀ ਦੇ ਵਿਚਾਰਾਂ ਦੇ ਠੀਕ ਹੋਣ ਦਾ ਸਬੂਤ ਨਹੀਂ, ਸਗੋਂ ਉਸ ਵੱਲੋਂ ਆਪਣੇ ਉਦੇਸ਼ ਪ੍ਰਤੀ ਵਫਾਦਾਰੀ ਦੀ ਸ਼ਿੱਦਤ ਦਾ ਪ੍ਰਮਾਣ ਹੁੰਦੀ ਹੈ।

ਸ਼ਹੀਦੀ, ਬੜੀ ਲੰਮੀ ਤਿਆਰੀ ਨਾਲ ਲੰਮੇ ਸਫ਼ਰ ਉਤੇ ਨਿਕਲਣ ਦਾ ਸਾਹਸ ਹੈ।

ਸ਼ਹੀਦ ਇਕੱਲਾ ਹੁੰਦਾ ਹੈ, ਕਿਉਂਕਿ ਉਸ ਦੇ ਅਨੁਭਵ ਕਰਨ ਦੀ ਪੱਧਰ ਇਤਨੀ ਵਿਸ਼ਾਲ ਅਤੇ ਡੂੰਘੀ ਹੁੰਦੀ ਹੈ ਕਿ ਸ਼ਹੀਦ ਦਾ ਸਾਥ ਨਹੀਂ ਦਿੱਤਾ ਜਾ ਸਕਦਾ।

ਸ਼ਹੀਦੀ ਇੱਕ ਫਰਜ਼ ਹੈ ਜਿਸ ਨੂੰ ਨਿਭਾਉਣ ਲਈ ਸੁਕਰਾਤ ਵਾਲੇ ਤਿਆਗ ਦੀ ਅਤੇ ਈਸਾ ਮਸੀਹ ਵਾਲੇ ਸਬਰ ਦੀ ਅਤੇ ਗੁਰੂ ਅਰਜਨ ਦੇਵ ਵਾਲੇ ਧੀਰਜ, ਸਿਦਕ ਅਤੇ ਸੰਤੋਖ ਦੀ ਲੋੜ ਹੁੰਦੀ ਹੈ।

ਆਪਣੇ ਆਦਰਸ਼ ਲਈ ਮਰ ਜਾਣ ਵਾਲੇ ਨੂੰ ਸ਼ਹੀਦ ਕਹਿੰਦੇ ਹਨ।

ਸ਼ਹੀਦ ਮੌਤ ਦਾ ਵੱਟਣਾ ਮਲ ਕੇ ਸੋਹਣੇ ਹੋ ਜਾਂਦੇ ਹਨ।

ਸਾਨੂੰ ਸਭ ਪ੍ਰਕਾਰ ਦੀ ਮੌਤ ਉੱਤੇ ਅਫਸੋਸ ਹੁੰਦਾ ਹੈ ਪਰ ਸ਼ਹੀਦ ਮੌਤ ਦੇ ਅਰਥ ਬਦਲ ਦਿੰਦਾ ਹੈ, ਕਿਉਂਕਿ ਉਸ ਦੀ ਮੌਤ ਦਾ ਦਿਹਾੜਾ ਵੈਣ ਪਾਉਣ ਲਈ ਨਹੀਂ, ਜਸ਼ਨ ਮਨਾਉਣ ਅਤੇ ਉਸ ਦੇ ਦੱਸੇ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਕਰਨ ਅਤੇ ਬਹਾਦਰੀ ਦੀ ਮਹਿਮਾ ਗਾਉਣ ਦਾ ਦਿਨ ਹੁੰਦਾ ਹੈ।

ਸ਼ਹੀਦ ਦੀ ਮੌਤ ਕੌਮ ਲਈ ਸ਼ੁਭ ਸ਼ਗਨ ਬਣ ਜਾਂਦੀ ਹੈ।

ਭਾਰਤ ਵਿੱਚ ਸ਼ਹੀਦੀ ਦਾ ਸੰਕਲਪ ਮੁਸਲਮਾਨ ਲੈ ਕੇ ਆਏ। ਅਰਬੀ ਵਿੱਚ ਸ਼ਹੀਦੀ ਦੇ ਅਰਥ ਆਪਣੇ ਵਿਸ਼ਵਾਸ ਲਈ ਲੜਦਿਆਂ ਮਰ ਜਾਣ ਦੇ ਹਨ।

ਹਿੰਦੂ ਧਰਮ ਵਿੱਚ ਬਲੀਦਾਨ ਦਾ ਸੰਕਲਪ ਹੈ ਪਰ ਸ਼ਹੀਦੀ ਦਾ ਸੰਕਲਪ ਨਹੀਂ।

ਸਿੱਖ ਧਰਮ ਨੇ ਪੰਜਾਬ ਵਿੱਚ ਸ਼ਹੀਦੀ ਦਾ ਮੌਲਿਕ ਸੰਕਲਪ ਉਸਾਰਿਆ ਹੈ। ਸਿੱਖ ਇਤਿਹਾਸ ਨੇ ਅਨੇਕਾਂ ਵਾਰ ਇਹ ਸਾਬਤ ਕੀਤਾ ਹੈ ਕਿ ਪੱਤਝੜਾਂ ਭਾਵੇਂ ਕਿਤਨੀਆਂ ਵੀ ਜਾਬਰ ਹੋਣ, ਕੁਝ ਫੁੱਲ ਬਗਾਵਤ ਕਰਕੇ ਖਿੜ ਹੀ ਪੈਂਦੇ ਹਨ।

ਮਨਾਹੀਆਂ ਦੇ ਬਾਵਜੂਦ ਉੱਗਣਾ ਅਤੇ ਆਪਣੇ ਪੂਰੇ ਜੋਬਨ ਨਾਲ ਟਹਿਕਣਾ, ਆਪਣੀ ਜ਼ਿੰਦਗੀ ਨੂੰ ਨਵੇਂ ਅਰਥ ਦੇਣ ਦੀ ਕਲਾ ਹੁੰਦੀ ਹੈ।

ਸ਼ਹੀਦ ਆਪਣੇ ਆਪ ਥਾਪਿਆ ਜਰਨੈਲ ਹੁੰਦਾ ਹੈ।

ਕਿਸੇ ਬਹਾਦਰ ਅਤੇ ਸੁਤੰਤਰ ਕੌਮ ਦਾ ਚਰਿੱਤਰ, ਸ਼ਹੀਦੀਆਂ ਦੀ ਲੰਮੀ ਆਦਤ ਅਤੇ ਪਰੰਪਰਾ ਦਾ ਘੜਿਆ ਹੁੰਦਾ ਹੈ।

ਸ਼ਹੀਦ ਜਾਣਦਾ ਹੈ ਕਿ ਅੱਜ ਦੀਆਂ ਚਣੌਤੀਆਂ ਅੱਜ ਦੇ ਅਵਸਰ ਵੀ ਹਨ।

ਸ਼ਹੀਦ ਦੀ ਮਾਨਸਿਕ ਅਵਸਥਾ, ਸਦੀਵੀ ਤੌਰ ਉਤੇ ਨਿਰਾਸ਼ਾ ਤੋਂ ਮੁਕਤ ਵਾਤਾਵਰਣ ਵਾਲੀ ਹੁੰਦੀ ਹੈ।

ਸ਼ਹੀਦ ਜਾਣਦਾ ਹੈ ਕਿ ਪੱਤਝੜ ਦੇ ਹਰ ਬੁੱਲ੍ਹੇ ਵਿੱਚ ਬਹਾਰ ਦਾ ਕਾਫ਼ਲਾ ਹੁੰਦਾ ਹੈ। ਮੋਰ ਨੱਚਦੇ ਹੋਏ ਵੀ ਰੋਂਦੇ ਰਹਿੰਦੇ ਹਨ, ਹੰਸ ਮਰਦਿਆਂ ਵੀ ਗਾਉਂਦਾ ਹੈ।

ਸ਼ਹੀਦ ਨੇ ਜਾਨ ਦੀ ਬਾਜ਼ੀ ਲਾਉਣੀ ਹੁੰਦੀ ਹੈ, ਇਸ ਲਈ ਉਸ ਨੂੰ ਵਿਉਂਤਾਂ ਬਣਾਉਣ ਅਤੇ ਆਸਰੇ ਢੂੰਡਣ ਦੀ ਲੋੜ ਨਹੀਂ ਹੁੰਦੀ।

ਦੁੱਕੀਆਂ-ਤਿੱਕੀਆਂ ਨਾਲ ਜ਼ਿੰਦਗੀ ਦੀ ਬਾਜ਼ੀ ਖੇਡਣ ਵਾਲੇ ਲੋਕ, ਜਤਨ ਕਰਨ ਦੇ ਬਾਵਜੂਦ ਨਹੀਂ ਜਾਣ ਸਕਦੇ ਕਿ ਸ਼ਹੀਦ ਨੂੰ ਮੌਤ ਨਾਲ ਕਿਉਂ ਇਸ਼ਕ ਹੁੰਦਾ ਹੈ।

ਦੁਨੀਆਂ ਵਿੱਚ ਕਿਹੜੀ ਸਭਿਅਤਾ ਅਤੇ ਬਾਦਸ਼ਾਹਤ ਹੈ ਜਿਹੜੀ ਕੁਰਬਾਨੀਆਂ ਤੋਂ ਬਿਨਾਂ ਸਥਾਪਤ ਹੋਈ ਹੈ?

ਸ਼ਹੀਦਾਂ ਦੇ ਨਿਸ਼ਾਨੇ ਬਾਦਸ਼ਾਹਾਂ ਵਾਲੇ ਹੁੰਦੇ ਹਨ।

ਜੇ ਉਨ੍ਹਾਂ ਜਿਊਣਾ ਹੈ ਤਾਂ ਉਨ੍ਹਾਂ ਬਾਦਸ਼ਾਹਾਂ ਵਾਂਗੂ ਹੀ ਜਿਊਣਾ ਹੈ, ਜੇ ਇਹ ਸੰਭਵ ਨਾ ਹੋਵੇ ਤਾਂ ਉਨ੍ਹਾਂ ਲਈ ਜ਼ਿੰਦਗੀ ਕੋਈ ਅਰਥ ਨਹੀਂ ਰੱਖਦੀ।

ਸ਼ਹੀਦ ਅਖੀਰਲੀ ਤੋਂ ਸਿਵਾਏ ਸਾਰੀਆਂ ਲੜਾਈਆਂ ਹਾਰਦਾ ਹੈ ਪਰ ਅੰਤਲੀ ਲੜਾਈ ਬੜੀ ਸ਼ਾਨ ਨਾਲ ਜਿੱਤਦਾ ਹੈ।

ਉਸ ਦੀ ਅਖੀਰਲੀ ਅਤੇ ਇਤਿਹਾਸਕ ਲੜਾਈ ਉੱਤੇ ਉਸ ਦਾ ਸਭ ਕੁਝ ਦਾਅ ਉੱਤੇ ਲੱਗਾ ਹੁੰਦਾ ਹੈ। ਜਿਨ੍ਹਾਂ ਨੂੰ ਇਤਿਹਾਸ ਦੀ ਸੂਝ ਨਹੀਂ ਹੁੰਦੀ, ਉਹ ਇਹ ਸੋਚਦੇ ਹਨ ਕਿ ਆਗੂ ਦੇ ਮਰਨ ਨਾਲ ਅਸੀਂ ਲੜਾਈ ਹਾਰ ਗਏ ਹਾਂ ਪਰ ਅਸਲੀ ਅਤੇ ਫ਼ੈਸਲਾਕੁਨ ਲੜਾਈ ਤਾਂ ਸ਼ੁਰੂ ਹੀ ਆਗੂ ਦੀ ਸ਼ਹੀਦੀ ਨਾਲ ਹੁੰਦੀ ਹੈ।

ਸ਼ਹੀਦ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੁੰਦੀ ਹੈ ਕਿ ਉਹ ਆਪਣੀ ਸ਼ਹਾਦਤ ਨਾਲ ਵਿਰੋਧੀਆਂ ਦਾ ਮਾਨਸਿਕ ਸੰਤੁਲਨ ਹੀ ਵਿਗਾੜ ਦਿੰਦਾ ਹੈ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਧੱਕੇ ਨਾਲ ਮਨੁੱਖ ਅੱਗੇ ਹੀ ਜਾਂਦਾ ਹੈ।

ਸੰਕਟ ਸਮੇਂ ਵਿਖਾਏ ਧੀਰਜ ਨਾਲ ਲੜਾਈ ਸਾਡੇ ਪੱਖ ਵਿੱਚ ਹੋ ਜਾਂਦੀ ਹੈ।

ਕੀ ਕਦੀ ਅਜਿਹਾ ਸਮਾਂ ਹੋਇਆ ਹੈ, ਜਿਹੜਾ ਸੰਕਟਾਂ ਤੋਂ ਮੁਕਤ ਸੀ?

ਔਖੇ ਸਮਿਆਂ ਵਿੱਚ ਔਖੇ ਉਪਾਅ ਹੀ ਸੋਚਣੇ ਪੈਂਦੇ ਹਨ।

ਕੌਮ ਨੂੰ ਔਖੇ ਉਪਾਅ ਸੋਚਣ ਦੀ ਹਿੰਮਤ, ਸ਼ਹੀਦ ਦਿੰਦੇ ਹਨ।

ਸੱਚ ਉੱਤੇ ਤੋਹਮਤਾਂ ਭਾਵੇਂ ਸੌ ਲੱਗਣ, ਉਸ ਨੂੰ ਕਦੇ ਸ਼ਰਮਿੰਦਗੀ ਨਹੀਂ ਸਹਿਣੀ ਪਵੇਗੀ, ਝੂਠ ਨੂੰ ਭਾਵੇਂ ਸੌ ਦੁਸ਼ਾਲਿਆਂ ਨਾਲ ਸਜਾਇਆ ਜਾਵੇ, ਉਹ ਝੂਠ ਹੀ ਰਹੇਗਾ।

ਸ਼ਹੀਦ ਦੀ ਇਹ ਦੇਣ ਹੁੰਦੀ ਹੈ ਕਿ ਉਹ ਸਾਰੀ ਕੌਮ ਨੂੰ ਹੌਸਲੇ, ਵਿਸ਼ਵਾਸ ਅਤੇ ਜਜ਼ਬੇ ਦੀ ਸ਼ਿੱਦਤ ਪ੍ਰਦਾਨ ਕਰਦਾ ਹੈ।

ਸੱਚ ਸਬੰਧੀ ਜਦੋਂ ਸੰਗਰਾਮ ਉੱਠ ਪੈਣ ਤਾਂ ਸੱਚ ਪੱਕੇ ਸਿਧਾਂਤ ਬਣ ਜਾਂਦੇ ਹਨ।

ਸ਼ਹੀਦ ਤਸੀਹੇ ਸਹਿਣ ਦੇ ਨਵੇਂ ਮਿਆਰ ਹੀ ਸਥਾਪਤ ਨਹੀਂ ਕਰਦਾ, ਸਗੋਂ ਪ੍ਰਾਪਤੀ ਦੀਆਂ ਨਵੀਆਂ ਸੰਭਾਵਨਾਵਾਂ ਵੀ ਉਜਾਗਰ ਕਰਦਾ ਹੈ।

ਜਿਹੜੇ ਸਿਕੰਦਰ ਵਾਂਗ ਜਿੱਤਾਂ ਜਿੱਤਣ ਅਤੇ ਵਿਸ਼ਾਲ ਰਾਜ ਸਥਾਪਤ ਕਰਨ ਦੀਆਂ ਉਮੰਗਾਂ ਨਾਲ ਭਰੇ ਹੁੰਦੇ ਹਨ, ਉਨ੍ਹਾਂ ਲਈ ਇੱਕ ਜਾਂ ਦੋ ਹਾਰਾਂ ਅਤੇ ਅਸਫਲਤਾਵਾਂ ਕੋਈ ਅਰਥ ਨਹੀਂ ਰੱਖਦੀਆਂ।

ਸ਼ਹੀਦ ਲੜਾਈ ਹਾਰਦਾ ਹੈ ਪਰ ਜੰਗ ਜਿੱਤਦਾ ਹੈ।

ਸ਼ਹੀਦ ਦਾ ਸਰੀਰ ਹਾਰਦਾ ਹੈ ਪਰ ਉਸ ਦੀ ਰੂਹ ਜਿੱਤ ਜਾਂਦੀ ਹੈ।

ਡਿੱਗ ਰਹੇ ਬੰਦੇ ਨੂੰ ਹਰ ਕੋਈ ਠਿੱਬੀ ਮਾਰ ਸਕਦਾ ਹੈ ਪਰ ਸ਼ਹੀਦ ਉੱਠਣ ਲਈ ਡਿੱਗਦੇ ਹਨ, ਟੱਕਰ ਲੈਣ ਲਈ ਪਿੱਛੇ ਹੱਟਦੇ ਹਨ ਅਤੇ ਜਾਗਣ ਲਈ ਸੌਂਦੇ ਹਨ।

ਸ਼ਹੀਦ ਦਾ ਲਹੂ ਆਜ਼ਾਦੀ ਦੇ ਰੁਖ ਦਾ ਬੀਜ ਹੁੰਦਾ ਹੈ।

ਹਰ ਬਗਾਵਤ ਵਿੱਚ ਖ਼ੂਨ-ਖਰਾਬਾ ਹੁੰਦਾ ਹੈ ਪਰ ਜਦੋਂ ਨਤੀਜੇ ਨਿੱਖਰ ਕੇ ਸਾਹਮਣੇ ਆਉਂਦੇ ਹਨ ਤਾਂ ਸਾਰਿਆਂ ਦੀ ਰਾਇ ਇਹ ਹੀ ਹੁੰਦੀ ਹੈ ਕਿ ਨੁਕਸਾਨ ਜ਼ਰੂਰ ਹੋਇਆ ਹੈ ਪਰ ਕੌਮ ਅੱਗੇ ਵਧੀ ਹੈ।

ਉਸ ਸਮੇਂ ਹੀ ਸਾਨੂੰ ਸਮਝ ਆਉਂਦੀ ਹੈ ਕਿ ਸ਼ਹੀਦ ਦੀ ਇੱਕਹਿਰੀ ਅਤੇ ਸਾਦੀ ਜਿਹੀ ਸੋਚ ਵਿੱਚ ਕਿੰਨੀ ਦੂਰ-ਅੰਦੇਸ਼ੀ ਸੀ।

ਗ਼ੱਦਾਰੀ

ਗ਼ੱਦਾਰ ਉਹ ਵਿਅਕਤੀ ਹੁੰਦਾ ਹੈ, ਜਿਹੜਾ ਉਸ ਸਮੇਂ ਧੋਖਾ ਦੇ ਜਾਵੇ ਜਦੋਂ ਉਸ ਦੀ ਵਫ਼ਾਦਾਰੀ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ।

ਬੋਲਣ ਦੀ ਅਤਿ ਲੋੜ ਸਮੇਂ ਜਿਹੜਾ ਮਿੱਤਰ ਚੁੱਪ ਸਾਧ ਲਵੇ ਉਹ ਗ਼ੱਦਾਰ ਹੁੰਦਾ ਹੈ। ਗ਼ੱਦਾਰਾਂ ਦੀਆਂ ਅਨੇਕਾਂ ਕਿਸਮਾਂ ਹੁੰਦੀਆਂ ਹਨ ਪਰ ਸਭ ਤੋਂ ਭੈੜੀ ਕਿਸਮ ਉਸ ਗ਼ੱਦਾਰ ਦੀ ਹੁੰਦੀ ਹੈ, ਜਿਸ ਦੀ ਕੌਮ ਦੀ ਆਤਮਾ ਨੂੰ ਵਲੂੰਧਰਿਆ ਜਾਵੇ ਪਰ ਉਹ ਆਪਣੀਆਂ ਸਰੀਰਕ ਭੁੱਖਾਂ ਮਿਟਾਉਣ ਵਿੱਚ ਰੁੱਝ ਜਾਵੇ।

ਗ਼ੱਦਾਰ ਉਹ ਨਿਰਲੱਜ, ਖ਼ੁਦਗਰਜ਼, ਕਮੀਨਾ, ਨੀਚ ਅਤੇ ਬੇਅਸੂਲਾ ਵਿਅਕਤੀ ਹੁੰਦਾ ਹੈ, ਜਿਹੜਾ ਕੇਵਲ ਸਰੀਰਕ ਪੱਧਰ ਉੱਤੇ ਵਿਚਰਦਾ ਹੈ, ਅਜਿਹੇ ਵਿਅਕਤੀ ਦਾ ਸਰੀਰ ਜਿਊਂਦਾ ਪਰ ਆਤਮਾ ਮਰ ਚੁੱਕੀ ਹੁੰਦੀ ਹੈ।

ਅਜਿਹੇ ਵਿਅਕਤੀ ਜਦੋਂ ਮਰਦੇ ਹਨ ਤਾਂ ਲੋਕ ਖ਼ੁਸ਼ੀਆਂ ਮਨਾਉਂਦੇ ਹਨ।

ਗ਼ੱਦਾਰ, ਕੌਮ ਦੇ ਸਰੀਰ ਉੱਤੇ ਫੋੜਾ ਹੁੰਦੇ ਹਨ।

ਗ਼ੱਦਾਰ ਭਾਵੇਂ ਕਿੰਨਾ ਹੀ ਪੜ੍ਹੇ ਲਿਖੇ ਹੋਣ, ਉਨ੍ਹਾਂ ਨੇ ਇਤਿਹਾਸ ਨਹੀਂ ਪੜ੍ਹਿਆ ਹੁੰਦਾ। ਗ਼ੱਦਾਰ ਦੀ ਸੂਝ ਭਾਵੇਂ ਕਿੰਨੀ ਤਿੱਖੀ ਹੋਵੇ, ਉਸ ਦੀ ਸੂਝ ਵਿੱਚ ਇਤਿਹਾਸਕ ਦੂਰ-ਅੰਦੇਸ਼ੀ ਨਹੀਂ ਹੁੰਦੀ।

ਗ਼ੱਦਾਰ ਨੂੰ ਜਾਂ ਤਾਂ ਇਤਿਹਾਸ ਸਮਝ ਨਹੀਂ ਆਇਆ ਹੁੰਦਾ ਜਾਂ ਉਸ ਵਿੱਚ ਸਮਝਣ ਦੀ ਸਮਰੱਥਾ ਨਹੀਂ ਹੁੰਦੀ। ਇਤਿਹਾਸਕ ਸੂਝ ਦੀ ਘਾਟ ਕਾਰਨ ਹੀ ਚੰਗੇ, ਭਲੇ ਵਿਅਕਤੀ ਗ਼ੱਦਾਰ ਬਣ ਜਾਂਦੇ ਹਨ।

ਇਤਿਹਾਸ ਵਿੱਚ ਕਿਸੇ ਵੀ ਗ਼ੱਦਾਰ ਨਾਲ 'ਮਹਾਨ' ਸ਼ਬਦ ਦਾ ਪ੍ਰਯੋਗ ਨਹੀਂ ਕੀਤਾ ਗਿਆ ਪਰ ਗ਼ੱਦਾਰ ਦਾ ਅਸਲ ਉਦੇਸ਼, ਮਹਾਨ ਬਣਨ ਲਈ, ਬਾਕੀ ਸਾਰਿਆਂ ਨੂੰ ਪਿੱਛੇ ਛੱਡ ਕੇ, ਅੱਗੇ ਲੰਘ ਜਾਣਾ ਹੁੰਦਾ ਹੈ।

ਇੱਕ ਸਥਿਤੀ ਅਜਿਹੀ ਆ ਜਾਂਦੀ ਹੈ, ਜਦੋਂ ਗ਼ੱਦਾਰ ਨੂੰ ਆਪਣੀ ਗ਼ੱਦਾਰੀ ਨਾਲ, ਆਪ ਹੀ ਘਿਰਣਾ ਹੋ ਜਾਂਦੀ ਹੈ।

ਇਹ ਸਥਿਤੀ ਉਦੋਂ ਉਤਪੰਨ ਹੁੰਦੀ ਹੈ, ਜਦੋਂ ਕੋਈ ਵਧੇਰੇ ਚੁਸਤ ਅਤੇ ਸਸਤੇ ਮੁੱਲ ਵਿਕਣ ਵਾਲਾ ਗ਼ੱਦਾਰ, ਵਧੇਰੇ ਈਮਾਨਦਾਰੀ ਨਾਲ ਆਪਣੀ ਕੌਮ ਨਾਲ ਵਡੇਰੀ ਅਤੇ ਵਧੇਰੇ ਘਾਤਕ ਗ਼ੱਦਾਰੀ ਕਰਨ ਲਈ, ਆਪਣੇ ਆਪ ਨੂੰ ਪੇਸ਼ ਕਰ ਦੇਵੇ।

ਇਵੇਂ ਪਹਿਲਾ ਗ਼ੱਦਾਰ, ਆਪਣੀ ਗ਼ੱਦਾਰੀ ਦੇ ਬਾਵਜੂਦ ਪਿੱਛੇ ਰਹਿ ਜਾਂਦਾ ਹੈ।

ਗੱਦਾਰ ਨੂੰ, ਗ਼ੱਦਾਰੀ ਕਰਨ ਲਈ ਕਿਹਾ ਨਹੀਂ ਜਾਂਦਾ, ਉਹ ਗ਼ੱਦਾਰੀ ਦਾ ਕਾਰਜ ਨਿਭਾਉਣ ਲਈ ਆਪਣੇ ਆਪ ਨੂੰ ਪੇਸ਼ ਕਰਦਾ ਹੈ।

ਗ਼ੱਦਾਰ ਕੋਲ ਯੋਗਤਾ ਨਾਲ ਅੱਗੇ ਵਧਣ ਦਾ ਕੋਈ ਰਾਹ ਨਹੀਂ ਹੁੰਦਾ, ਇਸ ਲਈ ਉਹ ਚੋਰ ਦਰਵਾਜ਼ਿਆਂ ਰਾਹੀਂ ਅੱਗੇ ਆਉਣ ਦਾ ਪਰਪੰਚ ਰਚਾਉਂਦਾ ਹੈ।

ਗ਼ੱਦਾਰ ਆਪਣੇ ਆਪ ਨੂੰ ਵਿਕਰੀ ਲਈ ਪੇਸ਼ ਕਰਦਾ ਹੈ, ਮੁੱਲ ਪੈਂਦਾ ਹੈ, ਉਹ ਵਿੱਕ ਜਾਂਦਾ ਹੈ। ਗ਼ੱਦਾਰ ਨੂੰ ਸਭ ਤੋਂ ਵੱਧ ਨਫ਼ਰਤ ਉਨ੍ਹਾਂ ਲੋਕਾਂ ਨਾਲ ਹੁੰਦੀ ਹੈ, ਜਿਨ੍ਹਾਂ ਨਾਲ ਉਸ ਨੇ ਗ਼ੱਦਾਰੀ ਕੀਤੀ ਹੁੰਦੀ ਹੈ, ਕਿਉਂਕਿ ਇਹ ਲੋਕ ਉਸ ਨੂੰ ਆਪਣੇ ਘਿਨਾਉਣੇ ਕੰਮਾਂ ਦੀ ਯਾਦ ਦਿਵਾਉਂਦੇ ਹਨ।

ਗ਼ੱਦਾਰ ਦਾ ਵੱਸ ਚੱਲੇ ਤਾਂ ਉਹ ਆਪਣੀ ਕੌਮ ਨੂੰ ਹੀ ਖ਼ਤਮ ਕਰਵਾ ਦੇਵੇ। ਇਹ ਤਾਂ ਉਸ ਲਈ ਸੰਭਵ ਨਹੀਂ ਹੁੰਦਾ, ਇਸ ਲਈ ਉਹ ਉਨ੍ਹਾਂ ਵਿਅਕਤੀਆਂ ਦੀ ਤਲਾਸ਼ ਵਿੱਚ ਰੁੱਝ ਜਾਂਦਾ ਹੈ, ਜਿਹੜੇ ਉਸ ਵਾਂਗ ਹੀ ਵਿਕਣ ਲਈ ਤਿਆਰ ਹੁੰਦੇ ਹਨ। ਇਵੇਂ ਕਰਨ ਨਾਲ ਗ਼ੱਦਾਰ ਨੂੰ ਆਪਣੇ ਇਕੱਲੇ ਹੋਣ ਦਾ ਪਛਤਾਵਾ ਨਹੀਂ ਰਹਿੰਦਾ।

ਗ਼ੱਦਾਰ ਦੀ ਸਥਿਤੀ, ਉਸ ਵਿਧਵਾ ਵਾਂਗ ਹੁੰਦੀ ਹੈ, ਜਿਸ ਦੇ ਪਤੀ ਦੇ ਮਰਨ ਉਤੇ, ਕੁਝ ਲੋਕਾਂ ਦੀ ਭੀੜ ਜੁੜ ਜਾਂਦੀ ਹੈ ਪਰ ਜਦ ਭੀੜ ਖਿੰਡ ਜਾਂਦੀ ਹੈ ਅਤੇ ਵਿਧਵਾ ਇਕੱਲੀ ਰਹਿ ਜਾਂਦੀ ਹੈ ਤਾਂ ਉਹ ਇਕੱਲੀ ਹੀ ਅੱਥਰੂ ਵਹਾਉਂਦੀ ਰਹਿੰਦੀ ਹੈ।

ਅੰਤ ਨੂੰ ਗ਼ੱਦਾਰ ਇਕੱਲਾ ਰਹਿ ਜਾਂਦਾ ਹੈ ਅਤੇ ਉਸ ਸਮੇਂ ਉਸ ਨੂੰ ਆਪਣੇ 'ਕਾਰਨਾਮੇ' ਕਰਤੂਤਾਂ ਪ੍ਰਤੀਤ ਹੋਣ ਲੱਗਦੇ ਹਨ।

ਇਹ ਸਥਿਤੀ ਬੜੀ ਭਿਆਨਕ ਅਤੇ ਦੁੱਖਦਾਈ ਹੁੰਦੀ ਹੈ।

ਗ਼ੱਦਾਰ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਬਾਦਸ਼ਾਹੀਆਂ ਜਿਵੇਂ ਦੀਆਂ ਤਿਵੇਂ ਬਣੀਆਂ ਰਹਿਣਗੀਆਂ ਅਤੇ ਉਹ ਨਵਾਬੀਆਂ ਮਾਣਦਾ ਰਹੇਗਾ ਪਰ ਸੱਚ ਇਹ ਹੈ ਕਿ ਗ਼ੱਦਾਰਾਂ ਦੇ ਸਿਰ ਉੱਤੇ ਉਸਰੀਆਂ ਬਾਦਸ਼ਾਹੀਆਂ ਢਹਿ ਜਾਂਦੀਆਂ ਹਨ ਅਤੇ ਨਵੀਆਂ ਬਾਦਸ਼ਾਹੀਆਂ ਨੂੰ ਨਵੇਂ ਗ਼ੱਦਾਰਾਂ ਦੀ ਲੋੜ ਹੁੰਦੀ ਹੈ ਕਿਉਂਕਿ ਪੁਰਾਣੇ ਗ਼ੱਦਾਰ ਖੋਟੇ ਸਿੱਕੇ ਬਣ ਕੇ ਰਹਿ ਜਾਂਦੇ ਹਨ। ਹਰ ਗ਼ੱਦਾਰ ਆਪਣੀਆਂ ਸਾਰੀਆਂ ਸੰਭਾਵਨਾਵਾਂ ਇੱਕ ਹੀ ਗੇੜ ਵਿੱਚ ਮੁਕਾ ਲੈਂਦਾ ਹੈ।

ਸੱਚ ਇਹ ਹੈ ਕਿ ਗ਼ੱਦਾਰ ਨੂੰ ਸਭ ਤੋਂ ਵੱਧ ਨਫ਼ਰਤ ਉਹ ਕਰਦੇ ਹਨ, ਜਿਨ੍ਹਾਂ ਨੇ ਉਸ ਦੀ ਗ਼ੱਦਾਰੀ ਤੋਂ ਲਾਭ ਉਠਾਇਆ ਹੋਵੇ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਮੌਕਾ ਮਿਲਣ ਉੱਤੇ, ਗ਼ੱਦਾਰ ਉਨ੍ਹਾਂ ਨਾਲ ਵੀ ਗ਼ੱਦਾਰੀ ਕਰ ਜਾਵੇਗਾ।

ਅਜਿਹੇ ਵਿਅਕਤੀਆਂ ਨੂੰ ਗ਼ੱਦਾਰ ਚੰਗਾ ਨਹੀਂ ਲੱਗਦਾ, ਗ਼ੱਦਾਰ ਦੀ ਗ਼ੱਦਾਰੀ ਚੰਗੀ ਲੱਗਦੀ ਹੈ। ਜਿਸ ਵਿਅਕਤੀ ਨੂੰ ਗ਼ੱਦਾਰੀ ਦੀ ਆਦਤ ਪੈ ਜਾਵੇ, ਉਹ ਆਪਣੀ ਆਦਤ ਤੋਂ ਮਜਬੂਰ ਹੁੰਦਾ ਹੈ ਅਤੇ ਸਥਿਤੀ ਇਵੇਂ ਬਣ ਜਾਂਦੀ ਹੈ ਕਿ ਉਸ ਦੀ ਕੌਮ ਉਸ ਨੂੰ ਮੁੜ

ਵਫ਼ਾਦਾਰੀ ਵਿਖਾਉਣ ਦਾ ਅਵਸਰ ਹੀ ਨਹੀਂ ਦਿੰਦੀ ਅਤੇ ਦੂਜੇ ਪਾਸੇ ਗ਼ੱਦਾਰ ਦੇ ਮਾਲਕ ਵੀ ਉਸ ਨੂੰ ਤਿਆਗ ਦਿੰਦੇ ਹਨ।

ਗ਼ੱਦਾਰ ਕੌਣ ਬਣਦੇ ਹਨ ? ਜਦੋਂ ਕਿਸੇ ਵਿਅਕਤੀ ਨੂੰ ਉਸ ਦੀ ਯੋਗਤਾ ਤੋਂ ਉਚੇਰਾ ਅਹੁਦਾ ਦੇ ਦਿੱਤਾ ਜਾਵੇ ਤਾਂ ਉਹ ਅਹੁਦੇ ਉਤੇ ਟਿੱਕੇ ਰਹਿਣ ਲਈ ਗ਼ੱਦਾਰੀ ਸਮੇਤ ਹਰ ਹੀਲਾ ਵਰਤਦਾ ਹੈ। ਜਨਮਾਂ-ਜਨਮਾਂਤਰਾਂ ਦੇ ਭੁੱਖਿਆਂ ਅਤੇ ਨੰਗਿਆਂ ਨੂੰ ਜਦੋਂ ਖਾਣ-ਪਹਿਨਣ ਦੀ ਖੁੱਲ੍ਹ ਮਿਲ ਜਾਵੇ ਤਾਂ ਉਹ ਇਸ ਭਰਮ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਅਹੁਦਾ ਉਨ੍ਹਾਂ ਦੀ ਯੋਗਤਾ ਦੇ ਆਧਾਰ ਉਤੇ ਮਿਲਿਆ ਹੈ।

ਗ਼ਦਾਰਾਂ ਵਿੱਚ ਨਾ ਤਾਂ ਉਡੀਕ ਕਰਨ ਦੀ ਸਮਰੱਥਾ ਹੁੰਦੀ ਹੈ, ਨਾ ਸਬਰ, ਧੀਰਜ ਅਤੇ ਸਹਿਣਸ਼ੀਲਤਾ ਦਾ ਗੁਣ ਹੁੰਦਾ ਹੈ।

ਜਦੋਂ ਗ਼ੱਦਾਰ ਆਪ ਵਿੱਕ ਜਾਵੇ ਤਾਂ ਇੱਕ ਬੁੱਢੀ ਹੋ ਰਹੀ ਵੇਸਵਾ ਵਾਂਗ, ਉਹ ਹੋਰਾਂ ਨੂੰ ਵੀ ਇਸ ਸੌਖੇ ਰਾਹ ਪਾਉਣ ਦਾ ਯਤਨ ਕਰਦਾ ਹੈ।

ਗ਼ੱਦਾਰ ਉਹ ਵਿਅਕਤੀ ਬਣਦੇ ਹਨ, ਜਿਨ੍ਹਾਂ ਦੀ ਸ਼ਖ਼ਸੀਅਤ ਵਿੱਚ ਵਿਕਾਸ ਰੁਕ ਜਾਵੇ। ਵਿਕਾਸ ਕਰਦਾ ਬੰਦਾ ਗ਼ੱਦਾਰ ਨਹੀਂ ਬਣਦਾ।

ਗ਼ੱਦਾਰਾਂ ਦੀ ਲੋੜ ਕਿਨ੍ਹਾਂ ਨੂੰ ਹੁੰਦੀ ਹੈ ? ਜਦੋਂ ਕੋਈ ਚਾਲਬਾਜ਼ ਹਾਕਮ ਆਪਣੇ ਸਾਰੇ ਦਾਅ-ਪੇਚ ਵਰਤ ਲੈਂਦਾ ਹੈ ਤਾਂ ਉਹ ਅੰਤ ਵਿੱਚ ਗ਼ੱਦਾਰਾਂ ਦੇ ਸਹਾਰੇ ਆਪਣੀ ਹਕੂਮਤ ਬਣਾਈ ਰੱਖਣ ਦਾ ਬੇਸ਼ਰਮੀ ਵਾਲਾ ਰਾਹ ਅਪਨਾਉਂਦਾ ਹੈ।

ਗ਼ੱਦਾਰ ਆਪਣੀ ਭਾਸ਼ਾ ਦਾ ਵੀ ਬੇਸ਼ਰਮੀ ਨਾਲ ਪ੍ਰਯੋਗ ਕਰਦੇ ਹਨ।

ਉਹ ਆਪਣੀ ਗ਼ੱਦਾਰੀ ਨੂੰ ਫ਼ਰਜ਼ ਜਾਂ ਰਾਜਨੀਤੀ ਕਹਿ ਕੇ ਜਾਇਜ਼ ਠਹਿਰਾਉਣ ਦਾ ਯਤਨ ਕਰਦੇ ਹਨ ਪਰ ਬਦਕਿਸਮਤੀ ਇਹ ਹੁੰਦੀ ਹੈ ਕਿ ਉਨ੍ਹਾਂ ਦੀ ਗੱਲ ਕੋਈ ਸੁਣਦਾ ਨਹੀਂ। ਹੋਰ ਤਾਂ ਹੋਰ ਗ਼ੱਦਾਰਾਂ ਦੇ ਮਾਲਕਾਂ ਨੂੰ ਵੀ ਉਨ੍ਹਾਂ ਉੱਤੇ ਇਤਬਾਰ ਨਹੀਂ ਹੁੰਦਾ ਅਤੇ ਉਹ ਉਸ ਮੌਕੇ ਦੀ ਉਡੀਕ ਵਿੱਚ ਹੁੰਦੇ ਹਨ, ਜਦੋਂ ਇਨ੍ਹਾਂ ਸੜੇ ਹੋਏ ਟਮਾਟਰਾਂ ਨੂੰ ਨਾਲੀ ਦੀ ਭੇਟ ਕੀਤਾ ਜਾ ਸਕੇ।

ਗ਼ੱਦਾਰ ਉਨਾਂ ਕੌਮਾਂ ਵਿੱਚ ਜੰਮਦੇ ਹਨ, ਜਿਨ੍ਹਾਂ ਨੂੰ ਆਪਣੇ ਕੌਮ ਹੋਣ ਦਾ ਅਹਿਸਾਸ ਨਹੀਂ ਹੁੰਦਾ। ਅੰਗਰੇਜ਼ ਭਾਰਤ ਵਿੱਚ ਸਦੀਆਂ ਰਾਜ ਕਰ ਗਏ ਹਨ ਪਰ ਉਨ੍ਹਾਂ ਵਿੱਚ ਕੋਈ ਗ਼ੱਦਾਰ ਇਸ ਲਈ ਪੈਦਾ ਨਹੀਂ ਹੋਇਆ, ਕਿਉਂਕਿ ਪੱਛਮ ਵਿੱਚ ਕੌਮ ਦਾ ਅਹਿਸਾਸ ਬੜਾ ਬਲਵਾਨ ਹੈ, ਜਦੋਂ ਕਿ ਏਸ਼ਿਆਈ ਕੌਮਾਂ ਅਜੇ ਵਿਅਕਤੀਗਤ ਲਾਭਾਂ ਤੋਂ ਅੱਗੇ ਸੋਚਣ ਦੀ ਸਮਰੱਥਾ ਨਹੀਂ ਉਪਜਾ ਸਕੀਆਂ।

ਪੰਜਾਬੀ ਬਹਾਦਰ ਕੌਮ ਹਨ ਪਰ ਪੰਜਾਬੀਆਂ ਵਿੱਚ ਹੀ ਸਭ ਤੋਂ ਵੱਧ ਗ਼ੱਦਾਰ ਪੈਦਾ ਹੋਏ ਹਨ। ਕਾਰਨ ਇਹ ਹੈ ਕਿ ਦੁਸ਼ਮਣ ਵਿਰੁਧ ਪੰਜਾਬੀ ਲੜਾਈ ਵਿੱਚ ਤਾਂ ਇਕੱਠੇ ਹੋ ਜਾਂਦੇ ਹਨ ਪਰ ਜਿੱਤ ਵਿੱਚ ਇਨ੍ਹਾਂ ਨੂੰ ਇਕੱਠੇ ਰਹਿਣ ਦਾ ਹੁਨਰ ਨਹੀਂ ਆਉਂਦਾ।

ਹਾਕਮ ਜਮਾਤਾਂ ਦਾ ਇਹ ਖਾਸਾ ਹੁੰਦਾ ਹੈ ਕਿ ਉਹ ਬਹਾਦਰਾਂ ਅਤੇ ਸਿਆਣਿਆਂ ਨੂੰ ਹਰ ਕੀਮਤ ਉਤੇ ਖਰੀਦ ਕੇ ਆਪਣੇ ਨਾਲ ਲਾ ਲੈਂਦੀਆਂ ਹਨ।

ਨੀਵੇਂ ਤਬਕਿਆਂ ਵਿਚੋਂ ਜਦੋਂ ਕੋਈ ਸਿਆਣਾ ਬੰਦਾ ਉਭਰਦਾ ਹੈ ਤਾਂ ਸਰਕਾਰਾਂ ਉਸ ਨੂੰ ਅਫ਼ਸਰ ਲਾ ਕੇ, ਉਸ ਨੂੰ ਉਸ ਦੇ ਆਪਣੇ ਹੀ ਲੋਕਾਂ ਨਾਲੋਂ ਤੋੜ ਦਿੰਦੀਆਂ ਹਨ। ਇਵੇਂ ਹੀ ਫੌਜ ਅਤੇ ਪੁਲੀਸ ਦੀ ਵਰਦੀ ਪਹਿਨਾ ਕੇ ਕਿਸੇ ਕੌਮ ਦੀ ਉਭਰਦੀ ਜਵਾਨੀ ਨੂੰ ਸਰਕਾਰਾਂ ਆਪਣੀ ਹੀ ਕੌਮ ਦੇ ਵਿਰੁੱਧ ਖੜ੍ਹਾ ਕਰ ਦਿੰਦੀਆਂ ਹਨ ਅਤੇ ਉਸ ਤੋਂ ਫਰਜ਼ ਦੇ ਨਾਂ ਥੱਲੇ ਗ਼ੱਦਾਰੀ ਕਰਵਾਉਂਦੀਆਂ ਹਨ।

ਜਦੋਂ ਏਸ਼ਿਆਈ ਲੋਕਾਂ ਵਿੱਚ ਕੌਮ ਦਾ ਅਹਿਸਾਸ ਜਾਗ ਪਵੇਗਾ ਤਾਂ ਗ਼ੱਦਾਰੀ ਜਿਹੀ ਲਾਹਨਤ ਵੀ ਮਿੱਟ ਜਾਵੇਗੀ।

ਸਾਧਾਰਨ ਲੋਕ ਗ਼ੱਦਾਰਾਂ ਨੂੰ ਨਫ਼ਰਤ ਕਰਦੇ ਹਨ ਜਦੋਂ ਕਿ ਅਨੁਭਵੀ ਅਤੇ ਸਿਆਣੇ ਲੋਕ ਗ਼ੱਦਾਰਾਂ ਉਤੇ ਤਰਸ ਖਾਂਦੇ ਹਨ।

ਸਾਧਾਰਨ ਲੋਕ ਗ਼ੱਦਾਰ ਦੀ ਜਲਦੀ ਮੌਤ ਦੀ ਇੱਛਾ ਕਰਦੇ ਹਨ ਪਰ ਸਿਆਣੇ ਲੋਕ ਜਾਣਦੇ ਹਨ ਕਿ ਗ਼ੱਦਾਰ ਸਰੀਰਕ ਮੌਤ ਤੋਂ ਪਹਿਲਾਂ ਹਰ ਸਾਹ ਨਾਲ ਅਨੇਕਾਂ ਵਾਰ ਮਰੇਗਾ। ਸਾਧਾਰਨ ਲੋਕ ਚਾਹੁੰਦੇ ਹਨ ਕਿ ਗ਼ੱਦਾਰ ਨੂੰ ਪਛਤਾਵਾ ਹੋਵੇ ਪਰ ਇਤਿਹਾਸ ਦੀ ਸੂਝ ਰਖਣ ਵਾਲੇ ਜਾਣਦੇ ਹਨ ਕਿ ਪਛਤਾਵਾ ਤਾਂ ਇੱਕ ਸਾਧਾਰਨ ਜਿਹਾ ਅਨੁਭਵ ਹੈ, ਗ਼ੱਦਾਰ ਨੂੰ ਆਤਮ-ਗਿਲਾਨੀ ਹੋ ਜਾਂਦੀ ਹੈ, ਜਿਸ ਵਿੱਚ ਵਿਅਕਤੀ ਆਪਣੀਆਂ ਨਜ਼ਰਾਂ ਵਿੱਚ ਆਪ ਹੀ ਡਿੱਗ ਪੈਂਦਾ ਹੈ।

ਪਹਿਲਾਂ ਕੌਮ ਰੋਂਦੀ ਹੈ, ਗ਼ੱਦਾਰ ਹੱਸਦਾ ਹੈ, ਜਦੋਂ ਗ਼ੱਦਾਰ ਰੋਂਦਾ ਹੈ ਤਾਂ ਕੌਮ ਮੁਸਕਰਾ ਕੇ, ਪੱਕੇ ਕਦਮਾਂ ਨਾਲ, ਅੱਗੇ ਲੰਘ ਜਾਂਦੀ ਹੈ।

ਗ਼ੱਦਾਰ ਆਪਣੇ ਆਪ ਨੂੰ ਸਮੁੱਚੀ ਕੌਮ ਦੇ ਬਰਾਬਰ ਸਮਝ ਲੈਂਦਾ ਹੈ, ਜਦੋਂ ਕਿ ਕੌਮ ਉਸ ਨੂੰ ਪੁਰਾਣੇ ਅਖਬਾਰ ਤੋਂ ਵੱਧ ਕੁਝ ਨਹੀਂ ਸਮਝਦੀ।

ਗ਼ੱਦਾਰ ਨੂੰ ਇਤਿਹਾਸ ਦੀ ਸੂਝ ਨਹੀਂ ਹੁੰਦੀ, ਇਸੇ ਲਈ ਉਹ ਰੁਲ ਜਾਂਦਾ ਹੈ।

ਗ਼ੱਦਾਰ, ਗ਼ੱਦਾਰੀ ਕਰਨ ਤੋਂ ਕਦੋਂ ਰੁਕਣਗੇ?

ਗ਼ੱਦਾਰ ਉਦੋਂ ਤੱਕ ਗ਼ੱਦਾਰੀ ਕਰਦੇ ਰਹਿਣਗੇ ਅਤੇ ਉਦੋਂ ਤੱਕ ਗ਼ੱਦਾਰ ਪੈਦਾ ਹੁੰਦੇ ਰਹਿਣਗੇ, ਜਦੋਂ ਤੱਕ ਕੌਮ ਇਹ ਨਿਸ਼ਚਿਤ ਨਹੀਂ ਕਰ ਦਿੰਦੀ ਕਿ ਗ਼ੱਦਾਰ ਨੂੰ, ਗ਼ੱਦਾਰੀ ਦਾ ਫਲ ਭੋਗਣ ਦਾ ਅਵਸਰ ਨਹੀਂ ਦਿੱਤਾ ਜਾਵੇਗਾ।

ਇਹ ਨਿਸ਼ਚਿਤ ਕਰਨ ਲਈ ਜ਼ਰੂਰੀ ਹੈ ਕਿ ਕੌਮ ਵਿੱਚ ਜੋਸ਼ ਦੇ ਨਾਲ ਨਾਲ ਹੋਸ਼ ਦਾ ਗੁਣ ਵੀ ਹੋਵੇ।

ਜੋਸ਼ ਅਤੇ ਹੋਸ਼ ਵਾਲੀ ਕੌਮ ਆਪਣੇ ਲੋਕਾਂ ਵਿੱਚ ਗ਼ੱਦਾਰੀ ਦੀਆਂ ਸੰਭਾਵਨਾਵਾਂ ਹੀ ਮਿਟਾ ਦਿੰਦੀ ਹੈ।

ਈਰਖਾ ਅਤੇ ਸਾੜਾ

ਪਿਆਰ ਭਾਵੇਂ ਅੰਨ੍ਹਾ ਹੁੰਦਾ ਹੈ ਪਰ ਸਾੜੇ ਅਤੇ ਈਰਖਾ ਦੀਆਂ ਅੱਖਾਂ ਸੁਤਿਆਂ-ਜਾਗਦਿਆਂ ਸਦਾ ਖੁੱਲ੍ਹੀਆਂ ਰਹਿੰਦੀਆਂ ਹਨ।

ਸਾੜਾ ਕਰਨਾ ਜਾਂ ਈਰਖਾ ਕਰਨੀ ਇੱਕ ਅਜਿਹਾ ਕੰਮ ਹੈ, ਜਿਸ ਵਿੱਚ ਕਦੇ ਵੀ ਕੋਈ ਛੁੱਟੀ ਨਹੀਂ ਹੁੰਦੀ, ਸਗੋਂ ਇਹ ਤਾਂ ਇੱਕ ਅਜਿਹਾ ਕੰਮ ਹੈ, ਜਿਸ ਵਿੱਚ ਆਰਾਮ ਵੀ ਨਹੀਂ ਕੀਤਾ ਜਾ ਸਕਦਾ।

ਈਰਖਾਲੂ ਵਿਅਕਤੀ ਆਪਣੀਆਂ ਭਾਵਕ ਗਰੀਬੀਆਂ ਦਾ ਦੁੱਖ ਤਾਂ ਝੱਲਦਾ ਹੀ ਹੈ, ਉਹ ਦੂਜਿਆਂ ਦੀ ਖੁਸ਼ਹਾਲੀ ਤੋਂ ਵੀ ਖਿਝਦਾ ਹੈ। ਜਿਸ ਅਨੁਪਾਤ ਵਿੱਚ ਈਰਖਾਲੂ ਜਾਂ ਸੜੀਅਲ ਵਿਅਕਤੀ ਦਾ ਗੁਆਂਢੀ, ਖੁਸ਼ਹਾਲ ਜਾਂ ਸਿਹਤਮੰਦ ਜਾਂ ਖੁਸ਼ ਹੁੰਦਾ ਹੈ, ਉਸੇ ਅਨੁਪਾਤ ਵਿੱਚ ਸੜੀਅਲ ਵਿਅਕਤੀ ਕੰਗਾਲ, ਕਮਜ਼ੋਰ ਅਤੇ ਦੁੱਖੀ ਹੁੰਦਾ ਹੈ।

ਈਰਖਾ ਕਰਨੀ ਇੰਜ ਹੈ, ਜਿਵੇਂ ਅਸੀਂ ਆਪਣੀ ਲਗਾਮ ਕਿਸੇ ਦੂਜੇ ਵਿਅਕਤੀ ਦੇ ਹੱਥ ਫੜਾ ਦਿੱਤੀ ਹੋਵੇ।

ਪਿਆਰ ਅਤੇ ਈਰਖਾ ਦੋ ਅਜਿਹੇ ਅਨੁਭਵ ਹਨ, ਜਿਨ੍ਹਾਂ ਵਿੱਚ ਸਾਡੀਆਂ ਪੰਜੇ ਗਿਆਨ ਇੰਦਰੀਆਂ ਪੂਰੀ ਗਹਿਰਾਈ ਅਤੇ ਪ੍ਰਚੰਡਤਾ ਨਾਲ ਰੁੱਝ ਜਾਂਦੀਆਂ ਹਨ।

ਸਵਰਗ ਅਤੇ ਨਰਕ ਵਿੱਚ ਵੀ ਇਹੀ ਅੰਤਰ ਹੈ। ਆਮ ਲੋਕ ਜਿਤਨੀ ਮਿਹਨਤ ਨਰਕ ਵਿੱਚ ਜਾਣ ਲਈ ਕਰਦੇ ਹਨ ਜੇ ਉਸ ਨਾਲੋਂ ਅੱਧੀ ਵੀ ਠੀਕ ਪਾਸੇ ਲਾ ਦੇਣ ਤਾਂ ਉਹ ਇਸ ਧਰਤੀ ਨੂੰ ਹੀ ਸਵਰਗ ਬਣਾ ਸਕਦੇ ਹਨ।

ਜਾਨਵਰਾਂ ਵਿੱਚ ਸਾੜਾ ਜਾਂ ਈਰਖਾ ਨਹੀਂ ਹੁੰਦੀ ਪਰ ਆਪਣੇ ਹਿੱਤਾਂ ਦੀ ਰਾਖੀ ਲਈ ਵਿਰੋਧ ਅਤੇ ਦੁਸ਼ਮਣੀ ਦੀ ਭਾਵਨਾ ਹੁੰਦੀ ਹੈ।

ਪੰਜਾਬੀ ਸਭਿਆਚਾਰ ਵਿੱਚ ਸਾੜਾ ਅਤੇ ਈਰਖਾ ਦੋਵੇਂ ਮਨੁੱਖੀ ਚਰਿੱਤਰ ਦੇ ਦੋਸ਼ਾਂ ਵਜੋਂ ਸਵੀਕਾਰ ਕੀਤੇ ਗਏ ਹਨ ਪਰ ਦੂਜੀਆਂ ਬੋਲੀਆਂ ਵਿੱਚ, ਇਨ੍ਹਾਂ ਦੇ ਅਰਥ ਵੱਖਰੇ ਅਤੇ ਇੱਕ-ਦੂਜੇ ਦੇ ਵਿਪਰੀਤ ਹਨ।

ਈਰਖਾ ਦੂਜੇ ਵਿਅਕਤੀ ਨੂੰ ਡੇਗਣ ਦੀ ਇੱਛਾ ਵਿੱਚੋਂ ਜਨਮਦੀ ਹੈ, ਜਦੋਂ ਕਿ ਸਾੜੇ ਦੇ ਅਰਥ ਅਜਿਹੀ ਬਿਰਤੀ ਤੋਂ ਹਨ, ਜਿਸ ਅਨੁਸਾਰ ਇੱਕ ਵਿਅਕਤੀ ਆਪਣੇ ਦੁਸ਼ਮਣ ਤੋਂ ਅੱਗੇ ਲੰਘ ਕੇ; ਉਸ ਨੂੰ ਪਛਾੜ ਕੇ, ਬਦਲਾ ਲੈਣਾ ਚਾਹੁੰਦਾ ਹੈ।

ਉਰਦੂ, ਫਾਰਸੀ ਵਿੱਚ ਸਾੜਾ ਕਰਨ ਵਾਲੇ ਵਿਅਕਤੀ ਨੂੰ ਰਕੀਬ ਕਿਹਾ ਜਾਂਦਾ ਹੈ

ਅਤੇ ਅੰਗਰੇਜ਼ੀ ਵਿੱਚ ਸਾੜੇ ਲਈ ਜੈਲਿਸੀ ਸ਼ਬਦ ਵਰਤਿਆ ਜਾਂਦਾ ਹੈ ਪਰ ਪੰਜਾਬੀ 'ਚ ਸਾੜਾ ਅਤੇ ਈਰਖਾ ਲਗਭਗ ਇੱਕੋ ਅਰਥਾਂ ਲਈ ਵਰਤ ਲਏ ਜਾਂਦੇ ਹਨ।

ਈਰਖਾ ਜਾਂ ਸਾੜਾ ਕੀਤਾ ਹੀ ਉਸ ਨਾਲ ਜਾ ਸਕਦਾ ਹੈ, ਜਿਸ ਨਾਲ ਕਦੇ ਅਸੀਂ ਪਿਆਰ ਕੀਤਾ ਸੀ ਜਾਂ ਕਰਨਾ ਚਾਹਿਆ ਸੀ।

ਜੋ ਚੀਜ਼ ਜਾਂ ਵਿਅਕਤੀ ਅਸੀਂ ਪ੍ਰਾਪਤ ਨਹੀਂ ਕਰ ਸਕੇ ਹੁੰਦੇ, ਉਸ ਨੂੰ ਅਸੀਂ ਤੰਗ-ਪਰੇਸ਼ਾਨ ਅਤੇ ਤਬਾਹ ਕਰਨ ਦੇ ਰਾਹ ਪੈ ਜਾਂਦੇ ਹਾਂ।

ਭਾਵੇਂ ਕੋਈ ਪ੍ਰਗਟ ਨਾ ਕਰੇ ਪਰ ਹਰ ਵਿਅਕਤੀ ਦਾ ਆਪਣੇ ਤੋਂ ਉੱਪਰਲੇ ਵਿਅਕਤੀ ਨਾਲ ਵਪਾਰ ਜਾਂ ਅਹੁਦੇ ਦੇ ਖੇਤਰ ਵਿੱਚ ਸਾੜਾ ਹੁੰਦਾ ਹੈ।

ਇੱਕ ਵਕੀਲ ਦਾ ਡਾਕਟਰ ਨਾਲ ਜਾਂ ਇੱਕ ਡਾਕਟਰ ਦਾ ਇੱਕ ਇੰਜਨੀਅਰ ਨਾਲ ਜਾਂ ਇੰਜਨੀਅਰ ਦਾ ਇੱਕ ਲੇਖਕ ਨਾਲ ਸਾੜਾ ਸੰਭਵ ਨਹੀਂ ਹੁੰਦਾ, ਕਿਉਂਕਿ ਸਾੜਾ ਆਪਣੇ ਹੀ ਖੇਤਰ ਵਿੱਚ ਸੰਭਵ ਹੁੰਦਾ ਹੈ, ਜਿਵੇਂ ਵਕੀਲ ਦਾ ਆਪਣੇ ਤੋਂ ਵੱਡੇ ਵਕੀਲ ਨਾਲ, ਸਾੜਾ ਹੋਣਾ ਬੜਾ ਸੁਭਾਵਕ ਹੈ।

ਕਿਸੇ ਦਫਤਰ ਵਿੱਚ ਜਾਂ ਕਿਸੇ ਸੰਸਥਾ ਵਿੱਚ, ਹਰ ਵਿਅਕਤੀ ਦਾ ਆਪਣੇ ਸਹਿਕਰਮੀਆਂ ਨਾਲ ਸਾੜਾ ਹੋਣਾ ਸੁਭਾਵਕ ਗੱਲ ਹੈ। ਅਹੁਦੇ 'ਤੇ ਲੱਗੇ ਕਈ ਵਿਅਕਤੀ, ਉਨ੍ਹਾਂ ਨਾਲ ਸਾੜਾ ਕਰਦੇ ਹਨ, ਜਿਹੜੇ ਉਨ੍ਹਾਂ ਦੀ ਥਾਂ ਲੱਗਣ ਦੀ ਯੋਗਤਾ ਰੱਖਦੇ ਹਨ। ਪ੍ਰਧਾਨ ਮੰਤਰੀ ਨਾਲ ਉਸ ਵਿਅਕਤੀ ਦਾ ਸਾੜਾ ਹੋਵੇਗਾ, ਜਿਹੜਾ ਪ੍ਰਧਾਨ ਮੰਤਰੀ ਬਣਨ ਦੀ ਯੋਗਤਾ ਅਤੇ ਸੰਭਾਵਨਾ ਵਾਲਾ ਹੋਵੇ।

ਆਪਣੇ ਤੋਂ ਬਹੁਤ ਹੀ ਨੀਵੇਂ ਅਤੇ ਆਪਣੇ ਤੋਂ ਬਹੁਤ ਹੀ ਉੱਚੇ ਵਿਅਕਤੀ ਨਾਲ ਸਾੜਾ ਜਾਂ ਈਰਖਾ ਸੰਭਵ ਨਹੀਂ ਹੁੰਦੀ। ਸਾੜਾ ਆਪਣੇ ਲਗਭਗ ਬਰਾਬਰ ਦੇ ਵਿਅਕਤੀਆਂ ਦੇ ਨਾਲ ਹੀ ਕੀਤਾ ਜਾ ਸਕਦਾ ਹੈ।

ਜਿਨ੍ਹਾਂ ਦੀ ਮਹਾਨਤਾ ਜਾਂ ਨੀਚਤਾ ਬਾਰੇ ਕੋਈ ਸੰਦੇਹ ਨਾ ਹੋਵੇ, ਉਨ੍ਹਾਂ ਨਾਲ ਅਸੀਂ ਸਾੜਾ ਜਾਂ ਈਰਖਾ ਨਹੀਂ ਕਰਦੇ।

ਸਾੜਾ ਅਤੇ ਈਰਖਾ ਦੋ ਅਜਿਹੇ ਭਾਵ ਹਨ, ਜਿਹੜੇ ਹਰ ਪ੍ਰਕਾਰ ਦੀ ਤਸੱਲੀ, ਸੰਤੁਸ਼ਟੀ ਜਾਂ ਖੁਸ਼ੀ ਤੋਂ ਕੋਰੇ ਹੁੰਦੇ ਹਨ।

ਈਰਖਾ ਅਤੇ ਸਾੜਾ ਮਨੁੱਖੀ ਸ਼ਖ਼ਸੀਅਤ ਨੂੰ ਘੁਣ ਵਾਂਗ ਖਾ ਜਾਂਦੇ ਹਨ। ਜਿਹੜਾ ਈਰਖਾ ਦਾ ਸ਼ਿਕਾਰ ਹੋਵੇ, ਉਸ ਨੂੰ ਹੋਰ ਦੁੱਖੀ ਨਹੀਂ ਕੀਤਾ ਜਾ ਸਕਦਾ। ਕਈ ਵਿਅਕਤੀ ਇਸ ਭੁਲੇਖੇ ਦਾ ਸ਼ਿਕਾਰ ਹੁੰਦੇ ਹਨ ਕਿ ਉਨ੍ਹਾਂ ਦਾ ਆਪਣੇ ਦਫਤਰੀ ਜਾਂ ਕਾਰੋਬਾਰੀ ਸਾਥੀਆਂ ਨਾਲ ਕੋਈ ਸਾੜਾ ਨਹੀਂ ਪਰ ਇਹ ਸਥਿਤੀ ਉਦੋਂ ਤੱਕ ਹੀ ਜਾਰੀ ਰਹੇਗੀ, ਜਦੋਂ ਤੱਕ ਅਗਲੇਰੀ ਪੱਦਵੀ ਲਈ ਅਰਜ਼ੀਆਂ ਨਹੀਂ ਮੰਗੀਆਂ ਜਾਂਦੀਆਂ।

ਅਗਲੇਰੀ ਪੱਦਵੀ ਦੇ ਖਾਲੀ ਹੁੰਦਿਆਂ ਹੀ, ਉਸ ਨੂੰ ਹਥਿਆਉਣ ਲਈ ਈਰਖਾਲੂ ਪੈਂਤੜਿਆਂ ਦਾ ਨਿਰਮਾਣ ਆਰੰਭ ਹੋ ਜਾਂਦਾ ਹੈ ਅਤੇ ਹਰ ਕੋਈ ਦੂਜੇ ਨੂੰ ਕੱਟਣ ਦੇ ਮਨਸੂਬੇ ਬਣਾਉਣ ਲੱਗ ਪੈਂਦਾ ਹੈ।

ਸਾੜੇ ਜਾਂ ਈਰਖਾ ਦੇ ਸ਼ਿਕਾਰ ਵਿਅਕਤੀ ਨੂੰ ਆਪਣੇ ਦੁਸ਼ਮਣ ਦੀ ਨਿੰਦਾ ਸੁਣ ਕੇ ਬੜੀ ਤਸੱਲੀ ਅਤੇ ਖੁਸ਼ੀ ਮਿਲਦੀ ਹੈ।

ਈਰਖਾਲੂ ਵਿਅਕਤੀ ਹਰ ਇੱਕ ਚੀਜ਼ ਨੂੰ ਟੀਰੀ ਅੱਖ ਨਾਲ ਵੇਖਦਾ ਹੈ।

ਕਹਿੰਦੇ ਹਨ ਈਰਖਾਲੂ ਦੀ ਨਜ਼ਰ ਕਦੀ ਕਮਜ਼ੋਰ ਨਹੀਂ ਹੁੰਦੀ ਅਤੇ ਨਾ ਹੀ ਉਸ ਨੂੰ ਆਪਣੀ ਨਜ਼ਰ ਤੇਜ਼ ਕਰਨ ਲਈ ਸੁਰਮਾ ਪਾਉਣਾ ਪੈਂਦਾ ਹੈ।

ਜਦੋਂ ਦੂਜੇ ਉਹ ਕੁਝ ਪ੍ਰਾਪਤ ਕਰ ਲੈਂਦੇ ਹਨ, ਜੋ ਅਸੀਂ ਚਾਹਿਆ ਹੁੰਦਾ ਹੈ ਜਾਂ ਜਿਸ ਉੱਤੇ ਅਸੀਂ ਆਪਣਾ ਹੱਕ ਸਮਝਦੇ ਹਾਂ, ਅਜਿਹੀ ਦਸ਼ਾ ਵਿੱਚ ਸਾਡਾ ਰਿਸ਼ਤਾ ਸਾੜੇ ਵਾਲਾ ਹੀ ਹੋ ਸਕਦਾ ਹੈ। ਜਦੋਂ ਕਿਸੇ ਵਿਅਕਤੀ ਦੀ ਤਲਾਕ-ਸ਼ੁਦਾ ਪਤਨੀ, ਕਿਸੇ ਹੋਰ ਵਿਅਕਤੀ ਨਾਲ ਉਸ ਦੀ ਬੀਵੀ ਵਜੋਂ, ਉਸ ਦੇ ਸਾਹਮਣਿਓਂ ਲੰਘ ਜਾਵੇ ਤਾਂ ਸਾਬਕਾ ਪਤੀ ਦੀ ਦ੍ਰਿਸ਼ਟੀ ਕੇਵਲ ਸਾੜੇ ਵਾਲੀ ਹੀ ਹੋ ਸਕਦੀ ਹੈ।

ਜਦੋਂ ਕਿਸੇ ਦੀ ਪ੍ਰੇਮਿਕਾ, ਕਿਸੇ ਹੋਰ ਨਾਲ ਪ੍ਰੇਮ ਕਰਨ ਲੱਗ ਪਵੇ ਤਾਂ ਆਪਣੀ ਰਹਿ ਚੁੱਕੀ ਪ੍ਰੇਮਿਕਾ ਨਾਲ ਸਾੜਾ ਕਰਨ ਦੀ ਬਜਾਏ ਪਹਿਲਾ ਪ੍ਰੇਮੀ, ਨਵੇਂ ਪ੍ਰੇਮੀ ਨਾਲ, ਈਰਖਾ ਕਰੇਗਾ ਅਤੇ ਆਪਣੀ ਪ੍ਰੇਮਿਕਾ ਦੇ ਕੇਵਲ ਦੋਸ਼ ਹੀ ਵੇਖੇਗਾ।

ਈਰਖਾ ਜਾਂ ਸਾੜਾ ਉਦੋਂ ਤੱਕ ਹੀ ਕੀਤਾ ਜਾ ਸਕਦਾ ਹੈ, ਜਦੋਂ ਤੱਕ ਸਥਿਤੀ ਆਪਣੇ ਪੱਖ ਵਿਚ ਹੋ ਜਾਣ ਦੀ ਆਸ ਹੁੰਦੀ ਹੈ।

ਇੱਕ-ਦੂਜੇ ਨੂੰ ਈਰਖਾ ਕਰਨ ਵਾਲੇ ਦੋਵੇਂ ਵਿਅੱਕਤੀ ਜਦੋਂ ਸੇਵਾ-ਮੁਕਤ ਹੋ ਜਾਣ ਤਾਂ ਉਨ੍ਹਾਂ ਵਿੱਚ ਈਰਖਾ ਦੀ ਭਾਵਨਾ ਵੀ ਮੁੱਕ ਜਾਂਦੀ ਹੈ। ਇਸ ਸਥਿਤੀ ਵਿੱਚ ਕਈ ਵਾਰੀ ਅਜਿਹੇ ਦੋਵੇਂ ਹੀ ਵਿਅਕਤੀ ਪੱਕੇ ਦੋਸਤ ਵੀ ਬਣ ਜਾਂਦੇ ਵੇਖੇ ਗਏ ਹਨ।

ਦੂਜੇ ਵਿਅਕਤੀਆਂ ਦੇ ਹਸਾਉਣੇ ਨਾਂ ਪਾ ਕੇ ਵੀ ਅਸੀਂ ਆਪਣੀ ਈਰਖਾ ਦਾ ਪ੍ਰਗਟਾਵਾ ਕਰਦੇ ਹਾਂ। ਬੱਚਿਆਂ ਵਿੱਚ ਆਪਣੇ ਸਖ਼ਤ ਅਧਿਆਪਕਾਂ ਅਤੇ ਲੜਾਕੇ ਵਿਦਿਆਰਥੀਆਂ ਪ੍ਰਤੀ ਇਹ ਰੁਚੀ ਆਮ ਵੇਖੀ ਜਾ ਸਕਦੀ ਹੈ।

ਜਦੋਂ ਈਰਖਾ ਜਾਂ ਸਾੜਾ ਬੇਮੁਹਾਰ ਹੋ ਜਾਣ ਤਾਂ ਇਨ੍ਹਾਂ ਦੇ ਰੂਪ ਬਦਲ ਕੇ ਨਫ਼ਰਤ ਅਤੇ ਦੁਸ਼ਮਣੀ ਬਣ ਜਾਂਦੇ ਹਨ।

ਕਹਿੰਦੇ ਹਨ ਔਰਤ ਦੀ ਨਫ਼ਰਤ ਅਤੇ ਥਾਣੇਦਾਰ ਦੀ ਦੁਸ਼ਮਣੀ ਕਿਸੇ ਵੀ ਵਿਅਕਤੀ ਨੂੰ ਕਦੇ ਵੀ ਨਹੀਂ ਸੁਖਾਂਦੀ।

ਕੋਈ ਵੀ ਮੰਨਣ ਲਈ ਤਿਆਰ ਨਹੀਂ ਹੁੰਦਾ ਕਿ ਉਸ ਨੂੰ ਕਿਸੇ ਨਾਲ ਸਾੜਾ ਜਾਂ ਈਰਖਾ ਹੈ। ਸਪੱਸ਼ਟ ਹੈ ਕਿ ਇਹ ਦੋਵੇਂ ਭਾਵ ਸਮਾਜ-ਵਿਰੋਧੀ ਹਨ।

ਸਾੜਾ ਇਸ ਲਈ ਵੀ ਨਿੰਦਣਯੋਗ ਹੈ, ਕਿਉਂਕਿ ਇਹ ਦੂਜਿਆਂ ਦੇ ਨੁਕਸਾਨ ਅਤੇ ਦੁਖਾਂਤ ਵਿੱਚੋਂ ਸੁੱਖ ਲੱਭਦਾ ਹੈ।

ਈਰਖਾ, ਥੱਲੋਂ ਉੱਪਰ ਵੱਲ ਉਠਦੇ ਧੂੰਏ ਵਾਂਗ ਹੁੰਦੀ ਹੈ।

ਈਰਖਾ ਜਾਂ ਸਾੜਾ ਕਰ ਹੀ ਉਹ ਸਕਦਾ ਹੈ, ਜਿਹੜਾ ਹੀਣਤਾ ਦੀ ਭਾਵਨਾ ਦਾ

ਸ਼ਿਕਾਰ ਹੋਵੇ। ਆਮ ਕਰ ਕੇ ਈਰਖਾ ਕਰਨ ਵਾਲੇ, ਠੂਹੇਂ ਵਾਂਗ, ਆਪਣੀ ਹੀ ਜ਼ਹਿਰ ਨਾਲ ਮਰ ਜਾਂਦੇ ਹਨ।

ਈਰਖਾ ਕਰਨ ਵਾਲਿਆਂ ਦੀ ਉਮਰ ਆਮ ਕਰਕੇ ਲੰਮੀ ਹੁੰਦੀ ਹੈ।

ਅਜਿਹੀ ਲੰਮੀ ਉਮਰ ਕੋਈ ਵਰ ਨਹੀਂ, ਇੱਕ ਸਰਾਪ ਹੁੰਦੀ ਹੈ।

ਉਹ ਲੋਕ ਈਰਖਾ ਜਾਂ ਸਾੜੇ ਦਾ ਵਧੇਰੇ ਸ਼ਿਕਾਰ ਹੁੰਦੇ ਹਨ, ਜਿਹੜੇ ਮਿਹਨਤ ਦੀ ਥਾਂ ਕਿਸੇ ਹੋਰ ਲੱਛਣ ਕਾਰਨ, ਅੱਗੇ ਲੰਘ ਜਾਂਦੇ ਹਨ।

ਕਿਸੇ ਨਾਲਾਇਕ ਦਾ ਉੱਚੀ ਪਦਵੀ 'ਤੇ ਲੱਗ ਜਾਣਾ, ਸਾੜਾ ਅਤੇ ਈਰਖਾ ਹੀ ਨਹੀਂ, ਚਿੜ੍ਹ ਵੀ ਉਪਜਾਉਂਦਾ ਹੈ।

ਜਿਹੜੇ ਆਪਣੀ ਮਿਹਨਤ ਨਾਲ ਅੱਗੇ ਵੱਧਦੇ ਹਨ, ਉਨ੍ਹਾਂ ਦੀ ਅਸੀਂ ਅਕਸਰ ਪ੍ਰਸ਼ੰਸਾ ਕਰਦੇ ਹਾਂ। ਸਾੜਾ ਕਰਨ ਵਾਲਾ ਵਿਅਕਤੀ ਝੂਠ ਬੋਲਦਾ ਹੈ, ਅਫ਼ਵਾਹਾਂ ਫੈਲਾਉਂਦਾ ਹੈ ਅਤੇ ਆਪਣੇ ਦੁਸ਼ਮਣ ਦੀ ਹਰ ਹਾਰ ਨੂੰ ਵੱਡਾ ਬਣਾ ਕੇ ਪੇਸ਼ ਕਰਦਾ ਹੈ ਜਾਂ ਇਵੇਂ ਕਿਹਾ ਜਾਵੇ ਕਿ ਈਰਖਾਲੂ ਵਿਅਕਤੀ ਦਾ ਦਿਮਾਗ ਸੁੱਜਿਆ ਹੁੰਦਾ ਹੈ।

ਕਈ ਵਾਰੀ ਸਥਿਤੀ ਇਸ ਹੱਦ ਤੱਕ ਵਿਗੜ ਜਾਂਦੀ ਹੈ ਕਿ ਈਰਖਾਲੂ ਵਿਅਕਤੀ ਨੂੰ ਕੋਈ ਵੀ ਠੀਕ ਚੀਜ਼ ਚੰਗੀ ਨਹੀਂ ਲੱਗਦੀ। ਉਸ ਨੂੰ ਕੇਵਲ ਆਪਣੀ ਸਫ਼ਲਤਾ ਖੁਸ਼ੀ ਦੇ ਸਕਦੀ ਹੈ ਪਰ ਇਸ ਦੀ ਸੰਭਾਵਨਾ ਨਹੀਂ ਹੁੰਦੀ। ਇਸੇ ਕਰਕੇ ਦੂਜਿਆਂ ਦੀ ਨਿੰਦਾ ਵਿੱਚੋਂ ਅਜਿਹੇ ਵਿਅਕਤੀ ਨੂੰ ਰਸ ਮਿਲਣ ਲੱਗ ਪੈਂਦਾ ਹੈ ਅਤੇ ਉਸ ਦੀ ਸੋਚਣ ਅਤੇ ਸਮਝਣ ਦੀ ਪੱਧਰ ਬਦਲ ਜਾਂਦੀ ਹੈ।

ਜਿਹੜੇ ਪਿਤਾ ਆਪਣੇ ਕੰਮਚੋਰ ਪੁੱਤਰਾਂ ਲਈ ਜਾਇਦਾਦਾਂ ਉਸਾਰ ਜਾਂਦੇ ਹਨ, ਉਹ ਪਿਤਾ ਅਸਲ ਵਿੱਚ ਆਪਣੀ ਸੰਤਾਨ ਨੂੰ ਆਪਣੇ ਪਿਤਾ ਦੀ ਮੌਤ ਉਡੀਕਣ ਦੇ ਕੰਮ ਲਾ ਦਿੰਦੇ ਹਨ।

ਈਰਖਾਲੂ ਵਿਅਕਤੀ ਦਾ ਸੁਹਜ-ਸੁਆਦ ਉੱਚਾ ਨਹੀਂ ਹੁੰਦਾ, ਕਿਉਂਕਿ ਉਸ ਦੀ ਸ਼ਬਦਾਵਲੀ ਅਤੇ ਗਿਆਨ ਸੀਮਤ ਹੁੰਦੇ ਹਨ। ਈਰਖਾਲੂ ਵਿਅਕਤੀ ਹੋਛਾ ਹੁੰਦਾ ਹੈ। ਉਸ ਦੇ ਸਾਰੇ ਪ੍ਰੋਗਰਾਮ ਉਸ ਦੇ ਦੁਸ਼ਮਣ ਹੀ ਮਿੱਥਦੇ ਹਨ।

ਈਰਖਾ ਕੇਵਲ ਜਿਉਂਦਿਆਂ ਨਾਲ ਹੀ ਕੀਤੀ ਜਾ ਸਕਦੀ ਹੈ। ਕਿਸੇ ਨੇ ਦੂਜੇ ਨੂੰ ਕਿਹਾ 'ਤੇਰਾ ਦੁਸ਼ਮਣ ਤੇਰੀ ਸਿਫ਼ਤ ਕਰ ਰਿਹਾ ਸੀ।' ਉਸ ਨੇ ਉੱਤਰ ਦਿੱਤਾ, 'ਤਾਂ ਕਿਸੇ ਨੇ ਉਸ ਨੂੰ ਮੇਰੇ ਮਰਨ ਦੀ ਖ਼ਬਰ ਦੇ ਦਿੱਤੀ ਹੋਵੇਗੀ।'

ਕਹਿੰਦੇ ਹਨ ਔਰਤਾਂ ਵਿੱਚ ਈਰਖਾ-ਭਾਵਨਾ ਵਧੇਰੇ ਹੁੰਦੀ ਹੈ ਪਰ ਉਨ੍ਹਾਂ ਵਿਚਲੀ ਈਰਖਾ ਦੀ ਪੱਧਰ ਉੱਚੀ ਨਹੀਂ ਹੁੰਦੀ, ਨੀਵੀਂ ਅਤੇ ਕਮਜ਼ੋਰ ਹੁੰਦੀ ਹੈ।

ਈਰਖਾ ਦੇ ਭਿਆਨਕ ਰੂਪ ਤਾਂ ਪੁਰਸ਼ਾਂ ਵਿੱਚ ਹੀ ਹੁੰਦੇ ਹਨ, ਪਰ ਪੁਰਸ਼ਾਂ ਦੀ ਈਰਖਾ ਦੇ ਖੇਤਰ ਆਰਥਿਕਤਾ ਜਾਂ ਰਾਜਨੀਤੀ ਹੁੰਦੇ ਹਨ, ਜਦੋਂ ਕਿ ਔਰਤਾਂ ਦੀ ਈਰਖਾ ਦਾ ਖੇਤਰ ਸਰੀਰਕ ਜਾਂ ਪਰਿਵਾਰਕ ਹੁੰਦਾ ਹੈ।

ਸਾਧਾਰਨ ਜਿਹੀਆਂ ਔਰਤਾਂ ਨੂੰ ਆਪਣੇ ਸੋਹਣੇ ਪਤੀਆਂ ਨਾਲ ਸਾੜਾ ਹੁੰਦਾ ਹੈ ਪਰ ਸੋਹਣੀਆਂ ਪਤਨੀਆਂ ਭਾਵੇਂ ਆਪ ਸਾੜੇ ਤੋਂ ਮੁਕਤ ਹੁੰਦੀਆਂ ਹਨ ਪਰ ਉਨ੍ਹਾਂ ਨਾਲ ਸਾੜਾ ਕੀਤਾ ਜਾਂਦਾ ਹੈ। ਈਰਖਾਲੂ ਔਰਤਾਂ ਜਾਂ ਪਾਗਲ ਪੁਰਸ਼ਾਂ ਵਿੱਚ ਕੋਈ ਅੰਤਰ ਨਹੀਂ ਹੁੰਦਾ। ਈਰਖਾਲੂ ਔਰਤਾਂ ਹਰ ਚੀਜ਼ ਨੂੰ ਵਧਾ ਚੜ੍ਹਾ ਕੇ ਵੇਖਦੀਆਂ ਹਨ ਅਤੇ ਉਸੇ ਗੱਲ ਨੂੰ ਮੰਨਦੀਆਂ ਹਨ, ਜਿਹੜੀ ਉਨ੍ਹਾਂ ਦੇ ਦਿਲ ਨੂੰ ਜੱਚ ਜਾਵੇ, ਕਿਉਂਕਿ ਈਰਖਾਲੂ ਵਿਅਕਤੀ ਦਿਮਾਗ਼ ਦੀ ਥਾਂ ਦਿਲ ਨਾਲ ਸੋਚਦਾ ਹੈ।

ਚੰਗੀ ਕਿਸਮਤ ਵਾਲੇ ਵਿਅਕਤੀ ਉਹ ਹੁੰਦੇ ਹਨ ਜੋ ਸਾੜੇ ਅਤੇ ਈਰਖਾ ਤੋਂ ਮੁਕਤ ਹੁੰਦੇ ਹਨ। ਚੰਗੇ ਸੁਹਜ-ਸੁਆਦ ਦੀ ਸੰਭਾਵਨਾ ਤਾਂ ਹੀ ਹੁੰਦੀ ਹੈ, ਜੇ ਸਾੜੇ ਅਤੇ ਈਰਖਾ ਤੋਂ ਮੁਕਤ ਹੋਇਆ ਜਾ ਸਕੇ।

ਸੌੜੇ ਉਦੇਸ਼ ਅਤੇ ਝੱਟਪਟ ਅਮੀਰ ਬਣ ਜਾਣ ਜਾਂ ਸਥਾਪਤ ਹੋਣ ਦੀ ਲਾਲਸਾ ਹੀ ਈਰਖਾ ਅਤੇ ਸਾੜੇ ਨੂੰ ਜਨਮ ਦਿੰਦੀ ਹੈ।

ਆਪਣੀ ਮਿਹਨਤ ਵਿੱਚ ਵਿਸ਼ਵਾਸ ਪੈਦਾ ਕਰ ਕੇ ਅਤੇ ਆਪਣੇ ਖੇਤਰ ਵਿੱਚ ਨਿਪੁੰਨ ਹੋ ਕੇ ਈਰਖਾ ਅਤੇ ਸਾੜੇ ਜਿਹੀਆਂ ਮਨ ਦਾ ਚੈਨ ਚੱਟ ਜਾਣ ਵਾਲੀਆਂ ਬਲਾਵਾਂ ਤੋਂ ਬਚਿਆ ਜਾ ਸਕਦਾ ਹੈ।

ਸੁਆਰਥ ਦੀ ਥਾਂ ਮਿਲਵਰਤਣ ਦੀ ਭਾਵਨਾ ਨਾਲ ਮਨੁੱਖ ਵਿਚ ਵਿਸ਼ਵਾਸ, ਪ੍ਰਸ਼ੰਸਾ ਅਤੇ ਆਸ ਦੇ ਗੁਣ ਉਤਪੰਨ ਹੁੰਦੇ ਹਨ।

ਸਾੜਾ ਜਾਂ ਈਰਖਾ ਨਿਕੰਮੇ, ਕੰਮਚੋਰ, ਨਾਲਾਇਕ, ਆਲਸੀ ਅਤੇ ਪਛਾਵਿਆਂ ਨਾਲ ਲੜਨ ਵਾਲੇ ਵਿਅਕਤੀਆਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ।

ਆਪਣੀਆਂ ਸੰਭਾਵਨਾਵਾਂ ਨੂੰ ਪਛਾਣਨ ਅਤੇ ਮਿਹਨਤ ਨਾਲ ਅੱਗੇ ਵਧਣ ਵਾਲੇ ਵਿਅਕਤੀ ਈਰਖਾ ਅਤੇ ਸਾੜੇ ਦਾ ਸ਼ਿਕਾਰ ਨਹੀਂ ਹੁੰਦੇ ਸਗੋਂ ਅਜਿਹੇ ਵਿਅਕਤੀ ਆਪ ਤਾਂ ਪ੍ਰਸ਼ੰਸਾਯੋਗ ਹੁੰਦੇ ਹੀ ਹਨ, ਇਨ੍ਹਾਂ ਵਿੱਚ ਦੂਜਿਆਂ ਦੀ ਪ੍ਰਸ਼ੰਸਾ ਕਰਨ ਅਤੇ ਸਹਿਯੋਗ ਦੇਣ ਦੀ ਦਲੇਰੀ ਵੀ ਹੁੰਦੀ ਹੈ।

ਸ਼ਿਕਾਇਤਾਂ

ਸ਼ਿਕਾਇਤ, ਡਰਪੋਕਪੁਣੇ ਅਤੇ ਨਾਲਾਇਕੀ ਨੂੰ ਛੁਪਾਉਣ ਦਾ ਜਾਂ ਕਿਸੇ ਪ੍ਰਤੀ ਲੰਗੜਾ ਵਿਰੋਧ ਪ੍ਰਗਟਾਉਣ ਦਾ ਇੱਕ ਸਾਧਨ ਹੁੰਦੀ ਹੈ।

ਇੱਕ ਸ਼ਿਕਾਇਤ, ਫਰਿਆਦ ਹੁੰਦੀ ਹੈ ਅਤੇ ਇੱਕ ਸ਼ਿਕਾਇਤ ਚੁਗਲੀ ਹੁੰਦੀ ਹੈ। ਫਰਿਆਦ ਕਰਨੀ ਠੀਕ ਹੈ, ਚੁਗਲੀ ਕਰਨੀ ਗਲਤ ਹੈ। ਚੁਗਲੀ ਮੁੱਢੋਂ ਹੀ ਝੂਠ ਹੁੰਦੀ ਹੈ ਅਤੇ ਸੁਣਨ ਵਾਲੇ ਦੀ ਮਾਨਸਿਕ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਸਿਰਜੀ ਜਾਂਦੀ ਹੈ।

ਸ਼ਿਕਾਇਤ ਵਿੱਚ ਉਤਨਾ ਝੂਠ ਨਹੀਂ ਬੋਲਿਆ ਜਾਂਦਾ, ਜਿਤਨਾ ਅਸਲ ਗੱਲ ਨੂੰ ਤੋੜਨ, ਮਰੋੜਨ ਵੱਲ ਧਿਆਨ ਦਿੱਤਾ ਜਾਂਦਾ ਹੈ।

ਚੁਗਲੀ ਦੇ ਸੁਭਾਓ ਵਾਲੀ ਹਰ ਇੱਕ ਸ਼ਿਕਾਇਤ ਲਈ ਤਿੰਨ ਧਿਰਾਂ ਦਾ ਹੋਣਾ ਲਾਜ਼ਮੀ ਹੁੰਦਾ ਹੈ: ਸ਼ਿਕਾਇਤ ਲਾਉਣ ਵਾਲਾ, ਜਿਸ ਨੂੰ ਸ਼ਿਕਾਇਤ ਲਾਈ ਜਾਵੇ ਅਤੇ ਜਿਸ ਵਿਰੁੱਧ ਸ਼ਿਕਾਇਤ ਲਗਾਈ ਜਾਵੇ। ਇਨ੍ਹਾਂ ਤਿੰਨਾਂ ਧਿਰਾਂ ਦਾ ਕ੍ਰਮਵਾਰ ਲੇਖਾ-ਜੋਖਾ ਕਰਨਾ ਹੀ ਇਸ ਲੇਖ ਦਾ ਉਦੇਸ਼ ਹੈ।

ਜਿਵੇਂ ਕਿ ਉਪਰ ਕਿਹਾ ਗਿਆ ਹੈ ਕਿ ਸ਼ਿਕਾਇਤ ਡਰਪੋਕਾਂ ਅਤੇ ਨਾਲਾਇਕਾਂ ਦਾ ਇੱਕ ਹਥਿਆਰ ਹੈ, ਕਈ ਇਸ ਹੱਦ ਤੱਕ ਡਰਪੋਕ ਹੁੰਦੇ ਹਨ ਕਿ ਉਹ ਕਿਸੇ ਬਾਰੇ ਸ਼ਿਕਾਇਤ ਲਿਖਤੀ ਰੂਪ ਵਿੱਚ ਕਰਦੇ ਤਾਂ ਹਨ ਪਰ ਆਪਣਾ ਨਾਂ-ਪਤਾ ਲਿਖਣ ਦੀ ਉਨ੍ਹਾਂ ਵਿੱਚ ਹਿੰਮਤ ਨਹੀਂ ਹੁੰਦੀ।

ਇਹ ਉਹ ਲੋਕ ਹੁੰਦੇ ਹਨ, ਜਿਹੜੇ ਹਮਲਾ ਕਰਨਾ ਚਾਹੁੰਦੇ ਹਨ ਪਰ ਜਵਾਬੀ ਹਮਲੇ ਤੋਂ ਬਚਣਾ ਵੀ ਚਾਹੁੰਦੇ ਹਨ। ਇਹ ਲੋਕ ਆਪਣੀ ਖੁੰਢੀ ਅਕਲ ਵਾਂਗ ਹੀ ਖੁੰਢੇ ਹਥਿਆਰਾਂ ਨੂੰ ਵਰਤਣ ਦੇ ਆਦੀ ਹੁੰਦੇ ਹਨ। ਇਨ੍ਹਾਂ ਦੀ ਮਾਨਸਿਕ ਸਥਿਤੀ ਕਬਾੜੀਆਂ ਵਾਲੀ ਹੁੰਦੀ ਹੈ। ਇਹ ਜ਼ੰਗਾਲੇ ਹੋਏ ਹਥਿਆਰਾਂ ਨਾਲ ਜੰਗ ਜਿੱਤਣੀ ਚਾਹੁੰਦੇ ਹਨ। ਅਜਿਹੇ ਲੋਕਾਂ ਦਾ ਇੱਕ-ਮਾਤਰ ਉਦੇਸ਼ ਇਹ ਹੁੰਦਾ ਹੈ ਕਿ ਜੋ ਹੋ ਰਿਹਾ ਹੈ, ਉਹ ਰੁਕ ਜਾਵੇ। ਇਨ੍ਹਾਂ ਨੂੰ ਆਪ ਪਤਾ ਨਹੀਂ ਹੁੰਦਾ ਕਿ ਕੀ ਹੋਣਾ ਚਾਹੀਦਾ ਹੈ, ਪਰ ਜੋ ਕੁਝ ਹੋ ਰਿਹਾ ਹੈ, ਉਸ ਨੂੰ ਇਹ ਲੋਕ ਸਹਿਣ ਨਹੀਂ ਕਰ ਸਕਦੇ।

ਸਾੜੇ ਅਤੇ ਈਰਖਾ ਦੀ ਅੱਗ ਵਿੱਚ ਸੜਨ ਵਾਲੇ ਇਹ ਲੋਕ, ਕਿਸੇ ਦਾ ਕੁਝ ਵੀ ਨਹੀਂ ਸੰਵਾਰ ਸਕਦੇ, ਸਗੋਂ ਇਹ ਆਪਣਾ ਨੁਕਸਾਨ ਕਰਨ ਵਿੱਚ ਮਾਹਿਰ ਹੁੰਦੇ ਹਨ। ਅਜਿਹੇ ਲੋਕਾਂ ਦੀ ਸ਼ਬਦਾਵਲੀ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਬੀਮਾਰਾਂ ਵਾਲਾ ਹੁੰਦਾ ਹੈ। ਜਦੋਂ

ਅਜਿਹੇ ਲੋਕ ਕਿਸੇ ਨਾਲ ਗੱਲ ਕਰਨਗੇ ਤਾਂ ਇਵੇਂ ਵਿਚਰਨਗੇ ਜਿਵੇਂ ਕਹਿ ਰਹੇ ਹੋਣ ਕਿ ਦੁਨੀਆਂ ਨੇ ਇਨ੍ਹਾਂ ਦੀ ਪ੍ਰਵਾਹ ਨਾ ਕਰਕੇ ਜਾਂ ਇਨ੍ਹਾਂ ਦੀ ਸਲਾਹ ਨਾ ਪੁੱਛ ਕੇ ਆਪਣਾ ਹੀ ਨੁਕਸਾਨ ਕੀਤਾ ਹੈ।

ਦੂਜੇ ਉਹ ਸ਼ਿਕਾਇਤੀ ਲੋਕ ਹੁੰਦੇ ਹਨ ਜਿਹੜੇ ਪਰੰਪਰਾ ਦੀ ਜਿਲ੍ਹਣ ਵਿੱਚ ਇਸ ਹੱਦ ਤੱਕ ਫਸੇ ਹੁੰਦੇ ਹਨ ਕਿ ਕਿਸੇ ਵੀ ਤਬਦੀਲੀ ਦਾ ਸੁਨੇਹਾ, ਇਨ੍ਹਾਂ ਨੂੰ ਪਰਲੋ ਪ੍ਰਤੀਤ ਹੁੰਦਾ ਹੈ। ਇਵੇਂ ਸ਼ਿਕਾਇਤ ਪਿਛਾਂਹ-ਖਿੱਚੂਆਂ ਦਾ ਆਪਣੇ ਪੁਰਾਣੇ ਵਿਚਾਰਾਂ ਨਾਲ ਬੱਝੇ ਰਹਿਣ ਦਾ ਤਰਲਾ ਹੁੰਦੀ ਹੈ। ਇਨ੍ਹਾਂ ਦੀ ਸੋਚ ਇਹ ਕਹਿੰਦੀ ਹੈ ਕਿ 'ਇਹ ਵਿਅਕਤੀ ਸਾਨੂੰ ਬਦਲਣਾ ਚਾਹੁੰਦਾ ਹੈ, ਇਸ ਨੂੰ ਹਟਾਓ।'

ਇਵੇਂ ਇਹ ਲੋਕ ਪਰੰਪਰਾ ਦੀ ਅਫ਼ੀਮ ਨਾਲ ਪ੍ਰਾਪਤ, ਆਪਣੀ ਨੀਂਦਰ-ਅਵਸਥਾ ਨੂੰ, ਜਾਗਣ ਦੇ ਜੋਖਮ ਨਾਲ ਮਿਟਾਉਣ ਲਈ ਤਿਆਰ ਨਹੀਂ ਹੋ ਸਕਦੇ। ਸੁੱਸਤੀ ਇਨ੍ਹਾਂ ਵਿਚ ਇਸ ਹੱਦ ਤੱਕ ਹੁੰਦੀ ਹੈ ਕਿ ਨਵੇਂ ਵਿਚਾਰਾਂ ਪ੍ਰਤੀ ਬੇਮੁਖਤਾ ਨੂੰ ਇਹ ਆਪਣੇ ਗਿਆਨੀ-ਧਿਆਨੀ ਹੋਣ ਦਾ ਪ੍ਰਮਾਣ ਬਣਾ ਲੈਂਦੇ ਹਨ।

ਜਿਸ ਕਿਸੇ ਨੇ ਵੀ ਇਨ੍ਹਾਂ ਘੁਣਖਾਧੀਆਂ ਸ਼ਖ਼ਸੀਅਤਾਂ ਨੂੰ ਜਗਾਉਣ ਦਾ ਯਤਨ ਕੀਤਾ ਹੈ, ਉਸ ਨੂੰ ਇਨ੍ਹਾਂ ਨੇ ਆਪਣੀਆਂ ਸ਼ਿਕਾਇਤਾਂ ਦਾ ਨਿਸ਼ਾਨਾ ਬਣਾਇਆ ਹੈ। ਦੂਜੇ ਸ਼ਬਦਾਂ ਵਿੱਚ ਸ਼ਿਕਾਇਤ ਇਨ੍ਹਾਂ ਲੋਕਾਂ ਦਾ ਸ਼ਾਬਦਿਕ ਰੋਣਾ-ਪਿੱਟਣਾ ਹੁੰਦੀ ਹੈ।

ਸ਼ਿਕਾਇਤ ਦੀ ਦੂਜੀ ਧਿਰ ਉਹ ਵਿਅਕਤੀ ਹੁੰਦਾ ਹੈ, ਜਿਸ ਕੋਲ ਸ਼ਿਕਾਇਤ ਕੀਤੀ ਜਾਵੇ। ਸ਼ਿਕਾਇਤ ਸੁਣਨਾ ਸੁੰਗੜੀ ਹੋਈ ਸ਼ਖ਼ਸੀਅਤ ਦਾ ਪ੍ਰਮਾਣ ਹੈ। ਬੀਮਾਰ ਬਿਰਤੀ ਵਾਲਾ ਵਿਅਕਤੀ, ਤੰਦਰੁਸਤ ਵਿਅਕਤੀਆਂ ਦੇ ਮੁਕਾਬਲੇ ਸ਼ਿਕਾਇਤਾਂ ਵਧੇਰੇ ਸੁਣਦਾ ਹੈ, ਕਿਉਂਕਿ ਉਹ ਸ਼ਿਕਾਇਤਾਂ ਸੁਣਨ ਰਾਹੀਂ ਆਪਣੇ ਆਪ ਦੇ ਸੰਪੂਰਣ, ਮਹੱਤਵਪੂਰਨ ਅਤੇ ਸਿਆਣੇ ਹੋਣ ਦਾ ਭਰਮ ਉਪਜਾਉਂਦਾ ਹੈ।

ਜੇ ਕਿਸੇ ਵਿਅਕਤੀ ਨੂੰ ਉਸ ਦੀ ਯੋਗਤਾ ਤੋਂ ਉਚੇਰੀ ਪਦਵੀ ਮਿਲ ਜਾਵੇ ਤਾਂ ਹੋਰ ਗੱਲਾਂ ਦੇ ਨਾਲ-ਨਾਲ ਉਸ ਦੀ ਤਬੀਅਤ ਬੜੀ ਸ਼ੱਕੀ ਹੋ ਜਾਂਦੀ ਹੈ।

ਆਪਣੀ ਅਯੋਗਤਾ ਨੂੰ ਛੁਪਾਉਣ ਲਈ ਉਹ ਅਨੇਕਾਂ ਚਲਿੱਤਰ ਕਰਦਾ ਹੈ, ਸ਼ਿਕਾਇਤਾਂ ਸੁਣਨਾ ਉਨ੍ਹਾਂ ਵਿੱਚੋਂ ਇੱਕ ਹੈ।

ਸ਼ਿਕਾਇਤ ਸੁਣਨ ਵਾਲੇ, ਅਧਿਕਾਰੀ ਦੀ ਇਹ ਇੱਕ ਕਮਜ਼ੋਰੀ ਹੁੰਦੀ ਹੈ ਕਿ ਹਰ ਕੋਈ ਉਸੇ ਕੋਲ ਸ਼ਿਕਾਇਤ ਲੈ ਕੇ ਆਉਂਦਾ ਹੈ।

ਸ਼ਿਕਾਇਤ ਕਰਨ ਵਾਲੇ, ਸ਼ਿਕਾਇਤ ਸੁਣਨ ਵਾਲੇ ਦੀ ਇਸ ਕਮਜ਼ੋਰੀ ਨੂੰ, ਆਪਣਾ ਡੰਗ ਟਪਾਉਣ ਲਈ ਵਰਤਦੇ ਹਨ। ਇਨ੍ਹਾਂ ਦੋਹਾਂ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਟੀਰੇ ਵਿਅਕਤੀਆਂ ਵਾਲਾ ਹੁੰਦਾ ਹੈ।

ਸ਼ਿਕਾਇਤ ਕਰਨ ਵਾਲੇ, ਪੂਰੀ ਗੱਲ ਸੋਚ ਸਮਝ ਕੇ ਨਹੀਂ ਕਰਦੇ, ਕਿਉਂਕਿ ਜੇ ਸੋਚਣ ਦੀ ਸਮਰੱਥਾ ਹੁੰਦੀ ਤਾਂ ਉਹ ਸ਼ਿਕਾਇਤ ਕਰਦੇ ਹੀ ਕਿਉਂ?

ਸ਼ਿਕਾਇਤ ਸੁਣਨ ਵਾਲਾ, ਉਸੇ ਸ਼ਿਕਾਇਤ ਨੂੰ ਜਾਂ ਸ਼ਿਕਾਇਤ ਦੇ ਉਸ ਹਿੱਸੇ ਨੂੰ ਹੀ ਧਿਆਨ ਨਾਲ ਸੁਣੇਗਾ, ਜਿਸ ਨਾਲ ਉਸ ਦਾ ਆਪਣਾ ਕੋਈ ਸੁਆਰਥ ਪੂਰਾ ਹੁੰਦਾ ਹੋਵੇ। ਇਵੇਂ ਸ਼ਿਕਾਇਤ ਸੁਣਨ ਵਾਲੀ ਧਿਰ, ਸ਼ਿਕਾਇਤ ਕਰਨ ਵਾਲੀ ਧਿਰ ਦੇ ਮੋਢੇ ਉੱਤੇ ਬੰਦੂਕ ਰੱਖ ਕੇ ਆਪਣਾ ਸੁਆਰਥ ਸਿੱਧ ਕਰਦੀ ਹੈ ਅਤੇ ਸ਼ਿਕਾਇਤ ਕਰਨ ਵਾਲੀ ਧਿਰ ਹੱਥ ਮਲਦੀ ਹੀ ਰਹਿ ਜਾਂਦੀ ਹੈ।

ਜੇ ਸ਼ਿਕਾਇਤ ਸੁਣਨ ਵਾਲੀ ਧਿਰ ਬਲਵਾਨ ਸੋਚ ਦੀ ਮਾਲਕ ਹੋਵੇ ਤਾਂ ਪਹਿਲਾਂ ਤਾਂ ਉਸ ਕੋਲ ਕਿਸੇ ਨੂੰ ਸ਼ਿਕਾਇਤ ਕਰਨ ਦੀ ਹਿੰਮਤ ਹੀ ਨਹੀਂ ਪੈਂਦੀ ਅਤੇ ਜੇ ਇਹ ਹਿੰਮਤ ਪੈ ਵੀ ਜਾਵੇ ਤਾਂ ਉਹ ਸ਼ਿਕਾਇਤ ਕਰਨ ਵਾਲੇ ਦੇ ਸੁਆਰਥ ਨੂੰ ਪਹਿਚਾਣ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਸ਼ਿਕਾਇਤ ਕਰਨ ਵਾਲੀ ਧਿਰ ਸ਼ਿਕਾਇਤ ਪ੍ਰਤੀ ਉਤਨੀ ਗੰਭੀਰ ਨਹੀਂ ਹੁੰਦੀ, ਜਿਤਨੀ ਸੁਣਨ ਵਾਲੀ ਸੁਆਰਥੀ ਧਿਰ ਉਸ ਨੂੰ ਗੰਭੀਰ ਰੰਗਾਂ ਵਿੱਚ ਰੰਗ ਦਿੰਦੀ ਹੈ। ਸ਼ਿਕਾਇਤਾਂ ਸੁਣਨਾ ਸਰੀਰਕ ਕਮਜ਼ੋਰੀ, ਭਾਵਕ ਕੰਗਾਲੀ ਅਤੇ ਦਿਮਾਗ਼ੀ ਦੀਵਾਲੀਏਪਣ ਦਾ ਪ੍ਰਮਾਣ ਹੁੰਦਾ ਹੈ।

ਸ਼ਿਕਾਇਤ ਦੀ ਤੀਜੀ ਧਿਰ, ਉਹ ਵਿਅਕਤੀ ਹੁੰਦਾ ਹੈ, ਜਿਸ ਵਿਰੁੱਧ ਸ਼ਿਕਾਇਤ ਕੀਤੀ ਜਾਂਦੀ ਹੈ। ਜਿਹੜਾ ਵੀ ਵਿਅਕਤੀ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਏਗਾ, ਉਹ ਧਾਰਮਿਕ ਅਤੇ ਪਰੰਪਰਕ ਸੋਚਣੀ ਵਾਲੇ ਵਿਅਕਤੀਆਂ ਦੀਆਂ ਸ਼ਿਕਾਇਤਾਂ ਦਾ ਅਵੱਸ਼ ਨਿਸ਼ਾਨਾ ਬਣੇਗਾ।

ਇਥੇ ਮਸਲਾ ਨਵੇਂ ਅਤੇ ਪੁਰਾਣੇ ਦੀ ਟੱਕਰ ਦਾ ਹੈ।

ਵਿਗਿਆਨਕ ਸੋਚ ਨਾਲ, ਧਾਰਮਿਕ ਢੌਂਗ, ਪਖੰਡ ਅਤੇ ਧਰਮ ਦੇ ਨਾਂ 'ਤੇ ਲੋਕਾਂ ਨੂੰ ਕੁਰਾਹੇ ਪਾਉਣ ਦੀਆਂ ਚਾਲਾਂ ਦਾ ਜਦੋਂ ਲੇਖਾ-ਜੋਖਾ ਕੀਤਾ ਜਾਂਦਾ ਹੈ ਤਾਂ ਸੰਕੀਰਣ ਸੋਚ ਵਾਲੇ ਵਿਅਕਤੀ 'ਕਾਫ਼ਰ, ਕਾਫ਼ਰ' ਦੀ ਦੁਹਾਈ ਦਿੰਦੇ ਹਨ।

ਜਿਥੇ ਕਿਸੇ ਦਾ ਪਿਆਰ ਸਿਰੇ ਨਾ ਚੜ੍ਹੇ, ਉਥੇ ਦੂਜੀ ਧਿਰ ਵਿੱਚ ਨੁਕਸ ਕੱਢਣ ਦੀ ਪ੍ਰਵਿਰਤੀ ਬਲਵਾਨ ਹੋ ਜਾਂਦੀ ਹੈ। ਜਿਨ੍ਹਾਂ ਅੰਗੂਰਾਂ ਨੂੰ ਅਸੀਂ ਪ੍ਰਾਪਤ ਨਾ ਕਰ ਸਕੀਏ, ਉਨ੍ਹਾਂ ਨੂੰ ਖੱਟੇ ਕਹਿ ਕੇ ਅਕਸਰ ਹੀ ਸਬਰ ਨਹੀਂ ਹੁੰਦਾ।

ਸ਼ਿਕਾਇਤ ਦੇ ਕਈ ਹੋਰ ਵੀ ਪੱਖ ਹਨ, ਜਿਵੇਂ ਇਹ ਡਰਪੋਕਾਂ ਦਾ ਤਰਲਾ ਹੁੰਦੀ ਹੈ, ਨਾਲਾਇਕਾਂ ਦਾ ਕੱਜਣ ਹੁੰਦੀ ਹੈ, ਹਾਰਿਆਂ ਦਾ ਵਿਰਲਾਪ ਅਤੇ ਬਦਸੂਰਤਾਂ ਦੇ ਸੋਹਣੇ ਲੱਗਣ ਦੀ ਇਹ ਇੱਕ ਇੱਛਾ ਵੀ ਹੁੰਦੀ ਹੈ।

ਜਿਨ੍ਹਾਂ ਦੀ ਆਪਣੀ ਸ਼ਕਲ-ਸੂਰਤ ਗਈ ਗੁਜ਼ਰੀ ਹੋਵੇ, ਉਨ੍ਹਾਂ ਨੂੰ ਕਿਸੇ ਹੋਰ ਦੀ ਨਜ਼ਰ ਲੱਗ ਜਾਣ ਦੀ ਸ਼ਿਕਾਇਤ ਆਮ ਹੁੰਦੀ ਹੈ।

ਜਦੋਂ ਪਿਆਰ ਠੰਢਾ ਪੈ ਜਾਵੇ ਤਾਂ ਇਹ ਠੰਢ ਸ਼ਿਕਾਇਤਾਂ ਵਿੱਚ ਪ੍ਰਗਟ ਹੁੰਦੀ ਹੈ, ਅਰਥਾਤ ਜਿੱਥੇ ਪਿਆਰ ਨਾ ਹੋਵੇ ਉਥੇ ਸ਼ਿਕਾਇਤਾਂ ਕਰਨ ਅਤੇ ਸੁਣਨ ਦੀ ਪ੍ਰਵਿਰਤੀ ਵੱਧਦੀ ਹੈ। ਜਿੱਥੇ ਪਿਆਰ ਪਤਲਾ ਹੋਵੇ, ਉੱਥੇ ਸ਼ਿਕਾਇਤਾਂ ਮੋਟੀਆਂ ਹੁੰਦੀਆਂ ਹਨ। ਇਹ

ਪ੍ਰਵਿਰਤੀ ਹੀਣਤਾ ਦੀ ਭਾਵਨਾ ਵਿੱਚੋਂ ਉਜਾਗਰ ਹੁੰਦੀ ਹੈ। ਨਿਰਸੰਦੇਹ ਸ਼ਿਕਾਇਤ ਕਰਨ ਵਾਲਾ ਆਪਣੇ ਆਪ ਨੂੰ ਸਿਆਣਾ ਅਤੇ ਸਹੀ ਹੋਣ ਦਾ ਭੁਲੇਖਾ ਪਾਉਂਦਾ ਹੈ।

ਨੌਕਰੀ 'ਚੋਂ ਕੱਢੇ ਗਏ ਵਿਅਕਤੀ, ਵਿਹਲੇ ਵਿਅਕਤੀ, ਵਿਆਹ ਦੀ ਉਡੀਕ ਕਰ ਰਹੇ ਵਿਅਕਤੀ ਆਦਿ ਵਧੇਰੇ ਸ਼ਿਕਾਇਤਾਂ ਕਰਦੇ ਹਨ।

ਅਜਿਹੇ ਲੋਕਾਂ ਦੀ ਝੱਟ ਬੇਇਜ਼ਤੀ ਹੋ ਜਾਂਦੀ ਹੈ ਅਤੇ ਬਦਲੇ ਦੀ ਭਾਵਨਾ ਨਾਲ ਇਹ ਫੁੰਕਾਰਦੇ ਫਿਰਦੇ ਹਨ। ਇਹ ਅੰਤਾਂ ਦੇ ਸੱਤੇ ਹੋਏ ਵਿਅਕਤੀ ਹੁੰਦੇ ਹਨ ਅਤੇ ਇਨ੍ਹਾਂ ਨੂੰ ਹਮਦਰਦੀ ਦੀ ਨਹੀਂ, ਤਰਸ ਦੀ ਲੋੜ ਹੁੰਦੀ ਹੈ।

ਕਿਸੇ ਦੀ ਸ਼ਿਕਾਇਤ ਲਾਉਣੀ, ਉਸ ਦੀ ਪ੍ਰਸ਼ੰਸਾ ਦਾ ਹੀ ਪੁੱਠਾ ਪ੍ਰਗਟਾਵਾ ਹੁੰਦੀ ਹੈ। ਦੁਸ਼ਮਣ ਉਹੀ ਬਣ ਸਕਦਾ ਹੈ, ਜਿਹੜਾ ਕਿਸੇ ਵੇਲੇ ਗੂੜ੍ਹਾ ਮਿੱਤਰ ਰਿਹਾ ਹੋਵੇ, ਇਵੇਂ ਹੀ ਅਕਸਰ ਸ਼ਿਕਾਇਤ ਉਸੇ ਵਿਰੁੱਧ ਲਾਈ ਜਾ ਸਕਦੀ ਹੈ, ਜਿਹੜਾ ਕਿਸੇ ਵੇਲੇ ਸਹੀ ਜਾਂ ਚੰਗਾ ਲੱਗਿਆ ਹੋਵੇ।

ਸ਼ਿਕਾਇਤ ਕਰਨ ਵਾਲੇ ਨੂੰ ਉਸੇ ਪ੍ਰਕਾਰ ਦਾ ਆਨੰਦ ਮਿਲਦਾ ਹੈ, ਜਿਹੋ ਜਿਹਾ ਮੂੰਹ ਵਿਚਲੇ ਛਾਲੇ ਉੱਤੇ ਜੀਭ ਫੇਰਨ ਨਾਲ ਪ੍ਰਾਪਤ ਹੁੰਦਾ ਹੈ।

ਹੁਣ ਧਰਮ, ਸਿਆਣੇ, ਉਦਾਰ, ਖੁਲ੍ਹੇ, ਬਹਾਦਰ ਅਤੇ ਵਿਸ਼ਾਲ ਦ੍ਰਿਸ਼ਟੀ ਵਾਲੇ ਵਿਅਕਤੀ ਪੈਦਾ ਕਰਨ ਦੀ ਥਾਂ ਸ਼ਿਕਾਇਤੀ ਸੁਭਾਅ ਅਤੇ ਤੰਗ ਨਜ਼ਰੀਏ ਵਾਲੇ ਲੋਕਾਂ ਦੇ ਲੁੱਕਣ ਦਾ ਓਹਲਾ ਬਣਦਾ ਜਾ ਰਿਹਾ ਹੈ।

ਸ਼ਿਕਾਇਤ ਕਿਸੇ ਦੀ ਗੈਰਹਾਜ਼ਰੀ ਵਿੱਚ ਕੱਢੀ ਗਈ ਗਾਲ੍ਹ ਹੁੰਦੀ ਹੈ।

ਇਤਿਹਾਸ ਗਵਾਹ ਹੈ ਕਿ ਨਾਲਾਇਕਾਂ ਨੂੰ ਲਾਇਕ ਬਣਾਉਣਾ ਬੜਾ ਮੁਸ਼ਕਿਲ, ਜੋਖਮ ਅਤੇ ਖਤਰੇ ਵਾਲਾ ਕੰਮ ਹੁੰਦਾ ਹੈ, ਕਿਉਂਕਿ ਉਹੀ ਤੁਹਾਡੇ ਵਿਰੁੱਧ ਸ਼ਿਕਾਇਤਾਂ ਲਾਉਣ ਵਿੱਚ ਮੋਹਰੀ ਹੁੰਦੇ ਹਨ।

ਨਾਲਾਇਕਾਂ ਦੀ ਪੱਕੀ ਨਿਸ਼ਾਨੀ ਇਹ ਹੁੰਦੀ ਹੈ ਕਿ ਉਹ ਜਦੋਂ ਵੀ ਸਿਆਣਪ ਦਿਖਾਉਣਗੇ, ਆਪਣਾ ਹੀ ਨੁਕਸਾਨ ਕਰਨਗੇ।

ਉਨ੍ਹਾਂ ਦੇ ਵਿਰਸੇ ਨੇ ਉਨ੍ਹਾਂ ਨੂੰ ਮੂਰਖ ਬਣਾਇਆ ਹੁੰਦਾ ਹੈ। ਉਹ ਪੁੱਠੀ ਚਾਲ ਚੱਲਦਿਆਂ ਵੀ ਅਨੁਭਵ ਕਰਦੇ ਹਨ ਕਿ ਉਹ ਅੱਗੇ ਵਧ ਰਹੇ ਹਨ।

ਵਿਸ਼ਾਲ ਦ੍ਰਿਸ਼ਟੀ ਵਾਲੇ ਵਿਅਕਤੀ ਨਾ ਸ਼ਿਕਾਇਤ ਲਾਉਂਦੇ ਹਨ, ਨਾ ਸੁਣਦੇ ਹਨ। ਉਂਜ ਵੀ ਕਿਸੇ ਵਿਰੁੱਧ ਸ਼ਿਕਾਇਤ ਲਾਉਣ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ ਕਿ ਕੀ ਉਸਦੇ ਦੋਸ਼ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ?

ਜੇ ਕੋਈ ਸ਼ਿਕਾਇਤ ਕਰੇ ਤਾਂ ਉਸ ਦੀ ਸਾਰੀ ਗੱਲ ਸੱਚ ਨਹੀਂ ਮੰਨ ਲੈਣੀ ਚਾਹੀਦੀ, ਕਿਉਂਕਿ ਸ਼ਿਕਾਇਤ ਕਰਨ ਵਾਲਾ ਕੇਵਲ ਆਪਣੇ ਪੱਖ ਵਾਲੇ ਤੱਥ ਹੀ ਦੱਸੇਗਾ, ਸੋ ਨਿਰਣਾ ਕਰਨ ਤੋਂ ਪਹਿਲਾਂ, ਦੂਜੀ ਧਿਰ ਨੂੰ ਸੁਣੋ ਅਤੇ ਧਿਆਨ ਨਾਲ ਸੁਣੋ।

ਹੀਣ-ਭਾਵਨਾ ਹੁੰਦੀ ਹੀ ਹੀਣ ਵਿਅਕਤੀਆਂ ਵਿੱਚ ਹੈ।

ਸ਼ਿਕਾਇਤਾਂ ਲਾਉਣਾ ਅਤੇ ਸੁਣਨਾ ਮਰਦਾਂ ਦਾ ਕੰਮ ਨਹੀਂ। ਇਹ ਦੋਵੇਂ ਗੱਲਾਂ ਹੀਣ-ਭਾਵਨਾ ਵਾਲੇ ਵਿਅਕਤੀ ਹੀ ਕਰਦੇ ਹਨ।

ਸ਼ਿਕਾਇਤ ਲਾਉਣ ਵਾਲਿਆਂ ਵਿਰੁੱਧ, ਬਦਲੇ ਦੀ ਭਾਵਨਾ ਨਹੀਂ ਰੱਖਣੀ ਚਾਹੀਦੀ, ਇਵੇਂ ਅਸੀਂ ਉਨ੍ਹਾਂ ਦੇ ਆਪਣੇ ਵੱਲ ਧਿਆਨ ਖਿੱਚਣ ਦੇ ਉਦੇਸ਼ ਦੀ ਹੀ ਪੂਰਤੀ ਕਰ ਰਹੇ ਹੁੰਦੇ ਹਾਂ।

ਜਿਹੜਾ ਵਿਅਕਤੀ ਤੁਹਾਨੂੰ ਗੁੱਸਾ ਚੜ੍ਹਾ ਸਕਦਾ ਹੈ, ਸਪੱਸ਼ਟ ਹੈ ਕਿ ਤੁਸੀਂ ਉਸ ਨਾਲੋਂ ਵੱਡੇ ਅਤੇ ਚੰਗੇਰੇ ਸੱਭਿਅਕ ਵਿਅਕਤੀ ਨਹੀਂ ਹੋ।

ਹਰ ਸ਼ਿਕਾਇਤ ਦਾ ਲੱਛਣ ਇਹ ਹੁੰਦਾ ਹੈ ਕਿ ਉਹ ਬਹੁਤ ਹੱਦ ਤੱਕ ਝੂਠੀ ਹੁੰਦੀ ਹੈ, ਸੰਦਰਭ ਤੋਂ ਟੁੱਟੀ ਹੁੰਦੀ ਹੈ ਅਤੇ ਤੰਗ ਨਜ਼ਰੀਏ ਵਾਲੇ ਉਦੇਸ਼ ਵਿੱਚੋਂ ਜਨਮੀ ਹੁੰਦੀ ਹੈ ਅਤੇ ਜਦੋਂ ਕਿਸੇ ਸ਼ਿਕਾਇਤ ਦਾ ਕਾਲ-ਚੱਕਰ ਪੂਰਾ ਹੁੰਦਾ ਹੈ ਤਾਂ ਸਾਰੀਆਂ ਸਬੰਧਤ ਧਿਰਾਂ ਦਾ ਨੁਕਸਾਨ ਹੋ ਚੁੱਕਾ ਹੁੰਦਾ ਹੈ।

ਜਿਨ੍ਹਾਂ ਦੇ ਚਿਹਰੇ ਸੋਹਣੇ ਹੁੰਦੇ ਹਨ, ਜਿਨ੍ਹਾਂ ਦੇ ਦਿਲਾਂ ਵਿੱਚ ਚਾਅ ਹੁੰਦੇ ਹਨ, ਜੋ ਉੱਚਾ-ਉੱਚਾ ਸੋਚਦੇ ਹਨ, ਜੋ ਮਿੱਠਾ-ਮਿੱਠਾ ਬੋਲਦੇ ਹਨ, ਉਹ ਸ਼ਿਕਾਇਤਾਂ ਨਹੀਂ ਕਰਦੇ, ਉਨ੍ਹਾਂ ਨੂੰ ਸ਼ਿਕਾਇਤਾਂ ਕਰਨੀਆਂ ਹੀ ਨਹੀਂ ਆਉਂਦੀਆਂ।

ਜਿਨ੍ਹਾਂ ਦੇ ਮੱਥੇ ਚੌੜੇ ਹੁੰਦੇ ਹਨ, ਜਿਨ੍ਹਾਂ ਦੀ ਸੋਚ ਲੰਮੀਆਂ ਉਡਾਰੀਆਂ ਲਾਉਂਦੀ ਹੈ, ਉਹ ਸ਼ਿਕਾਇਤਾਂ ਨਹੀਂ ਸੁਣਦੇ, ਉਨ੍ਹਾਂ ਕੋਲ ਇਸ ਨਿਰਰਥਕ, ਨੀਵੇਂ ਅਤੇ ਅਣ-ਉਪਜਾਊ ਕੰਮ ਲਈ ਸਮਾਂ ਹੀ ਨਹੀਂ ਹੁੰਦਾ।

ਜਿਨ੍ਹਾਂ ਸਾਹਮਣੇ ਕੋਈ ਉੱਚਾ ਆਦਰਸ਼ ਹੁੰਦਾ ਹੈ, ਜਿਨ੍ਹਾਂ ਨੂੰ ਜ਼ਿੰਦਗੀ ਨਾਲ ਮੁਹੱਬਤ ਹੁੰਦੀ ਹੈ, ਉਹ ਸ਼ਿਕਾਇਤਾਂ ਦੇ ਬਾਵਜੂਦ ਵਗਦੇ ਦਰਿਆਵਾਂ ਵਾਂਗ, ਸਭ ਟੋਇਆਂ-ਟਿੱਬਿਆਂ ਨੂੰ ਪਿਛੇ ਛੱਡਦੇ, ਅੱਗੇ ਲੰਘ ਜਾਂਦੇ ਹਨ।

ਜਵਾਨੀ ਅਤੇ ਬੁਢਾਪਾ

ਜਵਾਨੀ ਚਲੇ ਜਾਣ ਉਪਰੰਤ ਹੀ ਇਸ ਦੇ ਮਹੱਤਵ ਦਾ ਗਿਆਨ ਹੁੰਦਾ ਹੈ।

ਜਵਾਨੀ, ਜ਼ਿੰਦਗੀ ਦੇ ਜੋਬਨ ਦਾ ਨਾਂ ਹੈ।

ਉਮਰ ਦਾ ਇਹ ਉਹ ਸਮਾਂ ਹੁੰਦਾ ਹੈ ਜਦੋਂ ਬੰਦਾ ਆਪਣੇ ਆਪ ਨੂੰ ਰੱਬ ਸਮਝਦਾ ਹੈ। ਜੇ ਇਸ ਸਮੇਂ ਰੱਬ ਵੀ ਮਿਲ ਪਏ ਅਤੇ ਕਹੇ, "ਤੂੰ ਜਾਣਦਾ ਨਹੀਂ, ਮੈਂ ਰੱਬ ਹਾਂ।' ਤਾਂ ਅੱਗੋਂ ਜਵਾਬ ਮਿਲੇਗਾ, 'ਮੈਂ ਕਿਹੜਾ ਤੇਰੇ ਤੋਂ ਘੱਟ ਹਾਂ!'

ਜਵਾਨੀ ਦੇ ਵਹਿਣ ਵਿੱਚ ਹਰ ਮਨੁੱਖ ਆਪਣੇ ਪੱਖ ਵਿੱਚ ਅਨੇਕਾਂ ਭਰਮ ਉਸਾਰਦਾ ਹੈ ਅਤੇ ਆਪਣੇ ਆਪ ਨੂੰ ਸਰਬਕਲਾ-ਸਮਰੱਥ ਸਮਝਦਾ ਹੈ। ਜਵਾਨਾਂ ਕੋਲ ਆਪਣਾ ਹੀ ਫ਼ਲਸਫ਼ਾ ਇਤਨਾ ਹੁੰਦਾ ਹੈ ਕਿ ਉਨ੍ਹਾਂ ਨੂੰ ਕੁਝ ਸਿਖਾਉਣਾ ਬੜਾ ਮੁਸ਼ਕਿਲ ਹੁੰਦਾ ਹੈ।

ਕੋਈ ਯੁੱਗ ਸੀ, ਜਦੋਂ ਵਡੇਰਿਆਂ ਦੀ ਕਦਰ ਸੀ ਪਰ ਅੱਜ-ਕੱਲ੍ਹ ਜਵਾਨਾਂ ਦਾ ਯੁੱਗ ਹੈ। ਬੁਢਾਪਾ ਹਮੇਸ਼ਾ ਹੀ ਅਗਲੇਰੀ ਪੀੜ੍ਹੀ ਪ੍ਰਤੀ ਨੱਕ-ਮੂੰਹ ਚਾੜ੍ਹਦਾ ਰਿਹਾ ਹੈ ਅਤੇ ਜਵਾਨ ਹਮੇਸ਼ਾਂ ਹੀ ਬੁੱਢਿਆਂ ਪ੍ਰਤੀ ਘਿਰਣਾ ਪ੍ਰਗਟਾਉਂਦੇ ਰਹੇ ਹਨ।

ਸੱਚ ਤਾਂ ਇਹ ਹੈ ਕਿ ਜ਼ਿੰਦਗੀ ਦੀ ਹਰ ਉਮਰ ਦਾ ਆਪਣਾ ਹੀ ਮਹੱਤਵ ਹੈ।

ਜਵਾਨੀ ਕੁਝ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ, ਜਦੋਂ ਕਿ ਬੁਢਾਪਾ ਆਪਣੀ ਟੇਕ ਸੋਚ-ਵਿਚਾਰ ਉੱਤੇ ਰੱਖਦਾ ਹੈ।

ਜਵਾਨੀ ਆ ਕੇ ਚਲੀ ਜਾਂਦੀ ਹੈ, ਬੁਢਾਪਾ ਆਉਂਦਾ ਹੈ, ਜਾਂਦਾ ਨਹੀਂ।

ਕਿਹਾ ਜਾਂਦਾ ਹੈ ਕਿ ਬਾਰ੍ਹਾਂ ਸਾਲ ਦੀ ਉਮਰ ਵਿੱਚ ਬਚਪਨ ਗੁਆਚ ਜਾਂਦਾ ਹੈ, ਪੰਦਰ੍ਹਾਂ ਸਾਲ ਦੀ ਉਮਰ ਵਿੱਚ ਜਵਾਨੀ ਦਾ ਬੁਖ਼ਾਰ ਚੜ੍ਹਨ ਲੱਗਦਾ ਹੈ, ਵੀਹ ਸਾਲ ਦੀ ਉਮਰ ਵਿੱਚ ਪਹਿਲਾ ਪਿਆਰ ਲਗਭਗ ਮੁੱਕ ਜਾਂਦਾ ਹੈ, ਤੀਹ ਸਾਲ ਦੀ ਉਮਰ ਵਿੱਚ ਬੰਦਿਆਂ ਉੱਤੇ ਵਿਸ਼ਵਾਸ ਨਹੀਂ ਰਹਿੰਦਾ, ਚਾਲ੍ਹੀ ਸਾਲ ਦੀ ਉਮਰ ਵਿੱਚ ਦੋਸਤਾਂ ਨਾਲ ਵੀ ਬਾਕੀ ਦੁਨੀਆਂ ਵਾਂਗ ਮੋਹ ਟੁੱਟ ਜਾਂਦਾ ਹੈ, ਪੰਜਾਹ ਸਾਲ ਦੀ ਉਮਰ ਵਿੱਚ ਸਭ ਪ੍ਰਕਾਰ ਦੀ ਆਸ ਫਿੱਕੀ ਪੈਣ ਲੱਗਦੀ ਹੈ ਅਤੇ ਸੱਠ ਸਾਲ ਦੀ ਉਮਰ ਵਿੱਚ ਪੇਟ ਨਾਲੋਂ ਭੁੱਖ, ਅੱਖਾਂ ਨਾਲੋਂ ਨਜ਼ਰ, ਕੰਨਾਂ ਨਾਲੋਂ ਸੰਗੀਤ ਅਤੇ ਜੀਭ ਨਾਲੋਂ ਸੁਆਦ ਰੁੱਸ ਜਾਂਦੇ ਹਨ।

ਹਰ ਕਿਸੇ ਨੇ ਜਵਾਨੀ ਦੀ ਉਮਰ ਨੂੰ, ਆਪਣੇ ਆਪਣੇ ਦ੍ਰਿਸ਼ਟੀਕੋਣ ਨਾਲ ਵੇਖਿਆ, ਪਰਖਿਆ ਅਤੇ ਪ੍ਰਗਟਾਇਆ ਹੈ।

ਜਵਾਨਾਂ ਨੂੰ ਨਹੀਂ ਸਮਝਾਇਆ ਜਾ ਸਕਦਾ ਕਿ ਬੁਢਾਪਾ ਕੀ ਹੁੰਦਾ ਹੈ, ਬੁੱਢੇ ਕੋਸ਼ਿਸ਼ ਦੇ ਬਾਵਜੂਦ ਯਾਦ ਨਹੀਂ ਕਰ ਸਕਦੇ ਕਿ ਉਨ੍ਹਾਂ 'ਤੇ ਵੀ ਜਵਾਨੀ ਆਈ ਸੀ।

ਕਹਿੰਦੇ ਹਨ ਕਿ ਜੇ ਹਰ ਕਿਸੇ ਨੂੰ ਦੋ ਜਵਾਨੀਆਂ ਅਤੇ ਦੋ ਬੁਢਾਪੇ ਮਿਲਣ ਤਾਂ ਮਨੁੱਖ ਦੀਆਂ ਬਹੁਤੀਆਂ ਗਲਤੀਆਂ ਸੁੱਤੇ-ਸਿੱਧ ਠੀਕ ਹੋ ਜਾਣਗੀਆਂ।

ਜਵਾਨੀ ਵਿੱਚ ਜੋਸ਼ ਹੁੰਦਾ ਹੈ, ਸੰਜਮ ਨਹੀਂ; ਬੁਢਾਪੇ ਵਿੱਚ ਤਰਕ ਹੁੰਦਾ ਹੈ ਪਰ ਤਾਕਤ ਨਹੀਂ। ਜਵਾਨਾਂ ਦੀ ਅਗਵਾਈ ਕਰ ਰਿਹਾ ਜਵਾਨ ਇਸ ਪ੍ਰਤੀਤ ਹੁੰਦਾ ਹੈ, ਜਿਵੇਂ ਅੰਨ੍ਹਾ, ਅੰਨ੍ਹਿਆਂ ਨੂੰ ਲਿਜਾ ਰਿਹਾ ਹੋਵੇ। ਜਵਾਨੀ ਵਿੱਚ ਦਿਮਾਗ ਸੁੱਜਿਆ ਹੋਇਆ ਹੁੰਦਾ ਹੈ ਅਤੇ ਸਭ ਕੁਝ ਹੋਰ-ਹੋਰ ਪ੍ਰਤੀਤ ਹੁੰਦਾ ਹੈ। ਜਵਾਨੀ ਪ੍ਰਯੋਗ ਕਰਨ ਦਾ ਸਮਾਂ ਹੁੰਦੀ ਹੈ, ਇਹ ਸੋਚਣ-ਵਿਚਾਰਨ ਦੀ ਉਮਰ ਨਹੀਂ ਹੁੰਦੀ।

ਵਿਗਿਆਨ ਨੇ ਉਮਰਾਂ ਲੰਮੀਆਂ ਕਰ ਦਿੱਤੀਆਂ ਹਨ ਅਤੇ ਨਤੀਜੇ ਵਿੱਚ ਬੁੱਢਿਆਂ ਦੀ ਗਿਣਤੀ ਜਵਾਨਾਂ ਦੇ ਅਨੁਪਾਤ ਵਿੱਚ ਵਧੇਰੇ ਹੋ ਗਈ ਹੈ।

ਦੂਜੇ ਪਾਸੇ ਸੰਤਾਨ-ਸੰਜਮ ਦੇ ਪ੍ਰਭਾਵਾਂ ਅਧੀਨ, ਅਸੀਂ ਇੱਕ ਬਿਲਕੁਲ ਹੀ ਨਵੀਂ ਪ੍ਰਕਾਰ ਦੇ ਯੁੱਗ ਵਿੱਚ ਦਾਖਲ ਹੋ ਰਹੇ ਹਾਂ, ਜਿਸ ਵਿੱਚ ਬੁਢਾਪੇ ਅਤੇ ਜਵਾਨੀ ਦੇ ਸੁਮੇਲ ਨਾਲ ਹੀ ਅਜੋਕੇ ਯੁੱਗ ਦੀਆਂ ਸਮੱਸਿਆਵਾਂ ਸੁਲਝਾਈਆਂ ਜਾ ਸਕਣਗੀਆਂ।

ਜਵਾਨੀ ਉਮਰ ਦਾ ਇੱਕ ਪੜਾਓ ਨਹੀਂ, ਇਹ ਮਨ ਦੀ ਇੱਕ ਅਵਸੱਥਾ ਹੁੰਦੀ ਹੈ।

ਕਈਆਂ ਦੀ ਆਵਾਜ਼ ਜਵਾਨੀ ਵਿੱਚ ਹੀ ਥੱਕ ਜਾਂਦੀ ਹੈ, ਕਈ ਬੁੱਢੇ ਵੀ ਟੱਲ ਵਾਂਗ ਖੜਕਦੇ ਹਨ।

ਜਵਾਨ ਆਪਣੀ ਯੋਗਤਾ ਨਾਲੋਂ ਉਚੇਰੀ ਛਾਲ ਮਾਰਦੇ ਹਨ, ਉਹ ਆਪਣੀਆਂ ਬਾਹਵਾਂ ਦੇ ਘੇਰੇ ਨਾਲੋਂ ਵਡੇਰੇ ਜੱਫੇ ਮਾਰਦੇ ਹਨ, ਉਹ ਬਿਨਾਂ ਅੰਤ ਦਾ ਅਨੁਮਾਨ ਲਾਇਆਂ, ਕਾਰਜ ਆਰੰਭ ਦਿੰਦੇ ਹਨ, ਜਦੋਂ ਕਿ ਪੱਕੀ ਉਮਰ ਵਧੇਰੇ ਇਤਰਾਜ਼ ਕਰਦੀ ਹੈ ਅਤੇ ਬਹੁਤਾ ਸਮਾਂ ਵਿਚਾਰ-ਵਟਾਂਦਰੇ ਵਿੱਚ ਹੀ ਲਾ ਦਿੰਦੀ ਹੈ।

ਪ੍ਰੌੜ੍ਹ ਉਮਰ ਜਲਦੀ ਹੀ ਪਛਤਾਉਣ ਲੱਗ ਪੈਂਦੀ ਹੈ ਅਤੇ ਦਰਮਿਆਨੀ ਪੱਧਰ ਦੀਆਂ ਪ੍ਰਾਪਤੀਆਂ ਨਾਲ ਹੀ ਸੰਤੁਸ਼ਟ ਹੋ ਜਾਂਦੀ ਹੈ।

ਜਵਾਨ ਖਿਆਲ ਕਰਦੇ ਹਨ ਕਿ ਬੁੱਢੇ ਪਾਗਲ ਹਨ, ਜਦੋਂ ਕਿ ਬੁੱਢੇ ਜਾਣਦੇ ਹਨ ਕਿ ਜਵਾਨ ਮੂਰਖ ਹਨ।

ਜਵਾਨਾਂ ਦੀ ਢਾਣੀ ਵਿੱਚ ਕਦੀ ਵੀ ਕੋਈ ਬੁੱਢਾ ਖਿੜੇ-ਮੱਥੇ ਸਵੀਕਾਰ ਨਹੀਂ ਕੀਤਾ ਜਾਂਦਾ। ਹਰ ਬੁੱਢਾ ਇਸ ਗੱਲ ਤੋਂ ਫਿਕਰਮੰਦ ਹੁੰਦਾ ਹੈ ਕਿ ਜਵਾਨ ਸੰਸਾਰ ਨੂੰ ਕੁਰਾਹੇ ਪਾ ਰਹੇ ਹਨ। ਜਵਾਨਾਂ ਅਤੇ ਬੁੱਢਿਆਂ ਦੀ ਗੱਲਬਾਤ ਜਾਂ ਤਾਂ ਇੱਕ ਦੂਜੇ ਉੱਤੇ ਤੋਹਮਤਾਂ ਨਾਲ ਜਾਂ ਤਰਸ ਨਾਲ ਹੀ ਮੁੱਕਦੀ ਹੈ।

ਇੱਕ ਲੇਖਕ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜਵਾਨਾਂ ਦੀ ਭੰਡੀ ਕਰਨੀ ਬੁੱਢਿਆਂ ਦੇ ਜਿਉਂਦੇ ਰਹਿਣ ਲਈ ਜ਼ਰੂਰੀ ਹੈ, ਕਿਉਂਕਿ ਭੰਡੀ ਕਰਨ ਦੇ ਜੋਸ਼ ਸਦਕਾ ਹੀ ਬੁੱਢਿਆਂ ਦੇ ਖ਼ੂਨ ਦਾ ਵਹਾਉ ਬਣਿਆ ਰਹਿੰਦਾ ਹੈ।

ਜੋ ਕੁਝ ਬੁੱਢੇ ਸੋਚਦੇ ਹਨ, ਉਹ ਸੁਪਨਾ ਹੁੰਦਾ ਹੈ ਅਤੇ ਜੋ ਕੁਝ ਜਵਾਨ ਕਿਆਸਦੇ ਹਨ, ਉਹ ਮ੍ਰਿਗ-ਤ੍ਰਿਸ਼ਨਾ ਹੁੰਦੀ ਹੈ।

ਕਹਿਣ ਵਾਲਿਆਂ ਨੇ ਤਾਂ ਇਹ ਵੀ ਕਿਹਾ ਹੈ ਕਿ "ਕਾਸ਼, ਜਵਾਨੀ ਨੂੰ ਸਮਝ ਹੁੰਦੀ ਅਤੇ ਬੁਢਾਪੇ ਕੋਲ ਸ਼ਕਤੀ ਹੁੰਦੀ।'

ਜਵਾਨ ਮੌਤ ਵੱਲ ਲਪਕਦੇ ਹਨ, ਜਦੋਂ ਕਿ ਮੌਤ ਬੁੱਢਿਆਂ ਵੱਲ ਲਪਕਦੀ ਹੈ।

ਜਵਾਨ ਫੜ੍ਹਾਂ ਮਾਰਦੇ ਹਨ ਅਤੇ ਬੁੱਢੇ ਉਹ ਕਹਾਣੀਆਂ ਸੁਣਾਉਂਦੇ ਹਨ, ਜਿੰਨ੍ਹਾਂ ਵਿੱਚ ਉਹ ਆਪ ਨਾਇਕ ਬਣਦੇ ਹਨ। ਦੋਵੇਂ ਵੱਖਰੇ-ਵੱਖਰੇ ਢੰਗ ਅਪਣਾ ਕੇ ਮਾਨਤਾ ਪ੍ਰਾਪਤੀ ਦਾ ਨਾਟਕ ਕਰਦੇ ਹਨ।

ਬੁੱਢੇ ਸੁਣ ਕੇ ਖੁਸ਼ ਹੁੰਦੇ ਹਨ ਕਿ 'ਅਜੇ ਤਾਂ ਤੁਸੀਂ ਜਵਾਨ ਲੱਗਦੇ ਹੋ।' ਜਦੋਂ ਕਿ ਇਹ ਵਾਕ ਉਨ੍ਹਾਂ ਦੇ ਬੁੱਢੇ ਹੋਣ ਦਾ ਹੀ ਐਲਾਨਨਾਮਾ ਹੁੰਦਾ ਹੈ।

ਜਵਾਨ ਸੁਣਨਾ ਚਾਹੁੰਦੇ ਹਨ ਕਿ 'ਤੁਸੀਂ ਆਪਣੀ ਉਮਰ ਨਾਲੋਂ ਢੇਰ ਸਿਆਣੇ ਹੋ।'

ਜਵਾਨੀ ਵਿੱਚ ਗਲਤੀਆਂ ਕੀਤੀਆਂ ਜਾਂਦੀਆਂ ਹਨ, ਪੱਕੀ ਉਮਰ ਵਿੱਚ ਇਨ੍ਹਾਂ ਗਲਤੀਆਂ ਦੇ ਜਕੜ-ਜਾਲ ਵਿੱਚੋਂ ਨਿਕਲਣ ਦਾ ਅਸਫਲ ਯਤਨ ਕੀਤਾ ਜਾਂਦਾ ਹੈ ਅਤੇ ਬੁਢਾਪੇ ਵਿੱਚ ਪਛਤਾਵਾ ਹੀ ਪਛਤਾਵਾ ਹੁੰਦਾ ਹੈ।

ਜਵਾਨੀ ਵਿੱਚ ਕਾਹਲ ਹੁੰਦੀ ਹੈ ਅਤੇ ਕਾਹਲ ਵਿੱਚ ਕੀਤੀਆਂ ਗਲਤੀਆਂ ਦਾ ਪਛਤਾਵਾ ਅਸੀਂ ਆਰਾਮ ਨਾਲ ਉਮਰ ਭਰ ਕਰਦੇ ਹਾਂ।

ਜਵਾਨੀ ਕੁਝ ਕਰਨ ਲਈ ਤਾਂਘਦੀ ਹੈ, ਜਦੋਂ ਕਿ ਬੁਢਾਪੇ 'ਚ ਮਾਰੀਆਂ ਮੱਲਾਂ ਦੀ ਯਾਦ ਹੰਢਾਈ ਜਾਂਦੀ ਹੈ। ਜਵਾਨੀ ਵਫ਼ਾਦਾਰ ਹੋਣਾ ਲੋਚਦੀ ਹੈ ਪਰ ਮਜਬੂਰ ਹੁੰਦੀ ਹੈ, ਬੁਢਾਪਾ ਬੇਵਫ਼ਾ ਹੋਣ ਦੇ ਯਤਨ ਕਰਦਾ ਹੈ ਪਰ ਲਾਚਾਰ ਹੁੰਦਾ ਹੈ।

ਕਹਿੰਦੇ ਹਨ, ਬਾਦਸ਼ਾਹ ਸੁਲੇਮਾਨ ਜਵਾਨੀ ਵਿੱਚ ਸਭ ਕੁਝ ਕਰਦਾ ਰਿਹਾ ਪਰ ਬੁਢਾਪਾ ਉਸ ਨੇ ਨਸੀਹਤ ਭਰੇ ਅਖਾਣ-ਮੁਹਾਵਰੇ ਲਿਖਣ ਵਿੱਚ ਗੁਜ਼ਾਰਿਆ।

ਜਵਾਨੀ ਵਿੱਚ ਅੰਨ੍ਹਾ ਜ਼ੋਰ ਹੁੰਦਾ ਹੈ ਪਰ ਬੁਢਾਪੇ ਵਿੱਚ ਲਗਾਮਾਂ ਹੀ ਲਗਾਮਾਂ ਹੁੰਦੀਆਂ ਹਨ।

ਅਮੀਰ ਹੋਣ ਦਾ ਅਤੇ ਗਰੀਬ ਹੋਣ ਦਾ ਸਭ ਤੋਂ ਢੁੱਕਵਾਂ ਸਮਾਂ ਜਵਾਨੀ ਹੁੰਦਾ ਹੈ।

ਬੁਢਾਪੇ ਵਿੱਚ ਭਾਵੇਂ ਕਿਤਨੀਆਂ ਵੀ ਦੌਲਤਾਂ ਹੋਣ, ਮਿਹਦਾ ਸਭ ਕੁਝ ਤੋਂ ਮੁਨਕਰ ਹੋ ਜਾਂਦਾ ਹੈ। ਜਿਵੇਂ ਕੋਈ ਜਵਾਨ, ਬੁੱਢਾ ਹੋਣਾ ਪਸੰਦ ਨਹੀਂ ਕਰਦਾ, ਇਵੇਂ ਹੀ ਕੋਈ ਸਿਆਣਾ ਬੁੱਢਾ ਵੀ ਮੁੜ ਜਵਾਨ ਹੋਣਾ ਨਹੀਂ ਚਾਹੁੰਦਾ।

ਜਵਾਨੀ ਵਿੱਚ ਹਵਾਵਾਂ ਵੀ ਜਵਾਨਾਂ ਦੇ ਵੱਸ ਵਿੱਚ ਹੁੰਦੀਆਂ ਹਨ ਅਤੇ ਕਲਪਨਾ ਬਹੁਤ ਉੱਚੇ ਅੰਬਰਾਂ ਵਿੱਚ ਉਡਾਰੀਆਂ ਲਾਉਂਦੀ ਹੈ।

ਬੁਢਾਪੇ ਵਿੱਚ ਅੱਠ ਪੌੜੀਆਂ ਵੀ ਹਿਮਾਲਾ ਪ੍ਰਬਤ ਹੁੰਦੀਆਂ ਹਨ ਅਤੇ ਮੀਂਹ ਕੇਵਲ ਚਿੱਕੜ ਦੇ ਬਹਾਨੇ ਹੀ ਪ੍ਰਤੀਤ ਹੁੰਦਾ ਹੈ।

ਜਵਾਨ ਦਾ ਕਿਸੇ ਇਸਤਰੀ ਨੂੰ ਪਿਆਰ ਕਰਨਾ ਇੱਕ ਸੁਭਾਵਕ ਜਿਹੀ ਗੱਲ ਹੁੰਦੀ ਹੈ, ਬੁੱਢੇ ਦਾ ਕਿਸੇ ਵੱਲ ਵੇਖਣਾ ਵੀ ਵਿਭਚਾਰ ਹੁੰਦਾ ਹੈ।

ਜਵਾਨੀ ਪਿਆਰ ਤੋਂ ਬਿਨਾਂ ਕੀ ਹੋਵੇਗੀ ?

ਬੁਢਾਪਾ ਪਿਆਰ ਵਿੱਚ ਕਿਵੇਂ ਵਿਚਰੇਗਾ ?

ਜਦੋਂ ਪਤਨੀ ਖਾਣੇ ਵਾਲੀ ਮੇਜ਼ ਉੱਤੇ ਖਾਣਾ ਰੱਖਦੀ ਹੈ ਤਾਂ ਜਵਾਨ, ਪਤਨੀ ਵੱਲ ਵੇਖਦਾ ਹੈ ਜਦੋਂ ਕਿ ਬੁੱਢਾ ਵਿਅਕਤੀ ਖਾਣੇ ਉੱਤੇ ਨਜ਼ਰ ਟਿਕਾਉਂਦਾ ਹੈ।

ਪੁਰਸ਼ ਦੀ ਜਵਾਨੀ ਉਦੋਂ ਤੱਕ ਹੀ ਹੁੰਦੀ ਹੈ, ਜਦੋਂ ਤੱਕ ਉਸ ਨੂੰ ਕੋਈ ਔਰਤ ਖੁਸ਼ ਜਾਂ ਉਦਾਸ ਕਰ ਸਕਦੀ ਹੋਵੇ। ਵਿਚਕਾਰਲੀ ਉਮਰ ਉਦੋਂ ਹੁੰਦੀ ਹੈ ਜਦੋਂ ਕੋਈ ਔਰਤ ਖੁਸ਼ ਤਾਂ ਕਰ ਸਕਦੀ ਹੋਵੇ ਪਰ ਉਦਾਸ ਨਾ ਕਰ ਸਕਦੀ ਹੋਵੇ। ਬੁੱਢੀ ਉਮਰ ਉਹ ਹੁੰਦੀ ਹੈ ਜਦੋਂ ਕੋਈ ਔਰਤ ਕਿਸੇ ਨੂੰ ਨਾ ਖੁਸ਼ ਕਰ ਸਕਦੀ ਹੋਵੇ ਨਾ ਉਦਾਸ ਕਰ ਸਕਦੀ ਹੋਵੇ ਪਰ ਤੰਗ ਕਰ ਸਕਦੀ ਹੋਵੇ।

ਬੁਢਾਪੇ ਦੀ ਕੀਮਤ ਇਸ ਆਧਾਰ ਉੱਤੇ ਪੈਂਦੀ ਹੈ ਕਿ ਉਹ ਜਵਾਨੀ ਵਿੱਚ ਕੀ ਸੀ ਅਤੇ ਜਵਾਨੀ ਦਾ ਮੁੱਲ ਇਸ ਆਧਾਰ ਉੱਤੇ ਪੈਂਦਾ ਹੈ ਕਿ ਉਹ ਬੁਢਾਪੇ ਵਿੱਚ ਪ੍ਰਾਪਤੀ ਦੀਆਂ ਕਿਹੜੀਆਂ ਸਿਖਰਾਂ ਛੂਹੇਗੀ।

ਹਵੇਲੀ ਤੋਂ ਬਣਨ ਵਾਲੇ ਖੰਡਰ ਕਿਆਸੇ ਜਾਂਦੇ ਹਨ, ਖੰਡਰਾਂ ਤੋਂ ਹਵੇਲੀ ਦੀ ਸ਼ਾਨ ਦਾ ਅਨੁਮਾਨ ਲਾਇਆ ਜਾਂਦਾ ਹੈ। ਜਵਾਨੀ ਭਵਿੱਖ ਦੀਆਂ ਗੱਲਾਂ ਕਰਦੀ ਹੈ, ਬੁਢਾਪਾ ਅਤੀਤ ਦੇ ਕਿੱਸੇ ਸੁਣਾਉਂਦਾ ਹੈ।

ਜਵਾਨੀ ਸਮੁੰਦਰਾਂ ਦੀ ਕਲਵਲ ਹੈ, ਬੁਢਾਪਾ ਮਾਰੂਥਲ ਦੀ ਲੰਮੀ ਚੁੱਪ ਹੁੰਦਾ ਹੈ।

ਜਵਾਨੀ ਜਾਂ ਬੁਢਾਪੇ ਦਾ ਵਿਅਕਤੀ ਦੀ ਉਮਰ ਨਾਲ ਕੋਈ ਸਬੰਧ ਨਹੀਂ, ਇਹ ਮਨ ਦੀਆਂ ਵੱਖ-ਵੱਖ ਅਵਸਥਾਵਾਂ ਹਨ।

ਕਈ ਜਵਾਨੀ ਵਿੱਚ ਹੀ ਮਹਾਤਮਾ ਬੁੱਧ ਬਣ ਜਾਂਦੇ ਹਨ, ਕਈ ਬੁਢਾਪੇ ਵਿੱਚ ਵੀ ਬਾਬਾ ਦੀਪ ਸਿੰਘ ਹੁੰਦੇ ਹਨ।

ਨਕਲ ਮਾਰਨਾ

ਇਮਤਿਹਾਨਾਂ ਵਿਚ ਨਕਲ ਮਾਰਨ ਦਾ ਅਮਲ ਇੱਕ ਨਾਲਾਇਕ ਦਾ ਲਾਇਕ ਅਤੇ ਇਕ ਅਨਪੜ੍ਹ ਦਾ ਪੜ੍ਹੇ-ਲਿਖੇ ਪ੍ਰਤੀਤ ਹੋਣ ਦਾ ਚਲਿੱਤਰ ਹੁੰਦਾ ਹੈ।

ਮਿਸਾਲਾਂ ਦੇਣ ਦੀ ਲੋੜ ਨਹੀਂ ਕਿ ਸਰੀਰਕ ਅਤੇ ਦਿਮਾਗੀ ਮਿਹਨਤ ਪ੍ਰਤੀ ਸੰਸਾਰ ਦੀ ਵੱਡੀ ਆਬਾਦੀ ਬੇਮੁੱਖ ਹੈ ਅਤੇ ਜੇ ਹਰ ਇੱਕ ਨੂੰ ਦਿਮਾਗੀ ਜਾਂ ਸਰੀਰਕ ਕੰਮ ਕਰਨ ਲਈ ਕਿਹਾ ਜਾਵੇ ਤਾਂ ਬਹੁਤੇ ਸਰੀਰਕ ਕੰਮ ਨੂੰ ਪਹਿਲੇ ਕਰਨਗੇ ਅਤੇ ਵਸ ਲੱਗਦੇ ਦਿਮਾਗੀ ਕੰਮ ਨੂੰ ਟਾਲਣਗੇ।

ਮਨੁੱਖੀ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮਨੁੱਖ ਨੇ ਆਪਣੇ ਦਿਮਾਗ ਦੀ ਵਰਤੋਂ ਆਪਣੇ ਸਰੀਰ ਨੂੰ ਸੁਰੱਖਿਅਤ ਰੱਖਣ ਲਈ ਹੀ ਕੀਤੀ ਹੈ।

ਅੱਜ ਵੀ ਮਨੁੱਖ ਦੀਆਂ ਬਹੁਤੀਆਂ ਖੁਸ਼ੀਆਂ ਅਤੇ ਤਸੱਲੀਆਂ ਸਰੀਰਕ ਹਨ, ਮਾਨਸਿਕ ਜਾਂ ਦਿਮਾਗੀ ਨਹੀਂ।

ਯੂਨਾਨ ਅਤੇ ਭਾਰਤ ਵਿੱਚ ਸਿਰਜਣਾਤਮਕ ਯੁੱਗ ਬਹੁਤ ਪਹਿਲਾਂ ਆਏ ਸਨ ਪਰ ਪਿਛਲੇ ਦੋ ਹਜ਼ਾਰ ਸਾਲਾਂ ਤੋਂ ਅਸੀਂ ਰੱਟਣ-ਰਟਾਉਣ, ਪਰੰਪਰਾ ਪਾਲਣ ਅਤੇ ਨਕਲ ਮਾਰਨ ਉੱਤੇ ਹੀ ਲੱਗੇ ਹੋਏ ਹਾਂ।

ਸਾਮੰਤਵਾਦ ਦਾ ਇੱਕ ਖਾਸਾ ਇਹ ਹੁੰਦਾ ਹੈ ਕਿ ਇਹ ਪਰੰਪਰਾ ਨੂੰ ਪਾਲਦਾ ਹੈ, ਤਬਦੀਲੀ ਦਾ ਵਿਰੋਧ ਕਰਦਾ ਅਤੇ ਪਰਿਆਪਤ ਨੂੰ ਦ੍ਰਿੜ ਕਰਦਾ ਰਹਿੰਦਾ ਹੈ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਹੁਤਾ ਜ਼ੋਰ ਪੜ੍ਹਨ-ਲਿਖਣ ਉੱਤੇ ਨਹੀਂ, ਸਗੋਂ ਵੇਖਣ- ਸੁਣਨ ਉੱਤੇ ਦਿੱਤਾ ਜਾਂਦਾ ਹੈ।

ਇਹ ਇੱਕ ਕਾਰਨ ਹੈ ਕਿ ਅਨੁਭਵ ਪ੍ਰਗਟਾਉਣ ਦੇ ਸਾਡੇ ਮਾਧਿਅਮ ਮੌਖਿਕ ਹਨ, ਲਿਖਤੀ ਜਾਂ ਕਲਾਤਮਕ ਨਹੀਂ।

ਸਾਮੰਤਵਾਦੀ ਯੁੱਗ, ਧਰਮ ਦੇ ਗਲਬੇ ਅਤੇ ਕਵਿਤਾ ਦੀ ਪ੍ਰਮੁੱਖਤਾ ਕਾਰਨ, ਅਸੀਂ ਬੋਲਣ ਵਿੱਚ ਵਧੇਰੇ ਮਾਹਿਰ ਹਾਂ ਅਤੇ ਲਿਖਣ ਵਿੱਚ ਅਸੀਂ ਬਹੁਤ ਪਿੱਛੇ ਹਾਂ।

ਇਮਤਿਹਾਨ ਲਿਖਣ ਦਾ ਅਭਿਆਸ ਹੁੰਦਾ ਹੈ ਜਦੋਂ ਕਿ ਵਿਦਿਆਰਥੀਆਂ ਨੇ ਅਭਿਆਸ ਵਧੇਰੇ ਕਰਕੇ ਸੁਣਨ ਦਾ ਅਤੇ ਕੁਝ ਹੱਦ ਤੱਕ ਪੜ੍ਹਨ ਦਾ ਕੀਤਾ ਹੁੰਦਾ ਹੈ।

ਲਿਖਣ ਦਾ ਅਭਿਆਸ ਅਕਸਰ ਪ੍ਰੀਖਿਆ ਕੇਂਦਰ ਵਿੱਚ ਹੀ ਕੀਤਾ ਜਾਂਦਾ ਹੈ।

ਸਿੱਖਿਆ-ਪ੍ਰਾਪਤੀ ਦੀ ਵਿਧੀ ਅਤੇ ਆਦਰਸ਼ ਠੀਕ ਨਾ ਹੋਣ ਕਾਰਨ, ਨਕਲ ਮਾਰਨ ਦੀ ਆਦਤ ਉਪਜਦੀ ਹੈ।

ਨਕਲ ਮਾਰਨ ਦੀ ਪ੍ਰਵਿਰਤੀ ਉਦੋਂ ਤੱਕ ਨਹੀਂ ਹੱਟ ਸਕਦੀ, ਜਦੋਂ ਤੱਕ ਪੜ੍ਹਨ ਅਤੇ ਲਿਖਣ ਦੇ ਖੇਤਰ ਵਿੱਚ ਲਿਖਣ ਨੂੰ ਪਹਿਲਾ ਦਰਜਾ ਪ੍ਰਾਪਤ ਨਹੀਂ ਹੋ ਜਾਂਦਾ।

ਲਿਖਣ ਵਿੱਚ ਪੜ੍ਹਨਾ, ਸਮਝਣਾ, ਵੇਖਣਾ ਅਤੇ ਸੁਣਨਾ ਸਾਰੇ ਪਰਖੇ ਜਾਂਦੇ ਹਨ। ਇਸ ਪਰਖ ਤੋਂ ਸਾਡੇ ਵਿਦਿਆਰਥੀ ਡਰਦੇ ਹਨ।

ਮਨੋਵਿਗਿਆਨਕ ਕਾਰਨਾਂ ਤੋਂ ਇਲਾਵਾ ਨਕਲ ਮਾਰਨ ਦੇ ਇਤਿਹਾਸਕ, ਸਮਾਜਿਕ ਅਤੇ ਸਭਿਆਚਾਰਕ ਕਾਰਨ ਵੀ ਹਨ।

ਅਜੋਕੇ ਅਧਿਆਪਕਾਂ ਦੇ ਮਾਪੇ ਅਨਪੜ੍ਹ ਸਨ ਅਰਥਾਤ ਅਜੋਕੇ ਅਧਿਆਪਕ, ਅਧਿਆਪਕਾਂ ਦੀ ਪਹਿਲੀ ਪੀੜ੍ਹੀ ਹਨ।

ਇਵੇਂ ਹੀ ਅਜੋਕੇ ਵਿਦਿਆਰਥੀਆਂ ਦੇ ਮਾਪੇ ਅਨਪੜ੍ਹ ਹਨ ਅਰਥਾਤ ਅਜੋਕੇ ਵਿਦਿਆਰਥੀ, ਵਿਦਿਆਰਥੀਆਂ ਦੀ ਪਹਿਲੀ ਪੀੜ੍ਹੀ ਹਨ।

ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਦੂਜੀ ਪੀੜ੍ਹੀ ਨਿਰਸੰਦੇਹ ਪੜ੍ਹਨ-ਲਿਖਣ ਨੂੰ ਵਧੇਰੇ ਅਪਣੱਤ ਨਾਲ ਸਵੀਕਾਰ ਕਰੇਗੀ।

ਨਾਲ ਹੀ ਵੇਖਣਾ ਇਹ ਹੈ ਕਿ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਪਹਿਲੀ ਵਫ਼ਾਦਾਰੀ ਕਿੱਥੇ ਹੈ।

ਬਹੁਤੇ ਅਧਿਆਪਕਾਂ ਦੀ ਪਹਿਲੀ ਪਸੰਦ ਟਿਊਸ਼ਨਾਂ ਪੜ੍ਹਾਉਣ ਦੀ ਅਤੇ ਬਹੁਤੀਆਂ ਅਧਿਆਪਕਾਵਾਂ ਦੀ ਪਹਿਲੀ ਵਫ਼ਾਦਾਰੀ ਸਵੈਟਰਾਂ ਬੁਣਨ ਵੱਲ ਹੈ। ਕਿਉਂ ਨਾ ਸਿਲੇਬਸ ਇਸ ਪ੍ਰਕਾਰ ਢਾਲ ਲਏ ਜਾਣ, ਜਿਹੜੇ ਸਵੈਟਰ ਬੁਣਦੇ-ਬੁਣਦੇ ਪੜ੍ਹਾਏ ਜਾ ਸਕਣ ?

ਬਹੁਤੇ ਪੇਂਡੂ ਅਧਿਆਪਕਾਂ ਦੀ ਪਹਿਲੀ ਵਫ਼ਾਦਾਰੀ ਮੱਝਾਂ ਪਾਲਣ ਵੱਲ ਜਾਂ ਅਜਿਹੇ ਹੀ ਖੇਤੀ ਨਾਲ ਸਬੰਧਤ ਕਿਸੇ ਹੋਰ ਧੰਦੇ ਵੱਲ ਹੈ, ਕਿਉਂ ਨਾ ਸਿਲੇਬਸ ਵਿੱਚ ਮੱਝਾਂ ਪਾਲਣ ਦਾ ਇੱਕ ਵਿਸ਼ਾ ਸ਼ਾਮਲ ਕਰ ਲਿਆ ਜਾਵੇ ?

ਇਵੇਂ ਹੀ ਬਹੁਤੇ ਵਿਦਿਆਰਥੀਆਂ ਦੀ ਪਹਿਲੀ ਵਫ਼ਾਦਾਰੀ ਪੜ੍ਹਾਈ ਵੱਲ ਨਹੀਂ, ਕਿਸੇ ਸੈਂਤੋ ਜਾਂ ਬੰਤੋ ਵੱਲ ਜਾਂ ਕਿਸੇ ਬੀਰੇ ਜਾਂ ਜਗੀਰੇ ਵੱਲ ਹੁੰਦੀ ਹੈ।

ਜਦੋਂ ਤੱਕ ਇਹ ਵਫ਼ਾਦਾਰੀਆਂ ਨਹੀਂ ਬਦਲਦੀਆਂ ਅਤੇ ਜਦੋਂ ਤੱਕ ਵਿਦਿਆ ਦੇ ਖੇਤਰ ਵਿੱਚ ਹਰ ਦੂਜੇ ਕੰਮ ਨੂੰ ਵਿਦਿਆ ਤੋਂ ਥੱਲੇ ਨਹੀਂ ਰੱਖਿਆ ਜਾਂਦਾ, ਵਿਦਿਆ ਪ੍ਰਦਾਨ ਕਰਨ ਅਤੇ ਵਿੱਦਿਆ ਪ੍ਰਾਪਤ ਕਰਨ ਦੇ ਅਸਲ ਆਨੰਦ ਨੂੰ ਮਾਣਿਆ ਨਹੀਂ ਜਾ ਸਕਦਾ।

ਸੱਚ ਤਾਂ ਇਹ ਹੈ ਕਿ ਅਜੇ ਤੱਕ ਵਿਦਿਆ ਨਾਲ ਸਾਡਾ ਮੋਹ ਹੀ ਨਹੀਂ ਪਿਆ ਅਤੇ ਪੜ੍ਹਨ-ਪੜ੍ਹਾਉਣ ਨੂੰ ਇੱਕ ਵਗਾਰ ਸਮਝ ਕੇ ਨਿਪਟਾਇਆ ਜਾ ਰਿਹਾ ਹੈ।

ਸਾਡੇ ਵਿੱਦਿਅਕ ਪ੍ਰਬੰਧ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਇੱਕ ਵਰਗ

ਪੈਦਾ ਹੋ ਗਿਆ ਹੈ, ਜੋ ਵਿਦਿਅਕ ਪ੍ਰਬੰਧ ਵਿੱਚ ਨੁਕਸ ਦੱਸ ਕੇ ਆਪਣੇ ਸਿਖਿਆ- ਵਿਰੋਧੀ ਵਰਤਾਰੇ ਨੂੰ ਜਾਇਜ਼ ਦੱਸਣ ਲੱਗ ਪਿਆ ਹੈ।

ਸਾਡੇ ਅਜੋਕੇ ਸਿਲੇਬਸ ਪੂੰਜੀਵਾਦੀ ਰੁਚੀ ਦੇ ਲਖਾਇਕ ਹਨ।

ਉਦਾਹਰਣ ਵਜੋਂ ਕੈਲੰਡਰ ਦੇ ਸੁਆਲ, ਤਿਜਾਰਤ ਜਾਂ ਵਣਜ-ਵਪਾਰ ਦੇ ਸੁਆਲ ਜਾਂ ਵਿਆਜ ਜਾਂ ਪ੍ਰਤੀਸ਼ਤ ਦੇ ਸੁਆਲ ਵਿਦਿਆਰਥੀਆਂ ਦੀ ਬਹੁ-ਗਿਣਤੀ ਲਈ ਕਦੇ ਵੀ ਉਪਯੋਗੀ ਨਹੀਂ ਹੁੰਦੇ।

ਸਿਲੇਬਸ ਸ਼ਹਿਰੀਆਂ ਨੇ ਸ਼ਹਿਰੀ ਵਿਦਿਆਰਥੀਆਂ ਲਈ ਬਣਾਏ ਹਨ ਅਤੇ ਫਸਟ ਅਤੇ ਸੈਕੰਡ ਡਿਵੀਜ਼ਨ ਦੇ ਅੰਕਾਂ ਦੀ ਹੱਦ ਵੀ ਸ਼ਹਿਰੀ ਵਿਦਿਆਰਥੀਆਂ ਦੀ ਮਾਨਸਿਕ ਪੱਧਰ ਨੂੰ ਧਿਆਨ ਵਿੱਚ ਰੱਖ ਕੇ ਨਿਰਧਾਰਤ ਕੀਤੀ ਗਈ ਹੈ।

ਸਾਡੇ ਸਿਲੇਬਸ ਇਸ ਹੱਦ ਤੱਕ ਸ਼ਹਿਰੀ ਵਿਦਿਆਰਥੀਆਂ ਅਤੇ ਸ਼ਹਿਰੀ ਅਧਿਆਪਕਾਂ ਦੇ ਪੱਖ ਵਿੱਚ ਹਨ ਕਿ ਪੇਂਡੂ ਜਾਂ ਪੱਛੜੇ ਵਿਦਿਆਰਥੀ, ਆਪਣੇ ਆਪ ਨੂੰ ਫਾਡੀ ਸਮਝ ਕੇ ਨਕਲ ਮਾਰਨ ਦੇ ਰਾਹ ਪੈ ਜਾਂਦੇ ਹਨ।

ਜਦੋਂ ਸਿਲੇਬਸ ਵਿੱਚ ਗੋਡੀ ਕਰਨੀ, ਹੱਲ ਵਾਹੁਣਾ, ਡੰਗਰਾਂ ਦਾ ਗੁਤਾਵਾ ਕਰਨਾ, ਧਾਰ ਕੱਢਣੀ ਆਦਿ ਸ਼ਾਮਲ ਕਰ ਲਈ ਜਾਵੇਗੀ ਤਾਂ ਪੇਂਡੂ ਵਿਦਿਆਰਥੀ ਅੱਵਲ ਆਇਆ ਕਰਨਗੇ ਅਤੇ ਸ਼ਹਿਰੀ ਵਿਦਿਆਰਥੀ ਫੇਲ੍ਹ ਹੋਇਆ ਕਰਨਗੇ।

ਕਈ ਅਗਿਆਨਤਾ ਵੱਸ ਘੱਟ ਨੰਬਰਾਂ ਵਾਲੇ ਹਰੀਜਨਾਂ ਨੂੰ ਦਾਖਲੇ ਦੇਣ ਦਾ ਵਿਰੋਧ ਕਰਦੇ ਹਨ। ਉਨ੍ਹਾਂ ਨੂੰ ਮੇਰਾ ਉੱਤਰ ਹੈ ਕਿ ਕਿ ਹਰੀਜਨਾਂ ਨੂੰ ਸਿਲੇਬਸ ਨਿਰਧਾਰਤ ਕਰ ਲੈਣ ਦਿਓ, ਉਹ ਕੋਈ ਰਿਆਇਤ ਨਹੀਂ ਮੰਗਣਗੇ।

ਸਾਡੇ ਸਿਲੇਬਸਾਂ ਵਿੱਚ ਸਪੱਸ਼ਟ ਮੱਧ-ਸ਼੍ਰੇਣਿਕ ਜਮਾਤੀ-ਅੰਸ਼ ਪ੍ਰਧਾਨ ਹਨ।

ਪੇਂਡੂ ਜਾਂ ਗਰੀਬ ਜਾਂ ਹਰੀਜਨ ਵਿਦਿਆਰਥੀ ਇਸ ਲਈ ਨਕਲ ਮਾਰਦਾ ਹੈ, ਕਿਉਂਕਿ ਉਸ ਨੂੰ ਸ਼ਹਿਰੀ ਜਾਂ ਰੱਜਦੇ-ਪੁੱਜਦੇ ਜਾਂ ਬ੍ਰਾਹਮਣ, ਖੱਤਰੀ ਵਿੱਦਿਆਰਥੀਆਂ ਨਾਲ ਸਾਵਾਂ ਉਤਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਮੱਧ-ਸ਼੍ਰੇਣਿਕ ਵਿਦਿਆਰਥੀ ਇਸ ਹੱਦ ਤੱਕ ਕੰਮ-ਚੋਰ ਹੁੰਦਾ ਹੈ ਕਿ ਉਹ ਵਿਦਿਆ ਨੂੰ ਚੰਗੇਰੀ ਸ਼ਖ਼ਸੀਅਤ ਦੀ ਉਸਾਰੀ ਲਈ ਨਹੀਂ, ਸਗੋਂ ਵਪਾਰ ਜਾਂ ਨੌਕਰੀ ਦੇ ਦ੍ਰਿਸ਼ਟੀਕੋਣ ਤੋਂ ਹੀ ਵੇਖਦਾ ਹੈ।

ਇਹੀ ਕਾਰਨ ਹੈ ਕਿ ਨੌਕਰੀ ਪ੍ਰਾਪਤੀ ਦੇ ਨਾਲ ਹੀ ਉਹ ਵਿਅਕਤੀ ਕਿਤਾਬਾਂ ਤੋਂ ਪੂਰਨ ਭਾਂਤ ਬੇਮੁੱਖ ਹੋ ਜਾਂਦਾ ਹੈ।

ਸਾਡੇ ਦੇਸ਼ ਵਿੱਚ ਵਿਦਿਆ ਵਰਦਾਨ ਨਹੀਂ, ਇੱਕ ਵਗਾਰ ਸਮਝੀ ਜਾਂਦੀ ਹੈ।

ਸਾਡਾ ਆਰਥਿਕ ਢਾਂਚਾ ਇਸ ਨੂੰ ਚਲਾਉਣ ਵਾਲਿਆਂ ਦੀ ਨਾਲਾਇਕੀ ਦੇ ਅਨੁਪਾਤ 'ਚ ਕਮਜ਼ੋਰ ਹੈ, ਸੋ ਨਿਸ਼ਚੇ ਹੀ ਇੱਕ ਪੜਾਅ ਉੱਤੇ ਆ ਕੇ ਸਰਕਾਰੀ ਨੌਕਰੀਆਂ ਵਿੱਚ ਵਾਧਾ ਬਹੁਤ ਹੀ ਘੱਟ ਜਾਵੇਗਾ।

ਪੜ੍ਹੇ, ਲਿਖੇ ਮਾਪਿਆਂ ਦੇ ਬੱਚੇ, ਸਰਕਾਰੀ ਸਕੂਲਾਂ ਦੀ ਨੀਵੀਂ ਕਾਰਗੁਜ਼ਾਰੀ ਕਾਰਨ ਉਨ੍ਹਾਂ ਵਿੱਚ ਨਹੀਂ ਪੜ੍ਹਨਗੇ ਅਤੇ ਸਾਡੇ ਸਰਕਾਰੀ ਹਸਪਤਾਲਾਂ ਦੀ ਹਾਲਤ ਵੇਖ ਕੇ ਕੋਈ ਸਿਆਣਾ ਮਰੀਜ਼, ਇਨ੍ਹਾਂ ਹਸਪਤਾਲਾਂ ਵਿੱਚ ਨਹੀਂ ਜਾਵੇਗਾ।

ਅਜੋਕੀ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਆਖਿਆ ਜਾ ਸਕਦਾ ਹੈ ਕਿ ਨਿੱਜੀ ਖੇਤਰ, ਸਕੂਲਾਂ, ਹਸਪਤਾਲਾਂ ਸਮੇਤ ਆਰਥਿਕਤਾ ਦੇ ਹਰ ਖੇਤਰ ਵਿੱਚ ਪ੍ਰਵੇਸ਼ ਕਰੇਗਾ।

ਨਕਲਮਾਰਾਂ ਦੀ ਨਾਲਾਇਕੀ, ਸਰਕਾਰੀ ਨੌਕਰੀ ਦੀ ਛੱਤਰੀ ਥੱਲੇ ਭਾਵੇਂ ਛੁੱਪ ਜਾਵੇ ਪਰ ਨਿੱਜੀ ਖੇਤਰ ਵਿੱਚ ਇਨ੍ਹਾਂ ਨੂੰ ਫੁੱਟਬਾਲ ਵਾਂਗ ਠੁੱਡੇ ਪੈਣਗੇ।

ਸਪੱਸ਼ਟ ਹੈ ਕਿ ਨਕਲਮਾਰ ਜਿੱਥੇ ਵੀ ਜਾਵੇਗਾ, ਨਕਲ ਦੀ ਪ੍ਰਵਿਰਤੀ ਨੂੰ ਨਾਲ ਲੈ ਕੇ ਜਾਵੇਗਾ। ਹੈਰਾਨੀ ਦੀ ਗੱਲ ਨਹੀਂ ਕਿ ਇਨ੍ਹਾਂ ਨਕਲਮਾਰਾਂ ਦੇ ਹੱਥਾਂ ਵਿੱਚ ਸਾਡੀ ਆਰਥਿਕਤਾ ਅਤੇ ਆਰਥਿਕਤਾ ਦੀ ਆਧਾਰ ਤਕਨਾਲੋਜੀ ਦੀ ਪੱਧਰ ਨੀਵੀਂ ਹੋਵੇਗੀ ਅਤੇ ਵਿਕਾਸ ਹੌਲੀ ਹੋਵੇਗਾ।

ਅਜੇ ਤੱਕ ਸਾਡੇ ਦੇਸ਼ ਦੀ ਰਾਜਨੀਤੀ ਵਿੱਚ ਅਨਪੜ੍ਹਾਂ ਦਾ ਬੋਲਬਾਲਾ ਸੀ।

ਅਜੋਕਾ ਯੁੱਗ ਨਕਲਮਾਰਾਂ ਦਾ ਹੈ।

ਅਨਪੜ੍ਹਤਾ ਕਾਰਨ ਹੀ ਸਾਡੇ ਨੇਤਾ ਇਹ ਸਮਝਣ ਤੋਂ ਅਸਮਰੱਥ ਹਨ ਕਿ ਵਿਗਿਆਨਕ ਯੁੱਗ ਦੇ ਗਿਆਨ ਦੀ ਮਾਤਰਾ ਅਤੇ ਪ੍ਰਕਾਰ ਅਜਿਹੀ ਹੈ ਕਿ ਇਹ ਸੰਭਵ ਹੀ ਨਹੀਂ ਕਿ ਵਿਦਿਆਰਥੀ ਰੱਟਾ ਲਾ ਕੇ ਜਾਂ ਯਾਦ ਕਰਕੇ ਸਭ ਕੁਝ ਲਿਖ ਦੇਣ।

ਸਹੀ ਪ੍ਰਕਾਰ ਦਾ ਉੱਤਰ ਲੱਭਣ ਲਈ ਢੁੱਕਵੇਂ ਸਰੋਤ ਨੂੰ ਵਰਤਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ, ਇਵੇਂ ਇਮਤਿਹਾਨੀ ਕਮਰਿਆਂ ਵਿੱਚ ਜੇ ਵਿਦਿਆਰਥੀਆਂ ਨੂੰ ਪੁਸਤਕਾਂ ਲੈ ਜਾਣ ਦੀ ਆਗਿਆ ਹੋਵੇ ਤਾਂ ਨਕਲ ਮਾਰਨ ਦੀ ਕੁਰੀਤੀ ਖ਼ਤਮ ਹੋ ਸਕਦੀ ਹੈ।

ਹੁਣ ਹੋ ਇਹ ਰਿਹਾ ਹੈ ਕਿ ਕਿਤਾਬਾਂ ਦੀ ਲੋੜ ਪੈਂਦੀ ਹੈ ਪਰ ਆਗਿਆ ਨਹੀਂ, ਇਸੇ ਕਰਕੇ ਕਾਤਰਾਂ, ਪਰਚੀਆਂ ਦੇ ਰੂਪ ਵਿੱਚ ਕਿਤਾਬਾਂ ਅੰਦਰ ਲਿਜਾਈਆਂ ਜਾਂ ਭੇਜੀਆਂ ਜਾ ਰਹੀਆਂ ਹਨ।

ਜੇ ਵਿਦਿਆਰਥੀ ਸਭ ਕੁਝ ਯਾਦ ਕਰਨ ਦੀ ਮਜਬੂਰੀ ਤੋਂ ਮੁਕਤ ਹੋ ਜਾਣ ਤਾਂ ਵਿਦਿਆ ਪ੍ਰਾਪਤੀ ਦਾ ਕਾਰਜ ਸੌਖਾ ਹੋ ਸਕਦਾ ਹੈ।

ਛਾਪੇਖਾਨੇ ਅਤੇ ਪੁਸਤਕਾਂ ਦੀ ਕਾਢ ਨੇ ਮਨੁੱਖ ਨੂੰ ਸਭ ਕੁਝ ਯਾਦ ਰੱਖਣ ਦੀ ਮਜਬੂਰੀ ਤੋਂ ਮੁਕਤ ਕੀਤਾ ਹੈ ਪਰ ਸਾਡਾ ਵਿਦਿਅਕ ਢਾਂਚਾ ਹੁਣ ਵੀ ਸਭ ਕੁਝ ਯਾਦ ਰੱਖਣ ਉੱਤੇ ਹੀ ਬਲ ਦੇਈ ਜਾ ਰਿਹਾ ਹੈ।

ਇਸ ਨੀਤੀ ਦਾ ਨਤੀਜਾ ਇਹ ਹੋਇਆ ਹੈ ਕਿ ਸਾਡੇ ਜੀਵਨ ਦੇ ਹਰ ਖੇਤਰ ਵਿੱਚ ਨਕਲ ਦੀ ਚੜ੍ਹਤ ਹੈ ਅਤੇ ਇਹ ਪ੍ਰਵਿਰਤੀ ਸਹਿਜੇ ਹੀ ਸਭ ਪਾਸੇ ਵੇਖੀ ਜਾ ਸਕਦੀ ਹੈ।

ਅਸੀਂ ਕੱਪੜੇ ਦੂਜਿਆਂ ਦੀ ਨਕਲ ਕਰਕੇ ਪਾਉਂਦੇ ਹਾਂ।

ਸਭਿਆਚਾਰਕ ਖੇਤਰ ਵਿੱਚ ਅਸੀਂ ਪੱਛਮ ਦੀ ਨਕਲ ਮਾਰ ਰਹੇ ਹਾਂ।

ਭਵਨ-ਨਿਰਮਾਣ ਵਿੱਚ, ਮਨ-ਪ੍ਰਚਾਵੇ ਵਿੱਚ, ਫਿਲਮਾਂ ਵਿੱਚ, ਸੰਗੀਤ ਵਿੱਚ, ਖਾਣ-ਪਹਿਨਣ ਵਿੱਚ ਅਸੀਂ ਅੰਤਾਂ ਦੇ ਨਕਲਮਾਰ ਹਾਂ।

ਜਦੋਂ ਤੱਕ ਸਾਡੇ ਵਿਵਹਾਰ ਵਿੱਚ ਮੌਲਿਕਤਾ ਪ੍ਰਤੀ ਮੋਹ ਨਹੀਂ ਜਾਗਦਾ ਅਤੇ ਅਸੀਂ ਸੁਚੇਤ ਨਹੀਂ ਹੁੰਦੇ, ਮੌਲਿਕਤਾ ਨਹੀਂ ਆਵੇਗੀ ਅਤੇ ਅਸੀਂ ਨਕਲ ਮਾਰਦੇ ਰਹਾਂਗੇ।

ਇਵੇਂ ਅਸੀਂ ਪੜ੍ਹੇ-ਲਿਖੇ ਅਨਪੜ੍ਹਾਂ ਦਾ ਇਕ ਵਰਗ ਪੈਦਾ ਕਰ ਰਹੇ ਹਾਂ।

ਸਾਡੇ ਦੇਸ਼ ਵਿੱਚ ਲੋਕਤੰਤਰ ਹੈ, ਇਸ ਲਈ ਜਿਹੋ ਜਿਹੀ ਸਾਡੀ ਪਰਜਾ ਹੋਵੇਗੀ, ਉਹੋ ਜਿਹੀ ਸਾਡੀ ਸਰਕਾਰ ਹੋਵੇਗੀ।

ਤਕਨਾਲੋਜੀ ਦੇ ਖੇਤਰ ਵਿੱਚ ਨਕਲ ਦੀ ਪ੍ਰਵਿਰਤੀ ਸਾਨੂੰ ਸਦਾ ਲਈ ਪੱਛਮ ਦਾ ਗੁਲਾਮ ਬਣਾਈ ਰੱਖੇਗੀ। ਸੰਦਰਭ ਤੋਂ ਟੁੱਟੀ ਹੋਈ ਅਤੇ ਲੋਕਾਂ ਦੀਆਂ ਲੋੜਾਂ ਤੋਂ ਵਿਜੋਗੀ ਹੋਈ ਵਿਦਿਅਕ ਪ੍ਰਣਾਲੀ ਵਿੱਚ ਲੋਕਾਂ ਦਾ ਮਨ, ਦਿਲ ਅਤੇ ਦਿਮਾਗ ਨਹੀਂ ਖੁੱਭਦੇ ਅਤੇ ਇਸ ਉਦਰੇਵੇਂ ਦੇ ਕਾਰਨ ਹੀ ਸਾਡੇ ਅਧਿਆਪਕ ਅਤੇ ਵਿਦਿਆਰਥੀ ਗਿਆਨ ਦੀਆਂ ਪਰਤਾਂ ਫਰੋਲਣ ਦੀ ਥਾਂ ਵਿਦਿਆ ਦਾ ਬਲਾਤਕਾਰ ਕਰਨ ਲੱਗ ਪਏ ਹਨ।

ਭ੍ਰਿਸ਼ਟਾਚਾਰ, ਅਜੋਕੇ ਭਾਰਤ ਦੀ ਆਰਥਿਕਤਾ ਦੀ ਚੂਲ ਬਣ ਗਿਆ ਹੈ।

ਅਧਿਆਪਕ ਵਰਗ ਗਰੀਬ ਹੈ ਅਤੇ ਵਪਾਰ ਅਤੇ ਨੌਕਰੀਆਂ ਵਿੱਚ ਲੱਗੇ ਵਰਗ ਦੇ ਬੱਚੇ, ਵਿਦਿਆਰਥੀ ਜੀਵਨ ਦੌਰਾਨ ਅਧਿਆਪਕਾਂ ਦੀ ਆਰਥਿਕ ਮੰਦਹਾਲੀ ਕਾਰਨ, ਅਧਿਆਪਕਾਂ ਨੂੰ ਟਿੱਚ ਸਮਝਦੇ ਹਨ।

ਪਿੰਡਾਂ ਵਿੱਚ ਕਿਸਾਨਾਂ ਦਾ ਵਾਹ ਪਟਵਾਰੀਆਂ, ਥਾਣੇਦਾਰਾਂ ਆਦਿ ਨਾਲ ਪੈਂਦਾ ਹੈ, ਜਿਹੜੇ ਬਿਨਾਂ ਰਿਸ਼ਵਤ ਲਏ ਗਾਲ੍ਹ ਵੀ ਕੱਢਣ ਲਈ ਤਿਆਰ ਨਹੀਂ ਹੁੰਦੇ, ਸੋ ਪੇਂਡੂਆਂ ਨੂੰ ਰਿਸ਼ਵਤ ਦੇ ਕੇ ਕੰਮ ਕਰਵਾਉਣ ਦੀ ਆਦਤ ਪਾ ਦਿੱਤੀ ਗਈ ਹੈ ਅਤੇ ਇਸੇ ਆਦਤ ਵੱਸ ਉਹ ਅਧਿਆਪਕ ਵਰਗ ਨੂੰ ਵੀ ਪਟਵਾਰੀ, ਥਾਣੇ ਦੇ ਮੁਨਸ਼ੀ ਆਦਿ ਜਿਹਾ ਹੀ ਕੁਝ ਸਮਝਣ ਲੱਗ ਪਏ ਹਨ।

ਪੂੰਜੀਵਾਦ ਨੇ ਪੀਣ, ਪਹਿਨਣ, ਖਾਣ, ਹੰਢਾਉਣ ਦੀ ਇੱਕ ਅਜਿਹੀ ਭੁੱਖ ਪੈਦਾ ਕਰ ਦਿੱਤੀ ਹੈ ਕਿ ਉਦੇਸ਼ ਪੂਰਤੀ ਲਈ ਕੁਝ ਵੀ ਨਜਾਇਜ਼ ਪ੍ਰਤੀਤ ਨਹੀਂ ਹੁੰਦਾ।

ਵੱਧ ਝਾੜ ਦੇਣ ਵਾਲੀਆਂ ਫਸਲਾਂ ਅਤੇ ਸਫ਼ੈਦੇ ਦੇ ਦਰੱਖਤਾਂ ਆਦਿ ਨੇ ਸਾਰਾ ਮਾਨਸਿਕ ਵਾਤਾਵਰਣ ਹੀ ਬਦਲ ਦਿੱਤਾ ਹੈ ਅਤੇ ਸਭ ਕੁਝ ਝੱਟਪਟ ਕਰਨ ਦੀ, ਪ੍ਰਾਪਤ ਕਰਨ ਦੀ, ਵੱਡਾ ਹੋ ਜਾਣ ਆਦਿ ਦੀ ਮਨੋਵਿਗਿਆਨਕ ਬਿਰਤੀ ਉਤਪੰਨ ਹੋ ਗਈ ਹੈ।

ਸਾਡੇ ਵਰਤਾਰੇ ਦਾ ਮੁਹਾਵਰਾ ਅਜੇ ਬੌਧਿਕ ਨਹੀਂ ਹੋਇਆ ਅਤੇ ਬੋਲ-ਚਾਲ ਵਿੱਚ ਅਜੇ ਸੋਚ-ਵਿਚਾਰ ਵਾਲੀ ਸ਼ਬਦਾਵਲੀ ਅਸੀਂ ਅਪਣਾ ਨਹੀਂ ਸਕੇ।

ਅਜੇ ਵੀ ਅਸੀਂ ਸਰੀਰਕ ਅਮਲ ਦੀਆਂ ਹੀ ਗੱਲਾਂ ਕਰੀ ਜਾ ਰਹੇ ਹਾਂ।

'ਨਕਲ ਮਾਰਨ' ਵਿੱਚ ਵੀ ਮਾਰਨ ਦੀ ਬਿਰਤੀ ਦਿਮਾਗੀ ਨਹੀਂ, ਸਰੀਰਕ ਹੈ।

ਅਸੀਂ ਕਦੀ ਨਹੀਂ ਕਿਹਾ ਕਿ ਫਲਾਣੇ ਮਾਮਲੇ ਬਾਰੇ ਸੋਚ ਲਵਾਂਗੇ, ਅਸੀਂ ਇਹੀ ਕਹਿੰਦੇ ਹਾਂ 'ਫੱਟੇ ਚੁੱਕ ਦਿਆਂ ਗੇ', 'ਕੰਡਾ ਕੱਢ ਦਿਆਂਗੇ', 'ਲੱਤਾਂ ਭੰਨ ਦਿਆਂਗੇ' ਆਦਿ।

ਜਦੋਂ ਤੱਕ ਸਾਡੇ ਵਰਤਾਰੇ ਦਾ ਮੁਹਾਵਰਾ ਸਰੀਰਕ ਦੀ ਥਾਂ ਬੌਧਿਕ ਨਹੀਂ ਹੁੰਦਾ, ਸਥਿਤੀ ਦੇ ਸੁਧਰਨ ਦੀ ਬਹੁਤੀ ਆਸ ਨਹੀਂ।

ਸਾਡੇ ਪ੍ਰੀਖਿਆ-ਕੇਂਦਰਾਂ ਵਿੱਚ ਅੰਦਰਲਿਆਂ ਅਤੇ ਬਾਹਰਲਿਆਂ ਦੀ ਗਹਿਮਾ-ਗਹਿਮੀ ਵੇਖ ਕੇ ਕੌਣ ਗਿਲਾ ਕਰ ਸਕਦਾ ਹੈ ਕਿ ਸਾਡੇ ਵਿੱਚ ਸਹਿਯੋਗ ਦੀ ਘਾਟ ਹੈ।

ਨਕਲ ਮਾਰ ਕੇ ਪਾਸ ਹੋਣ ਵਾਲੇ ਵਿਅਕਤੀਆਂ ਦੀ ਸ਼ਖ਼ਸੀਅਤ ਦਾ ਨੈਤਿਕ ਪੱਖ ਇਸ ਹੱਦ ਤੱਕ ਕਮਜ਼ੋਰ ਹੁੰਦਾ ਹੈ ਕਿ ਝੂਠ ਬੋਲਣਾ, ਚੋਰੀ ਕਰਨੀ, ਬਿਜਲੀ ਚੁਰਾਣੀ, ਰਿਸ਼ਵਤ ਲੈਣੀ, ਜਾਅਲੀ ਡਿਗਰੀ ਲੈਣੀ ਅਰਥਾਤ ਹਰ ਨਜਾਇਜ਼ ਕੰਮ ਵੱਲ ਉਨ੍ਹਾਂ ਦੀ ਰੁਚੀ ਸਹਿਜੇ ਹੀ ਪਰੇਰੀ ਜਾਂਦੀ ਹੈ।

ਅਜਿਹੇ ਵਿਅਕਤੀਆਂ ਨੂੰ ਹਰ ਚੀਜ਼ ਉੱਤੇ ਨਜਾਇਜ਼ ਕਬਜ਼ਾ ਕਰਨ ਦੀ ਆਦਤ ਪੈ ਜਾਂਦੀ ਹੈ। ਸਭ ਤੋਂ ਵੱਡਾ ਦੁਖਾਂਤ ਇਹ ਵਾਪਰਦਾ ਹੈ ਕਿ ਅਜਿਹੇ ਲੋਕ ਮਿਹਨਤ ਅਤੇ ਮੌਲਿਕਤਾ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਵੇਖਦੇ ਹਨ ਅਤੇ ਅਜਿਹੇ ਲੋਕਾਂ ਵਿੱਚ ਹੀ ਝੱਟਪਟ ਅਮੀਰ ਬਣਨ, ਸਫਲ ਹੋਣ ਅਤੇ ਵੱਡੇ ਪ੍ਰਤੀਤ ਹੋਣ ਦੀ ਲਾਲਸਾ ਜਾਗਦੀ ਹੈ, ਜਿਸ ਕਾਰਨ ਸਮਾਜ ਵਿੱਚ ਹਿੰਸਾ ਅਤੇ ਅਪਰਾਧ ਵੱਧਦੇ ਹਨ।

ਨਕਲਮਾਰਾਂ ਦੀ ਸ਼ਖ਼ਸੀਅਤ ਵਿੱਚ ਇੱਕ ਸਦੀਵੀ ਬੇਚੈਨੀ ਘਰ ਕਰ ਜਾਂਦੀ ਹੈ ਅਤੇ ਮਿਹਨਤ ਰਾਹੀਂ ਆਪਣਾ ਕੱਦ ਉੱਚਾ ਕਰਨ ਦੀ ਥਾਂ ਇਹ ਲੋਕ ਸਮੁੱਚੇ ਸਮਾਜ ਨੂੰ ਆਪਣੀ ਪੱਧਰ ਤਕ ਡੇਗਣ ਲਈ ਯਤਨ ਕਰਦੇ ਹਨ। ਇਵੇਂ ਸਮਾਜਿਕ ਅਤੇ ਸਭਿਆਚਾਰਕ ਪਿੜਾਂ ਵਿੱਚ ਮੌਲਿਕਤਾ ਦਾ ਘਾਣ ਹੁੰਦਾ ਹੈ।

ਅਨੁਮਾਨ ਲਾਇਆ ਜਾ ਸਕਦਾ ਹੈ ਕਿ ਰੇਤ ਨਾਲ ਚਿਣੀਆਂ ਹੋਈਆਂ ਇਹ ਸ਼ਖ਼ਸੀਅਤਾਂ ਕਿੰਨੀ ਕੁ ਮਜ਼ਬੂਤ ਆਰਥਿਕਤਾ ਨੂੰ ਸਹਾਰਾ ਦੇ ਸਕਦੀਆਂ ਹਨ।

ਸਭ ਤੋਂ ਵੱਡਾ ਆਨੰਦ ਬੁੱਧ-ਵਿਵੇਕ ਦਾ ਆਨੰਦ ਹੁੰਦਾ ਹੈ, ਜਦੋਂ ਕਿ ਨਕਲਮਾਰ ਸਰੀਰਕ ਲੋੜਾਂ ਤੋਂ ਉਪਰ ਨਹੀਂ ਉੱਠਦੇ।

ਨਕਲ ਮਾਰਨ ਦੀ ਅਜੋਕੀ ਸਥਿਤੀ ਦਾ ਸੰਸਾਰ ਦੇ ਕਈ ਦੇਸ਼ਾਂ ਨੇ ਵਿਗਿਆਨਕ ਢੰਗ ਨਾਲ ਸਾਹਮਣਾ ਕੀਤਾ ਹੈ।

ਪ੍ਰਸ਼ਨ ਪੱਤਰ ਦੀ ਥਾਂ ਪ੍ਰਸ਼ਨ-ਪੁਸਤਕ ਦਾ ਰਿਵਾਜ ਪੈ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਉੱਤਰ-ਪੱਤਰ (ਉੱਤਰ-ਪੁਸਤਕ ਨਹੀਂ) ਵਿਚਲੇ ਉਨ੍ਹਾਂ ਸੰਭਾਵਤ ਚਾਰ ਜਾਂ ਪੰਜ ਉੱਤਰਾਂ ਵਿਚੋਂ ਕਿਸੇ ਇੱਕ (ਜੋ ਸਹੀ ਹੁੰਦਾ ਹੈ) 'ਤੇ ਸਹੀ ਹੋਣ ਦਾ ਨਿਸ਼ਾਨ ਲਾਉਣਾ ਹੁੰਦਾ ਹੈ।

ਅਜਿਹੇ ਇਮਤਿਹਾਨਾਂ ਵਿੱਚ ਪਾਸ ਪ੍ਰਤੀਸ਼ੱਤਤਾ ਪਜੰਤਰ ਤੋਂ ਸ਼ੁਰੂ ਹੁੰਦੀ ਹੈ।

ਪ੍ਰਸ਼ਨ ਇਤਨੇ ਹੁੰਦੇ ਹਨ ਕਿ ਜਿਸ ਨੇ ਪ੍ਰਸ਼ਨ-ਪੁਸਤਕ ਤੋਂ ਧਿਆਨ ਹਟਾਇਆ, ਉਸ ਦੇ ਸਾਰੇ ਪ੍ਰਸ਼ਨ ਹੱਲ ਕਰਨ ਦੀ ਸੰਭਾਵਨਾ ਹੀ ਨਹੀਂ ਰਹਿੰਦੀ ਅਤੇ ਉਹ ਕਿਸੇ ਵੀ ਨਜਾਇਜ਼ ਢੰਗ ਨਾਲ ਪਾਸ ਹੀ ਨਹੀ ਹੋ ਸਕਦਾ।

ਅਜਿਹੀ ਸਥਿਤੀ ਵਿੱਚ ਨਕਲ ਮਾਰਨ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ।

ਨਕਲ ਮਾਰਨ ਦੀ ਸਮੱਸਿਆ ਉਦੋਂ ਤੱਕ ਰਹੇਗੀ, ਜਦੋਂ ਤੱਕ ਨੌਕਰੀ ਯੋਗਤਾ ਦੇ ਆਧਾਰ ਉੱਤੇ ਨਹੀਂ, ਡਿਗਰੀ ਦੇ ਆਧਾਰ ਉੱਤੇ ਮਿਲਦੀ ਰਹੇਗੀ।

ਨਕਲ ਮਾਰਨਾ ਇੱਕ ਵਿਕਲੋਤਰੀ ਘਟਨਾ ਨਹੀਂ, ਸਗੋਂ ਇਹ ਇੱਕ ਲੰਮੀ ਬੀਮਾਰੀ ਦਾ ਆਰੰਭ ਹੈ। ਇਸ ਪ੍ਰਵਿਰਤੀ ਨਾਲ ਕੰਮਚੋਰਾਂ ਦੀ ਫੌਜ ਇਤਨੀ ਸ਼ਕਤੀਸ਼ਾਲੀ ਹੋ ਜਾਵੇਗੀ ਕਿ ਮਿਹਨਤ ਕਰਨ ਵਾਲੇ ਮੁਠੀਭਰ 'ਗੱਦਾਰਾਂ' ਦਾ ਇਹ ਮਲੀਆਮੇਟ ਕਰ ਦੇਵੇਗੀ ਅਤੇ ਅਸਲੀ ਦੀ ਥਾਂ ਨਕਲੀ ਸਮਾਜ ਅਤੇ ਨਕਲੀ ਬੰਦਿਆਂ ਵਾਲਾ ਨਕਲੀ ਸਭਿਆਚਾਰ ਉਸਾਰਨ ਦਾ ਸੁਪਨਾ ਸਹਿਜੇ ਹੀ ਪੂਰਾ ਹੋ ਜਾਵੇਗਾ।

ਤੁਰਨ ਦਾ ਹੁਨਰ

ਕੇਵਲ ਸਬਰ ਸੰਤੋਖ ਵਾਲਾ ਵਿਅਕਤੀ ਹੀ ਲੰਮੇ ਅਤੇ ਬਿਖੜੇ ਪੈਂਡੇ ਤੁਰਨ ਦਾ ਸਾਹਸ ਅਤੇ ਸਿਦਕ ਵਿਖਾ ਸਕਦਾ ਹੈ।

ਤੰਦਰੁਸਤ ਜਾਂ ਰਿਸ਼ਟ-ਪੁਸ਼ਟ ਸਰੀਰ ਦੀਆਂ ਚਾਰ ਹਾਲਤਾਂ ਹੁੰਦੀਆਂ ਹਨ: ਲੇਟਣਾ, ਬਹਿਣਾ, ਖਲੋਣਾ ਅਤੇ ਤੁਰਨਾ।

ਕਹਿੰਦੇ ਹਨ ਜਿਹੜੇ ਠੀਕ ਢੰਗ ਨਾਲ ਸਿੱਧੇ ਤੁਰ ਨਹੀਂ ਸਕਦੇ, ਉਹ ਸਦਾ ਗ਼ਲਤ ਨਿਸ਼ਾਨਿਆਂ 'ਤੇ ਪਹੁੰਚਦੇ ਹਨ।

ਮਨੁੱਖ ਜਦੋਂ ਦਾ ਕਾਰ ਉੱਤੇ ਸਵਾਰ ਹੋਇਆ ਹੈ, ਉਦੋਂ ਤੋਂ ਹੀ ਉਹ ਤੁਰਨ ਦੀ ਮੌਜ ਤੋਂ ਵਾਂਝਿਆ ਗਿਆ ਹੈ।

ਜਦੋਂ ਵਿਅਕਤੀ ਇੱਕ ਥਾਂ ਉੱਤੇ ਰਹਿ-ਰਹਿ ਕੇ ਅੱਕ ਜਾਂਦਾ ਹੈ ਤਾਂ ਉਹ ਕਿਧਰੇ ਦੂਰ ਨਿਕਲ ਜਾਣਾ ਚਾਹੁੰਦਾ ਹੈ।

ਪਹਾੜਾਂ ਦੀਆਂ ਚੋਟੀਆਂ ਅਤੇ ਸਮੁੰਦਰਾਂ ਦੇ ਕਿਨਾਰੇ ਸਾਨੂੰ ਇਸ ਲਈ ਚੰਗੇ ਲੱਗਦੇ ਹਨ, ਕਿਉਂਕਿ ਇਹ ਸਾਨੂੰ ਤੁਰਨ ਦਾ ਅਵਸਰ ਪ੍ਰਦਾਨ ਕਰਦੇ ਹਨ।

ਤੁਰਨਾ ਅਸਲ ਵਿੱਚ ਹਲਕੇ-ਫੁੱਲ ਹੋਣ ਦਾ ਹੁਨਰ ਹੈ।

ਤੁਸੀਂ ਡੁੱਬਦੇ ਹੋਏ ਸੂਰਜ ਨੂੰ ਤੁਰਦੇ ਹੋਏ ਤੱਕੋ, ਕੁਝ ਦਿਨ ਰੋਜ਼ ਵੇਖਦੇ ਰਹੋ, ਤੁਹਾਨੂੰ ਇੰਜ ਪ੍ਰਤੀਤ ਹੋਣ ਲੱਗ ਪਵੇਗਾ ਜਿਵੇਂ ਸੂਰਜ ਤੁਹਾਡੇ ਨਾਲ ਗੱਲਾਂ ਕਰ ਰਿਹਾ ਹੋਵੇ।

ਯਾਤਰੀ, ਜਗਿਆਸੂ, ਅਭਿਲਾਸ਼ੀ ਦੇ ਅਰਥ ਤੁਰਨ ਵਾਲੇ ਵਿਅਕਤੀ ਤੋਂ ਹੀ ਹਨ।

ਯੂਨਾਨੀ ਪਾਤਰ ਯੂਲੀਸਿਸ ਅਤੇ ਸਾਡੇ ਆਪਣੇ ਗੁਰੂ ਨਾਨਕ ਦੇਵ ਸਦਾ ਤੁਰਦੇ ਰਹਿਣ ਵਾਲੇ ਵਿਅਕਤੀਆਂ ਦੇ ਪ੍ਰਤੀਕ ਹਨ।

ਪੰਜਾਬ ਦਾ ਸਭਿਆਚਾਰ, ਦਰਿਆਵਾਂ ਵਾਲਾ ਸਭਿਆਚਾਰ ਹੈ, ਨਿਰੰਤਰ ਵਹਿਣ ਵਿੱਚ ਪਿਆਂ ਦਾ ਸਭਿਆਚਾਰ।

ਪੰਜਾਬੀ ਕਿੱਸਾ-ਕਾਵਿ ਵਿਚਲੇ ਪ੍ਰੇਮੀ ਮਹੀਂਵਾਲ, ਰਾਂਝਾ, ਪੁਨੂੰ ਆਦਿ ਸਾਰੇ ਆਪਣੇ ਦੇਸ਼ਾਂ, ਇਲਾਕਿਆਂ 'ਚੋਂ ਤੁਰ ਕੇ ਹੀ ਆਪਣੀਆਂ ਪ੍ਰੇਮਿਕਾਵਾਂ ਦੇ ਦੇਸ਼ ਪਹੁੰਚੇ ਸਨ।

ਕਿਸੇ ਸਿਆਣੇ ਨੇ ਕਿਹਾ ਹੈ, 'ਮੈਂ ਜਿਤਨਾ ਵਧੇਰੇ ਤੁਰਦਾ ਹਾਂ, ਉਤਨਾ ਹੀ ਮੈਨੂੰ ਵਧੇਰੇ ਅਨੁਭਵ ਹੁੰਦਾ ਹੈ ਕਿ ਮੈਂ ਘੱਟ ਤੁਰਦਾ ਹਾਂ। ਜਦੋਂ ਵੀ ਮੈਂ ਤੁਰਨ ਗਿਆ ਹਾਂ, ਮੈਂ ਆਪਣੇ ਘਰ ਵਧੇਰੇ ਪ੍ਰਸੰਨ ਹੋ ਕੇ ਪਰਤਿਆ ਹਾਂ।'

ਮਨੁੱਖ ਨੇ ਆਪਣੇ ਫ਼ਾਸਲੇ ਲੋੜ ਨਾਲੋਂ ਲੰਮੇ ਕਰ ਲਏ ਹਨ, ਇਸ ਲਈ ਕਾਰਾਂ, ਗੱਡੀਆਂ, ਬੱਸਾਂ ਆਦਿ ਉਸ ਦੀ ਮਜਬੂਰੀ ਬਣ ਗਈਆਂ ਹਨ, ਪਰ ਤੁਰਨ ਦੇ ਜਿਹੜੇ ਕੁਝ ਅਵਸਰ ਮਨੁੱਖਾਂ ਨੂੰ ਮਿਲਦੇ ਹਨ, ਉਹ ਉਨ੍ਹਾਂ ਤੋਂ ਵੀ ਲਾਭ ਨਹੀਂ ਉਠਾਉਂਦੇ।

ਇਹੀ ਕਾਰਨ ਹੈ ਕਿ ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਵੱਧ ਗਈਆਂ ਹਨ ਅਤੇ ਅੱਜ ਦਾ ਮਨੁੱਖ ਆਪਣੇ ਸਰੀਰ ਦੀ ਜਦੋਂ ਵੀ ਕੋਈ ਗੱਲ ਕਰਦਾ ਹੈ ਤਾਂ ਉਹ ਕੋਈ ਨਾ ਕੋਈ ਸਮੱਸਿਆ ਹੀ ਹੁੰਦੀ ਹੈ।

ਭੁੱਖ ਨਹੀਂ ਲੱਗਦੀ, ਤੁਰੋ। ਦਿਲ ਉਦਾਸ ਹੈ, ਤੁਰੋ। ਜਦੋਂ ਵੀ ਮੌਕਾ ਮਿਲੇ, ਤੁਰੋ।

ਤੁਸੀਂ ਤੁਰਨਾ ਸ਼ੁਰੂ ਤਾਂ ਕਰੋ, ਪੰਜਾਂ ਮਿੰਟਾਂ ਵਿੱਚ ਤੁਹਾਨੂੰ ਤਬਦੀਲੀ ਮਹਿਸੂਸ ਹੋਣ ਲੱਗ ਪਵੇਗੀ। ਅਸੀਂ ਡਾਕਟਰਾਂ ਕੋਲ ਜਾਣ ਲਈ ਤਿਆਰ ਹਾਂ, ਓਪਰੇਸ਼ਨ ਕਰਵਾਉਣ ਲਈ ਤਿਆਰ ਹਾਂ, ਪਰ ਤੁਰਨ ਲਈ ਤਿਆਰ ਨਹੀਂ ਹੁੰਦੇ।

ਬਹੁਤਿਆਂ ਨੂੰ ਤੁਰਨਾ ਆਉਂਦਾ ਹੀ ਨਹੀਂ, ਉਹ ਬੀਮਾਰਾਂ ਵਾਂਗ ਤੁਰਦੇ ਹਨ। ਅਮੀਰ ਘਰਾਂ ਵਿੱਚ ਜੇ ਕਿਸੇ ਦੀ ਸਿਹਤ ਠੀਕ ਹੁੰਦੀ ਹੈ ਤਾਂ ਨੌਕਰਾਂ ਦੀ ਹੀ ਹੁੰਦੀ ਹੈ, ਕਿਉਂਕਿ ਉਨ੍ਹਾਂ ਨੂੰ ਹੀ ਸਾਰੇ ਕੰਮ ਕਰਨੇ ਪੈਂਦੇ ਹਨ ਅਤੇ ਉਹੀ ਹਨ ਜਿਹੜੇ ਤੁਰਦੇ ਹਨ।

ਤੁਰਨ ਨਾਲ ਸਵੈ-ਵਿਸ਼ਵਾਸ ਉਪਜਦਾ ਹੈ।

ਕਿਸੇ ਦੀ ਆਜ਼ਾਦੀ ਅਤੇ ਵਿਹਾਰ ਦੀ ਅਮੀਰੀ ਇਸ ਗੱਲ ਤੋਂ ਮਾਪੀ ਜਾ ਸਕਦੀ ਹੈ ਕਿ ਉਹ ਤੁਰਦਾ ਕਿੰਨਾ ਹੈ। ਜੇ ਤੁਹਾਨੂੰ ਤੁਰਨ ਦਾ ਅਭਿਆਸ ਹੋਵੇ ਅਤੇ ਲਗਨ ਹੋਵੇ ਤਾਂ ਕੋਲੋਂ ਤੇਜ਼ੀ ਨਾਲ ਲੰਘਣ ਵਾਲੇ ਕਾਰਾਂ ਵਿੱਚ ਬੈਠੇ ਵਿਅਕਤੀ ਤੁਹਾਨੂੰ ਤਰਸ ਦੇ ਪਾਤਰ ਪ੍ਰਤੀਤ ਹੋਣ ਲੱਗ ਪੈਣਗੇ।

ਜਿਹੜੇ ਪਤੀ-ਪਤਨੀ ਇਕੱਠਿਆਂ ਸੈਰ ਕਰ ਸਕਦੇ ਹਨ, ਉਹ ਦੁਨੀਆਂ ਦੀ ਹਰ ਮੁਸੀਬਤ ਦਾ ਖਿੜੇ-ਮੱਥੇ ਸਾਹਮਣਾ ਕਰ ਸਕਦੇ ਹਨ।

ਕਈ ਬੀਮਾਰੀ ਕਾਰਨ ਤੁਰਦੇ ਹਨ, ਪਰ ਜਿਸ ਨੂੰ ਤੁਰਨ ਦੀ ਆਦਤ ਹੈ, ਉਸ ਨੂੰ ਬੀਮਾਰੀ ਲੱਗਦੀ ਹੀ ਨਹੀਂ।

ਸਬਰ, ਸੰਤੋਖ, ਸੰਜਮ, ਸਿਦਕ, ਸਿਰੜ, ਸਹਿਯੋਗ, ਸਦਭਾਵਨਾ, ਸੁੱਖ, ਸਲੀਕੇ ਆਦਿ ਦੇ ਅਰਥ ਤੁਰ ਸਕਣ ਦੀ ਸਮਰੱਥਾ ਵਿੱਚ ਲੁਕੇ ਪਏ ਹਨ।

ਜਿਹੜਾ ਤੁਰ ਨਹੀਂ ਸਕਦਾ, ਉਹ ਕਿਸੇ ਦੀ ਮੱਦਦ ਵੀ ਨਹੀਂ ਕਰ ਸਕਦਾ।

ਤੁਰਨ ਵਾਲੇ ਨੂੰ ਸਾਰੀਆਂ ਥਾਂਵਾਂ ਨੇੜੇ ਪ੍ਰਤੀਤ ਹੁੰਦੀਆਂ ਹਨ।

ਤੁਰਨ ਵਿੱਚ ਇੱਕ ਲੈਅ, ਤਾਲ ਅਤੇ ਸੰਗੀਤ ਹੁੰਦਾ ਹੈ।

ਕਲਪਨਾ, ਤੁਰਨ ਵੇਲੇ ਹੀ ਉੱਚੇ ਆਕਾਸ਼ਾਂ ਵਿੱਚ ਉਡਦੀ ਹੈ।

ਪਹਾੜਾਂ; ਹਵਾਵਾਂ ਅਤੇ ਦਰਿਆਵਾਂ ਦੇ ਅਰਥ ਤੁਰਨ ਦੇ ਸੰਦਰਭ ਵਿੱਚ ਹੀ ਸਮਝੇ ਅਤੇ ਸਮਝਾਏ ਜਾ ਸਕਦੇ ਹਨ।

ਕਈ ਲੋਕ ਵਿਦੇਸ਼ ਵਿੱਚ ਗੁਜ਼ਾਰੇ ਇੱਕ ਹਫ਼ਤੇ ਬਾਰੇ ਸਾਲਾਂ ਬੱਧੀ ਗੱਲਾਂ ਕਰਦੇ ਰਹਿੰਦੇ ਹਨ, ਪਰ ਜਿਸ ਦੇਸ਼ ਵਿੱਚ ਪੀੜ੍ਹੀਆਂ ਤੋਂ ਰਹਿ ਰਹੇ ਹੁੰਦੇ ਹਨ, ਉਨ੍ਹਾਂ ਥਾਂਵਾਂ ਬਾਰੇ ਉਨ੍ਹਾਂ ਕੋਲ ਦਸ ਵਾਕ ਵੀ ਨਹੀਂ ਹੁੰਦੇ।

ਤੁਰਨ ਨਾਲ ਹੀ ਮਨੁੱਖ ਨੂੰ ਆਪਣੇ ਆਪ, ਆਪਣੇ ਸ਼ਹਿਰ, ਪ੍ਰਾਂਤ ਅਤੇ ਦੇਸ਼ ਦੀ ਵਿਸ਼ਾਲਤਾ ਦਾ ਗਿਆਨ ਹੁੰਦਾ ਹੈ।

ਤੁਹਾਨੂੰ ਕੋਈ ਅਜਿਹਾ ਵਿਅਕਤੀ ਨਹੀਂ ਮਿਲੇਗਾ, ਜਿਹੜਾ ਤੁਰਨ ਦਾ ਸ਼ੌਕੀਨ ਹੋਵੇ ਅਤੇ ਆਪਣੇ ਦੇਸ਼ ਨੂੰ ਪਿਆਰ ਨਾ ਕਰਦਾ ਹੋਵੇ।

ਬਹੁਤ ਸਾਰੇ ਵਿਅਕਤੀ ਜਿਹੜੇ ਆਤਮਘਾਤ ਕਰਨ ਦੀ ਨੀਅਤ ਨਾਲ ਘਰੋਂ ਨਿਕਲਦੇ ਹਨ, ਉਹ ਥੋੜ੍ਹਾ ਜਿਹਾ ਫ਼ਾਸਲਾ ਤੁਰਨ ਦੇ ਆਨੰਦ ਨਾਲ ਹੀ ਆਪਣਾ ਇਰਾਦਾ ਬਦਲ ਲੈਂਦੇ ਵੇਖੇ ਗਏ ਹਨ।

ਜਦੋਂ ਸਾਨੂੰ ਕਿਸੇ ਨਾਲ ਪਿਆਰ ਹੋ ਜਾਂਦਾ ਹੈ ਤਾਂ ਅਸੀਂ ਉਸ ਨਾਲ ਤੁਰਨਾ ਚਾਹੁੰਦੇ ਹਾਂ ਅਤੇ ਇਵੇਂ ਇਕੱਠਿਆਂ ਤੁਰਨ ਵਾਲੇ ਸਮੇਂ, ਨਜ਼ਾਰੇ, ਨੇੜਤਾ ਅਤੇ ਰਸਤੇ ਨੂੰ ਆਪਣੀ ਯਾਦ ਦਾ ਹਿੱਸਾ ਬਣਾ ਲੈਂਦੇ ਹਾਂ।

ਤੁਰਨ ਵਾਲਾ ਵਿਅਕਤੀ ਆਪਣੇ ਆਪ ਨੂੰ ਕੁਦਰਤ ਦੇ ਹਵਾਲੇ ਕਰ ਦਿੰਦਾ ਹੈ ਅਤੇ ਕੁਦਰਤ ਉਸ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਕਰ ਦਿੰਦੀ ਹੈ।

ਸਾਨੂੰ ਆਪਣੇ ਗਿਆਨ-ਇੰਦਰੇ ਖੋਲ੍ਹ ਕੇ ਤੁਰਨਾ ਚਾਹੀਦਾ ਹੈ।

ਜਿਹੜੇ ਚੁੱਪ ਰਹਿ ਕੇ ਟੁਰਦੇ ਹਨ, ਉਨ੍ਹਾਂ ਦੀਆਂ ਅੱਖਾਂ ਅਤੇ ਕੰਨ ਵਧੇਰੇ ਚੁਸਤ ਹੋ ਜਾਂਦੇ ਹਨ। ਭਾਵੇਂ ਤੁਰਨ ਨਾਲ ਨਵਾਂ ਗਿਆਨ ਪ੍ਰਾਪਤ ਨਹੀਂ ਹੁੰਦਾ ਪਰ ਜੋ ਗਿਆਨ ਸਾਡੇ ਕੋਲ ਹੁੰਦਾ ਹੈ, ਤੁਰਨ ਨਾਲ ਉਸ ਦੀ ਪੁਸ਼ਟੀ ਹੋ ਜਾਂਦੀ ਹੈ।

ਤੁਰਨ ਨਾਲ ਸਾਡਾ ਪ੍ਰਕ੍ਰਿਤੀ ਨਾਲ ਨਾਤਾ ਜੁੜਦਾ ਹੈ ਅਤੇ ਇਹ ਨਾਤਾ ਸਾਡੇ ਮਨ ਨੂੰ ਅਮੀਰ ਅਤੇ ਸਾਡੇ ਦਿਲ ਨੂੰ ਵਿਸ਼ਾਲ ਕਰਦਾ ਹੈ।

ਅਜੋਕੀ ਦੁਨੀਆਂ ਨੂੰ ਉਨ੍ਹਾਂ ਲੋਕਾਂ ਦੀ ਲੋੜ ਹੈ, ਜਿਹੜੇ ਅੰਦਰੋਂ ਖ਼ੁਸ਼ ਹੋਣ ਪਰ ਅਜਿਹੇ ਵਿਅਕਤੀ ਉਹੀ ਹੋ ਸਕਦੇ ਹਨ, ਜਿਨ੍ਹਾਂ ਦੀ ਪੰਛੀਆਂ, ਦਰੱਖਤਾਂ, ਫੁੱਲਾਂ ਅਤੇ ਘਾਹ ਨਾਲ ਦੋਸਤੀ ਹੋਵੇ। ਮਨੁੱਖ ਅਸਲ ਵਿੱਚ ਅੰਦਰੋਂ ਉਦੋਂ ਖਿੜੇਗਾ, ਜਦੋਂ ਉਸ ਦੀ ਰਸੋਈ ਅਤੇ ਉਸ ਦਾ ਬਿਸਤਰਾ ਖੁੱਲੀਆਂ ਥਾਂਵਾਂ ਉੱਤੇ ਹੋਣਗੇ।

ਸਭ ਤੋਂ ਚੰਗੀ ਸੈਰ ਪਾਣੀ ਦੇ ਕਿਨਾਰੇ ਹੁੰਦੀ ਹੈ ਪਰ ਕੋਈ ਵੀ ਸੈਰ ਮਾੜੀ ਨਹੀਂ ਹੁੰਦੀ। ਜਿਹੜੇ ਵਿਅਕਤੀ ਤੁਰ ਕੇ ਆਪਣੇ ਕੰਮ ਵਾਲੀ ਥਾਂ ਅੱਪੜ ਸਕਦੇ ਹਨ, ਉਨ੍ਹਾਂ ਨੂੰ ਪਰੇਸ਼ਾਨ ਅਤੇ ਦੁਖੀ ਨਹੀਂ ਕੀਤਾ ਜਾ ਸਕਦਾ।

ਤੁਰਨ ਨਾਲ ਨਿਗੂਣੀਆਂ ਚੀਜ਼ਾਂ ਵੀ ਸੁੰਦਰ ਪ੍ਰਤੀਤ ਹੋਣ ਲੱਗ ਪੈਂਦੀਆਂ ਹਨ।

ਤੁਰਦਿਆਂ, ਦਰੱਖਤ ਕਵਿਤਾਵਾਂ ਪ੍ਰਤੀਤ ਹੋਣ ਲੱਗ ਪੈਂਦੇ ਹਨ ਅਤੇ ਗਊਆਂ-ਮੱਝਾਂ ਸਬਰ-ਸੰਤੋਖ ਦੀਆਂ ਮੂਰਤੀਆਂ ਭਾਸਣ ਲੱਗ ਪੈਂਦੀਆਂ ਹਨ।

ਤੁਰਨ ਵਾਲਾ ਵਿਅਕਤੀ ਬੀਰ, ਧੀਰ ਅਤੇ ਹੱਸਮੁਖ ਹੋ ਜਾਂਦਾ ਹੈ।

ਇਸ ਆਪੋ-ਧਾਪੀ ਅਤੇ ਧੂੜਾਂ ਵਾਲੇ ਸੰਸਾਰ ਦੀ ਥਾਂ ਅਸੀਂ ਜਦੋਂ ਦਰੱਖਤਾਂ ਨੂੰ ਸੰਜਮ ਅਤੇ ਸਲੀਕੇ ਨਾਲ ਇੱਕ ਥਾਂ ਵੱਸਦੇ ਵੇਖਦੇ ਹਾਂ ਤਾਂ ਮਨੁੱਖ ਦੀ ਅਕਲ ਉੱਤੇ ਹਾਸਾ ਆਉਂਦਾ ਹੈ।

ਦਰੱਖਤਾਂ ਵਿੱਚੋਂ ਆਉਂਦੀ ਖੁਸ਼ਬੂ ਸਾਹਮਣੇ, ਵੱਧੀਆ ਤੋਂ ਵੱਧੀਆ ਸੈਂਟ ਵੀ ਬਦਬੂਆਂ ਪ੍ਰਤੀਤ ਹੋਣ ਲੱਗ ਪੈਣਗੇ।

ਇਕੱਲਿਆਂ ਤੁਰਨਾ ਜਾਂ ਕਿਸੇ ਹਮਖਿਆਲ ਨਾਲ ਤੁਰਨਾ, ਨਿੱਜੀ ਪਸੰਦ ਦੀ ਗੱਲ ਹੈ, ਮਹੱਤਵਪੂਰਨ ਗੱਲ ਇਹ ਹੈ ਕਿ ਤੁਰਿਆ ਜਾਵੇ।

ਨਹਾਉਣ, ਖਾਣ, ਸੌਣ, ਵੇਖਣ, ਸੁਣਨ, ਸਮਝਣ ਆਦਿ ਸਭ ਦੇ ਅਰਥ ਤੁਰਨ ਦੇ ਫ਼ਾਸਲੇ ਦੇ ਸੰਦਰਭ ਵਿੱਚ ਬਦਲ ਜਾਂਦੇ ਹਨ।

ਉਮਰ ਕੋਈ ਵੀ ਹੋਵੇ, ਤੁਰਨਾ ਚੰਗਾ ਅਤੇ ਲਾਭਕਾਰੀ ਹੁੰਦਾ ਹੈ।

ਮਨ ਦੀ ਸ਼ਾਂਤੀ, ਤੁਰਨ ਨਾਲ ਹੀ ਆਉਂਦੀ ਹੈ।

ਅਜੋਕੇ ਯੁੱਗ ਵਿੱਚ ਉਨ੍ਹਾਂ ਲੋਕਾਂ ਦੀ ਗਿਣਤੀ ਵੱਧ ਰਹੀ ਹੈ, ਜਿਹੜੇ ਤੁਰਨ ਨੂੰ ਸਮੇਂ ਦੀ ਬਰਬਾਦੀ ਕਹਿਣਗੇ। ਉਹ ਅਜਿਹੇ ਲੋਕ ਹੁੰਦੇ ਹਨ, ਜਿਨ੍ਹਾਂ ਕੋਲ ਵਧੀਆ ਤੋਂ ਵਧੀਆ ਗਦੇਲੇ ਹੁੰਦੇ ਹਨ, ਪਰ ਉਨ੍ਹਾਂ ਨੂੰ ਨੀਂਦਰ ਨਹੀਂ ਆਉਂਦੀ।

ਤੁਰਨ ਵਿੱਚ ਲੱਗਣ ਵਾਲਾ ਸਾਰਾ ਵਕਤ, ਸਾਡਾ ਸਰੀਰ ਕਿਸੇ ਨਾ ਕਿਸੇ ਤਰੀਕੇ ਨਾਲ ਸਾਨੂੰ ਮੋੜ ਦਿੰਦਾ ਹੈ।

ਤੁਰਨ ਦੇ ਵਿਰੋਧੀ ਇਹ ਤਰਕ ਵੀ ਦੇਣਗੇ ਕਿ ਇੱਕ ਪਹਾੜ, ਇੱਕ ਦਰਿਆ, ਇੱਕ ਜੰਗਲ ਵੇਖ ਲਿਆ ਹੋਰ ਪਹਾੜ, ਹੋਰ ਦਰਿਆ, ਹੋਰ ਜੰਗਲ ਵੇਖਣ ਦੀ ਕੀ ਲੋੜ ਹੈ? ਇਹੀ ਲੋਕ ਕਹਿਣਗੇ ਕਿ ਤੁਰਨ ਵਾਲੇ ਤੁਰਨ ਦੇ ਲਾਭਾਂ ਬਾਰੇ ਝੂਠ ਬੋਲਦੇ ਹਨ। ਇਹੀ ਲੋਕ ਕਹਿਣਗੇ ਕਿ ਜੇ ਕੋਈ ਖੋਤਾ ਸੌ ਮੀਲ ਤੁਰ ਆਵੇ ਤਾਂ ਕੀ ਉਹ ਘੋੜਾ ਬਣ ਜਾਵੇਗਾ? ਇਹ ਲੋਕ ਕਵੀ ਨਹੀਂ ਬਣ ਸਕਦੇ, ਆਲੋਚਕ ਬਣ ਜਾਂਦੇ ਹਨ।

ਇਨ੍ਹਾਂ ਲੋਕਾਂ ਨੂੰ ਸਮਝਣ ਵਿੱਚ ਕੋਈ ਟਪਲਾ ਨਹੀਂ ਖਾਣਾ ਚਾਹੀਦਾ, ਇਨ੍ਹਾਂ ਨੂੰ ਹਰ ਚੀਜ਼ ਦੀ ਕੀਮਤ ਤਾਂ ਪਤਾ ਹੁੰਦੀ ਹੈ ਪਰ ਮਹੱਤਵ ਪਤਾ ਨਹੀਂ ਹੁੰਦਾ। ਇਨ੍ਹਾਂ ਲੋਕਾਂ ਦੀ ਬਹੁਤੀ ਗੱਲਬਾਤ ਇਨ੍ਹਾਂ ਦੀਆਂ ਆਪਣੀਆਂ ਬੀਮਾਰੀਆਂ ਬਾਰੇ ਹੀ ਹੁੰਦੀ ਹੈ। ਅਜਿਹੇ ਲੋਕ ਤਰਸ ਦੇ ਪਾਤਰ ਹੁੰਦੇ ਹਨ ਅਤੇ ਇਨ੍ਹਾਂ ਉਤੇ ਤਰਸ ਹੀ ਕਰਨਾ ਚਾਹੀਦਾ ਹੈ।

ਬਹੁਤ ਤੇਜ਼ ਤੁਰਨਾ ਅਸ਼ਲੀਲਤਾ ਦੀ ਨਿਸ਼ਾਨੀ ਹੁੰਦੀ ਹੈ। ਅਜਿਹੇ ਲੋਕ ਆਮ ਕਰਕੇ ਸਭਨੀ ਥਾਂਈਂ ਹਰਮਨ ਪਿਆਰਾ ਹੋਣ ਦੀ ਲਾਲਸਾ ਦਾ ਸ਼ਿਕਾਰ ਹੁੰਦੇ ਹਨ।

ਜਦੋਂ ਵੀ ਤੁਰਨ ਦਾ ਸਮਾਂ ਅਤੇ ਅਵਸਰ ਮਿਲੇ, ਤੁਰੋ।

ਹਰ ਫ਼ਾਸਲੇ ਬਾਰੇ ਸੋਚੋ, ਕੀ ਤੁਰ ਕੇ ਨਹੀਂ ਜਾਇਆ ਜਾ ਸਕਦਾ?

ਜਿਹੜਾ ਤੁਰ ਕੇ ਤੁਹਾਨੂੰ ਮਿਲਣ ਆਵੇ, ਪਿਆਰ ਉਸੇ ਦਾ ਸਤਿਕਾਰਯੋਗ ਹੁੰਦਾ ਹੈ। ਆਪਣੇ ਪਿਆਰੇ ਨਾਲ ਹਰੀ-ਹਰੀ ਘਾਹ ਉੱਤੇ ਹੌਲੀ-ਹੌਲੀ ਨੰਗੇ ਪੈਰੀਂ ਤੁਰੋ, ਤੁਹਾਡਾ ਅਨੁਭਵ ਰੰਗੀਨ ਹੋ ਜਾਵੇਗਾ।

ਤੁਰਨ ਨਾਲ ਜੇ ਤੁਸੀਂ ਅਨੁਭਵ ਦੀ ਦੌਲਤ ਕਮਾਉਣੀ ਚਾਹੁੰਦੇ ਹੋ ਤਾਂ ਤੁਰਨ ਵੇਲੇ ਆਪਣੇ ਨਾਲ ਅਨੁਭਵ ਦਾ ਸਰਮਾਇਆ ਲੈ ਕੇ ਚਲੋ।

ਇੱਕ ਯੂਨਾਨੀ ਫ਼ਿਲਾਸਫ਼ਰ ਜਦੋਂ ਭਾਰਤ ਲਈ ਤੁਰਿਆ ਤਾਂ ਆਪਣੀ ਯਾਤਰਾ ਦਾ ਉਦੇਸ਼ ਦੱਸਦਿਆਂ ਉਸ ਕਿਹਾ ਸੀ, "ਵੇਖਣ ਚਲਿਆ ਹਾਂ ਕਿ ਦੁਨੀਆਂ ਕੋਲ ਮੈਨੂੰ ਸਿਖਾਉਣ ਲਈ ਕੀ ਹੈ ਅਤੇ ਮੇਰੇ ਕੋਲ ਦੁਨੀਆਂ ਨੂੰ ਦੱਸਣ-ਦਰਸਾਉਣ ਲਈ ਕੀ ਹੈ।"

ਹਿਊਨਸਾਂਗ ਅਤੇ ਫਾਹਨਯਾਨ ਤੁਰ ਕੇ ਭਾਰਤ ਆਏ ਸਨ।

ਦੂਜੇ ਸ਼ਹਿਰਾਂ ਦੀਆਂ ਉਹ ਥਾਂਵਾਂ ਹੀ ਤੁਹਾਨੂੰ ਯਾਦ ਰਹਿਣਗੀਆਂ, ਜਿਹੜੀਆਂ ਤੁਸੀਂ ਤੁਰ ਕੇ ਵੇਖੀਆਂ ਸਨ। ਕਾਰ ਵਿਚੋਂ ਇਮਾਰਤਾਂ ਹੀ ਵੇਖੀਆਂ ਜਾ ਸਕਦੀਆਂ ਹਨ ਪਰ ਬੰਦਿਆਂ ਨੂੰ ਵੇਖਣ ਲਈ ਤੁਰਨਾ ਚਾਹੀਦਾ ਹੈ।

ਤੁਰਨ ਨਾਲ ਜ਼ਿੰਦਗੀ ਦਾ ਤਜਰਬਾ ਪ੍ਰਾਪਤ ਹੁੰਦਾ ਹੈ।

ਜਿਹੜਾ ਤੁਰ ਕੇ ਆਪਣੇ ਮੁਲਕ ਨੂੰ ਵੇਖ ਲਵੇ, ਉਹ ਸਭ ਪ੍ਰਕਾਰ ਦੇ ਪੱਖਪਾਤਾਂ ਤੋਂ ਮੁਕਤ ਹੋ ਜਾਵੇਗਾ।

ਜੇ ਤੁਸੀਂ ਚਾਹੁਦੇ ਹੋ ਕਿ ਤੁਹਾਡੇ ਚਿਹਰੇ ਉੱਤੇ ਝੁਰੜੀਆਂ ਨਾ ਪੈਣ ਤਾਂ ਇਤਨਾ ਤੁਰੋ ਕਿ ਸਾਰੀਆਂ ਝੁਰੜੀਆਂ ਤੁਹਾਡੇ ਬੂਟਾਂ ਵਿੱਚ ਹੀ ਪੈ ਜਾਣ।

ਝੁਰੜੀਆਂ ਤਾਂ ਪੈਣੀਆਂ ਹੀ ਹਨ, ਤੁਹਾਡੇ ਉਤੇ ਨਿਰਭਰ ਕਰਦਾ ਹੈ ਕਿ ਉਹ ਕਿਥੇ ਪੈਣ ਗੀਆਂ।

ਆਪਣਾ ਮਕਾਨ

ਮਕਾਨ ਨਾਲ ਸਭ ਤੋਂ ਵੱਧ ਢੁੱਕਵਾਂ ਸ਼ਬਦ 'ਆਪਣਾ' ਹੁੰਦਾ ਹੈ।

ਦਸ ਸਾਲ ਦੇ ਅਨਪੜ੍ਹ, ਵੀਹ ਸਾਲ ਦੇ ਬੀਮਾਰ, ਤੀਹ ਸਾਲ ਦੇ ਵਿਹਲੇ, ਚਾਲ੍ਹੀ ਸਾਲ ਦੇ ਕੁਆਰੇ, ਪੰਜਾਹ ਸਾਲ ਦੇ ਨਿਰਸੰਤਾਨ ਅਤੇ ਸੱਠ ਸਾਲ ਦੇ ਬਿਨ-ਮਕਾਨ ਵਿਅਕਤੀ ਦੀ ਹਾਲਤ ਕਦੀ ਸੁਧਰ ਨਹੀਂ ਸਕਦੀ।

ਜਿਹੜਾ ਦਸ ਸਾਲ ਤੱਕ ਪੜ੍ਹਨ ਨਹੀਂ ਪਿਆ, ਉਹ ਕਦੋਂ ਪੜ੍ਹਨਾ ਸ਼ੁਰੂ ਕਰੇਗਾ ? ਜਿਹੜਾ ਵੀਹ ਸਾਲ ਦੀ ਉਮਰ ਵਿੱਚ ਬੀਮਾਰ ਹੈ, ਉਹ ਤੰਦਰੁਸਤ ਕਦੋਂ ਹੋਵੇਗਾ ? ਜਿਸ ਨੂੰ ਤੀਹ ਸਾਲ ਦੀ ਉਮਰ ਤੱਕ ਕੰਮ ਕਰਨ ਦੀ ਆਦਤ ਨਹੀਂ ਪਈ, ਉਹ ਸਾਰੀ ਜ਼ਿੰਦਗੀ ਠੱਗੀਆਂ-ਠੋਰੀਆਂ ਨਾਲ ਹੀ ਗੁਜ਼ਾਰੇਗਾ। ਜਿਸ ਦਾ ਚਾਲ੍ਹੀ ਸਾਲ ਦੀ ਉਮਰ ਤੱਕ ਵਿਆਹ ਨਹੀਂ ਹੋਇਆ, ਵਿਆਹ ਹੋ ਵੀ ਜਾਵੇ, ਦੁੱਖੀ ਹੀ ਹੋਵੇਗਾ ਅਤੇ ਕਰੇਗਾ। ਜਿਸ ਦੀ ਪੰਜਾਹ ਸਾਲ ਤੱਕ ਸੰਤਾਨ ਪੈਦਾ ਨਹੀਂ ਹੋਈ, ਜੇ ਹੋ ਵੀ ਜਾਵੇ, ਜਲਦੀ ਯਤੀਮ ਹੋ ਜਾਵੇਗੀ। ਜਿਸ ਨੇ ਸੱਠ ਸਾਲ ਦੀ ਉਮਰ ਤੱਕ ਮਕਾਨ ਨਹੀਂ ਪਾਇਆ, ਜੇ ਪਾ ਵੀ ਲਵੇ ਤਾਂ ਉਸ ਘਰ ਵਿੱਚ ਸਭ ਤੋਂ ਪਹਿਲਾ ਸਮਾਗਮ ਉਸ ਦੀ ਅੰਤਮ-ਅਰਦਾਸ ਹੀ ਹੋਵੇਗੀ।

ਜੀਵਨ ਦਾ ਹਰ ਕੰਮ ਕਰਨ ਲਈ ਇੱਕ ਸਮਾਂ ਨਿਸ਼ਚਿਤ ਅਤੇ ਢੁੱਕਵਾਂ ਹੁੰਦਾ ਹੈ।

ਕਿਸੇ ਕੰਮ ਵਿੱਚ ਤੁਸੀਂ ਕੁਝ ਸਾਲਾਂ ਦੀ ਦੇਰੀ ਕਰ ਵੇਖੋ, ਸਾਰੀ ਉਮਰ ਹਫਦੇ ਰਹੋਗੇ ਪਰ ਉਹ ਦੇਰੀ ਨਹੀਂ ਨਿਕਲੇਗੀ।

ਤੁਸੀਂ ਆਪਣਾ ਵਿਆਹ ਪੰਜ-ਦੱਸ ਸਾਲ ਦੇਰ ਨਾਲ ਕਰ ਵੇਖੋ, ਤੁਹਾਨੂੰ ਆਪਣੀ ਸੰਤਾਨ ਲਈ ਢੁੱਕਵੇਂ ਰਿਸ਼ਤੇ ਹੀ ਨਹੀਂ ਮਿਲਣਗੇ।

ਲਗਭਗ ਚਾਲ੍ਹੀ ਸਾਲ ਦੀ ਉਮਰ ਵਿੱਚ ਮਨੁੱਖ ਨੇ ਆਪਣੀਆਂ ਵੱਡੀਆਂ ਸਮੱਸਿਆਵਾਂ ਹੱਲ ਕਰ ਲਈਆਂ ਹੁੰਦੀਆਂ ਹਨ।

ਇਸ ਉਮਰ ਤਕ ਵਿੱਦਿਆ-ਪ੍ਰਾਪਤੀ ਅਤੇ ਕੁਝ ਵੀ ਨਵਾਂ ਸਿਖਣ ਦਾ ਸਮਾਂ ਲੰਘ ਚੁੱਕਾ ਹੁੰਦਾ ਹੈ ਅਤੇ ਪ੍ਰਾਪਤ ਵਿੱਦਿਆ ਦੇ ਸੰਦਰਭ ਵਿੱਚ ਰੋਜ਼ਗਾਰ ਲੱਗ ਚੁੱਕਾ ਹੁੰਦਾ ਹੈ, ਵਿਆਹ ਹੋ ਚੁੱਕਾ ਹੁੰਦਾ ਹੈ, ਬੱਚੇ ਹੋ ਚੁੱਕੇ ਹੁੰਦੇ ਹਨ, ਮਨੁੱਖ ਆਪਣੇ ਆਰਥਿਕ ਵਿਕਾਸ ਦੇ ਅੱਧ ਵਿੱਚ ਪਹੁੰਚ ਚੁੱਕਿਆ ਹੁੰਦਾ ਹੈ, ਜਵਾਨੀ ਲੰਘ ਚੁੱਕੀ ਹੁੰਦੀ ਹੈ, ਬੁਢਾਪਾ ਸ਼ੁਰੂ ਹੋ ਚੁੱਕਾ ਹੁੰਦਾ ਹੈ, ਰੋਮਾਂਸ ਪਿੱਛੇ ਰਹਿ ਗਿਆ ਹੁੰਦਾ ਹੈ, ਯਥਾਰਥ ਉਡੀਕ ਰਿਹਾ ਹੁੰਦਾ ਹੈ ਅਤੇ ਮਾਪਿਆਂ ਵੱਲੋਂ ਮਿਲੀ ਸ਼ਕਲ ਬਦਲ ਚੁੱਕੀ ਹੁੰਦੀ ਹੈ।

ਇਹੀ ਉਹ ਸਮਾਂ ਹੁੰਦਾ ਹੈ, ਜਦੋਂ ਵਿਅਕਤੀ ਆਪਣਾ ਮਕਾਨ ਉਸਾਰਨਾ ਚਾਹੁੰਦਾ ਹੁੰਦਾ ਹੈ ਅਤੇ ਇਸ ਸਬੰਧ ਵਿੱਚ ਉਸ ਨੇ ਮਕਾਨ ਕਿੱਥੇ ਪਾਉਣਾ ਹੈ, ਕਿਹੋ ਜਿਹਾ ਪਾਉਣਾ ਹੈ ਆਦਿ ਸਬੰਧੀ ਕੁਝ ਨਿਰਣੇ ਕਰ ਲਏ ਹੁੰਦੇ ਹਨ।

ਬਚਪਨ ਵਿੱਚ ਖੁਸ਼ੀ ਦਾ ਪ੍ਰਮੁੱਖ ਸੋਮਾ ਖਾਣ-ਪੀਣ ਵਾਲੀਆਂ ਚੀਜ਼ਾਂ ਹੁੰਦੀਆਂ ਹਨ। ਜਵਾਨੀ ਵਿੱਚ ਖੁਸ਼ੀ ਦਾ ਪ੍ਰਮੁੱਖ ਸਰੋਤ ਪਿਆਰ ਕਰਨ ਵਾਲੀ ਦੂਜੀ ਧਿਰ ਦਾ ਸਾਥ ਹੁੰਦਾ ਹੈ। ਚਾਲੀਵੇਂ ਸਾਲ ਦੇ ਨੇੜੇ-ਤੇੜੇ ਮਨੁੱਖ ਆਪਣੀ ਪਦਵੀ ਵਿੱਚੋਂ ਖੁਸ਼ੀ ਲੱਭਦਾ ਹੈ ਅਤੇ ਉਹ ਆਪਣੀ ਮਾਇਕ ਸਥਿਤੀ ਦੇ ਸੰਦਰਭ ਵਿੱਚ ਸਮਾਜ ਵਿੱਚ ਵਿਚਰਦਾ ਹੈ। ਬੁਢਾਪੇ ਵਿੱਚ ਆਪ ਬਣਾਈ ਹੋਈ ਜਾਇਦਾਦ ਅਤੇ ਇਕੱਤਰ ਕੀਤਾ ਧਨ, ਧਰਵਾਸ ਦਿੰਦੇ ਹਨ।

ਦੂਜੇ ਸ਼ਬਦਾਂ ਵਿੱਚ ਇਵੇਂ ਕਿਹਾ ਜਾ ਸਕਦਾ ਹੈ ਕਿ ਬਚਪਨ ਵਿੱਚ ਵਿਅਕਤੀ ਫਲ ਖਾਂਦਾ ਹੈ, ਜਵਾਨੀ ਵਿੱਚ ਬੀਜਦਾ ਹੈ, ਅੱਧਖੜ ਉਮਰ ਵਿੱਚ ਰਾਖੀ ਕਰਦਾ ਹੈ ਅਤੇ ਬੁਢਾਪੇ ਵਿੱਚ ਆਪਣੇ ਬਾਗ-ਬਗੀਚੇ ਨੂੰ ਵੇਖ-ਵੇਖ ਖੁਸ਼ ਹੁੰਦਾ ਜਾਂ ਝੂਰਦਾ ਹੈ।

ਜਦੋਂ ਤੱਕ ਵਿਆਹ ਨਹੀਂ ਹੁੰਦਾ, ਮਨੁੱਖ ਦੀ ਸਾਰੀ ਸੋਚ ਵਿਆਹ ਉੱਤੇ ਕੇਂਦਰਿਤ ਹੁੰਦੀ ਹੈ। ਜਦੋਂ ਵਿਅਕਤੀ ਟੱਬਰ ਉਸਾਰ ਲੈਂਦਾ ਹੈ ਤਾਂ ਉਸ ਦੀ ਸਾਰੀ ਸੋਚ ਆਪਣਾ ਘਰ ਉਸਾਰਨ ਦੀ ਕਲਪਨਾ ਉੱਤੇ ਕੇਂਦਰਿਤ ਹੋ ਜਾਂਦੀ ਹੈ।

ਮਕਾਨ ਦਾ ਸੰਕਲਪ ਪਰਿਵਾਰ ਦੇ ਸੰਕਲਪ ਉਪਰੰਤ ਉਸਰਦਾ ਹੈ।

ਹਰ ਇੱਕ ਵਿਅਕਤੀ ਆਪਣਾ ਘਰ ਉਸਾਰਨਾ ਚਾਹੁੰਦਾ ਹੈ।

ਇਹ ਇੱਛਾ ਕਿੰਨੇ ਹੀ ਸਾਲ ਮਨੁੱਖ ਦੇ ਦਿਲ-ਦਿਮਾਗ ਨੂੰ ਘੇਰੀ ਰੱਖਦੀ ਹੈ।

ਪੁਰਸ਼ ਦੇ ਮੁਕਾਬਲੇ ਇਸਤਰੀ ਵਿੱਚ ਇਹ ਇੱਛਾ ਵਧੇਰੇ ਪ੍ਰਬਲ ਹੁੰਦੀ ਹੈ।

ਪੁਰਸ਼, ਰੋਜ਼ਗਾਰ ਦੇ ਸੰਦਰਭ ਵਿੱਚ ਸੰਸਾਰ ਨੂੰ ਵੇਖਦਾ ਹੈ, ਜਦੋਂ ਕਿ ਇਸਤਰੀ ਆਪਣੇ ਪਰਿਵਾਰ ਅਤੇ ਘਰ ਦੇ ਸੰਦਰਭ ਵਿੱਚ ਸੰਸਾਰ ਵਿੱਚ ਵਿਚਰਦੀ ਹੈ।

ਆਪਣੇ ਚੰਗੇ, ਸੋਹਣੇ ਸਾਫ਼ ਅਤੇ ਖੁੱਲ੍ਹੇ ਮਕਾਨ ਦੀ ਇੱਛਾ ਪੁਰਸ਼ ਦੇ ਮੁਕਾਬਲੇ ਇਸਤਰੀ ਵਿੱਚ ਵਧੇਰੇ ਹੁੰਦੀ ਹੈ, ਕਿਉਂਕਿ ਇਸਤਰੀ ਸਿਰ ਲੁਕਾਉਣ ਲਈ ਛੱਤ ਹੀ ਨਹੀਂ ਲੱਭਦੀ, ਆਪਣੇ ਅਤੇ ਆਪਣੇ ਪਰਿਵਾਰ ਲਈ ਮਾਣ-ਸਤਿਕਾਰ ਅਤੇ ਇਸ ਦੇ ਨਿੱਗਰ ਆਧਾਰ ਵੀ ਲੱਭਦੀ ਹੈ।

ਜਿਨ੍ਹਾਂ ਦਾ ਆਪਣਾ ਘਰ ਨਹੀਂ ਹੁੰਦਾ, ਉਨ੍ਹਾਂ ਕੋਲ ਭਾਵੇਂ ਹੋਰ ਕੁਝ ਵੀ ਹੋਵੇ, ਉਨ੍ਹਾਂ ਨੂੰ ਆਪਣੇ ਸੌਖੇ ਅਤੇ ਸੰਪੂਰਨ ਹੋਣ ਦਾ ਅਹਿਸਾਸ ਨਹੀਂ ਹੁੰਦਾ।

ਆਪਣੇ ਘਰ ਵਿੱਚ ਵੱਸਣ ਵਾਲੇ ਪਤੀ-ਪਤਨੀ ਦੇ ਮੁਕਾਬਲੇ ਕਿਰਾਏ ਦੇ ਮਕਾਨ ਵਿੱਚ ਰਹਿਣ ਵਾਲੇ ਪਤੀ-ਪਤਨੀ ਵਧੇਰੇ ਰੁਸਦੇ ਅਤੇ ਲੜਦੇ ਹਨ।

ਆਤਮਿਕ ਸ਼ਾਂਤੀ ਅਤੇ ਸੁੱਖ ਦੀ ਨੀਂਦਰ ਆਪਣੇ ਘਰ ਵਿੱਚ ਹੀ ਲੱਭਦੀ ਹੈ।

ਕਿਰਾਏ ਦੇ ਮਕਾਨ ਵਿੱਚ ਵਿਚਰਦਿਆਂ, ਹਰ ਰੋਜ਼ ਇਹ ਅਹਿਸਾਸ ਹੁੰਦਾ ਹੈ ਕਿ

ਇਸ ਘਰੋਂ ਇੱਕ ਦਿਨ ਚਲੇ ਜਾਣਾ ਹੈ। ਇਸੇ ਕਰ ਕੇ ਕਿਰਾਏ ਦੇ ਮਕਾਨ ਵਿੱਚ ਆਪਾ ਵਿਕਸਿਤ ਹੋਣ ਦੀ ਥਾਂ ਸੁੰਗੜਦਾ ਹੈ।

ਮਾਲਕ-ਮਕਾਨ ਅਤੇ ਕਿਰਾਏਦਾਰ ਦਾ ਰਿਸ਼ਤਾ ਹੀ ਅਜਿਹਾ ਹੁੰਦਾ ਹੈ ਕਿ ਲਗਭਗ ਹਰ ਹਾਲਤ ਵਿੱਚ ਇਸ ਨੇ ਅੰਤ ਨੂੰ ਵਿਗੜਨਾ ਹੀ ਹੁੰਦਾ ਹੈ। ਮਾਲਕ-ਮਕਾਨ ਅਤੇ ਕਿਰਾਏਦਾਰ ਵਿੱਚ ਵਿਗੜਿਆ ਰਿਸ਼ਤਾ ਦੋਹਾਂ ਧਿਰਾਂ ਦੀ ਸੁਖ-ਸ਼ਾਂਤੀ ਨੂੰ ਚੱਟ ਜਾਂਦਾ ਹੈ।

ਜਿਹੜੇ ਕਿਰਾਏਦਾਰ ਕਿਰਾਏ ਦੇ ਮਕਾਨ ਉੱਤੇ ਕਬਜ਼ਾ ਕਰ ਲੈਂਦੇ ਹਨ, ਉਹ ਸੌਖੇ ਭਾਵੇਂ ਹੁੰਦੇ ਹੋਣਗੇ ਪਰ ਉਹ ਸੁਖੀ ਨਹੀਂ ਹੁੰਦੇ।

ਉਨ੍ਹਾਂ ਨੂੰ ਜਦੋਂ ਆਪਣੀ ਵਧੀਕੀ ਦਾ ਅਹਿਸਾਸ ਹੁੰਦਾ ਹੈ, ਉਦੋਂ ਤੱਕ ਉਹ ਚਿੰਤਾ ਅਤੇ ਤਣਾਉ ਦੀਆਂ ਉਪਜਾਈਆਂ ਕਈ ਬੀਮਾਰੀਆਂ ਵਿੱਚ ਘਿਰ ਚੁੱਕੇ ਹੁੰਦੇ ਹਨ।

ਆਪਣਾ ਮਕਾਨ ਉਸਾਰਨਾ ਮੁਸੀਬਤ ਨਹੀਂ, ਇੱਕ ਚਣੌਤੀ ਵੀ ਹੈ ਅਤੇ ਇਕ ਅਵਸਰ ਵੀ ਹੈ। ਇਹ, ਕੁਝ ਮੁਲਵਾਨ ਸਿਰਜਣ ਦਾ ਅਮਲ ਹੁੰਦਾ ਹੈ। ਜਿਵੇਂ ਮੰਗੀ ਹੋਈ ਕਲਮ ਨਾਲ ਪ੍ਰੇਮ-ਪੱਤਰ ਨਹੀਂ ਲਿਖਿਆ ਜਾ ਸਕਦਾ, ਉਵੇਂ ਹੀ ਕਿਸੇ ਦੂਜੇ ਦੇ ਬਣਾਏ ਮਕਾਨ ਵਿੱਚ ਰਹਿੰਦਿਆਂ, ਜ਼ਿੰਦਗੀ ਦੀ ਕਵਿਤਾ ਸੁਣੀ ਤਾਂ ਜਾ ਸਕਦੀ ਹੈ ਪਰ ਉਸ ਦੇ ਅਰਥ ਆਪਣੇ ਘਰ ਵਿੱਚ ਹੀ ਸਮਝ ਆਉਂਦੇ ਹਨ।

ਜੇ ਮਕਾਨ ਪਾਉਣਾ ਇਕ ਮਹਿੰਗੀ ਗਲਤੀ ਹੈ ਤਾਂ ਵੀ ਇਹ ਗਲਤੀ ਸਭਨਾਂ ਚੰਗੇ ਬੰਦਿਆਂ ਵੱਲੋਂ ਕੀਤੇ ਜਾਣ ਯੋਗ ਹੈ।

ਚੰਗੇ ਅਤੇ ਵੱਡੇ ਕੰਮ ਅਕਸਰ ਔਖਿਆਂ ਹੋ ਕੇ ਹੀ ਕੀਤੇ ਜਾਂਦੇ ਹਨ ਪਰ ਇਨ੍ਹਾਂ ਨੂੰ ਕਰਨ ਉਪਰੰਤ ਹਮੇਸ਼ਾ ਬੜੀ ਸੌਖ ਹੁੰਦੀ ਹੈ।

ਜਿਹੜੇ ਮਕਾਨ ਉਸਾਰਨ ਵਿਰੁੱਧ ਦਲੀਲਾਂ ਦਿੰਦੇ ਹਨ, ਉਹ ਉਨ੍ਹਾਂ ਪਰੇਸ਼ਾਨ ਅਤੇ ਮਾਯੂਸ ਲੋਕਾਂ ਵਿੱਚੋਂ ਹੁੰਦੇ ਹਨ, ਜਿਹੜੇ ਵਿਆਹ ਨੂੰ ਇੱਕ ਖਲਜਗਣ ਮੰਨਦੇ ਹਨ ਅਤੇ ਜਿਹੜੇ ਸੰਤਾਨ ਨੂੰ ਇੱਕ ਮੁਸੀਬਤ ਸਮਝਦੇ ਹਨ।

ਇਨ੍ਹਾਂ ਨੂੰ ਕੋਈ ਪੁੱਛੇ: ਕਿੰਨਾ ਚੰਗਾ ਹੁੰਦਾ ਜੇ ਤੁਹਾਡੇ ਮਾਪੇ ਵੀ ਵਿਆਹ ਜਾਂ ਮਕਾਨ ਬਾਰੇ ਇਵੇਂ ਹੀ ਸੋਚਦੇ ਹੁੰਦੇ।

ਮਕਾਨ ਉਸਾਰਨ ਦੇ ਪੱਖ ਵਿੱਚ ਬਹੁਤ ਕੁਝ ਕਿਹਾ ਜਾ ਸਕਦਾ ਹੈ ਪਰ ਇਸ ਵਿਰੁੱਧ ਦਿੱਤੀ ਜਾਣ ਵਾਲੀ ਹਰ ਦਲੀਲ ਵਿੱਚ ਮੱਕਾਰੀ ਅਤੇ ਚਲਾਕੀ ਛੁਪੀ ਹੁੰਦੀ ਹੈ।

ਮਕਾਨ ਉਸਾਰਨਾ ਇੱਕ ਮੁਸੀਬਤ ਹੈ ਨਹੀਂ, ਇੱਕ ਮੁਸੀਬਤ ਬਣਾ ਦਿੱਤੀ ਗਈ ਹੈ। ਸਭ ਕੁਝ ਇਤਨਾ ਮਹਿੰਗਾ ਹੋ ਗਿਆ ਹੈ ਕਿ ਮਕਾਨ ਉਸਾਰਨ ਦੇ ਖਿਆਲ ਨਾਲ ਹੀ ਡਰ ਆਉਣ ਲੱਗ ਪੈਂਦਾ ਹੈ।

ਮੁਸੀਬਤ ਭਾਵੇਂ ਕਿਤਨੀ ਵੀ ਵੱਡੀ ਹੋਵੇ, ਤਾਂ ਵੀ ਵਿਉਂਤ ਅਤੇ ਸਬਰ ਨਾਲ ਉਸ ਨੂੰ ਹੱਲ ਕੀਤਾ ਜਾ ਸਕਦਾ ਹੈ।

ਲੰਮੇ ਪੈਂਡੇ ਨੂੰ ਤਹਿ ਕਰਨ ਦੇ ਦੋ ਤਰੀਕੇ ਹੁੰਦੇ ਹਨ: ਤੇਜ਼-ਤੇਜ਼ ਟੁਰਨਾ ਅਤੇ ਸਵੱਖਤੇ ਟੁਰ ਪੈਣਾ। ਪੈਂਡਾ, ਤੇਜ਼ ਟੁਰਨ ਨਾਲ ਥਕਾਵਟ ਦਿੰਦਾ ਹੈ, ਜਦੋਂ ਕਿ ਸਵੱਖਤੇ ਟੁਰਨ ਨਾਲ ਸਵੈ-ਵਿਸ਼ਵਾਸ ਪ੍ਰਦਾਨ ਕਰਦਾ ਹੈ। ਪੈਂਡਾ ਭਾਵੇਂ ਕਿੰਨਾ ਵੀ ਲੰਮਾ ਹੋਵੇ, ਲਗਾਤਾਰ ਟੁਰਦੇ ਰਹਿਣ ਨਾਲ ਉਹ ਖ਼ਤਮ ਹੋ ਹੀ ਜਾਂਦਾ ਹੈ।

ਸੁਨਹਿਰੀ ਅਸੂਲ ਹੈ: ਜਿਥੇ ਇਕੱਲਿਆਂ ਜਾ ਸਕਦੇ ਹੋ, ਸਾਥ ਦੀ ਉਡੀਕ ਨਾ ਕਰੋ ਅਤੇ ਜੋ ਕੰਮ ਕਰਨਾ ਜ਼ਰੂਰੀ ਹੋਵੇ, ਉਸ ਲਈ ਬਹਾਨੇ ਨਾ ਲੱਭੋ।

ਮਕਾਨ ਪਾਉਣ ਦੇ ਸਬੰਧ ਵਿੱਚ ਸੱਭ ਤੋਂ ਵੱਡਾ ਕੰਮ ਮਕਾਨ ਪਾਉਣ ਦਾ ਫੈਸਲਾ ਕਰਨਾ ਹੁੰਦਾ ਹੈ। ਇਹ ਫੈਸਲਾ ਜਿਤਨੀ ਦ੍ਰਿੜ੍ਹਤਾ ਨਾਲ ਕੀਤਾ ਜਾਵੇ, ਉਤਨਾ ਹੀ ਉਸ ਨੂੰ ਸਿਰੇ ਚੜ੍ਹਾਉਣਾ ਸੌਖਾ ਹੁੰਦਾ ਹੈ।

ਛੋਟਾ ਪਰਿਵਾਰ ਅਤੇ ਬੱਚਤ ਦੀ ਆਦਤ ਖੁਸ਼ਹਾਲੀ ਦਾ ਆਧਾਰ ਹੁੰਦੇ ਹਨ।

ਪਹਿਲੇ ਇਕ ਲੱਖ ਰੁਪਏ ਬਚਾਉਣੇ ਹੀ ਔਖੇ ਹੁੰਦੇ ਹਨ।

ਇਸ ਉਪਰੰਤ ਬਚਾਈ ਹੋਈ ਰਕਮ ਆਪੇ ਵੱਧਦੀ ਰਹਿੰਦੀ ਹੈ ਅਤੇ ਬੱਚਤ ਦੀ ਆਦਤ ਪੱਕ ਜਾਂਦੀ ਹੈ।

ਬੱਚਤ ਕਰਨ ਦੀ ਆਦਤ ਫ਼ਜ਼ੂਲ-ਖਰਚੀ ਨੂੰ ਰੋਕਦੀ ਹੈ, ਜੀਵਨ ਨੂੰ ਨਵੇਂ ਅਰਥ ਪ੍ਰਦਾਨ ਕਰਦੀ ਹੈ ਅਤੇ ਇਸ ਨਾਲ ਅਪਹੁੰਚ ਵਸਤਾਂ ਵੀ ਨੇੜੇ ਪ੍ਰਤੀਤ ਹੋਣ ਲੱਗ ਪੈਂਦੀਆਂ ਹਨ। ਬੱਚਤ ਨਾਲ ਘਰੇਲੂ ਸਬੰਧ ਕੂਲੇ ਅਤੇ ਸੁਖਾਵੇਂ ਹੋ ਜਾਂਦੇ ਹਨ ਅਤੇ ਕਾਹਲ ਦੀ ਥਾਂ ਸੰਜਮ ਅਤੇ ਸੰਕੋਚ ਲੈ ਲੈਂਦੇ ਹਨ।

ਜ਼ਿੰਦਗੀ ਦੇ ਵੱਡੇ ਫੈਸਲੇ, ਸਾਡੇ ਜੀਵਨ ਦਾ ਕਾਇਆ-ਕਲਪ ਕਰਨ ਵਾਲੇ ਫੈਸਲੇ, ਬੱਚਤ ਵਾਲੇ ਪੈਸਿਆਂ ਨਾਲ ਹੀ ਸਿਰੇ ਚੜ੍ਹਦੇ ਹਨ।

ਪੈਸਾ ਸਭ ਕੁਝ ਨਹੀਂ ਹੁੰਦਾ ਪਰ ਪੈਸੇ ਤੋਂ ਬਿਨਾਂ ਤਾਂ ਕੁਝ ਵੀ ਸੰਭਵ ਨਹੀਂ ਹੁੰਦਾ।

ਬੱਚਤ ਅਤੇ ਸੰਜਮ ਹਰ ਮੁਸੀਬਤ ਨੂੰ ਬਰਦਾਸ਼ਤ ਕਰਨ ਦਾ ਬਲ, ਸਾਹਸ, ਧੀਰਜ ਅਤੇ ਸਮਰੱਥਾ ਪ੍ਰਦਾਨ ਕਰਦੇ ਹਨ।

ਮਕਾਨ ਉਸਾਰਨ ਲਈ, ਪੈਸੇ ਨਾਲੋਂ ਵੀ ਵਧੇਰੇ ਲੋੜ, ਮਨੋਬਲ ਦੀ ਹੁੰਦੀ ਹੈ।

ਮਕਾਨ ਪਾਉਣ ਸਮੇਂ ਤੁਹਾਨੂੰ ਗਿਆਨ ਹੋਵੇਗਾ ਕਿ ਤੁਹਾਡੇ ਵਿੱਚ ਮੋਰਚੇ 'ਤੇ ਡਟੇ ਰਹਿਣ ਦੀ ਹਿੰਮਤ ਕਿਤਨੀ ਹੈ। ਜਿਹੜੇ ਲੋਕ ਮਕਾਨ ਉਸਾਰਦੇ ਹਨ, ਉਹ ਸ਼ਾਹਜਹਾਨ ਦੇ ਪ੍ਰਸ਼ੰਸਕ ਬਣ ਜਾਂਦੇ ਹਨ।

ਮਕਾਨ ਆਪਣੀਆਂ ਆਦਤਾਂ ਅਨੁਸਾਰ ਪਾਉਣਾ ਚਾਹੀਦਾ ਹੈ, ਕਿਸੇ ਦੀ ਨਕਲ ਮਾਰ ਕੇ ਨਹੀਂ। ਜਦੋਂ ਵੀ ਨਕਲ ਕਰੋਗੇ, ਉਦੋਂ ਹੀ ਗਲਤੀ ਹੋਵੇਗੀ।

ਮਕਾਨ ਵਿੱਚ ਤੁਸੀਂ ਰਹਿਣਾ ਹੈ, ਸਲਾਹ ਦੇਣ ਵਾਲਿਆਂ ਨੇ ਨਹੀਂ।

ਜਿਸ ਨੇ ਹੁਣੇ ਹੁਣੇ ਮਕਾਨ ਪਾਇਆ ਹੋਵੇ ਅਤੇ ਜਿਹੜਾ ਆਪਣੇ ਮਕਾਨ ਵਿੱਚ ਰਹਿਣ ਲੱਗ ਪਿਆ ਹੋਵੇ, ਉਸ ਦੀ ਸਲਾਹ ਲਵੋ, ਪਰ ਮੰਨੋ ਆਪਣੇ ਦਿਲ ਦੀ।

ਹਰ ਵਿਅਕਤੀ ਆਪਣੀ ਨਿੱਜੀ-ਪਸੰਦ ਅਤੇ ਆਰਥਿਕ ਸਥਿਤੀ ਅਨੁਸਾਰ ਸਲਾਹ ਦਿੰਦਾ ਹੈ ਅਤੇ ਜ਼ਰੂਰੀ ਨਹੀਂ ਕਿ ਉਹ ਸਲਾਹ ਤੁਹਾਡੀ ਸਥਿਤੀ ਅਨੁਸਾਰ ਹੋਵੇ।

ਜਿਹੜੇ ਆਦਰਸ਼ਵਾਦ ਦੇ ਸਹਾਰੇ ਮਕਾਨ ਪਾਉਂਦੇ ਹਨ, ਉਹ ਪਾਣੀ ਉੱਤੇ ਟੁਰਨ ਦਾ ਅਮਲ ਕਰ ਰਹੇ ਹੁੰਦੇ ਹਨ।

ਮਕਾਨ ਸੁਚੇਤ ਹੋ ਕੇ ਪਾਉਣਾ ਚਾਹੀਦਾ ਹੈ ਅਤੇ ਆਪਣੇ ਬਟੂਏ ਦੇ ਖੇਤਰਫਲ ਅਨੁਸਾਰ ਪਾਉਣਾ ਚਾਹੀਦਾ ਹੈ।

ਮਕਾਨ ਇਸ ਵਿਉਂਤ ਨਾਲ ਉਸਾਰਨਾ ਚਾਹੀਦਾ ਹੈ ਕਿ ਉਹ ਸੰਪੂਰਨ ਹੋਵੇ, ਕਿਉਂਕਿ ਅਧੂਰਾ ਮਕਾਨ ਪਰੇਸ਼ਾਨ ਕਰਦਾ ਰਹਿੰਦਾ ਹੈ।

ਮਕਾਨ ਉਸਾਰਨ ਲਈ ਥਾਂਵਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ; ਇੱਕ ਉਹ ਜਿਨ੍ਹਾਂ ਦਾ ਅਤੀਤ ਹੁੰਦਾ ਹੈ, ਦੂਜੀਆਂ ਉਹ ਜਿਨ੍ਹਾਂ ਦਾ ਭਵਿੱਖ ਹੁੰਦਾ ਹੈ। ਥਾਂ ਦੀ ਚੋਣ ਤੋਂ ਪਤਾ ਲੱਗ ਜਾਵੇਗਾ ਕਿ ਤੁਸੀ ਅਤੀਤਮੁੱਖੀ ਹੋ ਜਾਂ ਭਵਿੱਖਵਾਦੀ।

ਤੁਸੀਂ ਜੇਲ੍ਹ ਦੇ ਕੋਲ ਰਹਿੰਦੇ ਹੋ ਜਾਂ ਯੂਨੀਵਰਸਿਟੀ ਦੇ ਗੁਆਂਢ ਵਿੱਚ ? ਇਨ੍ਹਾਂ ਦੋਹਾਂ ਥਾਂਵਾਂ ਵਿੱਚੋਂ ਕੀਤੀ ਚੋਣ ਹੀ ਤੁਹਾਡੀ ਸੋਚ ਨੂੰ ਸਪੱਸ਼ਟ ਕਰ ਦੇਵੇਗੀ।

ਮਕਾਨ ਪਾਉਣ ਸਮੇਂ ਤੁਹਾਨੂੰ ਪੂੰਜੀਵਾਦ ਅਤੇ ਸਮਾਜਵਾਦ, ਦੋਵਾਂ ਦੇ ਅਰਥ ਚੰਗੀ ਤਰ੍ਹਾਂ ਸਮਝ ਆ ਜਾਣਗੇ।

ਮਕਾਨ ਬਣਾਉਣ ਨਾਲ ਗਿਆਨ ਅਤੇ ਅਨੁਭਵ ਦੋਹਾਂ ਵਿੱਚ ਵਾਧਾ ਹੁੰਦਾ ਹੈ।

ਮਕਾਨ ਉਸਾਰਨਾ ਆਪਣੇ ਬੱਚੇ ਨੂੰ ਪਾਲਣ ਵਾਂਗ ਹੁੰਦਾ ਹੈ, ਇਨ੍ਹਾਂ ਦੋਹਾਂ ਦੀ ਉਸਾਰੀ ਦੇ ਨੇਮ ਸਾਂਝੇ ਹਨ।

ਬੱਚੇ ਨੂੰ ਮਾਂ ਪਾਲਦੀ ਹੈ, ਮਕਾਨ ਪੁਰਸ਼ ਉਸਾਰਦਾ ਹੈ।

ਪੁਰਸ਼ ਦੁੱਖੀ ਵੀ ਹੁੰਦਾ ਹੈ, ਉਸ ਨੂੰ ਬਹੁਤ ਕੁਝ ਗੁਆਉਣ ਦਾ ਅਹਿਸਾਸ ਵੀ ਹੁੰਦਾ ਹੈ ਪਰ ਕੁਝ ਨਵਾਂ ਪ੍ਰਾਪਤ ਕਰਨ ਦੀ ਖੁਸ਼ੀ ਵੀ ਹੁੰਦੀ ਹੈ।

ਜਿਹੜਾ ਮਕਾਨ ਪਾ ਰਿਹਾ ਹੋਵੇ, ਉਸ ਨੂੰ ਤੰਗ ਨਹੀਂ ਕਰਨਾ ਚਾਹੀਦਾ, ਕਿਉਂਕਿ ਉਹ ਪਹਿਲਾਂ ਹੀ ਬੜਾ ਤੰਗ ਅਤੇ ਪਰੇਸ਼ਾਨ ਹੋਇਆ ਹੁੰਦਾ ਹੈ।

ਮਕਾਨ ਪਾਉਣਾ ਸੌਖਾ ਹੁੰਦਾ ਹੈ ਪਰ ਉਸ ਨੂੰ ਸਾਂਭਣਾ ਅਤੇ ਸਾਫ਼-ਸੁਥਰਾ ਰੱਖਣਾ ਕਦੇ ਵੀ ਸੌਖਾ ਨਹੀਂ ਹੁੰਦਾ।

ਜੇ ਮਕਾਨ ਪੂਰਾ ਨਹੀਂ ਕਰੋਗੇ ਤਾਂ ਤੁਹਾਨੂੰ ਉਸ ਦਾ ਪੂਰਾ ਹੋਇਆ ਭਾਗ ਨਹੀਂ, ਸਗੋਂ ਅਧੂਰਾ ਰਹਿ ਗਿਆ ਭਾਗ ਹੀ ਵਿਖਾਈ ਦੇਵੇਗਾ।

ਪਹਿਲਾਂ ਖੂਬ ਗੰਦ ਪੈਂਦਾ ਹੈ, ਫਿਰ ਸਭ ਕੁਝ ਸਿਮਟਦਾ ਜਾਂਦਾ ਹੈ।

ਫਿਰ ਮਕਾਨ ਨਿਖਰਦਾ ਹੈ, ਬੋਲਦਾ ਹੈ, ਮੁਸਕਰਾਉਂਦਾ ਹੈ, ਚੁੱਪ-ਚੁਪੀਤੇ ਸਾਡੀ ਸਮੁੱਚੀ ਸ਼ਖਸੀਅਤ ਉੱਤੇ ਟਿੱਪਣੀ ਕਰਦਾ ਹੈ।

ਜਿਉਂ-ਜਿਉਂ ਪੈਸੇ ਮੁਕਦੇ ਜਾਂਦੇ ਹਨ, ਤਿਉਂ-ਤਿਉਂ ਉਸਰ ਰਹੇ ਅਤੇ ਨਿਖਰ ਰਹੇ ਮਕਾਨ ਨਾਲ ਪਰਿਵਾਰ ਦੇ ਜੀਆਂ ਦਾ ਮੋਹ ਵੱਧਦਾ ਜਾਂਦਾ ਹੈ।

ਇਹ ਤੁਹਾਡੀ ਵਿਉਂਤ ਉੱਤੇ ਨਿਰਭਰ ਕਰਦਾ ਹੈ ਕਿ ਮਕਾਨ ਬਣਾਉਂਦਿਆਂ ਤੁਹਾਨੂੰ ਨੀਂਦਰ ਕਿਹੋ ਜਿਹੀ ਆਉਂਦੀ ਹੈ।

ਕਹਿੰਦੇ ਹਨ ਜਿਹੜੇ ਸਾਰਾ ਉਧਾਰ ਚੁੱਕ ਕੇ ਮਕਾਨ ਉਸਾਰਦੇ ਹਨ, ਉਨ੍ਹਾਂ ਦਾ ਮਕਾਨ ਜਲਦੀ ਵਿੱਕ ਜਾਂਦਾ ਹੈ।

ਮਕਾਨ ਉਸਾਰਨ ਲਈ ਬਹੁਤਾ ਸਰਮਾਇਆ ਆਪਣਾ ਹੋਣਾ ਚਾਹੀਦਾ ਹੈ ਅਤੇ ਲਏ ਉਧਾਰ ਨੂੰ ਉਤਾਰਨ ਲਈ ਸਪੱਸ਼ਟ ਸਾਧਨ ਹੋਣੇ ਚਾਹੀਦੇ ਹਨ।

ਉਧਾਰ ਲੈ ਕੇ ਵਰਤੇ ਹੋਏ ਪੈਸੇ ਵਾਪਸ ਕਰਨੇ ਬੜਾ ਔਖਾ ਕੰਮ ਹੈ, ਪਰ ਜੇ ਉਧਾਰ ਉਤਾਰਨ ਦੀ ਨੀਅਤ ਹੋਵੇ ਤਾਂ ਉਧਾਰ ਉਤਾਰਦਿਆਂ ਦੇਰ ਨਹੀਂ ਲੱਗਦੀ।

ਮਕਾਨ ਪਾਉਣ ਸਮੇਂ ਪਤਨੀ ਦਾ ਸਹਿਯੋਗ ਬੜਾ ਮਹੱਤਵਪੂਰਨ ਹੁੰਦਾ ਹੈ।

ਪਤੀ ਨੂੰ ਮਕਾਨ ਇਸ ਨੀਅਤ ਨਾਲ ਉਸਾਰਨਾ ਚਾਹੀਦਾ ਹੈ, ਜਿਵੇਂ ਪਤਨੀ ਨੂੰ ਦਿੱਤਾ ਜਾਣ ਵਾਲਾ ਤੋਹਫ਼ਾ ਤਿਆਰ ਕੀਤਾ ਜਾ ਰਿਹਾ ਹੋਵੇ।

ਪਤਨੀ ਨੂੰ ਸੋਹਣੇ ਮਕਾਨ ਤੋਂ ਵੱਡਾ ਕੋਈ ਤੋਹਫ਼ਾ ਨਹੀਂ ਹੁੰਦਾ, ਉਹ ਇਸ ਨੂੰ ਸੋਹਣਾ, ਸੁਖਦਾਇਕ ਅਤੇ ਨਿੱਘਾ ਘਰ ਬਣਾ ਦੇਵੇਗੀ।

ਸੋਹਣੀ, ਸ੍ਰੇਸ਼ਟ ਅਤੇ ਚੰਗੀ ਜ਼ਿੰਦਗੀ ਦਾ ਸੰਕਲਪ, ਆਪਣੇ ਸੋਹਣੇ ਅਤੇ ਸੁਖਾਵੇਂ ਮਕਾਨ ਨਾਲ ਜੁੜਿਆ ਹੋਇਆ ਹੈ।

ਬਹਾਨੇ

ਕੱਜੇ ਹੋਏ ਝੂਠ ਨੂੰ ਬਹਾਨਾ ਕਹਿੰਦੇ ਹਨ।

ਜੇ ਸੰਸਾਰ ਵਿੱਚ ਕਿਸੇ ਕੰਮ ਨੂੰ ਟਾਲਣ ਜਾਂ ਅੱਗੇ ਪਾਉਣ ਦਾ ਕੋਈ ਬਹਾਨਾ ਹੋ ਸਕਦਾ ਹੈ ਤਾਂ ਬਹਾਨੇਬਾਜ਼ ਨਿਸ਼ਚੇ ਹੀ ਉਸ ਨੂੰ ਲੱਭ ਲੈਣਗੇ।

ਉਂਜ ਤਾਂ ਸਾਰਾ ਮਨੁੱਖੀ ਵਿਹਾਰ ਹੀ ਬਹਾਨੇਬਾਜ਼ੀ ਹੈ ਪਰ ਮਸ਼ੀਨੀ ਯੁੱਗ ਵਿੱਚ ਜੀਵਨ ਇਸ ਹੱਦ ਤੱਕ ਗੁੰਝਲਦਾਰ ਹੋ ਗਿਆ ਹੈ ਕਿ ਕਿਸੇ ਵੀ ਵਿਅਕਤੀ ਲਈ ਇਹ ਸੰਭਵ ਨਹੀਂ ਰਿਹਾ ਕਿ ਉਹ ਆਪਣੇ ਜ਼ਿੰਮੇ ਲੱਗੇ ਸਾਰੇ ਕੰਮ ਕਰ ਸਕੇ। ਇਸ ਸਥਿਤੀ ਨੇ ਹੀ ਬਹਾਨਿਆਂ ਦੀ ਸੰਭਾਵਨਾ ਅਤੇ ਵੰਨ-ਸੁਵੰਨਤਾ ਨੂੰ ਜਨਮ ਦਿੱਤਾ ਹੈ।

ਵਿਗਿਆਨ ਨੇ ਸਾਡੇ ਜੀਵਨ ਵਿੱਚ ਮੂਲਕ ਪਰਿਵਰਤਨ ਲਿਆਂਦਾ ਹੈ ਅਤੇ ਜੀਵਨ ਦੇ ਆਧਾਰ ਹੀ ਬਦਲ ਦਿੱਤੇ ਹਨ।

ਨਵੇਂ ਵਿਰੋਧ ਇਸ ਹੱਦ ਤੱਕ ਵੱਧ ਗਏ ਹਨ ਕਿ ਜਿਊਂਦੇ ਰਹਿਣਾ ਆਪਣੇ ਆਪ ਵਿੱਚ ਇੱਕ ਕੁਲ-ਵਕਤੀ ਰੋਜ਼ਗਾਰ ਬਣ ਗਿਆ ਹੈ।

ਖੇਤੀਬਾੜੀ ਉੱਤੇ ਆਧਾਰਿਤ ਯੁੱਗ ਵਿੱਚ ਜੀਵਨ ਸਮੂਹਿਕ ਹੁੰਦਾ ਸੀ, ਹਰ ਕੋਈ, ਹਰ ਕਿਸੇ ਨੂੰ ਜਾਣਦਾ ਸੀ, ਪਰੰਪਰਾ ਅਤੇ ਮਰਿਆਦਾ ਨੇ ਮਨੁੱਖ ਸਾਹਮਣੇ ਉਭਰਨ ਵਾਲੀ ਹਰ ਸਮੱਸਿਆ ਦਾ ਹੱਲ ਪਹਿਲੇ ਹੀ ਲਭ ਕੇ ਰੱਖਿਆ ਹੋਇਆ ਸੀ।

ਜੀਵਨ ਸਿੱਧਾ ਅਤੇ ਸਾਦਾ ਸੀ, ਮਨੁੱਖ ਦੀ ਪ੍ਰਕ੍ਰਿਤੀ ਉੱਤੇ ਨਿਰਭਰਤਾ ਇਸ ਹੱਦ ਤੱਕ ਸੀ ਕਿ ਹਰ ਇੱਕ ਹੋਣ ਵਾਲੇ ਅਤੇ ਨਾ ਹੋਣ ਵਾਲੇ ਕੰਮ ਦੀ ਜ਼ਿੰਮੇਵਾਰੀ ਕੁਦਰਤ ਜਾਂ ਰੱਬ ਉੱਤੇ ਪਾ ਦਿੱਤੀ ਜਾਂਦੀ ਸੀ ਅਰਥਾਤ ਰੱਬ ਇੱਕ ਅਜਿਹੀ ਸੰਸਥਾ ਸੀ ਜੋ ਹਰ ਇੱਕ ਵਰਤਾਰੇ ਲਈ ਜ਼ਿੰਮੇਵਾਰ ਸੀ।

ਮੱਧਕਾਲ ਵਿਚ ਮਨੁੱਖ ਦੀ ਹਸਤੀ ਪਾਣੀ ਉੱਤੇ ਬੁਲਬਲੇ ਵਾਲੀ ਸੀ।

ਅਜਿਹੀ ਸਥਿਤੀ ਵਿੱਚ ਬਹਾਨੇ ਲਾਉਣਾ ਸੌਖਾ ਨਹੀਂ ਸੀ।

ਉਸ ਸਮੇਂ ਜਿਹੜੇ ਬਹਾਨੇ ਲਾਏ ਵੀ ਜਾਂਦੇ ਸਨ, ਉਨ੍ਹਾਂ ਵਿੱਚ ਆਪਣੀ ਅਯੋਗਤਾ ਅਤੇ ਅਸਫਲਤਾ ਨੂੰ ਛੁਪਾਉਣ ਲਈ ਰੱਬ ਨੂੰ ਇੱਕ ਓਹਲੇ ਵਜੋਂ ਵਰਤਿਆ ਜਾਂਦਾ ਸੀ ਅਤੇ ਕਿਸੇ ਚੀਜ਼ ਦੇ ਕਰਨ ਅਤੇ ਨਾ ਕਰਨ ਅਤੇ ਕਿਸੇ ਕੰਮ ਦੇ ਹੋਣ ਜਾਂ ਨਾ ਹੋਣ ਦਾ ਦੋਸ਼ ਕਿਸਮਤ ਉੱਤੇ ਮੜ੍ਹ ਦਿੱਤਾ ਜਾਂਦਾ ਸੀ।

ਅਜਿਹੇ ਯੁੱਗ ਵਿੱਚ ਝੂਠ ਬੋਲਣਾ ਸੰਭਵ ਨਹੀਂ ਸੀ, ਸੋ ਝੂਠ ਬੋਲਣ ਨੂੰ ਮਾੜਾ ਸਮਝਿਆ ਜਾਂਦਾ ਸੀ। ਦੂਜੇ ਸ਼ਬਦਾਂ ਵਿੱਚ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨਾ ਮੁਸ਼ਕਿਲ ਸੀ, ਕਿਉਂਕਿ ਸਾਰੇ ਇੱਕ ਦੂਜੇ ਨੂੰ ਪੁਸ਼ਤਾਂ ਤੋਂ ਜਾਣਦੇ ਹੁੰਦੇ ਸਨ, ਸੋ ਕਿਸੇ ਨਾ ਕਿਸੇ ਢੰਗ ਰਾਹੀਂ ਝੂਠ ਦਾ ਪਤਾ ਲੱਗ ਜਾਂਦਾ ਸੀ।

ਪੁਰਾਣੇ ਲੋਕ ਭਾਵੇਂ ਬਹਾਨੇ ਨਹੀਂ ਲਾਉਂਦੇ ਸਨ ਪਰ ਉਨ੍ਹਾਂ ਨੇ ਕੁਝ ਰਹੁ-ਰੀਤਾਂ, ਸ਼ਗਨ-ਅਪਸ਼ਗਨ ਇਸ ਢੰਗ ਨਾਲ ਸਥਾਪਤ ਕਰ ਲਏ ਸਨ ਕਿ ਉਹ ਬਹਾਨਾ ਲਾ ਵੀ ਲੈਂਦੇ ਸਨ ਅਤੇ ਇਸ ਦੇ ਬਾਵਜੂਦ ਬਹਾਨੇ ਦੇ ਦੋਸ਼ ਤੋਂ ਮੁਕਤ ਵੀ ਹੋ ਜਾਂਦੇ ਸਨ। ਉਨ੍ਹਾਂ ਲੋਕਾਂ ਨੇ ਇਹ ਨਿਰਧਾਰਿਤ ਕੀਤਾ ਹੋਇਆ ਸੀ ਕਿ ਕਿਹੜਾ ਕੰਮ ਕਿਹੜੇ ਦਿਨ ਕਰਨਾ ਸ਼ੁਭ ਹੈ ਅਤੇ ਕਿਹੜੇ ਦਿਨ ਅਸ਼ੁਭ, ਜਿਵੇਂ: ਮੰਗਲ ਬੁੱਧ ਨਾ ਜਾਈਏ ਪਹਾੜ, ਜਿੱਤੀ ਬਾਜ਼ੀ ਆਈਏ ਹਾਰ ਜਾਂ ਬੁੱਧ, ਸ਼ਨਿੱਚਰ ਕੱਪੜਾ, ਗਹਿਣਾ ਐਤਵਾਰ ਜਾਂ ਬੁੱਧਵਾਰ ਗਊ, ਸ਼ੁੱਕਰਵਾਰ ਘੋੜੀ ਅਤੇ ਸ਼ਨਿੱਚਰਵਾਰ ਮੱਝ ਖਰੀਦਣੀ ਚੰਗੀ ਨਹੀਂ ਸਮਝੀ ਜਾਂਦੀ ਸੀ।

ਇਵੇਂ ਹੀ ਵਹਿਮ ਸੀ ਕਿ ਬੁੱਧਵਾਰ ਨੂੰ ਬੁਆਈ ਅਤੇ ਮੰਗਲਵਾਰ ਨੂੰ ਵਾਢੀ ਦਾ ਆਰੰਭ ਕਰਨ ਨਾਲ ਫਸਲ ਵਧੇਰੇ ਭਰਪੂਰ ਹੁੰਦੀ ਹੈ।

ਇਹ ਸਾਰੀਆਂ ਗੱਲਾਂ ਕੁਝ ਕਰਨ ਜਾਂ ਨਾ ਕਰਨ ਦੇ ਬਹਾਨੇ ਸਨ।

ਉਪਰੋਕਤ ਵੇਰਵਿਆਂ ਦੇ ਸੰਦਰਭ ਵਿੱਚ ਇਹ ਵੀ ਕਿਹਾ ਜਾਂਦਾ ਸੀ ਕਿ ਸ਼ੁਭ ਕੰਮ ਨੂੰ ਦੇਰੀ ਕਿਉਂ, ਜਾਂ ਨੇਕੀ ਅਤੇ ਪੁੱਛ-ਪੁੱਛ ? ਅਰਥਾਤ ਚੰਗਾ ਕੰਮ ਕਿਸੇ ਵੇਲੇ ਵੀ ਸ਼ੁਰੂ ਕੀਤਾ ਜਾ ਸਕਦਾ ਸੀ ਪਰ ਜੇ ਕੋਈ ਕੰਮ ਕਰਨ ਨੂੰ ਮਨ ਨਾ ਕਰੇ ਤਾਂ ਦਿਨਾਂ-ਤਿੱਥਾਂ ਨਾਲ ਜੁੜੀਆਂ ਕਹਾਵਤਾਂ ਨੂੰ ਵਰਤ ਲਿਆ ਜਾਂਦਾ ਸੀ।

ਘਰ ਵਿੱਚ ਇਸਤਰੀਆਂ ਸਾਰੇ ਕੰਮ ਹਰ ਰੋਜ਼ ਨਹੀਂ ਕਰ ਸਕਦੀਆਂ ਸਨ, ਸੋ ਉਹ ਵੀ ਕਦੀ ਮੰਗਲਵਾਰ ਜਾਂ ਸ਼ਨਿਚੱਰਵਾਰ ਦਾ ਬਹਾਨਾ ਲਾ ਲਿਆ ਕਰਦੀਆਂ ਸਨ ਅਤੇ ਕੰਮ ਟਾਲ ਲਿਆ ਕਰਦੀਆਂ ਸਨ।

ਜਿਸ ਕੰਮ ਨੂੰ ਟਾਲ ਦਿੱਤਾ ਜਾਵੇ ਉਸ ਦਾ ਮਹੱਤਵ ਘੱਟ ਜਾਂਦਾ ਹੈ, ਸੋ ਉਸ ਨੂੰ ਕਰਨਾ ਜ਼ਰੂਰੀ ਨਹੀਂ ਰਹਿੰਦਾ। ਕਈ ਵਾਰੀ ਨਵੇਂ ਕੰਮ ਨੂੰ ਟਾਲਣ ਲਈ ਪਹਿਲੇ ਹੀ ਟਾਲੇ ਗਏ ਕੰਮ ਨੂੰ ਕਰਨ ਦਾ ਬਹਾਨਾ ਲਾ ਲਿਆ ਜਾਂਦਾ ਹੈ।

ਵਿਗਿਆਨ ਨੇ ਸਭ ਕੁਝ ਬਦਲ ਦਿੱਤਾ ਹੈ। ਮਨੁੱਖ ਇਸ ਸੰਸਾਰ ਦੀ ਚੂਲ ਬਣ ਗਿਆ ਹੈ। ਹੁਣ ਰੱਬ ਦਾ ਮਹੱਤਵ ਘੱਟ ਗਿਆ ਹੈ, ਅਰਥਾਤ ਕੁਝ ਕਰਨ ਜਾਂ ਨਾ ਕਰਨ ਦੀ ਜ਼ਿੰਮੇਵਾਰੀ ਮਨੁੱਖ ਉੱਤੇ ਆਣ ਪਈ ਹੈ।

ਵਹਿਮ-ਭਰਮ ਹੁਣ ਵੀ ਹਨ ਪਰ ਇਨ੍ਹਾਂ ਨੂੰ ਕੁਝ ਚਿਰ ਲਈ ਕੰਮ ਟਾਲਣ ਵਾਸਤੇ ਇੱਕ ਬਹਾਨੇ ਵਜੋਂ ਹੀ ਵਰਤਿਆ ਜਾਂਦਾ ਹੈ।

ਮਨੁੱਖ ਕੋਲ ਸਮਾਂ ਘੱਟ ਹੈ, ਕੰਮ ਵਧੇਰੇ ਹਨ।

ਜਦੋਂ ਬਹਾਨੇ ਲਾ ਲਾ ਕੇ ਅਸੀਂ ਕੰਮਾਂ ਨੂੰ ਲਟਕਾ ਲੈਂਦੇ ਹਾਂ ਤਾਂ ਕਿਸੇ ਵੀ ਲਟਕਾਏ ਕੰਮ ਦੇ ਕੀਤੇ ਜਾਣ ਦੀ ਸੰਭਾਵਨਾ ਨਹੀਂ ਰਹਿੰਦੀ।

ਜਿਹੜੇ ਕੰਮ ਕਰਨ ਵਿੱਚ ਮਨੁੱਖ ਦੀ ਦਿਲਚਸਪੀ ਅਤੇ ਰੁਚੀ ਹੋਵੇ, ਉੱਥੇ ਕਿਸੇ ਪ੍ਰਕਾਰ ਦੇ ਬਹਾਨੇ ਨਹੀਂ ਲਾਏ ਜਾਂਦੇ।

ਵਿਹਲਾ ਵਿਅਕਤੀ ਵਧੇਰੇ ਸਮਾਂ ਹੋਣ ਦੇ ਬਾਵਜੂਦ ਵਧੇਰੇ ਬਹਾਨੇ ਲਾਉਂਦਾ ਹੈ।

ਅਸਲ ਵਿੱਚ ਉਸ ਨੇ ਆਪਣੀ ਜਿਸ ਯੋਗਤਾ ਦਾ ਪ੍ਰਚਾਰ ਕੀਤਾ ਹੁੰਦਾ ਹੈ, ਉਹ ਯੋਗਤਾ ਉਸ ਕੋਲ ਹੁੰਦੀ ਨਹੀਂ, ਸੋ ਉਹ ਸਿਰ ਦੁੱਖਣ ਜਾਂ ਤਬੀਅਤ ਖਰਾਬ ਹੋਣ ਦਾ ਬਹਾਨਾ ਲਾਉਂਦਾ ਹੈ।

ਕੋਈ ਕਹੇਗਾ ਕਿ ਉਹ ਰੁੱਝਿਆ ਹੋਇਆ ਹੋਣ ਕਰਕੇ ਚਿੱਠੀ ਦਾ ਜਵਾਬ ਨਹੀਂ ਦੇ ਸਕਿਆ ਜਦੋਂ ਕਿ ਅਸਲੀਅਤ ਇਹ ਹੁੰਦੀ ਹੈ ਕਿ ਉਸ ਨੂੰ ਚਿੱਠੀ ਦਾ ਜਵਾਬ ਦੇਣਾ ਹੀ ਨਹੀਂ ਆਉਂਦਾ।

ਬਹੁਤੇ ਵਿਦਿਆਰਥੀ ਲਿਖਣ ਤੋਂ ਡਰਦੇ ਹਨ, ਕਿਉਂਕਿ ਲੇਖਣੀ ਰਾਹੀਂ ਉਨ੍ਹਾਂ ਦੀ ਨਾਲਾਇਕੀ ਦੀ ਨੁਮਾਇਸ਼ ਲੱਗ ਜਾਵੇਗੀ।

ਜੇ ਵਿਦਿਆਰਥੀਆਂ ਦੇ ਪਰਚੇ ਉਨ੍ਹਾਂ ਦੇ ਸਾਹਮਣੇ ਹੀ ਵੇਖੇ ਜਾਣ ਦੀ ਵਿਵਸਥਾ ਕਰ ਦਿੱਤੀ ਜਾਵੇ ਤਾਂ ਸੌ ਵਿੱਚੋਂ ਨੱਬੇ ਇਮਤਿਹਾਨ ਦੇਣ ਹੀ ਨਹੀਂ ਆਉਣਗੇ।

ਕ੍ਰਿਕਟ ਦੀ ਕੁਮੈਂਟਰੀ ਸੁਣਨੀ, ਅਖਬਾਰ ਪੜ੍ਹਨਾ, ਟੈਲੀਵਿਜ਼ਨ ਵੇਖਣਾ, ਸਿਗਰਟ ਪੀਣੀ, ਚਾਹ ਪੀਣੀ ਆਦਿ ਅਜਿਹੇ ਕੰਮ ਹਨ, ਜਿਨ੍ਹਾਂ ਰਾਹੀਂ ਵਿਅਕਤੀ ਆਪਣੇ ਆਪ ਨੂੰ ਕਹਿ ਰਿਹਾ ਹੁੰਦਾ ਹੈ ਕਿ 'ਮੈਂ ਤਾਂ ਰੁੱਝਿਆ ਹੋਇਆ ਹਾਂ।' ਜਦੋਂ ਕਿ ਅਸਲੀਅਤ ਇਹ ਹੁੰਦੀ ਹੈ ਕਿ ਉਹ ਇਨ੍ਹਾਂ ਸਾਰੀਆਂ ਕ੍ਰਿਆਵਾਂ ਨੂੰ ਆਪਣਾ ਅਸਲ ਕੰਮ ਟਾਲਣ ਲਈ ਬਹਾਨੇ ਵਜੋਂ ਹੀ ਵਰਤ ਰਿਹਾ ਹੁੰਦਾ ਹੈ।

ਜਦੋਂ ਕੋਈ ਵਿਅਕਤੀ ਕੋਈ ਕੰਮ ਨਾ ਕਰਨਾ ਚਾਹਵੇ ਤਾਂ ਉਹ ਬਹਾਨਿਆਂ ਦੀ ਭਾਲ ਵਿੱਚ ਨਿਕਲ ਪੈਂਦਾ ਹੈ।

ਬਹਾਨੇਬਾਜ਼ਾਂ ਜਾਂ ਕੰਮ-ਚੋਰਾਂ ਦੀ ਕੁਦਰਤ ਵੀ ਮੱਦਦ ਕਰਦੀ ਹੈ।

ਜੇ ਉਹ ਪੜ੍ਹਨਾ ਨਹੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਵਿੱਚੋਂ ਹੀ ਬਹਾਨੇ ਮਿਲ ਜਾਣਗੇ। ਜਿਵੇਂ ਅੱਜ ਅਠਾਈ ਤਾਰੀਖ਼ ਹੈ, ਪਹਿਲੀ ਤੋਂ ਪੜ੍ਹਨਾ ਸ਼ੁਰੂ ਕਰਾਂਗੇ; ਪਹਿਲੀ ਨੂੰ ਸ਼ਨਿੱਚਰਵਾਰ ਹੈ, ਸੋਮਵਾਰ ਪੜ੍ਹਨਾ ਸ਼ੁਰੂ ਕਰਾਂਗੇ, ਸੋਮਵਾਰ ਖੇਡਾਂ ਹਨ, ਖੇਡਾਂ ਤੋਂ ਬਾਅਦ ਪੜ੍ਹਨਾ ਸ਼ੁਰੂ ਕਰਾਂਗੇ; ਕਿਤਾਬ ਨਹੀਂ ਮੁੜੀ, ਕਿਤਾਬ ਮੁੜਨ ਉੱਤੇ ਪੜ੍ਹਾਂਗੇ; ਕਿਸੇ ਵਿਆਹ ਦਾ ਕਾਰਡ ਆ ਗਿਆ ਹੈ, ਵਿਆਹ ਤੋਂ ਬਾਅਦ ਪੜ੍ਹਾਂਗੇ; ਜ਼ੁਕਾਮ ਹੋ ਗਿਆ ਹੈ, ਠੀਕ ਹੋਣ ਬਾਅਦ ਹੀ ਪੜ੍ਹਾਂਗੇ; ਕਿਸੇ ਜਾਣੂ ਦਾ ਐਕਸੀਡੈਂਟ ਹੋ ਗਿਆ ਹੈ, ਆਪਣੇ ਆਪ ਨੂੰ ਉਹ ਕਹਿੰਦਾ ਹੈ, ਲੋਕ ਕੀ ਕਹਿਣਗੇ 'ਦੋਸਤ ਦਾ ਐਕਸੀਡੈਂਟ ਹੋ ਗਿਆ ਹੈ ਅਤੇ ਇਸ ਨੂੰ ਪੜ੍ਹਨ ਦੀ ਪਈ ਹੋਈ ਹੈ।' ਇਵੇਂ ਬਹਾਨੇ ਲਾ ਕੇ ਕੰਮ ਟਾਲਣ ਦਾ ਇਹ ਸਿਲਸਿਲਾ ਜੀਵਨ ਦੇ ਹਰ ਖੇਤਰ ਵਿੱਚ ਨਿਰੰਤਰ ਚੱਲਦਾ ਰਹਿੰਦਾ ਹੈ।

ਇਹੀ ਕਾਰਨ ਹੈ ਕਿ ਵੇਖਣ ਨੂੰ ਸਾਰੇ ਲੋਕ ਰੁੱਝੇ ਹੋਏ ਪ੍ਰਤੀਤ ਹੁੰਦੇ ਹਨ, ਪਰ ਕੰਮ ਕੋਈ ਵੀ ਨਹੀਂ ਹੋ ਰਿਹਾ ਹੁੰਦਾ।

ਹੁਣ ਬਹਾਨੇ ਲਾਉਣਾ ਇੱਕ ਮਜਬੂਰੀ ਬਣਾ ਲਿਆ ਗਿਆ ਹੈ।

ਬਹਾਨੇਬਾਜ਼ ਵਿਹਲੇ ਨਹੀਂ ਬਹਿੰਦੇ। ਬਹਾਨੇਬਾਜ਼ ਉਹ ਵਿਅਕਤੀ ਹੁੰਦੇ ਹਨ, ਜਿਹੜੇ ਆਪਣੇ ਅਸਲ ਕੰਮ ਤੋਂ ਬਚਣਾ ਚਾਹੁੰਦੇ ਹਨ।

ਕਈ ਵਾਰੀ ਆਪਣੀਆਂ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਬੱਚਣ ਲਈ ਅਨੇਕਾਂ ਲੋਕ ਪੂਜਾ-ਪਾਠ ਕਰਨ ਵਿੱਚ ਰੁੱਝ ਜਾਂਦੇ ਹਨ।

ਸੱਚ ਤਾਂ ਇਹ ਹੈ ਕਿ ਹਰ ਇੱਕ ਕੰਮ ਨੂੰ ਇੱਕ ਸਮੱਸਿਆ ਸਮਝਿਆ ਜਾਣ ਲੱਗ ਪਿਆ ਹੈ। ਜਿਹੜਾ ਵਿਅਕਤੀ 'ਸਮੱਸਿਆ' ਸ਼ਬਦ ਦੀ ਵਧੇਰੇ ਵਰਤੋਂ ਕਰਦਾ ਹੈ, ਉਹ ਉਸੇ ਅਨੁਪਾਤ ਵਿੱਚ ਬਹਾਨੇਬਾਜ਼ ਹੁੰਦਾ ਹੈ।

ਕਿਸੇ ਨੂੰ ਖਾਣ ਲਈ ਜਾਂ ਸੌਣ ਲਈ ਕਹਿਣ ਦੀ ਲੋੜ ਨਹੀਂ ਪਵੇਗੀ ਪਰ ਕਿਸੇ ਨੂੰ ਕੰਮ ਲਈ ਕਹੋ, ਉਹ ਤੁਹਾਨੂੰ ਆਪਣਾ ਦੁਸ਼ਮਣ ਸਮਝਣ ਲੱਗ ਪਵੇਗਾ।

ਹੈਰਾਨੀ ਦੀ ਗੱਲ ਹੈ ਕਿ ਹਰ ਇੱਕ ਨੂੰ ਭੁਲੇਖਾ ਹੈ ਕਿ ਉਹ ਬੜਾ ਮਿਹਨਤੀ ਹੈ ਪਰ ਬਾਕੀ ਸਾਰੇ ਕੰਮ-ਚੋਰ ਹਨ।

ਗੱਲਬਾਤ ਦੌਰਾਨ ਕਿਸੇ ਵਿਅਕਤੀ ਦੇ ਦਸ ਵਾਕ ਸੁਣੋ, ਉਨ੍ਹਾਂ ਵਿੱਚੋਂ ਅੱਠ ਵਾਕ ਦੂਜਿਆਂ ਵਿਰੁੱਧ ਸ਼ਿਕਾਇਤਾਂ ਹੋਣਗੀਆਂ।

ਅਸੀਂ ਪ੍ਰਸ਼ੰਸਾ ਤਾਂ ਆਪ ਲੈਣੀ ਚਾਹੁੰਦੇ ਹਾਂ ਪਰ ਦੋਸ਼ ਦੂਜਿਆਂ ਸਿਰ ਮੜ੍ਹਦੇ ਹਾਂ।

ਆਪਣੇ ਆਪ ਬਾਰੇ ਅਸਲੀਅਤ ਜਾਣਨ ਲਈ ਚੰਗਾ ਹੋਵੇਗਾ ਕਿ ਜੇ ਅਸੀਂ ਆਪਣੇ ਆਪ ਨੂੰ ਆਪਣੇ ਵਿਰੋਧੀਆਂ ਦੀ ਨਜ਼ਰ ਨਾਲ ਵੇਖੀਏ।

ਲਗਭਗ ਸਭ ਬਹਾਨਿਆਂ ਦਾ ਸਰੋਤ, ਸਮੇਂ ਦੇ ਮਹੱਤਵ ਪ੍ਰਤੀ ਸਾਡਾ ਨਿਰੰਤਰ ਅਵੇਸਲਾਪਣ ਹੁੰਦਾ ਹੈ।

ਜਿਹੜੇ ਲੋਕ ਸਵੇਰੇ-ਸੁਵੱਖਤੇ ਉੱਠਦੇ ਹਨ, ਉਨ੍ਹਾਂ ਨੂੰ ਬਹਾਨੇ ਲਾਉਣ ਦੀ ਲੋੜ ਨਹੀਂ ਪੈਂਦੀ ਪਰ ਜਿਹੜਾ ਜਾਗਣ ਵਿੱਚ ਸੁੱਸਤ ਹੁੰਦਾ ਹੈ, ਉਹ ਸਭ ਥਾਂਵਾਂ 'ਤੇ ਬਹਾਨੇ ਲਾਉਣ ਵਿੱਚ ਚੁੱਸਤ ਹੋਵੇਗਾ।

ਸਵੇਰੇ ਉੱਠੇਗਾ ਹੀ ਉਹ, ਜਿਹੜਾ ਸੁਚੇਤ ਹੈ, ਜ਼ਿੰਦਗੀ ਮਾਣਨੀ ਚਾਹੁੰਦਾ ਹੈ, ਕੁਝ ਕਰਨਾ ਚਾਹੁੰਦਾ ਹੈ ਅਤੇ ਜ਼ਿੰਦਗੀ ਵਿੱਚ ਸਫ਼ਲ ਹੋਣਾ ਚਾਹੁੰਦਾ ਹੈ।

ਸਮੇਂ ਸਿਰ ਕੰਮ ਕਰਨ ਨਾਲ ਕੰਮ ਨਿਬੜ ਜਾਂਦੇ ਹਨ, ਹੋਰ ਕੰਮ ਕਰਨ ਲਈ ਉਤਸ਼ਾਹ ਜਾਗਦਾ ਹੈ, ਕੰਮ ਵਿੱਚ ਨਿਪੁੰਨਤਾ ਆਉਂਦੀ ਹੈ, ਜੀਵਨ ਦੇ ਡੂੰਘੇ ਅਤੇ ਵਿਸ਼ਾਲ ਅਰਥ ਸਮਝ ਆਉਂਦੇ ਹਨ, ਜ਼ਿੰਮੇਵਾਰੀ ਦੀ ਭਾਵਨਾ ਜਾਗਦੀ ਹੈ, ਆਲਾ-ਦੁਆਲਾ ਚੰਗਾ ਲਗਦਾ ਹੈ, ਗੁੜ ਦੇ ਪਤਾਸੇ ਵੀ ਸੁਆਦ ਲੱਗਦੇ ਹਨ।

ਜਿਹੜਾ ਵਕਤ ਦਾ ਪਾਬੰਦ ਹੈ, ਉਸ ਨੂੰ ਉਧਾਰ ਲੈਣ ਦੀ ਲੋੜ ਨਹੀਂ ਪਵੇਗੀ।

ਅਜਿਹਾ ਵਿਅਕਤੀ ਹੀ ਕਿਸੇ ਦੇ ਕੰਮ ਆਉਣ ਦੀ ਮੌਜ ਮਾਣ ਸਕਦਾ ਹੈ।

ਕਿਰਾਏਦਾਰਾਂ ਦੇ ਕਰਾਇਆ ਦੇਣ ਸਬੰਧੀ ਬਹਾਨੇ, ਉਧਾਰ ਲੈਣ ਵਾਲਿਆਂ ਵੱਲੋਂ ਭੁਗਤਾਨ ਕਰਨ ਸਬੰਧੀ ਬਹਾਨੇ ਅਤੇ ਕਰਜ਼ਾ ਲੈਣ ਵਾਲਿਆਂ ਵੱਲੋਂ ਅਦਾਇਗੀ ਸਬੰਧੀ ਬਹਾਨੇ, ਵਿਸ਼ਵ-ਵਿਆਪੀ ਪੱਧਰ 'ਤੇ ਜਾਣੇ-ਪਛਾਣੇ ਹਨ।

ਪ੍ਰੇਮੀ ਬਹਾਨੇ ਨਹੀਂ ਲਾਉਂਦੇ, ਲਾਰੇ ਲਾਉਂਦੇ ਹਨ।

ਚੀਨੀ ਅਖਾਣ ਹੈ: ਤੁਸੀਂ ਕਿਤਨਾ ਕੰਮ ਕਰੋਗੇ, ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਅੱਜ ਤੱਕ ਤੁਸੀਂ ਕਿਤਨਾ ਕੰਮ ਕੀਤਾ ਹੈ।

ਇਵੇਂ ਹੀ, ਤੁਸੀਂ ਜਿਨਾ ਵੱਧ ਕੰਮ ਕਰੋਗੇ, ਉਤਨਾ ਹੀ ਵਧੇਰੇ ਕਰ ਸਕੋਗੇ।

ਬਹਾਨਿਆਂ ਨਾਲ ਸਾਡੇ ਅਨੁਭਵ ਦਾ ਕੱਦ-ਕਾਠ ਸੁੰਗੜ ਜਾਂਦਾ ਹੈ ਅਤੇ ਅਸੀਂ ਆਪਣੀਆਂ ਹੀ ਨਜ਼ਰਾਂ ਵਿੱਚ ਡਿੱਗ ਪੈਂਦੇ ਹਾਂ।

ਬਹਾਨੇ ਨਾ ਲਾਉਣ ਦਾ ਸੰਕਲਪ ਕਰ ਵੇਖੋ, ਤੁਹਾਡੀ ਕਾਰ-ਗੁਜ਼ਾਰੀ ਵਿੱਚੋਂ ਪਿਆਰ ਕਰਨ ਅਤੇ ਚੁੰਮਣ ਦੇ ਵਾਅਦੇ ਦੀ ਖੁਸ਼ਬੋ ਆਉਣ ਲੱਗ ਪਵੇਗੀ ਅਤੇ ਤੁਹਾਡੇ ਬਗੀਚੇ ਵਿਚ ਬੇ-ਰੁੱਤੇ ਫੁੱਲ ਵੀ ਉੱਗ ਪੈਣਗੇ।

ਮਹਿਮਾਨ

ਸਾਰੇ ਮਹਿਮਾਨ ਸਾਨੂੰ ਖੁਸ਼ੀ ਦਿੰਦੇ ਹਨ, ਕੁਝ ਆ ਕੇ ਅਤੇ ਕੁਝ ਜਾ ਕੇ, ਕੁਝ ਮਿਲ ਕੇ ਅਤੇ ਕੁਝ ਵਿੱਛੜ ਕੇ, ਕੁਝ ਸਾਡੇ ਕੋਲ ਰਹਿ ਕੇ ਅਤੇ ਕੁਝ ਸਾਨੂੰ ਆਪਣੇ ਕੋਲ ਰਹਿਣ ਵਾਸਤੇ ਆਉਣ ਲਈ ਕਹਿ ਕੇ।

ਜਦੋਂ ਘਰ ਵਿੱਚ ਕੋਈ ਸਮਾਗਮ ਹੋਵੇ ਅਤੇ ਉੱਪਰੋਂ ਕੋਈ ਮਹਿਮਾਨ ਆ ਜਾਵੇ, ਉਹ ਵਧੇਰੇ ਸੋਹਣਾ ਪ੍ਰਤੀਤ ਹੁੰਦਾ ਹੈ ਪਰ ਜੇ ਕਿਸੇ ਜੋੜੇ ਦਾ ਨਵਾਂ-ਨਵਾਂ ਵਿਆਹ ਹੋਇਆ ਹੋਵੇ ਅਤੇ ਕੋਈ ਮਹਿਮਾਨ ਆ ਜਾਵੇ ਤਾਂ ਉਸ ਦੀ ਹਰ ਗੱਲ ਉਦਾਸ ਕਰਦੀ ਹੈ, ਉਸ ਦੇ ਹਰ ਲਤੀਫ਼ੇ ਉੱਤੇ ਸੁਣਨ ਵਾਲੇ ਹੱਸਣ ਦੀ ਥਾਂ ਉਬਾਸੀਆਂ ਲੈਂਦੇ ਹਨ।

ਮੌਕੇ ਅਤੇ ਮਹਿਮਾਨ ਦਾ ਸਬੰਧ ਬੜਾ ਗੂੜ੍ਹਾ ਹੈ।

ਹਰ ਸਭਿਆਚਾਰ ਦੇ ਲੋਕਾਂ ਨੂੰ ਇਹ ਭਰਮ ਹੁੰਦਾ ਹੈ ਕਿ ਉਨ੍ਹਾਂ ਜਿਹਾ ਮਹਿਮਾਨ-ਨਿਵਾਜ਼ ਇਸ ਦੁਨੀਆਂ ਦੇ ਤੱਖਤੇ ਉੱਤੇ ਕੋਈ ਨਹੀਂ। ਇਹ ਲੋਕ ਖਾਤਰਦਾਰੀ ਦੀਆਂ ਇੱਕ ਦੋ ਮਿਸਾਲਾਂ ਜਾਂ ਪ੍ਰਸਿੱਧ ਉਦਾਹਰਣਾਂ ਵਾਰ-ਵਾਰ ਦੁਹਰਾਉਂਦੇ ਹਨ।

ਅਸਲ ਵਿੱਚ ਇਹ ਮਹਿਮਾਨ 'ਤੇ ਨਿਰਭਰ ਕਰਦਾ ਹੈ ਕਿ ਉਸ ਦੀ ਖਾਤਰ ਕਰ ਕੇ ਅਸੀਂ ਪ੍ਰਸੰਨ ਹੁੰਦੇ ਹਾਂ ਕਿ ਦੁਖੀ।

ਕੁਝ ਮਹਿਮਾਨ ਸਾਡੇ ਲਾਡਲੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਮਿਲ ਕੇ ਸਾਡੀ ਰੂਹ ਤੱਕ ਇਸ਼ਨਾਨ ਕਰ ਲੈਂਦੀ ਹੈ। ਅਜਿਹੇ ਮਹਿਮਾਨਾਂ ਸਾਹਮਣੇ ਅਸੀਂ ਉਹ ਚੀਜ਼ਾਂ ਧਰਦੇ ਹਾਂ, ਜਿਨ੍ਹਾਂ ਲਈ ਅਸੀਂ ਆਪਣੇ ਆਪ ਨੂੰ ਵੀ ਕਦੇ ਯੋਗ ਨਹੀਂ ਸਮਝਿਆ ਹੁੰਦਾ।

ਅਜਿਹੇ ਮਹਿਮਾਨਾਂ ਨੂੰ ਵੇਖ ਕੇ ਹੀ ਸਾਡੇ ਚਿਹਰੇ ਉੱਤੇ ਮਾਲ ਗੱਡੀ ਜਿੰਨੀ ਲੰਮੀ ਮੁਸਕਰਾਹਟ ਪਸਰ ਜਾਂਦੀ ਹੈ ਪਰ ਕਈ ਮਹਿਮਾਨ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਨੂੰ ਵੇਖਦਿਆਂ ਹੀ ਸਾਡਾ ਦਹਾੜ ਮਾਰਨ ਨੂੰ ਦਿਲ ਕਰਦਾ ਹੈ।

ਅਜਿਹੇ ਮਹਿਮਾਨਾਂ ਦੀ ਹਾਜ਼ਰੀ ਵਿੱਚ ਸਾਨੂੰ ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਸਾਨੂੰ ਕੋਈ ਕੰਡਿਆਂ ਉੱਤੇ ਧਰੂਹ ਰਿਹਾ ਹੋਵੇ ਜਾਂ ਕੋਈ ਕੇਵਲ ਮਿਰਚਾਂ ਖਾਣ ਲਈ ਕਹਿ ਰਿਹਾ ਹੋਵੇ। ਅਜਿਹੇ ਮਹਿਮਾਨਾਂ ਨੂੰ ਵੇਖਦਿਆਂ ਹੀ ਅਸੀਂ ਲੁੱਕ-ਛਿਪ ਜਾਣਾ ਚਾਹੁੰਦੇ ਹਾਂ।

ਅਜਿਹੇ ਮਹਿਮਾਨਾਂ ਦੀ ਹਾਜ਼ਰੀ ਵਿੱਚ ਸਾਨੂੰ ਆਪਣੇ ਆਪ 'ਤੇ ਖਿਝ ਆਉਣ ਲੱਗ

ਪੈਂਦੀ ਹੈ ਅਤੇ ਅਸੀਂ ਆਪਣੇ ਹੀ ਬੱਚਿਆਂ ਨੂੰ ਕਮਰੇ ਅੰਦਰ ਲਿਜਾ ਕੇ ਮਾਰਨ-ਕੁੱਟਣ ਲੱਗ ਪੈਂਦੇ ਹਾਂ। ਅਜਿਹੇ ਮਹਿਮਾਨਾਂ ਦੀ ਹਾਜ਼ਰੀ ਵਿੱਚ ਪਤੀ-ਪਤਨੀ ਇਸ਼ਾਰਿਆਂ ਨਾਲ ਵਿਰਲਾਪ ਕਰਦੇ ਹਨ।

ਚੰਗੇ ਮਹਿਮਾਨ ਦੀ ਪਛਾਣ ਇਹ ਹੁੰਦੀ ਹੈ ਕਿ ਉਸ ਨਾਲ ਸਾਨੂੰ ਆਪਣਾ ਘਰ ਭਰਿਆ-ਭਰਿਆ ਪ੍ਰਤੀਤ ਹੁੰਦਾ ਹੈ। ਅਜਿਹਾ ਮਹਿਮਾਨ ਸਾਨੂੰ ਕੋਈ ਨਵਾਂ ਅਨੁਭਵ ਦੇ ਜਾਂਦਾ ਹੈ ਜਾਂ ਜੀਵਨ ਦਾ ਕੋਈ ਨਵਾਂ ਦੁਮੇਲ ਉਜਾਗਰ ਕਰ ਜਾਂਦਾ ਹੈ। ਉਸ ਦੀ ਹਾਜ਼ਰੀ ਵਿੱਚ ਸਾਨੂੰ ਆਪਣੇ ਘਰ ਦੇ ਕੱਚੇ ਬਨੇਰੇ ਵੀ ਸੋਨੇ ਦੇ ਪ੍ਰਤੀਤ ਹੋਣ ਲੱਗ ਪੈਂਦੇ ਹਨ ਅਤੇ ਸਾਨੂੰ ਸੰਸਾ ਲੱਗਿਆ ਰਹਿੰਦਾ ਹੈ ਕਿ ਕਿਧਰੇ ਉਹ ਚਲਾ ਨਾ ਜਾਵੇ।

ਭੈੜੇ ਮਹਿਮਾਨ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਉਸ ਸਾਹਮਣੇ ਸਾਡੇ ਆਪਣੇ ਹੀ ਹੱਥੋਂ ਸਾਡੀਆਂ ਆਪਣੀਆਂ ਹੀ ਚੀਜ਼ਾਂ ਟੁੱਟਣ-ਭੱਜਣ ਲੱਗ ਪੈਂਦੀਆਂ ਹਨ ਅਤੇ ਸਾਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਬੀਮਾਰ ਹੋਈਏ ਅਤੇ ਕੋਈ ਮਲੋਮਲੀ ਸਾਡੇ ਕੰਧਾੜੇ ਚੜ੍ਹ ਕੇ ਸਾਡੀਆਂ ਕੁਤ-ਕੁਤਾੜੀਆਂ ਕੱਢਣ ਲੱਗ ਪਵੇ।

ਭੈੜਾ ਮਹਿਮਾਨ ਉਹ ਹਰਕਤਾਂ ਵਾਰ-ਵਾਰ ਕਰੇਗਾ, ਜਿਨ੍ਹਾਂ ਨਾਲ ਸਾਨੂੰ ਵਿਸ਼ੇਸ਼ ਤੌਰ 'ਤੇ ਚਿੜ੍ਹ ਹੁੰਦੀ ਹੈ ਅਤੇ ਸਾਡੇ ਦਿਲ ਨੂੰ ਸੰਸਾ ਲੱਗਿਆ ਰਹਿੰਦਾ ਹੈ ਕਿ ਇਹ ਜਾਂਦਾ ਕਿਉਂ ਨਹੀਂ, ਇਹ ਕਦੋਂ ਜਾਵੇਗਾ?

ਹਰ ਘਰ ਵਿੱਚ ਸਬਰ, ਸੰਕੋਚ ਅਤੇ ਸਲੀਕੇ ਦੀ ਇੱਕ ਪੱਧਰ ਅਤੇ ਹੱਦ ਹੁੰਦੀ ਹੈ।

ਜਿਹੜੇ ਮਹਿਮਾਨ ਇਸ ਹੱਦ ਵਿੱਚ ਰਹਿਣ, ਉਹ ਪ੍ਰਵਾਨ ਕੀਤੇ ਜਾਂਦੇ ਹਨ ਅਤੇ ਜਿਹੜੇ ਇਸ ਪੱਧਰ ਤੋਂ ਥੱਲੇ ਚਲੇ ਜਾਣ, ਉਨ੍ਹਾਂ ਤੋਂ ਕੇਵਲ ਥਕੇਵਾਂ, ਤਿਊੜੀਆਂ, ਮਾਯੂਸੀ ਅਤੇ ਝੁੰਜਲਾਹਟ ਹੀ ਪ੍ਰਾਪਤ ਹੁੰਦੀ ਹੈ।

ਸਾਡੇ ਸਭਿਆਚਾਰ ਵਿੱਚ ਮਹਿਮਾਨ-ਨਿਵਾਜ਼ੀ ਦਾ ਕੋਈ ਸੁਲਝਿਆ ਹੋਇਆ ਸਪੱਸ਼ਟ ਅਤੇ ਨਿਸ਼ਚਿਤ ਸੰਕਲਪ ਨਹੀਂ ਹੈ।

ਬਹੁਤੇ ਮਹਿਮਾਨ ਬੇਵਕਤੇ ਅਤੇ ਬਿਨ-ਦੱਸੇ ਹੀ ਆਉਂਦੇ ਹਨ।

ਸਾਡੇ ਕੋਲ ਬਰਾਤ ਦਾ ਸੰਕਲਪ ਤਾਂ ਹੈ, ਮਹਿਮਾਨ ਦਾ ਨਹੀਂ। ਇਸੇ ਕਰਕੇ ਅਸੀਂ ਹਰ ਮਹਿਮਾਨ ਦੀ ਬਰਾਤੀ ਵਾਲੀ ਸੇਵਾ ਕਰਨ ਲੱਗ ਪੈਂਦੇ ਹਾਂ। ਬਰਾਤੀਆਂ ਦੀ ਬਿਰਤੀ ਅਸਲ ਵਿੱਚ ਬੀਮਾਰਾਂ ਅਤੇ ਲੂਲ੍ਹੇ-ਲੰਗੜੇ ਵਿਅਕਤੀਆਂ ਵਾਲੀ ਹੁੰਦੀ ਹੈ। ਉਹ ਹਿੱਲਦੇ-ਜੁਲਦੇ ਨਹੀਂ, ਜਾਂ ਬੈਠਦੇ ਹਨ ਜਾਂ ਲੇਟਦੇ ਹਨ।

ਬਰਾਤ ਭਾਵੇਂ ਕਿਤਨੀ ਵੀ ਚੰਗੀ ਹੋਵੇ, ਘਰ ਵਾਲੇ ਇਹੀ ਚਾਹੁੰਦੇ ਹਨ ਕਿ ਹੁਣ ਇਹ ਜਾਵੇ ਅਤੇ ਸਾਨੂੰ ਸਾਹ ਸੌਖਾ ਆਵੇ।

ਉਹ ਮਹਿਮਾਨ ਬੜਾ ਬੋਝ ਹੁੰਦੇ ਹਨ, ਜਿਨ੍ਹਾਂ ਨਾਲ ਸਾਡਾ ਰਿਸ਼ਤਾ ਹੀ ਉਚੇਚ ਵਾਲਾ

ਹੋਵੇ। ਨਾ ਤਾਂ ਅਸੀਂ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਾਂ ਕਰ ਸਕਦੇ ਹਾਂ ਅਤੇ ਨਾ ਹੀ ਉਨ੍ਹਾਂ ਦੀ ਕੋਈ ਗੱਲ ਸਾਡੇ ਕੰਨਾਂ ਨੂੰ ਰਸ ਦਿੰਦੀ ਹੈ।

ਅਜਿਹੇ ਮਹਿਮਾਨਾਂ ਦੀ ਸੇਵਾ ਅਸੀਂ ਇੰਜ ਕਰਦੇ ਹਾਂ, ਜਿਵੇਂ ਸਾਡਾ ਘਰ ਹਸਪਤਾਲ ਹੋਵੇ ਅਤੇ ਮਹਿਮਾਨ ਮਰੀਜ਼ ਹੋਵੇ ਅਤੇ ਅਸੀਂ ਕਰਮਚਾਰੀ ਹੋਈਏ ।

ਅਜਿਹੇ ਮਹਿਮਾਨਾਂ ਦੀ ਤੁਹਾਡੇ ਘਰ ਆ ਕੇ ਤਬੀਅਤ ਖਰਾਬ ਹੋ ਜਾਵੇਗੀ।

ਅਜਿਹੇ ਮਹਿਮਾਨ ਦੇ ਰਹਿ ਕੇ ਚਲੇ ਜਾਣ ਉਪਰੰਤ, ਸਾਨੂੰ ਆਪਣਾ ਹੀ ਘਰ ਇੱਕ ਅਸਤਬਲ ਪ੍ਰਤੀਤ ਹੁੰਦਾ ਹੈ।

ਸਾਡੇ ਸਭਿਆਚਾਰ ਵਿੱਚ ਵੀ ਦੂਜੇ ਸਭਿਆਚਾਰਾਂ ਵਾਂਗ, ਹਰ ਕਿਸੇ ਵਿਚ ਬਰਾਤੀ ਬਣਨ ਦਾ ਬੜਾ ਸ਼ੌਕ ਹੈ। ਜੇ ਆਪਣੇ ਸਭਿਆਚਾਰ ਨੂੰ ਇੱਕ ਹੀ ਵਾਕ ਵਿੱਚ ਬਿਆਨ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਾਡਾ ਸਭਿਆਚਾਰ ਭੁੱਖ-ਨੰਗ ਦਾ ਸਭਿਆਚਾਰ ਹੈ। ਇਹੀ ਕਾਰਨ ਹੈ ਕਿ ਸਾਡੇ ਹਰ ਸਮਾਗਮ ਵਿੱਚ ਨੰਗ ਨੂੰ ਢੱਕਣ ਵਾਲੇ ਕੱਪੜੇ ਅਤੇ ਭੁੱਖ ਨੂੰ ਸ਼ਾਂਤ ਕਰਨ ਵਾਲਾ ਭੋਜਨ ਪ੍ਰਧਾਨ ਹੁੰਦੇ ਹਨ।

ਕਿਸੇ ਦੇ ਘਰ ਖਾਲੀ ਹੱਥ ਨਾ ਜਾਣ ਪਿੱਛੇ ਵੀ ਇਹੀ ਭਾਵਨਾ ਹੁੰਦੀ ਹੈ।

ਸਾਡੇ ਬਹੁਤੇ ਤੋਹਫ਼ੇ ਵੀ ਜਾਂ ਖਾਣ ਵਾਲੀਆਂ ਚੀਜ਼ਾਂ ਹੁੰਦੀਆਂ ਹਨ ਜਾਂ ਪਹਿਨਣ ਵਾਲੇ ਕੱਪੜੇ। ਇਹ ਦੋ ਭੁੱਖਾਂ ਇਤਨੀਆਂ ਬਲਵਾਨ ਹਨ ਕਿ ਸਾਡਾ ਸਭਿਆਚਾਰਕ ਵਰਤਾਰਾ ਇਨ੍ਹਾਂ ਉੱਤੇ ਕੇਂਦਰਿਤ ਹੋ ਗਿਆ ਹੈ।

ਵਿਆਹ ਦੇ ਭੋਜਨ ਅਤੇ ਸਾਡੇ ਘਰਾਂ ਵਿੱਚ ਆਮ ਦਿਨਾਂ ਦੇ ਭੋਜਨ ਉੱਤੇ ਨਜ਼ਰ ਮਾਰੀਏ ਤਾਂ ਅੰਤਰ ਜ਼ਮੀਨ-ਅਸਮਾਨ ਦਾ ਪ੍ਰਤੀਤ ਹੋਵੇਗਾ ।ਜਦੋਂ ਤੱਕ ਸਾਡੇ ਘਰਾਂ ਵਿੱਚ ਆਮ ਦਿਨਾਂ ਦੇ ਭੋਜਨ ਦੀ ਪੱਧਰ ਵਿਆਹ ਵਾਲੇ ਭੋਜਨ ਦੇ ਬਰਾਬਰ ਨਹੀਂ ਪਹੁੰਚਦੀ, ਬਰਾਤੀਆਂ ਦੀ ਗਿਣਤੀ ਘਟਾਉਣ ਦੇ ਸਾਰੇ ਯਤਨ ਅਸਫਲ ਰਹਿਣਗੇ।

ਜਦੋਂ ਤੱਕ ਸਾਡਾ ਪਰਿਵਾਰ ਵਿਆਹ ਵਿੱਚ ਮਿਲਣ ਵਾਲੇ ਕੱਪੜਿਆਂ ਦੀ ਪੱਧਰ ਉੱਤੇ ਨਹੀਂ ਅੱਪੜਦਾ, ਦਾਜ ਅਤੇ ਵਰੀ ਦੀ ਪ੍ਰਥਾ ਬਣੀ ਰਹੇਗੀ।

ਦੂਜੇ ਸ਼ਬਦਾਂ ਵਿੱਚ ਜਦੋਂ ਤੱਕ ਭੁੱਖ ਅਤੇ ਨੰਗ ਦਾ ਖਾਤਮਾ ਨਹੀਂ ਹੁੰਦਾ, ਸਾਡੇ ਵਿਆਹਾਂ ਉੱਤੇ ਫਜ਼ੂਲਖਰਚੀ ਜਾਰੀ ਰਹੇਗੀ।

ਕਿਸੇ ਮਹਿਮਾਨ ਦੇ ਆਉਣ ਉੱਤੇ ਸਭ ਕੁਝ ਵਿਸ਼ੇਸ਼ ਤੌਰ ਉੱਤੇ ਬਣਾਉਣਾ ਅਤੇ ਉਸ ਵੇਲੇ ਕਿਸੇ ਨੂੰ ਬਾਜ਼ਾਰ ਭੇਜਣਾ ਗੁਣ ਨਹੀਂ, ਔਗੁਣ ਹੈ।

ਜਦੋਂ ਤੱਕ ਸਾਡਾ ਗਿਆਨ ਵਿਸ਼ਾਲ ਨਹੀਂ ਹੁੰਦਾ ਅਤੇ ਅਸੀਂ ਦਿਲਚਸਪ ਗੱਲਬਾਤ ਕਰਨ ਦਾ ਹੁਨਰ ਨਹੀਂ ਸਿੱਖਦੇ, ਭਰੀਆਂ ਪਲੇਟਾਂ ਨਾਲ ਅਸੀਂ ਆਪਣੇ ਖਾਲੀ ਦਿਮਾਗਾਂ ਨੂੰ ਢਕਣ ਦਾ ਚਲਿੱਤਰ ਕਰਦੇ ਰਹਾਂਗੇ। ਕਿਉਂਕਿ ਮਹਿਮਾਨਾਂ ਨੂੰ ਦੇਣ ਲਈ ਸਾਡੇ ਕੋਲ ਬਾਜ਼ਾਰੋਂ

ਖਰੀਦੇ ਖਾਣ-ਪੀਣ ਦੇ ਸਾਮਾਨ ਤੋਂ ਇਲਾਵਾ ਕੁਝ ਨਹੀਂ ਹੁੰਦਾ, ਇਸੇ ਲਈ ਅਸੀਂ ਮੁੜ-ਮੁੜ ਪਲੇਟਾਂ ਚੁੱਕ-ਚੁੱਕ ਉਨ੍ਹਾਂ ਅੱਗੇ ਕਰਦੇ ਹਾਂ। ਹਲਵਾਈ ਦੀ ਦੁਕਾਨ ਵੱਲ ਅਸੀਂ ਮਹਿਮਾਨਾਂ ਦੇ ਆਉਣ ਉੱਤੇ ਹੀ ਜਾਂਦੇ ਹਾਂ ਅਤੇ ਆਮ ਕਰਕੇ ਮਹਿਮਾਨਾਂ ਦੇ ਜਾਂਦਿਆਂ ਹੀ, ਸਭ ਕੁਝ ਆਪਸ ਵਿੱਚ ਲੁੱਟ ਲੈਂਦੇ ਹਾਂ।

ਅਨੁਮਾਨ ਲਗਾਓ, ਖਾਣ ਵਾਲਾ ਇਹ ਸਾਮਾਨ ਖਤਮ ਹੁੰਦਿਆਂ ਹੀ ਜੇ ਕੋਈ ਹੋਰ ਮਹਿਮਾਨ ਆ ਜਾਣ ਤਾਂ ਉਹ ਕਿਹੋ ਜਿਹੇ ਪ੍ਰਤੀਤ ਹੋਣਗੇ?

ਜਿਹੜੇ ਘਰਾਂ ਵਿੱਚ ਨੌਕਰ ਰੱਖਣ ਦੀ ਸਮਰੱਥਾ ਅਤੇ ਸਲੀਕਾ ਨਾ ਹੋਣ ਦੇ ਬਾਵਜੂਦ ਜੇ ਨੌਕਰ ਰੱਖਿਆ ਗਿਆ ਹੋਵੇ, ਉੱਥੇ ਸਥਿਤੀ ਹਾਸੋਹੀਣੀ ਹੋ ਨਿਬੜਦੀ ਹੈ। ਅਜਿਹੇ ਘਰਾਂ ਵਿੱਚ ਸਿਹਤ ਨੌਕਰ ਦੀ ਹੀ ਠੀਕ ਹੁੰਦੀ ਹੈ, ਬਾਕੀ ਸਾਰੇ ਬੀਮਾਰ ਹੀ ਹੁੰਦੇ ਹਨ। ਅਜਿਹੇ ਲੋਕ ਮਹਿਮਾਨਾਂ ਨਾਲ ਵੀ ਆਪਣੇ ਨੌਕਰਾਂ ਬਾਰੇ ਹੀ ਗੱਲਬਾਤ ਕਰਦੇ ਹਨ।

ਇੱਕ ਵਾਰੀ ਜਦੋਂ ਇੱਕ ਵਿਅਕਤੀ ਨੇ ਪਤਨੀ ਦੀ ਗੈਰਹਾਜ਼ਰੀ ਵਿੱਚ, ਆਏ ਮਹਿਮਾਨਾਂ ਲਈ ਆਪ ਚਾਹ ਬਣਾ ਕੇ ਲਿਆਂਦੀ ਤਾਂ ਮਹਿਮਾਨਾਂ ਵਿੱਚੋਂ ਇੱਕ ਨੇ ਕਿਹਾ,"ਤੁਸੀਂ ਚਾਹ ਬਣਾਉਣ ਅਤੇ ਲਿਆਉਣ ਲਈ ਆਪਣੇ ਨੌਕਰ ਨੂੰ ਕਿਉਂ ਨਹੀਂ ਕਿਹਾ?" ਤਾਂ ਉੱਤਰ ਮਿਲਿਆ, "ਤੁਸੀਂ ਮੇਰੇ ਨੌਕਰ ਦੇ ਨਹੀਂ, ਮੇਰੇ ਮਹਿਮਾਨ ਹੋ। ਅਸੀਂ ਆਪਣੇ ਘਰ ਵਿੱਚ ਮਹਿਮਾਨਾਂ ਨੂੰ ਨੌਕਰਾਂ ਦੇ ਹਵਾਲੇ ਨਹੀਂ ਕਰਦੇ।"

ਸਲੀਕਾ ਤਾਂ ਇਹ ਹੈ ਕਿ ਨੌਕਰ ਨੂੰ ਕਿਸੇ ਵੀ ਮਹਿਮਾਨ ਦੇ ਸਾਹਮਣੇ ਨਾ ਆਉਣ ਦਿੱਤਾ ਜਾਵੇ। ਕਿਸੇ ਮਹਿਮਾਨ ਦਾ ਸਤਿਕਾਰ ਇਸ ਗੱਲ ਵਿੱਚ ਹੈ ਕਿ ਉਸ ਨਾਲ ਵਧੇਰੇ ਤੋਂ ਵਧੇਰੇ ਸੰਪਰਕ ਰੱਖਿਆ ਅਤੇ ਸਾਥ ਮਾਣਿਆ ਜਾਵੇ ਅਤੇ ਉਸ ਲਈ ਪ੍ਰਬੰਧ ਉਸ ਦੇ ਆਉਣ ਉੱਤੇ ਨਹੀਂ, ਉਸ ਦੇ ਆਉਣ ਤੋਂ ਪਹਿਲਾਂ ਹੀ ਕਰ ਦਿੱਤਾ ਜਾਵੇ ਪਰ ਵੇਖਿਆ ਗਿਆ ਹੈ ਕਿ ਜਦੋਂ ਮਹਿਮਾਨ ਆ ਕੇ ਬੈਠਦੇ ਹਨ ਤਾਂ ਪਤਨੀ ਲੰਮੇ ਸਮੇਂ ਲਈ ਰਸੋਈ ਵਿੱਚ ਬੰਦ ਹੋ ਜਾਂਦੀ ਹੈ।

ਜੀਵਨ ਵਿੱਚ ਤੇਜ਼ੀ ਆਉਣ ਨਾਲ, ਸਮਾਂ ਸੁੰਗੜਦਾ ਜਾ ਰਿਹਾ ਹੈ।

ਬਿਨਾਂ ਸੂਚਨਾ ਦਿੱਤੇ ਆਏ ਮਹਿਮਾਨਾਂ ਨੂੰ ਸਵੀਕਾਰ ਕੀਤੇ ਜਾਣ ਦੀਆਂ ਸੰਭਾਵਨਾਵਾਂ ਸੁੰਗੜਦੀਆਂ ਜਾ ਰਹੀਆਂ ਹਨ। ਯੋਰਪ ਵਿੱਚ ਸੱਦਾ ਦਿੱਤੇ ਜਾਣ ਉੱਤੇ ਜਿਹੜਾ ਮਹਿਮਾਨ ਆਪਣੇ ਆਉਣ ਦੀ ਸੂਚਨਾ ਨਹੀਂ ਦਿੰਦਾ, ਖਾਣੇ ਲਈ ਉਸ ਦੀ ਕੁਰਸੀ ਹੀ ਨਹੀਂ ਲਾਈ ਜਾਂਦੀ ਅਤੇ ਅਚਾਨਕ ਆਏ ਮਹਿਮਾਨ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਭਾਰਤ ਵਿੱਚ ਵੀ ਅਜਿਹਾ ਹੋਵੇਗਾ।

ਹਰ ਥਾਂ ਅਤੇ ਹਰ ਘਰ-ਪਰਿਵਾਰ ਦਾ ਆਪਣੀ ਕਿਸਮ ਦਾ ਵਰਤਾਰਾ ਹੁੰਦਾ ਹੈ ਅਤੇ ਮਹਿਮਾਨ ਨੂੰ ਚਾਹੀਦਾ ਹੈ ਕਿ ਉਹ ਇਸ ਵਰਤਾਰੇ ਦਾ ਸਤਿਕਾਰ ਕਰੇ, ਭਾਵੇਂ ਅਜਿਹਾ ਕਰਦਿਆਂ ਉਸ ਨੂੰ ਔਖ ਹੀ ਹੋਵੇ।

ਇੱਕ ਵਾਰੀ ਇੱਕ ਪੇਂਡੂ ਵਿਦਿਆਰਥੀ ਨੇ ਆਪਣੇ ਸ਼ਹਿਰੀ ਵਿਦਿਆਰਥੀ-ਦੋਸਤ ਨੂੰ ਪਿੰਡ ਬੁਲਾਇਆ ਅਤੇ ਜਦੋਂ ਉਹ ਗੱਡੀ ਤੋਂ ਪਿੰਡ ਦੇ ਸ਼ਟੇਸ਼ਨ 'ਤੇ ਉੱਤਰਿਆ ਤਾਂ ਅੱਗੋਂ ਦੋਸਤ ਨੇ ਸਜੀ ਹੋਈ ਘੋੜੀ ਭੇਜੀ ਹੋਈ ਸੀ। ਫਾਸਲਾ ਬਹੁਤ ਥੋੜ੍ਹਾ ਸੀ ਅਤੇ ਸ਼ਹਿਰੀ ਦੋਸਤ ਘੋੜੀ ਉੱਤੇ ਚੜ੍ਹਨ ਤੋਂ ਝਿਜਕ ਰਿਹਾ ਸੀ ਪਰ ਨੌਕਰ ਨੇ ਕਿਹਾ ਕਿ 'ਸਰਦਾਰ ਜੀ ਨੇ ਕਿਹਾ ਹੈ ਕਿ ਤੁਸੀਂ ਘੋੜੀ ਉੱਤੇ ਬਹਿ ਕੇ ਆਓ।' ਹਵੇਲੀ ਵਿਚ ਪਹੁੰਚਣ ਉਪਰੰਤ ਪੁੱਛਣ ਉੱਤੇ ਪਿੰਡ ਵਾਲੇ ਦੋਸਤ ਨੇ ਦਸਿਆ, 'ਤੇਰੇ ਘੋੜੀ ਉੱਤੇ ਆਉਣ ਨਾਲ ਸਾਰੇ ਪਿੰਡ ਨੂੰ ਪਤਾ ਲੱਗ ਗਿਆ ਹੈ ਕਿ ਤੂੰ ਮੇਰਾ ਕਿਹੋ ਜਿਹਾ ਮਹਿਮਾਨ ਹੈਂ। ਹੁਣ ਤੂੰ ਪਿੰਡ ਵਿੱਚ ਕਿਧਰੇ ਜਾਹ, ਤੇਰਾ ਪੂਰਾ ਮਾਣ-ਸਤਿਕਾਰ ਹੋਵੇਗਾ।'

ਸਪੱਸ਼ਟ ਹੈ ਕਿ ਹਰ ਸਭਿਆਚਾਰ ਵਿੱਚ ਮਹਿਮਾਨ ਦਾ ਰੁੱਤਬਾ ਅਤੇ ਦਰਜਾ ਪ੍ਰਗਟਾਉਣ ਦੇ ਵੱਖਰੇ-ਵੱਖਰੇ ਢੰਗ ਤਰੀਕੇ ਹੁੰਦੇ ਹਨ, ਜਿਵੇਂ ਸ਼ਨੀਲ ਦੀ ਰਜਾਈ ਹਰ ਇੱਕ ਨੂੰ ਨਹੀਂ ਦਿੱਤੀ ਜਾਂਦੀ, ਦੇਰ ਰਾਤ ਤੱਕ ਗੱਲਾਂ ਹਰ ਇੱਕ ਮਹਿਮਾਨ ਨਾਲ ਨਹੀਂ ਕੀਤੀਆਂ ਜਾਂਦੀਆਂ।

ਅਸੀਂ ਕੁਝ ਵਿਸ਼ੇਸ਼ ਮਹਿਮਾਨਾਂ ਅੱਗੇ ਹੀ ਭੁੱਬ ਮਾਰ ਕੇ ਰੋਂਦੇ ਹਾਂ ਜਾਂ ਖੁੱਲ੍ਹ ਕੇ ਹੱਸਦੇ ਹਾਂ ਜਾਂ ਦਿਲ ਦੀਆਂ ਗਲਾਂ ਕਰਦੇ ਹਾਂ।

ਕਈ ਮਹਿਮਾਨ ਝੱਖੜ ਵਾਂਗ ਆ ਕੇ ਟੁਰ ਜਾਂਦੇ ਹਨ ਅਤੇ ਅਸੀਂ ਨਿਮਾਣੇ ਰੁੱਖਾਂ ਵਾਂਗ ਖਲੋਤੇ ਰਹਿ ਜਾਂਦੇ ਹਾਂ।

ਅਸੀਂ ਉਨ੍ਹਾਂ ਮਹਿਮਾਨਾਂ ਦੀ ਨਿਰੰਤਰ ਉਡੀਕ ਵਿੱਚ ਆਪਣੇ ਘਰਾਂ ਦੇ ਤੇਲ ਚੋਅ ਕੇ ਖਿੜੇ ਬੂਹੇ ਖੁੱਲ੍ਹੇ ਰੱਖਦੇ ਹਾਂ, ਜਿਹੜੇ ਅਸੀਸ ਵਾਂਗ ਮਿੱਠੇ ਹੁੰਦੇ ਹਨ ਅਤੇ ਜਿਨ੍ਹਾਂ ਲਈ ਪਕਾਏ ਜਾਣ ਵਾਲੇ ਫੁਲਕਿਆਂ ਨੂੰ ਖੰਡ ਦਾ ਪਲੇਥਣ ਲਾਉਣ ਨੂੰ ਦਿਲ ਕਰਦਾ ਹੈ ਅਤੇ ਦਿਲ ਕਰਦਾ ਹੈ, ਉਨ੍ਹਾਂ ਲਈ ਦਾਲ-ਸਬਜ਼ੀ ਨੂੰ ਆਪਣੇ ਦਿਲ ਦੀ ਕੜਾਹੀ ਵਿੱਚ ਪਾ ਕੇ ਤੜਕਾ ਲਾਈਏ ਅਤੇ ਆਪ ਸਲਾਦ ਬਣ ਜਾਈਏ।

ਇਕ ਵਾਰੀ ਇੱਕ ਸੁਆਣੀ ਨੇ ਚਾਹ ਦਾ ਪਿਆਲਾ ਮਹਿਮਾਨ ਨੂੰ ਦਿੱਤਾ ਅਤੇ ਜਦੋਂ ਉਸ ਆਪਣੇ ਪਿਆਲੇ ਵਿੱਚੋਂ ਘੁੱਟ ਭਰਿਆ ਤਾਂ ਬੋਲ ਉੱਠੀ, 'ਓਹ ਹੋ, ਮੈਂ ਤਾਂ ਮਿੱਠਾ ਪਾਉਣਾ ਹੀ ਭੁੱਲ ਗਈ।" ਅੱਗੋਂ ਸਿਆਣੇ ਮਹਿਮਾਨ ਨੇ ਕਿਹਾ, "ਚੰਗਾ ਕੀਤਾ, ਕਿਉਂਕਿ ਮੈਂ ਤਾਂ ਪਸੰਦ ਹੀ ਫਿੱਕੀ ਚਾਹ ਕਰਦਾ ਹਾਂ।"

ਚੰਗੇ ਮਹਿਮਾਨ ਦੇ ਕੁਝ ਪਛਾਣਨਯੋਗ ਲੱਛਣ ਹੁੰਦੇ ਹਨ, ਜਿਵੇਂ ਚੰਗਾ ਮਹਿਮਾਨ ਸੂਚਨਾ ਦੇ ਕੇ, ਦੱਸੇ ਸਮੇਂ 'ਤੇ ਆਪੇ ਪਹੁੰਚਦਾ ਹੈ ਅਤੇ ਜਾਣ ਵੇਲੇ ਆਪੇ ਜਾਂਦਾ ਹੈ, ਲੈਣ ਜਾਣ ਜਾਂ ਛਡਣ ਵਾਸਤੇ ਨਹੀਂ ਜਾਣਾ ਪੈਂਦਾ। ਚੱਪਲਾਂ ਅਤੇ ਤੌਲੀਏ ਤੋਂ ਇਲਾਵਾ ਉਹ ਆਪਣੀ ਵਰਤੋਂ ਦੀਆਂ ਸਾਰੀਆਂ ਚੀਜ਼ਾਂ ਨਾਲ ਲੈ ਕੇ ਆਉਂਦਾ ਹੈ। ਉਹ ਆ ਕੇ ਟੈਲੀਫੋਨ ਅਤੇ ਟੈਲੀਵਿਜ਼ਨ ਤੋਂ ਦੂਰ ਹੀ ਰਹਿੰਦਾ ਹੈ। ਮੇਜ਼ਬਾਨ ਦੇ ਸਵੇਰੇ ਤਿਆਰ ਹੋਣ ਤੋਂ ਪਹਿਲਾਂ

ਉਹ ਆਪ ਤਿਆਰ ਹੋ ਜਾਂਦਾ ਹੈ। ਉਹ ਪ੍ਰਾਪਤ ਸਹੂਲਤਾਂ ਨੂੰ ਸਲੀਕੇ ਨਾਲ ਵਰਤਦਾ ਹੈ ਅਤੇ ਆਪਣੇ ਵਿਹਾਰ ਵਿੱਚ ਸੰਜਮ ਪ੍ਰਗਟਾਉਂਦਾ ਹੈ। ਉਹ ਗੱਲਬਾਤ ਨੂੰ ਬਹਿਸ ਨਹੀਂ ਬਣਨ ਦਿੰਦਾ ਅਤੇ ਜਾਣ ਸਮੇਂ ਉਹ ਆਪਣੇ ਕਮਰੇ ਨੂੰ ਆਪਣੀ ਸਮਰੱਥਾ ਅਨੁਸਾਰ ਠੀਕ-ਠਾਕ ਕਰਕੇ ਜਾਂਦਾ ਹੈ ਅਤੇ ਆਪਣੀ ਕੋਈ ਚੀਜ਼ ਉੱਥੇ ਭੁੱਲ ਨਹੀਂ ਜਾਂਦਾ।

ਚੰਗੇ ਮੇਜ਼ਬਾਨ ਦੇ ਵੀ ਕੁਝ ਲੱਛਣ ਹੁੰਦੇ ਹਨ, ਜਿਵੇਂ ਉਹ ਤਿਆਰ ਹੋ ਕੇ ਮਹਿਮਾਨ ਦਾ ਸੁਆਗਤ ਕਰਦਾ ਹੈ, ਉਸ ਦੇ ਰਹਿਣ ਦਾ ਢੁਕਵਾਂ ਪ੍ਰਬੰਧ ਕਰਦਾ ਹੈ, ਮਹਿਮਾਨ ਦੇ ਖਾਣ-ਪੀਣ ਸਬੰਧੀ ਯੋਗ ਤਿਆਰੀ ਕਰਕੇ ਰੱਖਦਾ ਹੈ, ਘਰ ਦੇ ਸਾਰੇ ਜੀਆਂ ਨੂੰ ਮਹਿਮਾਨ ਨਾਲ ਮਿਲਾਉਂਦਾ ਹੈ। ਉਹ ਆਪਣੀਆਂ ਬੀਮਾਰੀਆਂ, ਸਮੱਸਿਆਵਾਂ ਜਾਂ ਪਰੇਸ਼ਾਨੀਆਂ ਦੀ ਬੇਲੋੜੀ ਚਰਚਾ ਨਹੀਂ ਕਰਦਾ । ਉਹ ਬਹੁਤਾ ਯਤਨ ਖੁਆ-ਪਿਲਾ ਕੇ ਰਜਾਉਣ ਦੀ ਥਾਂ ਮਿਲ ਬੈਠਣ ਅਤੇ ਸੁਖਾਵੇਂ ਵਾਤਾਵਰਣ ਵਿੱਚ ਵਿਚਰਨ ਦਾ ਕਰਦਾ ਹੈ ਅਤੇ ਮਹਿਮਾਨ ਨੂੰ ਸਤਿਕਾਰ ਭਰੇ ਢੰਗ ਨਾਲ ਰਵਾਨਾ ਕਰਦਾ ਹੈ।

ਜਿਸ ਮਹਿਮਾਨ ਨੂੰ ਅਸੀਂ ਖਿੜੇ-ਮੱਥੇ ਸਵੀਕਾਰ ਕਰਦੇ ਹਾਂ, ਉਹ ਕਿਸੇ ਪੱਖੋਂ ਕਦੇ ਨਿਰਾਸ਼ ਨਹੀਂ ਕਰਦਾ।

ਜ਼ਰੂਰੀ ਨਹੀਂ ਕਿ ਹਰ ਇੱਕ ਮਹਿਮਾਨ ਦੇ ਮੇਚ ਦੀਆਂ ਸਾਡੇ ਕੋਲ ਚੀਜ਼ਾਂ ਹੋਣ ਪਰ ਚੰਗੇ ਵਿਵਹਾਰ ਨਾਲ ਅਤੇ ਕੂਲੇ ਸ਼ਬਦਾਂ ਨਾਲ ਅਸੀਂ ਉਸ ਦੀ ਫੇਰੀ ਨੂੰ ਯਾਦਗਾਰੀ ਬਣਾ ਸਕਦੇ ਹਾਂ। ਕਿਸੇ ਘਰ ਦੀ ਅਮੀਰੀ ਅਤੇ ਖੁਸ਼ਹਾਲੀ ਦਾ ਮਾਪ-ਤੋਲ ਇਹ ਹੁੰਦਾ ਹੈ ਕਿ ਉੱਥੇ ਮਹਿਮਾਨਾਂ ਨੂੰ ਕਿਤਨਾ ਖਿੜੇ-ਮੱਥੇ ਸਵੀਕਾਰ ਕੀਤਾ ਜਾਂਦਾ ਹੈ।

ਕਈ ਮਹਿਮਾਨ ਤੁਹਾਡੇ ਘਰ ਆ ਕੇ ਆਪਣੇ ਵੱਡੇ ਹੋਣ ਦੀਆਂ ਗੱਲਾਂ ਕਰਨਗੇ ਅਤੇ ਫੜ੍ਹਾਂ ਵੀ ਮਾਰਨਗੇ। ਅਜਿਹੇ ਮਹਿਮਾਨਾਂ ਦੀ ਪ੍ਰਸ਼ੰਸਾ ਕਰੋ, ਕਿਉਂਕਿ ਉਹ ਤੁਹਾਡੇ ਤੋਂ ਆਪਣੀ ਮਾਨਤਾ ਦੇ ਤਰਲੇ ਲੈ ਰਹੇ ਹੁੰਦੇ ਹਨ ਪਰ ਅਜਿਹੇ ਮਹਿਮਾਨਾਂ ਨੂੰ ਅਗਲੀ ਵਾਰ ਸੋਚ-ਸਮਝ ਕੇ ਬੁਲਾਓ।

ਜਿਸ ਵਿਅਕਤੀ ਤੋਂ ਤੁਹਾਨੂੰ ਡਰ ਲੱਗਦਾ ਹੈ, ਉਸ ਨੂੰ ਚੋਕ੍ਹੀ ਘੰਟੇ ਆਪਣੇ ਘਰ ਮਹਿਮਾਨ ਬਣਾਓ, ਤੁਸੀਂ ਹੈਰਾਨ ਹੋਵੋਗੇ ਕਿ ਤੁਸੀਂ ਡਰਦੇ ਕਿਸ ਗੱਲ ਤੋਂ ਰਹੇ ਹੋ!

ਜੇ ਕੋਈ ਮਹਿਮਾਨ ਆਪਣੇ ਆਪ ਨੂੰ ਮੇਜ਼ਬਾਨ ਦੇ ਘਰ ਉਪਯੋਗੀ ਬਣਾ ਲਵੇ ਤਾਂ ਉਹ ਸਵੀਕਾਰ ਹੋ ਜਾਂਦਾ ਹੈ ਪਰ ਬਿਨਾਂ ਅਜਿਹੇ ਗੁਣ ਦੇ ਕੋਈ ਮੇਜ਼ਬਾਨ ਕਿਸੇ ਵੀ ਮਹਿਮਾਨ ਨੂੰ ਤਿੰਨ ਦਿਨ ਤੋਂ ਵਧੇਰੇ ਸਹਾਰ ਨਹੀਂ ਸਕਦਾ। ਅਖਾਣ ਹੈ ਕਿ ਤੀਜੇ ਦਿਨ ਮੱਛੀ ਅਤੇ ਮਹਿਮਾਨ ਦੋਵੇਂ ਸੜ੍ਹਾਂਦ ਮਾਰਨ ਲੱਗ ਜਾਂਦੇ ਹਨ।

ਇੱਕ ਵਿਅਕਤੀ ਦੀ ਨੀਤੀ ਸੀ ਕਿ ਉਹ ਆਪਣੇ ਅਣਚਾਹੇ ਮਹਿਮਾਨ ਤੋਂ ਛੁਟਕਾਰਾ ਪਾਉਣ ਲਈ ਉਸ ਨੂੰ ਬਾਜ਼ਾਰ ਲਿਜਾ ਕੇ ਕੋਈ ਚੀਜ਼ ਖਰੀਦ ਦਿੰਦਾ ਸੀ ਅਤੇ ਕਹਿੰਦਾ ਸੀ, 'ਕੋਈ ਗੱਲ ਨਹੀਂ, ਜਦੋਂ ਪੈਸੇ ਹੋਏ ਦੇ ਦੇਈਂ।'

ਇਵੇਂ ਹੀ ਜਦੋਂ ਕੋਈ ਅਣਚਾਹਿਆ ਮਹਿਮਾਨ ਲੋੜ ਨਾਲੋਂ ਵਧੇਰੇ ਟਿਕਿਆ ਰਹਿੰਦਾ ਸੀ ਤਾਂ ਉਹ ਮਹਿਮਾਨ ਤੋਂ ਇੱਕ ਵੱਡੀ ਰਕਮ ਉਧਾਰ ਮੰਗਦਾ ਸੀ ਅਤੇ ਕਹਿੰਦਾ ਸੀ ਕਿ 'ਘਰ ਵਿੱਚ ਤੁਹਾਡੇ ਵਰਗੇ ਆਏ-ਗਏ ਲਈ ਇੱਕ ਕਮਰਾ ਉਸਾਰਨਾ ਹੈ, ਸੋ ਤੁਸੀਂ ਸੌਖ ਨਾਲ ਜਿਤਨਾ ਕੁ ਉਧਾਰ ਦੇ ਸਕੋ ਜ਼ਰੂਰ ਪ੍ਰਬੰਧ ਕਰਨਾ।' ਇਹ ਸੁਣ ਕੇ ਹਰ ਮਹਿਮਾਨ ਜਾਣ ਦਾ ਪ੍ਰੋਗਰਾਮ ਬਣਾਉਣ ਲੱਗ ਪੈਂਦਾ ਸੀ ਅਤੇ ਉਸ ਮਹਿਮਾਨ ਨੂੰ ਅਚਾਨਕ ਹੀ ਅਨੇਕਾਂ ਜ਼ਰੂਰੀ ਕੰਮ ਯਾਦ ਆ ਜਾਂਦੇ ਸਨ।

ਕਈ ਮਹਿਮਾਨਾਂ ਨੂੰ ਆਪਣੀਆਂ ਪ੍ਰਾਪਤੀਆਂ ਦੀਆਂ ਕਹਾਣੀਆਂ ਸੁਣਾਉਣ ਅਤੇ ਕਈਆਂ ਨੂੰ ਬਹਿਸ ਕਰਨ ਦੀ ਆਦਤ ਹੁੰਦੀ ਹੈ।

ਮਹਿਮਾਨ ਨਾਲ ਬਹਿਸ, ਹਨੇਰੀ ਵਿੱਚ ਅਖ਼ਬਾਰ ਠੱਪਣ ਵਾਂਗ ਹੁੰਦੀ ਹੈ।

ਜਿਨ੍ਹਾਂ ਘਰਾਂ ਵਿੱਚ ਪਤੀ-ਪਤਨੀ ਜਾਂ ਮਾਲਕ-ਮਕਾਨ ਅਤੇ ਕਿਰਾਏਦਾਰ ਜਾਂ ਗੁਆਂਢੀਆਂ ਦੀ ਨਹੀਂ ਬਣਦੀ, ਉੱਥੇ ਮਹਿਮਾਨ ਬਣਨਾ ਹੀ ਤਾਂ ਚਾਹੀਦਾ ਹੈ ਜੇ ਖਤਰੇ ਵਿੱਚ ਝੱਟਪਟ ਫੈਸਲੇ ਕਰਨ ਦੀ ਯੋਗਤਾ ਹੋਵੇ।

ਪੁਰਸ਼ ਨੂੰ ਹਰ ਥਾਂ ਇਸਤਰੀ ਦਾ ਮਹਿਮਾਨ ਬਣਨ ਦੀ ਆਦਤ ਹੁੰਦੀ ਹੈ।

ਮਹਿਮਾਨਾਂ ਦੇ ਅਚਾਨਕ ਆ ਜਾਣ ਕਾਰਨ, ਸਟੇਸ਼ਨ ਜਾਂ ਹਸਪਤਾਲ ਜਾਂ ਬੱਸ-ਅੱਡੇ ਜਾਂ ਸਿਨੇਮੇ ਜਾਂ ਬਾਜ਼ਾਰ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਫਰਨੀਚਰ ਖਰੀਦਣ ਸਮੇਂ ਖ਼ੂਬਸੂਰਤੀ ਨੂੰ ਨਹੀਂ, ਮਜ਼ਬੂਤੀ ਨੂੰ ਆਪਣੀ ਚੋਣ ਦਾ ਆਧਾਰ ਬਣਾਉਣਾ ਚਾਹੀਦਾ ਹੈ ਅਤੇ ਚੀਜ਼ਾਂ ਥੋਕ ਵਿੱਚ ਖਰੀਦਣ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਭੁੱਖਿਆਂ ਸੌਣ ਦਾ ਅਭਿਆਸ ਕਰਨਾ ਚਾਹੀਦਾ ਹੈ।

ਕਈ ਘਰਾਂ ਵਿੱਚ ਲੈਣ-ਦੇਣ ਦਾ ਬੜਾ ਹੀ ਕਰੜਾ ਪ੍ਰਬੰਧ ਹੁੰਦਾ ਹੈ। ਅਜਿਹੇ ਘਰਾਂ ਵਿੱਚ ਜਾ ਕੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪੇਸ਼ੀ ਭੁਗਤਣ ਆਏ ਹੋਈਏ।

ਅਜਿਹੇ ਘਰਾਂ ਵਿੱਚ ਜਾਂ ਚੀਜ਼ਾਂ ਦੀਆਂ ਕੀਮਤਾਂ ਦੱਸੀਆਂ ਜਾ ਰਹੀਆਂ ਹੁੰਦੀਆਂ ਹਨ ਜਾਂ ਪੁੱਛੀਆਂ ਜਾ ਰਹੀਆਂ ਹੁੰਦੀਆਂ ਹਨ।

ਅਜਿਹੇ ਘਰਾਂ ਵਿੱਚ ਹਰ ਪ੍ਰਸ਼ਨ ਦੇ ਦੋ ਹੀ ਪੱਖ ਹੁੰਦੇ ਹਨ ਅਰਥਾਤ ਅਸੀਂ ਤੁਹਾਡੇ ਘਰ ਆਈਏ ਤਾਂ ਕੀ ਦਿਉਗੇ, ਤੁਸੀਂ ਸਾਡੇ ਘਰ ਆਏ ਤਾਂ ਕੀ ਲਿਆਉਗੇ ?

ਕਈ ਘਰਾਂ ਵਿੱਚ ਆਪਣੀ ਸਮਰੱਥਾ ਨਾਲੋਂ ਵਧੇਰੇ ਮਹਿੰਗੀਆਂ ਚੀਜ਼ਾਂ ਲਿਆ ਕੇ ਸਜਾਉਣ ਅਤੇ ਵਿਖਾਉਣ ਦਾ ਰਿਵਾਜ ਹੁੰਦਾ ਹੈ ਅਤੇ ਜੇ ਤੁਸੀਂ ਅਜਿਹੀਆਂ ਚੀਜ਼ਾਂ ਦੀ ਪ੍ਰਸ਼ੰਸਾ ਨਾ ਕਰੋ ਤਾਂ ਉਹ ਤੁਹਾਨੂੰ ਆਪਣੇ ਗਰੀਬ ਰਿਸ਼ਤੇਦਾਰ ਹੀ ਸਮਝਣਗੇ।

ਇੱਕ ਇਸਤਰੀ ਨੇ ਆਪਣੇ ਘਰ ਵਿੱਚ ਮਹਿੰਗਾ ਗਲੀਚਾ ਵਿਛਾਇਆ ਹੋਇਆ ਸੀ, ਸੋ ਉਹ ਹਰ ਮਹਿਮਾਨ ਦੇ ਚਿਹਰੇ ਵੱਲ ਨਹੀਂ, ਉਸ ਦੇ ਪੈਰਾਂ ਵੱਲ ਹੀ ਆਪਣਾ ਧਿਆਨ

ਲਾਈ ਰੱਖਦੀ ਸੀ, ਕਿਉਂਕਿ ਉਸ ਨੂੰ ਹਰ ਵੇਲੇ ਇਹੀ ਚਿੰਤਾ ਰਹਿੰਦੀ ਸੀ ਕਿ ਮਹਿਮਾਨਾਂ ਕਾਰਨ ਗਲੀਚਾ ਗੰਦਾ ਹੋ ਜਾਵੇਗਾ।

ਸਾਨੂੰ ਉਨ੍ਹਾਂ ਮਹਿਮਾਨਾਂ ਦੀ ਉਡੀਕ ਹੁੰਦੀ ਹੈ, ਜਿਹੜੇ ਵਗਦੇ ਦਰਿਆਵਾਂ ਵਾਂਗ ਹੋਣ ਪਰ ਬਹੁਤੇ ਮਹਿਮਾਨ ਉੱਬਲਦੇ ਪਤੀਲਿਆਂ ਵਾਂਗ ਹੁੰਦੇ ਹਨ।

ਜਿਸ ਦੇ ਗੁਣਾਂ ਨੂੰ ਅਸੀਂ ਪਿਆਰ ਕਰਦੇ ਹੋਈਏ, ਉਸ ਨੂੰ ਮਹਿਮਾਨ ਬਣਾਉਣ ਦੀ ਜਾਚ ਸਿੱਖਣੀ ਨਹੀਂ ਪੈਂਦੀ, ਆਪੇ ਆ ਜਾਂਦੀ ਹੈ।

ਅਸੀਂ ਉਨ੍ਹਾਂ ਮਹਿਮਾਨਾਂ ਨੂੰ ਉਡੀਕਦੇ ਰਹਿੰਦੇ ਹਾਂ, ਜਿਨ੍ਹਾਂ ਤੋਂ ਸਾਨੂੰ ਕੁਝ ਨਵਾਂ ਸੁਣਨ-ਸਿੱਖਣ-ਸਮਝਣ ਲਈ ਮਿਲਦਾ ਹੈ।

ਤੁਹਾਡਾ ਖ਼ਤ ਨਹੀਂ ਆਇਆ !

ਕਈ ਖ਼ਤ ਅਜਿਹੇ ਹੁੰਦੇ ਹਨ, ਜਿਹੜੇ ਲੰਮੇ ਅਰਸੇ ਤੱਕ ਸਾਡੇ ਸਿਰ ਦਾ ਸਿਰਹਾਣਾ ਬਣੇ ਰਹਿੰਦੇ ਹਨ।

ਕਈ ਖ਼ਤ ਮਾਂਵਾਂ ਵਰਗੇ ਹੁੰਦੇ ਹਨ, ਮਮਤਾ ਅਤੇ ਮੋਹ ਭਰੇ।

ਕਈ ਖ਼ਤ ਪ੍ਰੇਮਿਕਾਵਾਂ ਵਰਗੇ ਹੁੰਦੇ ਹਨ, ਪਿਆਰ ਦੇ ਵਾਅਦੇ ਅਤੇ ਚੁੰਮਣਾਂ ਦੀ ਬੋਲੀ ਵਿੱਚ ਲਿਖੇ ਹੋਏ ਭਵਿੱਖ ਦੇ ਸੁਪਨੇ। ਕਈ ਖ਼ਤ ਭੈਣਾਂ ਵਰਗੇ ਹੁੰਦੇ ਹਨ, ਜਿਹੜੇ ਵਿਸ਼ਵਾਸ ਦੇ ਮੋਹ ਭਰੇ ਮੁਹਾਵਰੇ ਵਿੱਚ ਸਾਨੂੰ ਆਪਣੇ ਫਰਜ਼ਾਂ ਦੀ ਯਾਦ ਕਰਵਾਉਂਦੇ, ਸਾਡੀ ਸੁੱਖ ਮੰਗਦੇ ਹਨ।

ਕਈ ਖ਼ਤ ਦੋਸਤਾਂ ਵਰਗੇ ਹੁੰਦੇ ਹਨ, ਜਿਨ੍ਹਾਂ ਨੂੰ ਪੜ੍ਹਨ ਉਪਰੰਤ ਆਪਣੀਆਂ ਮੁਸ਼ਕਿਲਾਂ, ਮੁਸ਼ਕਿਲਾਂ ਪ੍ਰਤੀਤ ਨਹੀਂ ਹੁੰਦੀਆਂ।

ਕਈ ਖ਼ਤ ਵਿਰੋਧੀਆਂ ਅਤੇ ਦੁਸ਼ਮਣਾਂ ਵਰਗੇ ਹੁੰਦੇ ਹਨ, ਆਰੀ ਨਾਲ ਲਿਖੇ ਹੋਏ ਅਤੇ ਚੋਭਾਂ ਨਾਲ ਭਰੇ ਹੋਏ।

ਕਹਿੰਦੇ ਹਨ ਕਿ ਕਿਸੇ ਵੱਸਦੇ-ਰੱਸਦੇ ਘਰ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਉੱਥੇ ਡਾਕੀਆ ਆਉਂਦਾ ਰਹਿੰਦਾ ਹੈ। ਅਸੀਂ ਸਾਰਿਆਂ ਦਾ ਰੁੱਸਣਾ ਸਵੀਕਾਰ ਕਰ ਸਕਦੇ ਹਾਂ ਪਰ ਡਾਕੀਏ ਦਾ ਨਹੀਂ, ਕਿਉਂਕਿ ਉਸ ਨਾਲ ਵਿਗਾੜ ਕੇ ਸੰਸਾਰ ਨਾਲ ਨਾਤਾ ਜੋੜੀ ਰੱਖਣਾ ਸੰਭਵ ਨਹੀਂ ਹੁੰਦਾ।

ਡਾਕੀਏ ਦੀ ਆਰਥਿਕ ਸਥਿਤੀ ਤਾਂ ਸਾਰੇ ਵਿਸ਼ਵ ਵਿੱਚ ਹੀ ਬੜੀ ਕਮਜ਼ੋਰ ਹੁੰਦੀ ਹੈ ਪਰ ਉਹ ਸਭਨੀ ਥਾਂਈਂ ਲੋਕਾਂ ਦੇ ਪਿਆਰ ਦਾ ਪਾਤਰ ਹੁੰਦਾ ਹੈ। ਉਹ ਦੁੱਖ-ਸੁੱਖ ਵੰਡਦਾ ਸਾਰੇ ਸਮਾਜ ਦੇ ਲੋਕਾਂ ਦੇ ਜੀਵਨ ਨੂੰ ਹਰਕਤ ਵਿੱਚ ਰੱਖਦਾ ਹੈ।

ਭਾਵੇਂ ਖ਼ਤ ਦੇ ਅਨੇਕਾਂ ਬਦਲ ਨਿਕਲ ਆਏ ਹਨ ਪਰ ਜੋ ਆਨੰਦ ਖ਼ਤ ਲਿਖਣ ਅਤੇ ਪ੍ਰਾਪਤ ਕਰਨ ਵਿੱਚ ਹੁੰਦਾ ਹੈ, ਉਹ ਕਿਸੇ ਹੋਰ ਢੰਗ ਨਾਲ ਨਹੀਂ ਮਿਲਦਾ।

ਰੋਟੀ ਦੇ ਵੀ ਅਨੇਕਾਂ ਬਦਲ ਨਿਕਲ ਆਏ ਹਨ ਪਰ ਜਦ ਤੱਕ ਕਣਕ ਦੀ ਰੋਟੀ ਨਾ ਖਾਧੀ ਜਾਵੇ, ਭੁੱਖ ਸ਼ਾਂਤ ਨਹੀਂ ਹੁੰਦੀ।

ਟੈਲੀਫੋਨ ਨੇ ਖ਼ਤ ਦੀ ਥਾਂ ਮੱਲ ਲਈ ਹੈ, ਪਰ ਕੇਵਲ ਅਮੀਰ ਘਰਾਂ ਵਿੱਚ।

ਅਜੋਕੇ ਯੁੱਗ ਵਿੱਚ ਜੀਵਨ ਦੀਆਂ ਚਿੰਤਾਵਾਂ ਅਤੇ ਤਣਾਉ ਵਧਣ ਦਾ ਇੱਕ ਕਾਰਨ ਇਹ ਹੈ ਕਿ ਹੁਣ ਅਸੀਂ ਕਿਸੇ ਨੂੰ ਖ਼ਤ ਨਹੀਂ ਲਿਖਦੇ, ਕੋਈ ਸਾਨੂੰ ਖ਼ਤ ਨਹੀਂ ਲਿਖਦਾ।

ਮਨੁੱਖੀ ਸਭਿਅਤਾ ਦਾ ਵਿਕਾਸ ਲਿਖਣ ਦੀ ਕਲਾ ਨਾਲ ਜੁੜਿਆ ਰਿਹਾ ਹੈ ਅਤੇ ਲਿਖਣ ਦੀ ਕਲਾ ਦਾ ਨਿੱਜੀ ਨਮੂਨਾ ਖ਼ਤ ਹੈ।

ਵਪਾਰ ਦਾ ਵਾਧਾ, ਸਲਤਨਤਾਂ ਅਤੇ ਬਾਦਸ਼ਾਹੀਆਂ ਦੀ ਉਸਾਰੀ, ਖ਼ਤਾਂ ਦੇ ਆਦਾਨ-ਪ੍ਰਦਾਨ ਨਾਲ ਜੁੜੀ ਰਹੀ ਹੈ।

ਪੁਰਾਣੇ ਸ਼ਹਿਰ ਦਰਿਆਵਾਂ ਦੇ ਕਿਨਾਰੇ ਵਸੇ ਹੋਏ ਸਨ, ਸੋ ਦਰਿਆਈ ਰਸਤਿਆਂ ਨੂੰ ਵਪਾਰ ਲਈ ਅਤੇ ਖ਼ਤਾਂ ਦੇ ਆਦਾਨ-ਪ੍ਰਦਾਨ ਲਈ ਵਰਤਿਆ ਜਾਂਦਾ ਰਿਹਾ ਹੈ।

ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਹਰਕਾਰੇ, ਕਾਸਦ, ਸੰਦੇਸ਼ਵਾਹਕ, ਦੂਤ, ਏਲਚੀ ਆਦਿ ਰਾਹੀਂ ਖ਼ਤ ਭੇਜਣ ਦਾ ਰਿਵਾਜ ਪੈ ਗਿਆ ਸੀ।

ਖ਼ਤ ਭੇਜਣ ਲਈ ਕਬੂਤਰਾਂ ਦੀ ਵਰਤੋਂ ਬਹੁਤ ਲੰਮੇ ਅਰਸੇ ਤੋਂ ਅੱਜ ਤੱਕ ਵੀ ਕੀਤੀ ਜਾਂਦੀ ਹੈ ਅਤੇ ਲੱਗਭਗ ਹਰ ਸਭਿਆਚਾਰ ਵਿੱਚ ਇਸ ਸੰਦਰਭ ਵਿੱਚ ਕਬੂਤਰਾਂ ਸਬੰਧੀ ਕਈ ਲੋਕ-ਗੀਤ ਪ੍ਰਚੱਲਤ ਹਨ।

ਈਰਾਨੀਆਂ ਨੇ ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲਾਂ ਡਾਕ ਦਾ ਸੁਨਿਸ਼ਚਿਤ ਪ੍ਰਬੰਧ ਕੀਤਾ ਹੋਇਆ ਸੀ ਅਤੇ ਘੋੜ-ਸਵਾਰ ਦੂਰ-ਦਰਾਜ਼ ਤੱਕ ਖ਼ਤ ਲਿਆਉਣ-ਲਿਜਾਣ ਦਾ ਕੰਮ ਕਰਦੇ ਸਨ।

ਰੋਮਨਾਂ ਨੇ ਇਸ ਵਿਵਸਥਾ ਨੂੰ ਹੋਰ ਸੁਧਾਰਿਆ। ਰੋਮਨ ਸਭਿਅਤਾ ਦੇ ਯੂਰਪ ਵਿੱਚ ਵਿਸ਼ਾਲ ਪ੍ਰਭਾਵਾਂ ਦਾ ਇੱਕ ਕਾਰਨ ਇਹ ਸੀ ਕਿ ਉਨ੍ਹਾਂ ਨੇ ਭਾਸ਼ਣ-ਯੋਗਤਾ ਵਾਂਗ ਖ਼ਤ-ਲਿਖਣ-ਯੋਗਤਾ ਨੂੰ ਆਪਣੀਆਂ ਵਿੱਦਿਅਕ ਸੰਸਥਾਵਾਂ ਵਿੱਚ ਇੱਕ ਵਿਸ਼ੇ ਵਜੋਂ ਪੜ੍ਹਾਉਣਾ ਅਤੇ ਸਿਖਾਉਣਾ ਆਰੰਭ ਕੀਤਾ ਸੀ।

ਅਰਜ਼ੀ-ਨਵੀਸੀ, ਇਸ ਵਿਸ਼ੇ ਦੀ ਸਿੱਖਿਆ ਦਾ ਹੀ ਨਤੀਜਾ ਸੀ।

ਪਿਛਲੇ ਸੌ ਸਾਲਾਂ ਵਿੱਚ ਖ਼ਤ ਭੇਜਣ ਅਤੇ ਪ੍ਰਾਪਤ ਕਰਨ ਦੀਆਂ ਵਿਧੀਆਂ ਵਿੱਚ ਆਈ ਤਬਦੀਲੀ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਇੰਗਲੈਂਡ ਤੋਂ ਭਾਰਤ ਵਿੱਚ ਚਿੱਠੀ ਪਹੁੰਚਣ ਵਿੱਚ ਨੌਂ ਮਹੀਨੇ ਨਾਲੋਂ ਵੀ ਵੱਧ ਸਮਾਂ ਲੱਗਦਾ ਸੀ, ਜਦੋਂ ਕਿ ਅਜੋਕੇ ਸਮੇਂ ਵਿੱਚ ਕੰਪਿਊਟਰ ਅਤੇ ਹੋਰ ਯੰਤਰਾਂ ਰਾਹੀਂ ਕੋਈ ਖ਼ਤ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਇਕ ਸਕਿੰਟ ਵਿੱਚ ਪਹੁੰਚਾਇਆ ਜਾ ਸਕਦਾ ਹੈ।

ਖ਼ਤ ਲਿਖਣ ਦੀ ਕਲਾ ਨੇ ਨਾਵਲ ਦੇ ਜਨਮ ਵਿੱਚ ਉਘਾ ਰੋਲ ਅਦਾ ਕੀਤਾ ਹੈ।

ਅਠਾਰ੍ਹਵੀਂ ਸਦੀ ਵਿੱਚ ਜਦੋਂ ਇੰਗਲੈਂਡ ਵਿੱਚ ਸਨਅਤੀ ਇਨਕਲਾਬ ਆਇਆ ਤਾਂ ਸ਼ਹਿਰੀ ਮੱਧ-ਸ਼੍ਰੇਣੀ ਹੋਂਦ ਵਿੱਚ ਆਈ।

ਉਸ ਸਮੇਂ ਖ਼ਤ-ਨਵੀਸੀ ਨੂੰ ਕਈ ਲੋਕਾਂ ਨੇ ਇੱਕ ਧੰਦੇ ਵਜੋਂ ਅਪਣਾਇਆ, ਜਿਹੜੇ ਮੱਧ-ਸ਼੍ਰੇਣੀ ਨਾਲ ਸਬੰਧਤ, ਜਵਾਨ ਪ੍ਰੇਮੀ-ਪ੍ਰੇਮਿਕਾਵਾਂ ਦੀਆਂ ਪਿਆਰ-ਭਾਵਨਾਵਾਂ ਨੂੰ, ਸੋਹਣੇ ਰੰਗਦਾਰ ਕਾਗਜ਼ਾਂ ਉੱਤੇ, ਸੋਹਣੀ ਲਿਖਾਈ ਵਿੱਚ ਲਿਖਦੇ ਸਨ।

ਕਈ ਵਾਰੀ ਹਾਸੋ-ਹੀਣੀ ਗੱਲ ਇਹ ਹੁੰਦੀ ਸੀ ਕਿ ਪ੍ਰੇਮੀ ਅਤੇ ਪ੍ਰੇਮਿਕਾ ਦੋਹਾਂ ਦਾ ਖ਼ਤ-ਨਵੀਸ ਇੱਕ ਹੀ ਵਿਅਕਤੀ ਹੁੰਦਾ ਸੀ, ਜਿਹੜਾ ਦੋਹਾਂ ਧਿਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੋਣ ਕਾਰਨ ਲਿਖਵਾਏ ਜਾਣ ਵਾਲੇ ਖ਼ਤਾਂ ਵਿੱਚ ਬਹੁਤ ਕੁਝ ਆਪਣੇ ਕੋਲੋਂ ਵੀ ਲਿਖ ਦਿਆ ਕਰਦਾ ਸੀ।

ਇਹੀ ਖ਼ਤ-ਨਵੀਸ ਮੁੱਢਲੇ ਨਾਵਲਕਾਰ ਬਣੇ ਅਤੇ ਅੰਗ੍ਰੇਜ਼ੀ ਦੇ ਮੁੱਢਲੇ ਨਾਵਲ ('ਪਾਮੇਲਾ', 'ਸ਼ਾਮੇਲਾ' ਆਦਿ) ਖ਼ਤਾਂ ਦੇ ਹੀ ਸੰਗ੍ਰਹਿ ਹਨ।

ਅਨੇਕਾਂ ਲੋਕ ਪੱਤਰ ਲਿਖਣ ਤੋਂ ਡਰਦੇ ਹਨ ਅਤੇ ਪੱਤਰ ਨਾ ਲਿਖਣ ਦੇ ਅਨੇਕਾਂ ਬਹਾਨੇ ਘੜਦੇ ਹਨ।

ਲਿਖਣ ਨਾਲ ਸਾਡਾ ਪੜ੍ਹਿਆ, ਸਮਝਿਆ ਪਰਖਿਆ ਜਾਂਦਾ ਹੈ ਅਤੇ ਲੋਕਾਂ ਦੀ ਬਹੁਗਿਣਤੀ ਇਸ ਪਰਖ ਤੋਂ ਡਰਦੀ ਹੈ।

ਲੋਕਾਂ ਦੀ ਬਹੁ-ਗਿਣਤੀ ਜਦੋਂ ਕੋਈ ਪੱਤਰ ਲਿਖਣ ਬੈਠਦੀ ਹੈ ਤਾਂ ਪੰਜ-ਸੱਤ ਮੁੱਢਲੇ ਰਵਾਇਤੀ ਵਾਕਾਂ ਤੋਂ ਅੱਗੇ ਨਹੀਂ ਚੱਲਦੀ।

ਹੁਣ ਸਭ-ਕੁਝ ਬਣਿਆ-ਬਣਾਇਆ ਲਿਖਿਆ-ਲਿਖਾਇਆ ਅਤੇ ਫੋਟੋ-ਕਾਪੀ ਕੀਤਾ ਮਿਲ ਜਾਣ ਕਾਰਨ ਲਿਖਣ ਦਾ ਅਭਿਆਸ ਹੀ ਘੱਟ ਗਿਆ ਹੈ।

ਇਮਤਿਹਾਨਾਂ ਵਿੱਚ ਨਕਲ, ਇਮਤਿਹਾਨ ਦੇਣ ਤੋਂ ਇਨਕਾਰ ਜਾਂ ਇਮਤਿਹਾਨ ਮੁਲਤਵੀ ਕਰਵਾਉਣ ਦੀ ਮੰਗ ਆਦਿ ਅਸਲ ਵਿੱਚ ਲਿਖ ਸਕਣ ਦੀ ਦਿਨੋ-ਦਿਨ ਘੱਟ ਰਹੀ ਯੋਗਤਾ ਦੇ ਵੱਖ-ਵੱਖ ਰੂਪਾਂ ਵਿੱਚ ਪ੍ਰਗਟਾਵੇ ਹਨ।

ਅਜੋਕਾ ਮਨੁੱਖ ਲਿਖਣ ਤੋਂ ਇਸ ਹੱਦ ਤੱਕ ਡਰਨ ਲੱਗ ਪਿਆ ਹੈ ਕਿ ਉਹ ਕਿਸੇ ਦੇ ਖ਼ਤ ਦਾ ਜੁਆਬ ਨਹੀਂ ਦਿੰਦਾ, ਮਿਲਣ ਲਈ ਆਪ ਪਹੁੰਚ ਜਾਂਦਾ ਹੈ।

ਅਸੀਂ ਲਿਖਣ ਤੋਂ ਇਸ ਲਈ ਡਰਦੇ ਹਾਂ, ਕਿਉਂਕਿ ਲਿਖਣ ਰਾਹੀਂ ਸਾਡੇ ਅੰਦਰਲਾ ਖੋਖਲਾਪਣ ਪ੍ਰਗਟ ਹੋ ਜਾਵੇਗਾ।

ਪ੍ਰੇਮ-ਪੱਤਰ ਅਤਿਅੰਤ ਨਿੱਜੀ ਕਿਸਮ ਦਾ ਖ਼ਤ ਹੁੰਦਾ ਹੈ, ਜਿਸ ਨੂੰ ਪੜ੍ਹਨ ਉਪਰੰਤ ਜਾਂ ਤਾਂ ਪਾੜ ਦਿੱਤਾ ਜਾਂਦਾ ਹੈ ਜਾਂ ਸੰਭਾਲ ਕੇ ਛੁਪਾ ਦਿੱਤਾ ਜਾਂਦਾ ਹੈ।

ਉਂਜ ਤਾਂ ਹਰ ਪ੍ਰੇਮ-ਪੱਤਰ ਵਿੱਚ ਲਗਭਗ ਪਚਾਨਵੇਂ ਪ੍ਰਤੀਸ਼ਤ ਵਿਸ਼ੇਸ਼ਣ ਅਤੇ ਵਾਕ ਲੱਗਭਗ ਇੱਕੋ ਪ੍ਰਕਾਰ ਦੇ ਹੁੰਦੇ ਹਨ ਪਰ ਕਿਉਂਕਿ ਇਹ ਸਭ ਕੁਝ ਸੱਜਰਾ ਅਤੇ ਨਵਾਂ ਹੁੰਦਾ ਹੈ, ਇਸ ਲਈ ਬੜਾ ਚੰਗਾ ਲੱਗਦਾ ਹੈ।

ਤੁਹਾਨੂੰ ਅਜਿਹੇ ਵਿਅਕਤੀ ਤਾਂ ਮਿਲ ਜਾਣਗੇ, ਜਿਨ੍ਹਾਂ ਦਾ ਕਿਸੇ ਨਾਲ ਵੀ ਪਿਆਰ ਨਾ ਹੋਇਆ ਹੋਵੇ ਪਰ ਅਜਿਹਾ ਵਿਅਕਤੀ ਨਹੀਂ ਮਿਲੇਗਾ, ਜਿਸ ਦਾ ਕੇਵਲ ਇੱਕ ਪਿਆਰ ਹੋਇਆ ਹੋਵੇ।

ਇਵੇਂ ਹੀ ਅਜਿਹਾ ਵਿਅਕਤੀ ਮਿਲ ਜਾਵੇਗਾ, ਜਿਸ ਨੇ ਕਦੀ ਵੀ ਪ੍ਰੇਮ-ਪੱਤਰ ਨਾ ਲਿਖਿਆ ਹੋਵੇ ਪਰ ਅਜਿਹਾ ਵਿਅਕਤੀ ਨਹੀਂ ਮਿਲੇਗਾ, ਜਿਸ ਨੇ ਕੇਵਲ ਇੱਕ ਪ੍ਰੇਮ-ਪੱਤਰ ਲਿਖਿਆ ਹੋਵੇ।

ਸੰਸਾਰ ਦੇ ਮਹਾਨ ਅਤੇ ਯਾਦਗਾਰੀ ਪ੍ਰੇਮ-ਪੱਤਰ ਸੋਹਣੀਆਂ ਅਤੇ ਮਹਾਨ ਇਸਤਰੀਆਂ ਨੂੰ ਹੀ ਲਿਖੇ ਗਏ ਹਨ।

ਪ੍ਰੇਮ-ਪੱਤਰ ਉੱਤਨੇ ਡਾਕ ਰਾਹੀਂ ਨਹੀਂ ਭੇਜੇ ਜਾਂਦੇ, ਜਿਤਨੇ ਹੋਰ ਢੰਗਾਂ ਨਾਲ ਭੇਜੇ-ਭਿਜਵਾਏ ਜਾਂਦੇ ਹਨ।

ਹਰੇਕ ਪ੍ਰੇਮੀ-ਪ੍ਰੇਮਿਕਾ, ਪ੍ਰੇਮ-ਪੱਤਰਾਂ ਦੇ ਆਦਾਨ-ਪ੍ਰਦਾਨ ਲਈ ਕੋਈ ਨਵਾਂ-ਨਿਰਾਲਾ ਢੰਗ ਕੱਢਦੇ ਹਨ।

ਯੂਰਪ ਵਿੱਚ 14 ਫਰਵਰੀ ਦਾ ਦਿਨ ਪ੍ਰੇਮ-ਪੱਤਰ ਲਿਖਣ ਲਈ ਸ਼ੁਭ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ।

ਇਸ ਦਿਨ ਕੋਈ ਵੀ ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਖੁੱਲ੍ਹੇ ਆਮ ਖ਼ਤ ਲਿਖ ਸਕਦਾ ਹੈ ਅਤੇ ਆਪਣੇ ਪਿਆਰ ਦਾ ਐਲਾਨ ਕਰ ਸਕਦਾ ਹੈ।

ਕਹਿੰਦੇ ਹਨ ਜੇ ਖ਼ਤ ਲਿਖਣ ਦਾ ਸਿਲਸਿਲਾ ਜਾਰੀ ਰਹੇ ਤਾਂ ਪ੍ਰੇਮੀਆਂ ਵਿੱਚ ਕੋਈ ਗਲਤ-ਫ਼ਹਿਮੀ ਨਹੀਂ ਉਪਜਦੀ।

ਪ੍ਰੇਮੀਆਂ ਦੇ ਖ਼ਤਾਂ ਵਿੱਚੋਂ ਹਉਕੇ ਸੁਣਾਈ ਦਿੰਦੇ ਹਨ ਅਤੇ ਹਾਸੇ ਗੂੰਜਦੇ ਹਨ।

ਕੋਈ ਪੱਤਰ ਕਿਤਨੀ ਗੰਭੀਰਤਾ ਨਾਲ ਪੜ੍ਹਿਆ ਜਾਵੇਗਾ, ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਉਹ ਲਿਖਿਆ ਕਿਤਨੀ ਗੰਭੀਰਤਾ ਨਾਲ ਗਿਆ ਹੈ।

ਦੂਰ ਬੈਠੇ ਪ੍ਰੇਮੀ ਜਾਂ ਦੋਸਤ ਨੂੰ ਸੰਖੇਪ ਖ਼ਤ ਲਿਖਣਾ ਉਸ ਦੀ ਬੇਇਜ਼ਤੀ ਕਰਨ ਬਰਾਬਰ ਹੁੰਦਾ ਹੈ।

ਲੰਮਾ ਖ਼ਤ ਲਿਖ ਕੇ ਦੂਜੀ ਧਿਰ ਨੂੰ ਇਹ ਵਿਸ਼ਵਾਸ ਦੁਆਇਆ ਜਾਂਦਾ ਹੈ ਕਿ ਤੇਰੇ ਲਈ ਮੇਰਾ ਸਭ ਕੁਝ ਹਾਜ਼ਰ ਹੈ।

ਜਦੋਂ ਆਪਣੇ ਪਿਆਰੇ ਨੂੰ ਖ਼ਤ ਲਿਖੀਏ ਤਾਂ ਬੜੀਆਂ ਗੱਲਾਂ ਅਹੁੜਦੀਆਂ ਹਨ ਅਤੇ ਲਿਖਣ ਵਾਲੀਆਂ ਗੱਲਾਂ ਮੁੱਕਦੀਆਂ ਹੀ ਨਹੀਂ।

ਰੁਝੇਵਿਆਂ ਭਰੇ ਅਜੋਕੇ ਜੀਵਨ ਵਿੱਚ ਕਿਸੇ ਲਈ ਵਕਤ ਕੱਢਣਾ ਮੁਸ਼ਕਿਲ ਹੋ ਗਿਆ ਹੈ ਪਰ ਲੰਮਾ ਖ਼ਤ ਇਸ ਗੱਲ ਦੀ ਗਵਾਹੀ ਹੁੰਦਾ ਹੈ ਕਿ ਤੇਰੇ ਲਈ ਸਭ ਤੋਂ ਵੱਧ ਕੀਮਤੀ ਤੋਹਫ਼ਾ, ਮੇਰਾ ਵਕਤ ਹਾਜ਼ਰ ਹੈ।

ਸਾਹਿਤਕ ਰਚਨਾਵਾਂ, ਵਿਸ਼ੇਸ਼ ਕਰਕੇ ਕਵਿਤਾਵਾਂ, ਅਸਲ ਵਿੱਚ ਸਾਹਿਤਕਾਰ ਵੱਲੋਂ ਆਪਣੀ ਪ੍ਰੇਮਿਕਾ ਨੂੰ ਜਾਂ ਆਪਣੇ ਪ੍ਰੇਮੀ ਨੂੰ ਲਿਖੇ ਖ਼ਤ ਹੁੰਦੇ ਹਨ।

ਭਾਵੇਂ ਕਿਸੇ ਰਚਨਾ ਨੂੰ ਲੱਖਾਂ ਪਾਠਕ ਪੜ੍ਹਦੇ ਹਨ ਪਰ ਇਸ ਦੇ ਗੁੱਝੇ ਅਰਥਾਂ ਨੂੰ ਲੇਖਕ ਦੀ ਪ੍ਰੇਮਿਕਾ ਹੀ ਸਮਝਦੀ ਹੁੰਦੀ ਹੈ।

ਅਰਦਾਸ, ਆਤਮਾ ਵੱਲੋਂ ਪਰਮ-ਆਤਮਾ ਨੂੰ ਬੋਲਿਆ ਖ਼ਤ ਹੁੰਦੀ ਹੈ।

ਜਿਹੜਾ ਸਾਡੇ ਸੰਕਟ ਵਿੱਚ ਸਾਨੂੰ ਹਮਦਰਦੀ ਦਾ ਖ਼ਤ ਲਿਖਦਾ ਹੈ, ਉਹ ਸਦਾ ਲਈ ਸਾਡੇ ਦਿਲ ਵਿੱਚ ਵੱਸ ਜਾਂਦਾ ਹੈ।

ਕਹਿੰਦੇ ਹਨ ਹਰ ਦੁੱਖ ਬਰਦਾਸ਼ਤ ਕਰਨ ਯੋਗ ਹੈ ਸ਼ਰਤ ਇਹ ਹੈ ਕਿ ਉਸ ਦੁੱਖ ਨੂੰ ਖ਼ਤ ਵਿੱਚ ਪ੍ਰਗਟਾਇਆ ਜਾ ਸਕਦਾ ਹੋਵੇ।

ਖ਼ਤ ਸਦਾ ਆਪਣੇ ਅਨੁਭਵ ਦੇ ਆਧਾਰ ਤੇ ਲਿਖਣਾ ਚਾਹੀਦਾ ਹੈ।

ਚੋਰੀ ਕੀਤੇ ਮੁਹਾਵਰੇ, ਵਾਕ ਅਤੇ ਕਾਵਿ-ਟੁਕਾਂ ਆਦਿ ਲਿਖਣਾ ਇੰਜ ਹੈ, ਜਿਵੇਂ ਅਸੀਂ ਆਪਣੇ ਪਿਆਰੇ ਨੂੰ ਜੂਠ ਪ੍ਰੋਸ ਕੇ ਪੇਸ਼ ਕਰ ਰਹੇ ਹੋਈਏ।

ਖ਼ਤ, ਕਲਮ ਨਾਲ ਲਿਖਣਾ ਚਾਹੀਦਾ ਹੈ, ਟਾਈਪ ਨਹੀਂ ਕਰਨਾ ਚਾਹੀਦਾ।

ਟਾਈਪ ਕੀਤਾ ਖ਼ਤ ਇੰਜ ਹੁੰਦਾ ਹੈ ਜਿਵੇਂ ਦਸਤਾਨੇ ਪਾ ਕੇ ਕਿਸੇ ਨਾਲ ਹੱਥ ਮਿਲਾ ਰਹੇ ਹੋਈਏ ਜਾਂ ਕੱਪੜੇ ਪਾ ਕੇ ਇਸ਼ਨਾਨ ਕਰ ਰਹੇ ਹੋਈਏ।

ਕਹਿੰਦੇ ਹਨ ਜਾਂ ਖੁੱਲ੍ਹ ਕੇ ਖ਼ਤ ਲਿਖੋ ਜਾਂ ਚੁੱਪ ਰਹੋ।

ਪਿਅਰੇ ਨੂੰ ਲਿਖੇ ਖ਼ਤ ਵਿੱਚ ਅੰਦਰਲਾ ਨਿੱਘ ਹੁੰਦਾ ਹੈ ਅਤੇ ਪਹਿਲੀ ਹੱਥ-ਘੁੱਟਣੀ ਤੋਂ ਉੱਪਜੀ ਝਰਨਾਟ ਹੁੰਦੀ ਹੈ।

ਕਈ ਇਹ ਵੀ ਕਹਿੰਦੇ ਹਨ ਕਿ ਸਮੇਂ ਨੂੰ ਸਕਾਰਥ ਕਰਨ ਦਾ ਸਭ ਤੋਂ ਵਧੀਆ ਢੰਗ ਆਪਣੇ ਪਿਆਰਿਆਂ ਨੂੰ ਖ਼ਤ ਲਿਖਣਾ ਹੁੰਦਾ ਹੈ।

ਇੱਕ ਪ੍ਰੇਮੀ ਨੇ ਆਪਣੀ ਪ੍ਰੇਮਿਕਾ ਨੂੰ ਲਿਖਿਆ, "ਤੂੰ ਲਿਖਿਆ ਹੈ ਕਿ ਤੇਰੇ ਕੋਲ ਮੈਨੂੰ ਲਿਖਣ ਲਈ ਕੁਝ ਵੀ ਨਹੀਂ, ਪਿਆਰੀ, ਮੇਰੀ ਬੇਨਤੀ ਹੈ ਕਿ ਇਸੇ ਗੱਲ ਨੂੰ ਤੂੰ ਵਿਸਥਾਰ ਵਿੱਚ ਲਿਖ ਦੇਹ।"

ਇਕ ਹੋਰ ਨੇ ਲਿਖਿਆ, "ਤੂੰ ਹੈਰਾਨ ਹੋਵੇਂਗੀ ਕਿ ਤੇਰੇ ਤੋਂ ਦੂਰ ਬੈਠਾ ਮੈਂ ਅਜੇ ਤੱਕ ਜਿੰਦਾ ਕਿਉਂ ਹਾਂ, ਮੇਰੇ ਜਿੰਦਾ ਹੋਣ ਦਾ ਕਾਰਨ ਇਹ ਹੈ ਕਿ ਮੈਂ ਦੂਰ ਬੈਠਾ, ਹਰ ਵੇਲੇ ਤੇਰੇ ਖ਼ਤ ਦੀ ਉਡੀਕ ਵਿੱਚ ਰਹਿੰਦਾ ਹਾਂ।"

ਖ਼ਤ ਨੀਰਸ ਅਤੇ ਨਿਰਾਸ਼ ਜੀਵਨ ਵਿੱਚ ਸੁਆਦ ਭਰ ਦਿੰਦੇ ਹਨ, ਇਹ ਉਦਾਸੇ ਦਿਨਾਂ ਦੀ ਰੌਣਕ ਬਣ ਜਾਂਦੇ ਹਨ।

ਕਹਿੰਦੇ ਹਨ ਕਿ ਦੋਸਤੀ ਦਾ ਆਧਾਰ ਪਿਆਰ ਹੈ ਪਰ ਪਿਆਰ ਦਾ ਆਧਾਰ ਮੋਹ, ਪਿਆਰ, ਸਨੇਹ ਅਤੇ ਅਪਣਤ ਨਾਲ ਲਿਖੇ ਖ਼ਤ ਹੁੰਦੇ ਹਨ।

ਜਿਨ੍ਹਾਂ ਨੇ ਪਿਆਰ ਕੀਤਾ ਹੈ ਪਰ ਖ਼ਤ ਨਹੀਂ ਲਿਖੇ, ਉਨ੍ਹਾਂ ਦਾ ਹਾਲ ਉਵੇਂ ਹੀ ਹੈ ਕਿ ਉਹ ਮਿਲੇ ਤਾਂ ਹਨ ਪਰ ਕੋਈ ਗੱਲਬਾਤ ਨਹੀਂ ਹੋਈ, ਉਹ ਬੇੜੀ ਵਿੱਚ ਸਵਾਰ ਤਾਂ ਹੋਏ ਹਨ ਪਰ ਚੱਪੂ ਨਹੀਂ ਚਲਾਏ

ਬੀਥੋਵਨ, ਵਿਸ਼ਵ-ਪ੍ਰਸਿੱਧ ਸੰਗੀਤਕਾਰ ਹੋਇਆ ਹੈ ਪਰ ਉਹ ਬੋਲਾ ਸੀ ਅਤੇ ਉਸ ਦੀ ਪ੍ਰੇਮਿਕਾ ਅੰਨ੍ਹੀ ਸੀ। ਇੱਕ ਰਾਤ ਉਹ ਪੂਰਨਿਮਾ ਦੇ ਚੰਦ ਦੀ ਖ਼ੂਬਸੂਰਤੀ ਦਾ ਆਪਣੀ ਪ੍ਰੇਮਿਕਾ ਸਾਹਮਣੇ ਬਿਆਨ ਕਰਨਾ ਚਾਹੁੰਦਾ ਸੀ। ਉਸਨੇ ਆਪਣੇ ਸੰਗੀਤ ਨਾਲ ਆਪਣੀ ਪ੍ਰੇਮਿਕਾ ਨੂੰ ਦੱਸਿਆ ਕਿ ਚੰਦਰਮਾ ਕਿਤਨਾ ਖ਼ੂਬਸੂਰਤ ਹੈ।

ਕਹਿਣ ਦਾ ਭਾਵ ਹੈ ਕਿ ਖ਼ਤ ਕੇਵਲ ਕਾਗਜ਼ ਉੱਤੇ ਕਲਮ ਨਾਲ ਹੀ ਨਹੀਂ ਲਿਖੇ ਜਾਂਦੇ, ਇਹ ਕਿਸੇ ਵੀ ਢੰਗ ਨਾਲ ਲਿਖੇ ਜਾ ਸਕਦੇ ਹਨ।

ਪ੍ਰੇਮਿਕਾ ਵੱਲੋਂ ਪ੍ਰੇਮੀ ਨੂੰ ਦਿੱਤਾ ਤੋਹਫ਼ਾ ਵੀ ਇੱਕ ਖ਼ਤ ਹੀ ਹੁੰਦਾ ਹੈ।

ਕਹਿੰਦੇ ਹਨ ਜੇ ਖ਼ਤ ਅੱਧੀ ਰਾਤ ਨੂੰ ਲਿਖਿਆ ਗਿਆ ਹੋਵੇ ਤਾਂ ਉਹ ਅੱਧੀ ਰਾਤ ਨੂੰ ਹੀ ਪੜ੍ਹਿਆ ਜਾਣਾ ਚਾਹੀਦਾ ਹੈ।

ਖ਼ਤ ਕੇਵਲ ਸ਼ਬਦ ਹੀ ਨਹੀਂ ਹੁੰਦੇ, ਆਪਣੇ ਨਾਲ ਉਹ ਸਾਡੀ ਸ਼ਖ਼ਸੀਅਤ ਅਤੇ ਸੱਭਿਆਚਾਰਕ ਵਾਤਾਵਰਣ ਵੀ ਚੁੱਕੀ ਫਿਰਦੇ ਹਨ। ਖ਼ਤ ਵਿਚਲੇ ਸ਼ਬਦ ਜੇ ਲੋੜੀਂਦਾ ਵਾਤਾਵਰਣ ਨਹੀਂ ਉਸਾਰਦੇ ਤਾਂ ਉਹ ਅਧੂਰੇ ਸ਼ਬਦ ਹੀ ਹਨ।

ਖ਼ਤ ਕਿਸੇ ਤੋਂ ਲਿਖਵਾਉਣਾ ਨਹੀਂ, ਸਦਾ ਆਪ ਲਿਖਣਾ ਚਾਹੀਦਾ ਹੈ।

ਉਦਾਹਰਣ ਵਜੋਂ ਜਦੋਂ ਕੋਈ ਮਾਂ ਆਪਣੀ ਇੱਕਲੌਤੀ ਸੰਤਾਨ ਨੂੰ ਖ਼ਤ ਲਿਖਦੀ ਹੈ ਤਾਂ ਭਾਵੇਂ ਉਹ ਚੌਥੀ ਪਾਸ ਹੀ ਹੋਵੇ, ਉਹ ਵੱਡੇ ਤੋਂ ਵੱਡੇ ਵਿਦਵਾਨ ਨਾਲੋਂ ਵੀ ਨਿੱਘਾ, ਪਿਆਰਾ, ਮੋਹ ਭਰਿਆ ਅਤੇ ਚੰਗੇਰਾ ਖ਼ਤ ਲਿਖੇਗੀ।

ਘਰੋਂ ਦੂਰ ਗਏ ਵਿਅਕਤੀ ਨੂੰ ਤੁਹਾਡੇ ਖ਼ਤ ਦੀ ਵਧੇਰੇ ਉਡੀਕ ਹੁੰਦੀ ਹੈ। ਜੇ ਤੁਸੀਂ ਉਸ ਦੀ ਮੱਦਦ ਕਰਨੀ ਚਾਹੁੰਦੇ ਹੋ ਤਾਂ ਉਸ ਨੂੰ ਪਿਆਰ, ਸਨੇਹ ਅਤੇ ਚੜ੍ਹਦੀ ਕਲਾ ਦਾ ਇੱਕ ਲੰਮਾ ਖ਼ਤ ਲਿਖੋ।

ਦੁੱਖ ਇਸ ਗੱਲ ਦਾ ਹੈ ਕਿ ਅਸੀਂ ਸਾਰੇ ਖ਼ਤ ਪ੍ਰਾਪਤ ਤਾਂ ਕਰਨਾ ਚਾਹੁੰਦੇ ਹਾਂ ਪਰ ਲਿਖਣ ਲਈ ਕੋਈ ਤਿਆਰ ਨਹੀਂ ਹੁੰਦਾ, ਜਿਵੇਂ ਹਰ ਕੋਈ ਸਵਰਗ ਤਾਂ ਜਾਣਾ ਚਾਹੁੰਦਾ ਹੈ ਪਰ ਮਰਨ ਲਈ ਕੋਈ ਤਿਆਰ ਨਹੀਂ ਹੁੰਦਾ।

ਵਿਛੋੜੇ ਨੂੰ ਭਰਨ ਦਾ ਸਭ ਤੋਂ ਸੌਖਾ ਅਤੇ ਚੰਗਾ ਤਰੀਕਾ, ਖ਼ਤ ਲਿਖਣਾ ਹੈ।

ਖ਼ਤ ਲਿਖਣ ਨਾਲ ਸਾਡਾ ਮਾਨਸਿਕ ਵਿਕਾਸ ਤਾਂ ਹੁੰਦਾ ਹੀ ਹੈ, ਇਸ ਨਾਲ ਜੀਵਨ ਦੇ ਅਰਥ ਵੀ ਡੂੰਘੇ ਅਤੇ ਵਿਸ਼ਾਲ ਹੁੰਦੇ ਹਨ ਅਤੇ ਸਾਡੀ ਵੱਖਰੀ ਹੋਂਦ ਅਤੇ ਪਛਾਣ ਵੀ ਸਥਾਪਤ ਹੁੰਦੀ ਹੈ।

ਗੱਲਬਾਤ ਕਰਦਿਆਂ ਸਾਡੇ ਤੋਂ ਅਨੇਕਾਂ ਗਲਤੀਆਂ ਹੋ ਸਕਦੀਆਂ ਹਨ ਪਰ ਲਿਖਣ ਸਮੇਂ ਅਕਸਰ ਅਜਿਹਾ ਨਹੀਂ ਹੁੰਦਾ ਅਤੇ ਸਾਨੂੰ ਇਸ ਗੱਲ ਦੀ ਤਸੱਲੀ ਹੁੰਦੀ ਹੈ ਕਿ ਮੈਂ ਜੋ ਕੁਝ, ਜਿਵੇਂ ਕਹਿਣਾ ਚਾਹਿਆ ਸੀ, ਲਿਖ ਦਿੱਤਾ ਹੈ।

ਭਾਵੇਂ ਲਿਖਣ-ਕਹਿਣ ਵਾਸਤੇ ਬਹੁਤੀਆਂ ਚੰਗੀਆਂ ਚੀਜ਼ਾਂ ਜਾਂ ਗੱਲਾਂ ਨਾ ਹੋਣ ਪਰ ਉਨ੍ਹਾਂ ਨੂੰ ਨਿਸ਼ਚੇ ਹੀ ਚੰਗੇ ਢੰਗ ਨਾਲ ਕਿਹਾ ਜਾ ਸਕਦਾ ਹੈ।

ਸਾਨੂੰ ਕੋਈ ਪੁਸਤਕ ਸਮਝ ਹੀ ਤਾਂ ਆਉਂਦੀ ਹੈ, ਜਦੋਂ ਅਸੀਂ ਉਸ ਨੂੰ ਪੜ੍ਹਾਉਂਦੇ ਹਾਂ ਜਾਂ ਉਸ ਬਾਰੇ ਖ਼ਤ ਲਿਖਦੇ ਹਾਂ।

ਕਿਸੇ ਮਿੱਤਰ-ਪਿਆਰੇ ਨੂੰ ਖ਼ਤ ਲਿਖ ਵੇਖੋ, ਤੁਹਾਨੂੰ ਸਵੈ-ਪ੍ਰਗਟਾਵੇ ਦੀਆਂ ਨਵੀਆਂ ਸ਼ਕਤੀਆਂ ਦਾ ਗਿਆਨ ਹੋਵੇਗਾ ਅਤੇ ਲਿਖਣਾ ਚੰਗਾ-ਚੰਗਾ ਲੱਗੇਗਾ।

ਜੇ ਹੋਰ ਕਿਸੇ ਨੂੰ ਵੀ ਨਹੀਂ ਲਿਖਿਆ ਜਾ ਸਕਦਾ ਤਾਂ ਆਪਣੀ ਮਾਂ ਨੂੰ ਇੱਕ ਲੰਮਾ ਖ਼ਤ ਲਿਖੋ, ਉਸ ਨਾਲੋਂ ਵਧੇਰੇ ਮੋਹ ਨਾਲ ਤੁਹਾਡਾ ਖ਼ਤ ਕੋਈ ਨਹੀਂ ਪੜ੍ਹੇਗਾ।

ਖ਼ਤ ਸਾਡੇ ਡਰ ਦੂਰ ਕਰਦੇ ਹਨ, ਇਹ ਵਿੱਥਾਂ ਮੇਲਦੇ ਹਨ, ਇਹ ਮਨਾਂ ਨੂੰ ਮਨਾਂ ਨਾਲ ਮਿਲਾਂਦੇ ਹਨ।

ਕਹਿੰਦੇ ਹਨ ਕਿ ਹਰ ਵਿਅਕਤੀ ਕਿਸੇ ਮਿੱਤਰ-ਪਿਆਰੇ ਨੂੰ ਮਹੀਨੇ ਵਿੱਚ ਜੇ ਇੱਕ ਖ਼ਤ ਵੀ ਲਿਖੇ ਤਾਂ ਤੀਜੇ ਵਿਸ਼ਵ-ਯੁੱਧ ਨੂੰ ਟਾਲਿਆ ਜਾ ਸਕਦਾ ਹੈ।

ਦੋਸਤੀ ਅਤੇ ਪਿਆਰ ਇਸ ਕਰਕੇ ਫਿੱਕੇ ਪੈ ਰਹੇ ਹਨ, ਕਿਉਂਕਿ ਅਸੀਂ ਖ਼ਤ ਨਹੀਂ ਲਿਖਦੇ। ਖ਼ਤ ਉਹ ਕੁੰਜੀਆਂ ਹਨ, ਜਿਹੜੀਆਂ ਦਿਲਾਂ 'ਤੇ ਲੱਗੇ ਜਿੰਦਰੇ ਖੋਲ੍ਹਦੀਆਂ ਹਨ।

ਅਸੀਂ ਪਿਆਰੇ ਦੇ ਸੌ-ਸੌ ਮੀਲ ਲੰਮੇ ਚੁੰਮਣ ਲੈਣ ਦੀ ਅਭਿਲਾਸ਼ਾ ਤਾਂ ਕਰਦੇ ਹਾਂ ਪਰ ਹੱਥ ਜਿੰਨੇ ਲੰਮੇ ਦੋ ਖ਼ਤ ਵੀ ਨਹੀਂ ਲਿਖ ਸਕਦੇ।

ਕੋਈ ਕਿਤਨਾ ਵੀ ਰੁੱਝਿਆ ਕਿਉਂ ਨਾ ਹੋਵੇ, ਇਹ ਨਹੀਂ ਹੋ ਸਕਦਾ ਕਿ ਉਸ ਕੋਲ ਤੁਹਾਡਾ ਖ਼ਤ ਪੜ੍ਹਨ ਦਾ ਵਕਤ ਨਾ ਹੋਵੇ।

ਜਿਸ ਖ਼ਤ ਵਿੱਚ ਮੁੱਲਵਾਨ ਅਤੇ ਦਿਲਚਸਪ ਵੇਰਵੇ ਹੋਣ ਅਤੇ ਜਵਾਬ ਦੇਣ ਜੋਗ ਕੁਝ ਹੋਵੇ, ਉਸ ਖ਼ਤ ਦਾ ਜਵਾਬ ਅਵੱਸ਼ ਦਿੱਤਾ ਜਾਵੇਗਾ।

ਨੈਪੋਲੀਅਨ ਜੰਗ ਦੇ ਮੈਦਾਨ ਵਿੱਚ ਘੋੜੇ ਦੀ ਕਾਠੀ ਉੱਤੇ ਬਹਿ ਕੇ ਹਰ ਰੋਜ਼ ਆਪਣੀ ਪ੍ਰੇਮਿਕਾ, ਜੋਸੇਫੀਨ ਨੂੰ, ਖ਼ਤ ਲਿਖਿਆ ਕਰਦਾ ਸੀ।

ਕੀ ਅਸੀਂ ਨੈਪੋਲੀਅਨ ਨਾਲੋਂ ਵੀ ਵਧੇਰੇ ਰੁੱਝੇ ਹੋਏ ਹਾਂ ?

ਅਨੇਕਾਂ ਝਗੜੇ ਇਸ ਕਰਕੇ ਨਹੀਂ ਨਿੱਬੜ ਰਹੇ, ਕਿਉਂਕਿ ਜਿਸ ਖ਼ਤ ਨਾਲ ਉਹ ਨਿਬੇੜੇ ਜਾ ਸਕਦੇ ਹਨ, ਉਹ ਲਿਖਿਆ ਨਹੀਂ ਜਾ ਰਿਹਾ।

ਤੁਸੀਂ ਕਿਤਨੇ ਮਹੱਤਵਪੂਰਨ ਹੋ, ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਤਨੇ ਖ਼ਤ ਲਿਖਦੇ ਹੋ ਅਤੇ ਤੁਹਾਨੂੰ ਕਿਤਨੇ ਖ਼ਤ ਆਉਂਦੇ ਹਨ।

ਇਹ ਲੇਖ ਤੁਹਾਡੇ ਵੱਲ ਲਿਖਿਆ, ਮੇਰਾ ਖ਼ਤ ਹੈ।

ਤੁਹਾਡੇ ਖ਼ਤ ਦੀ ਉਡੀਕ ਰਹੇਗੀ।

- ਦੂਰ ਜਾ ਕੇ ਹੀ ਪਤਾ ਲੱਗਦਾ ਹੈ ਕਿ ਘਰ ਕੀ ਹੁੰਦਾ ਹੈ।
- ਅਸੀਂ ਮੌਤ ਤੋਂ ਨਹੀ ਡਰਦੇ, ਅਸੀਂ ਮਰਨ ਤੋਂ ਡਰਦੇ ਹਾਂ।
- ਮਹਾਨ ਕਵੀ, ਆਪਣੀਆਂ ਕਵਿਤਾਵਾਂ ਵਿਚ, ਜ਼ਬਾਨ ਦੇ ਖ਼ਜ਼ਾਨੇ ਭਰ ਦਿੰਦੇ ਹਨ।
- ਲੈਅ ਵਿਚ ਢਲੀ ਹੋਈ ਸੁੰਦਰਤਾ ਨੂੰ, ਕਵਿਤਾ ਕਹਿੰਦੇ ਹਨ।
- ਬੱਚੇ ਦਾ ਨਾਂ, ਮਾਪਿਆਂ ਵੱਲੋਂ ਬੱਚੇ ਨੂੰ ਮਿਲਿਆ ਤੋਹਫ਼ਾ ਹੁੰਦਾ ਹੈ।
- ਭਾਰਤ ਦੇ ਲੋਕ, ਧਰਮ ਤੋਂ ਸਿਵਾਇ, ਜੀਵਨ ਦੇ ਹਰ ਪੱਖ ਪ੍ਰਤੀ ਲਾਪ੍ਰਵਾਹ ਹਨ।
- ਪਿਆਰੇ ਨਾਲ ਗੱਲਾਂ ਕਰਦਿਆਂ, ਬੜੀਆਂ ਗੱਲਾਂ ਅਹੁੜਦੀਆਂ ਹਨ।
- ਪੰਜਾਹ ਸਾਲ ਦਾ ਵਿਅਕਤੀ ਸਭ ਪਾਸੇ ਤੋਂ ਤੱਬਲੇ ਵਾਂਗ ਕੱਸਿਆ ਹੁੰਦਾ ਹੈ।
- ਰੁਝੇਵੇਂ ਘੱਟਣ ਨਾਲ, ਯਾਦ-ਸ਼ਕਤੀ ਵੀ ਘੱਟ ਜਾਂਦੀ ਹੈ।
- ਮੂਰਖ ਘੁੰਮਦੇ-ਫਿਰਦੇ ਹਨ, ਸਿਆਣੇ ਸੈਰ ਕਰਦੇ ਹਨ।
- ਜੇ ਮੌਤ ਨਾ ਹੁੰਦੀ ਤਾਂ ਕੋਈ ਧਰਮ ਵੀ ਨਹੀਂ ਸੀ ਹੋਣਾ।
- ਸਫ਼ਲ ਵਿਅਕਤੀ, ਬੁਢਾਪੇ ਵਿਚ ਵੀ ਲਾਭਕਾਰੀ ਕੰਮਾਂ ਵਿਚ ਰੁਝੇ ਰਹਿੰਦੇ ਹਨ।
- ਇਸਤਰੀ ਦੀ ਸੁੰਦਰਤਾ ਨਾਲੋਂ ਵੀ ਉਸ ਦਾ ਸ਼ਰਮਾਉਣਾ ਵਧੇਰੇ ਸੋਹਣਾ ਲਗਦਾ ਹੈ।
- ਆਰਾਮ ਤਾਂ ਹੀ ਚੰਗਾ ਲਗੇਗਾ, ਜੇ ਇਸ ਦੀ ਮਿਆਦ ਹੋਵੇ।
- ਉਹੀ ਜਾਨਵਰ ਬਿਮਾਰ ਪੈਂਦੇ ਹਨ, ਜਿਨ੍ਹਾਂ ਨੂੰ ਮਨੁੱਖ ਪਾਲਦਾ ਹੈ।
- ਜੂਆ, ਲੋਭ ਦਾ ਪੁੱਤਰ ਅਤੇ ਫ਼ਜ਼ੂਲ-ਖ਼ਰਚੀ ਦਾ ਪਿਓ ਹੁੰਦਾ ਹੈ।
- ਕਿਸੇ ਸਾਹਮਣੇ ਝੂਠ ਬੋਲਣਾ, ਉਸ ਦੀ ਬੇਇਜ਼ਤੀ ਕਰਨ ਵਾਂਗ ਹੁੰਦਾ ਹੈ।
- ਕਈ ਦਿਨ ਮਤਰੇਈਆਂ ਮਾਂਵਾਂ ਵਰਗੇ ਹੁੰਦੇ ਹਨ।
- ਕੋਈ ਵੀ ਵਿਅਕਤੀ ਵਿਹਲਾ ਰਹਿ ਕੇ ਸੰਸਾਰ ਵਿਚ ਪ੍ਰਸਿੱਧ ਨਹੀਂ ਹੋਇਆ।
- ਨਾਸਤਕ ਦੀ ਸੌਂਹ ਦੇ ਕੋਈ ਅਰਥ ਨਹੀਂ ਹੁੰਦੇ।
- ਸ਼ਰਾਬੀ ਦਾ ਸੂਰਜ ਚੜ੍ਹਦਾ ਹੀ ਸ਼ਾਮ ਨੂੰ ਹੈ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-920-3
9788171429202
Rs. 200/-